25 ਅਪ੍ਰੈਲ-ਜੂਨ,2012

# ਕਹਾਣੀ ਧਾਰਾ




ਮੁੱਲ : 25/-



25 ਅਪ੍ਰੈਲ-ਜੂਨ, 2012

ਕਹਾਣੀ ਧਾਰਾ

'KAHANI DHARA'(PUNJABI QUARTERLY)
R.N.I. Regd No. PUN PUN /2006 /19971



e-mail: kahani_dhara@yahoo.co.in
kahanidhara@gmail.com

ਸੰਪਾਦਕ:

ਭਗਵੰਤ ਰਸੂਲਪੁਰੀ

94170-64350

ਟਾਇਟਲ ਪੇਟਿੰਗ (ਅਛੂਤ) ਸਵੀ ਸਵਰਕਰ

ਚਿੱਠੀ ਪੱਤਰ ਤੇ ਰਚਨਾਵਾਂ ਭੇਜਣ ਲਈ ਪਤਾ :
Editor KAHANI DHARA
V. Dharampura, P.O:. Khambra,
Distt. JALANDHAR-144026(Pb.)

ਚੰਦੇ : ਇਕੱ ਅੰਕ: 25 ਰੁਪਏ, 10 ਅੰਕ: 250 ਰੁਪਏ ,
10 ਅੰਕ: ਡਾਲਰ 35 ਤੇ ਪੌਂਡ 30,
ਚੰਦੇ ਚੈੱਕ / ਬੈਂਕ ਡਰਾਫਟ/ ਮਨੀਆਰਡਰ ਰਾਹੀਂ ਕੇਵਲ
'KAHANI DHARA' ਦੇ ਨਾਂ ਭੇਜੇ ਜਾਣ।

ਪ੍ਰਿੰਟਰ, ਪਬਲਿਸ਼ਰ ਤੇ ਮਾਲਕ ਸੁਖਵਿੰਦਰ ਨੇ Bright Printing Press,Mohalla Kishanpura, Jalandhar ਤੋਂ ਛਪਵਾ ਕੇ ਦਫਤਰ 'ਕਹਾਣੀ ਧਾਰਾ' ਪਿੰਡ ਧਰਮ ਪੁਰ, ਡਾਕ ਖਾਂਬਰਾ, ਜ਼ਿਲ੍ਹਾ ਜਲੰਧਰ ਤੋਂ ਪ੍ਰਕਾਸ਼ਤ ਕੀਤਾ।

ਸੰਪਾਦਕ: ਭਗਵੰਤ ਰਸੂਲਪੁਰੀ,
( ਪ੍ਰਕਾਸ਼ਨ ਮਿਤੀ 10, ਅਪ੍ਰੈਲ, 2012)

## ਇਸ ਅੰਕ ਵਿਚ

ਸੰਪਾਦਕੀ:
ਆਦਿਵਾਸੀ ਕਬੀਲੇ, ਸਮਾਜ ਤੇ ਸਾਹਿਤ-1
ਨਾਵਲ ਕਾਂਡ:
ਇਕ ਉਦਾਸ ਵਾਰਤਾ/ ਜਸਬੀਰ ਭੁੱਲਰ-3
ਅੰਬਰ ਵੱਲ ਉਡਾਨ / ਬਲਬੀਰ ਪਰਵਾਨਾ-13
ਕਹਾਣੀਆਂ:
ਮੈਨੂੰ ਭੁੱਲ ਕੇ ਦਿਖਾ / ਹਰਜੀਤ ਅਟਵਾਲ-18
ਧੜਕਦੇ ਰਿਸ਼ਤੇ / ਪਰਗਟ ਸਿੰਘ ਸਤੌਜ-32
ਕੁੜੀ / ਦਵਿੰਦਰ ਸਿੰਘ ਮਲਹਾਂਸ-39
ਸੁੱਕੀਆਂ ਜੜ੍ਹਾਂ / ਸਿਮਰਜੀਤ ਕੌਰ -43
ਪੱਚੀ ਚੌਕਾ ਡੇਢ ਸੌ/ ਓਮ ਪ੍ਰਕਾਸ਼ ਵਾਲਮੀਕੀ
ਅਨੁਵਾਦ : ਹਰਦੀਪ ਕੌਰ-47
ਸ੍ਵੈ ਜੀਵਨੀ:
ਚਾਕੂ ਖੁੰਢਾ ਏ /ਸਰੂਪ ਸਿਆਲਵੀ-53
ਮੁਲਾਕਾਤ:
'ਮੇਰੀਆਂ ਕਹਾਣੀਆਂ 'ਚ ਸਮਲਿੰਗੀ ਸੰਬੰਧਾਂ ਦੀ ਗੱਲ ਆਈ ਹੈ' -ਮੇਜਰ ਮਾਂਗਟ
- ਡਾ: ਅਮ੍ਰਿਤਪਾਲ ਕੌਰ-58
ਸ਼ਬਦ ਚਿੱਤਰ:
ਨੋ ਮੈਨਸ ਲੈਂਡ ਸਆਦਤ ਹਸ ਮੰਟੋ/
ਡਾ. ਜਸਵਿੰਦਰ ਕੌਰ ਬਿੰਦਰਾ-63
ਜਨ ਬੋਧ:
ਹਾਸ਼ੀਆਗਤ ਸਮੂਹਾਂ ਦੀ ਚੇਤਨਾ
ਲੈਕਚਰ ਡਾ. ਵੀਰ ਭਾਰਤ ਤਲਵਾੜ-73
ਆਦਿ ਵਾਦੀ ਕਬੀਲੇ ਤੇ ਉਨ੍ਹਾਂ ਦਾ ਸਮਾਜਿਕ ਪੱਧਰ
- ਜੀ. ਅਲੌਇਸਸ-80
ਆਲੋਚਨਾ ਲੇਖ: ਬੁਝਾਰਤ (ਨਾਵਲ) ਦਰਸ਼ਨ ਸਿੰਘ/
ਡਾ. ਜਸਵਿੰਦਰ ਕੌਰ ਬਿੰਦਰਾ-87
ਪੁਸਤਕ ਪੜਚੋਲ:-91
ਹੁੰਗਾਰਾ:-105

ਪਰਵਾਜ਼ ਪ੍ਰਕਾਸ਼ਨ
Parwaz Parkashan
E.mail:parwazparkashan@gmail.com
Mob. 94170-64350

**ਸੰਪਾਦਕੀ :**

# ਆਦਿਵਾਸੀ ਕਬੀਲੇ, ਸਮਾਜ ਤੇ ਸਾਹਿਤ

ਹਾਸ਼ੀਆਗ੍ਰਸ਼ਤ ਧਿਰਾਂ ਵਿਚੋਂ ਜੰਗਲਾਂ 'ਚ ਰਹਿ ਰਹੇ ਆਦਿਵਾਸੀ ਕਬੀਲੇ ਤੇ ਦਲਿਤ ਅੱਜ ਦੇ ਸਮੇਂ ਵਿਚ ਭਖਵੇਂ ਮੁੱਦੇ ਹਨ। ਇਨ੍ਹਾਂ ਨੂੰ ਕੇਂਦਰ 'ਚ ਰੱਖ ਕੇ ਬਹੁਤ ਤਿੱਖੇ ਸਵਾਲ ਉੱਠ ਰਹੇ ਹਨ। ਇਨ੍ਹਾਂ ਦੋਹਾਂ ਦੀਆਂ ਸਮੱਸਿਆਵਾਂ ਬਿਲਕੁਲ ਵੱਖਰੀਆਂ-ਵੱਖਰੀਆਂ ਹਨ। ਇਥੇ ਅਸੀਂ ਜੰਗਲਾਂ ਵਿਚ ਰਹਿ ਰਹੇ ਜਾਂ ਜੰਗਲਾਂ ਵਿਚੋਂ ਬਾਹਰ ਧੱਕ ਦਿੱਤੇ ਗਏ ਆਦਿਵਾਸੀ ਕਬੀਲਿਆਂ ਦਾ ਮੁੱਦਾ ਵਿਚਾਰਨਾ ਹੈ। ਭਾਰਤ ਵਿਚ ਆਰੀਆ ਦੇ ਆਉਣ ਤੋਂ ਪਹਿਲਾਂ ਜੰਗਲਾਂ ਵਿਚ ਵੱਖ ਵੱਖ ਨਾਂਵਾਂ ਨਾਲ ਆਦਿਵਾਸੀ ਕਬੀਲੇ ਕਾਰਜ ਸ਼ੀਲ ਸਨ। ਆਪਣੀ ਗੱਲ ਨੂੰ ਸਪੱਸ਼ਟ ਕਰਨ ਲਈ ਥੋੜਾ ਪਿੱਛੇ ਵੱਲ ਮੁੜਦੇ ਹਾਂ। ਭਾਰਤੀ ਸਮਾਜ ਆਦਿਵਾਸੀਆਂ ਨੂੰ ਅੱਜ ਵੀ ਅਸੱਭਿਆ ਤੇ ਜੰਗਲੀ ਮੰਨਦਾ ਹੈ ਕਿਉਂਕਿ ਆਪਣੇ ਆਪ ਨੂੰ ਉੱਤਮ ਮੰਨਣ ਵਾਲੇ ਆਰੀਆ ਲੋਕਾਂ ਨੇ ਭਾਰਤ ਦੇ ਇਨ੍ਹਾਂ ਮੂਲ ਨਿਵਾਸੀਆਂ ਨੂੰ ਮੈਦਾਨਾਂ ਤੋਂ ਜੰਗਲਾਂ ਵੱਲ ਧਕੇਲ ਦਿੱਤਾ ਸੀ, ਇਨ੍ਹਾਂ ਨੂੰ ਆਪਣੇ ਦੁਸ਼ਮਣ ਮੰਨਦਿਆਂ ਇਨ੍ਹਾਂ ਦੀਆਂ ਰੀਤਾਂ-ਰਸਮਾਂ, ਚਿੰਨ-ਪ੍ਰਤੀਕਾਂ, ਬੋਲੀ ਨੂੰ ਮਾਰੂ ਸਿੱਧ ਕਰ ਦਿੱਤਾ। ਇਸੇ ਭਾਵਨਾ ਵਿਚੋਂ 'ਨਾਗਵੰਸ਼ੀ' ਕਬੀਲਾ ਦੇ ਨਾਂ ਉਤਪੰਨ ਹੋਇਆ। ਆਰੀਆ ਲੋਕਾਂ ਨੇ ਨਾਗ ਦੀ ਪੂਜਾ ਕਰਨ ਵਾਲੇ ਕਬੀਲੇ ਨੂੰ ਜੰਗਲ ਦੀ ਸੱਪਾਂ ਦੀ ਸ਼੍ਰੈਣੀ ਵਿਚ ਸੁੱਟ ਦਿੱਤਾ। ਅੰਗਰੇਜ਼ਾਂ ਦੇ ਆਉਣ ਤੋਂ ਪਹਿਲਾਂ ਕਿਸੇ ਵੀ ਆਦਿ ਵਾਸੀ ਕਬੀਲੇ ਦੀ ਭਾਸ਼ਾ ਤਾਂ ਸੀ ਪਰ ਲਿੱਪੀ ਨਹੀਂ ਸੀ। ਜਿਸ ਕਰਕੇ ਆਦਿਵਾਸੀਆਂ ਦਾ ਇਤਿਹਾਸ ਮੈਦਾਨੀ ਲੋਕਾਂ ਨੇ ਲਿਖਤੀ ਰੂਪ ਵਿਚ ਜਾਂ ਸ਼ਿਲਾਲੇਖਾਂ ਦੇ ਰੂਪ ਵਿਚ ਜਿਉਂਦਾ ਹੀ ਨਹੀਂ ਰੱਖਿਆ। ਪਰ ਇਨ੍ਹਾਂ ਦਾ ਇਤਿਹਾਸ ਲੋਕ ਗੀਤਾਂ, ਲੋਕ ਕਹਾਣੀਆਂ, ਮੁਹਾਵਰੇ, ਉਸਤਵ ਅਤੇ ਨਾਚਾਂ ਦੇ ਰੂਪ ਵਿਚ ਭਾਸ਼ਾ ਰਾਹੀਂ ਅੱਗੇ ਤੁਰਦਾ ਗਿਆ।

ਅੰਗਰੇਜ਼ਾਂ ਨੇ 'ਸਥਾਈ ਬੰਦੋਬਸਤ' ਤਹਿਤ ਜ਼ਮੀਨ ਦਾ ਅਧਿਕਾਰ ਮੁੱਠੀ ਭਰ ਜ਼ਿੰਮੀਦਾਰਾਂ ਨੂੰ ਦੇ ਦਿੱਤਾ। ਆਦਿਵਾਸੀ ਸਮੂਹ ਜਿਹੜੇ ਕਦੇ ਪੂਰੇ ਪਿੰਡ ਤੇ ਜ਼ਮੀਨ ਦੇ ਮਾਲਕ ਸਨ, ਉਹ ਮੁੱਠੀ ਭਰ ਲੋਕਾਂ ਕੋਲ ਚਲੇ ਗਈ। ਅੱਜ ਦੇ ਦੌਰ ਵਿਚ ਸਮੇਂ ਸਮੇਂ ਸਰਕਾਰੀ ਤੰਤਰ ਜੰਗਲਾਂ 'ਚ ਰਹਿ ਰਹੇ ਆਦਿਵਾਸੀਆਂ ਕੋਲੋਂ ਜੰਗਲ ਤੇ ਜ਼ਮੀਨ ਖੋਹਣ ਲਈ ਨਵੇਂ ਨਵੇਂ ਕਾਨੂੰਨ ਲਿਆ ਰਹੀ ਹੈ। ਅੱਜ ਜਿੱਥੇ ਜਿੱਥੇ ਆਦਿਵਾਸੀ ਹਨ, ਉਥੇ ਜੰਗਲਾਂ 'ਚ ਬਹੁਮੁੱਲੇ ਖਣਿਜ ਪਦਾਰਥ, ਤੇਲ ਪਦਾਰਥ ਹਨ। ਜਿਸ ਕਰਕੇ ਸਰਕਾਰਾ ਪੂੰਜੀਪਤੀਆਂ ਨਾਲ ਮਿਲ ਕੇ ਉਨ੍ਹਾਂ ਨੂੰ ਜੰਗਲਾਂ ਤੋਂ ਭਜਾ ਰਹੀ ਹੈ। ਤ੍ਰਾਸਦੀ ਇਹ ਹੈ ਕਿ ਉਹ ਲੋਕ ਜਿਹੜੇ ਜੰਗਲ ਦੇ ਸਦੀਆਂ ਤੋਂ ਮਾਲਕ ਚਲੇ ਆ ਰਹੇ ਹਨ ਉਨ੍ਹਾਂ ਨੂੰ ਹਰ ਪੱਧਰ ਤੇ ਉਥੋਂ ਭਜਾਇਆ ਜਾ ਰਿਹਾ ਹੈ। ਭੂਮੀ ਅਧਿਗ੍ਰਹਿਣ ਕਾਨੂੰਨ 1998 ਦੇ ਅਧੀਨ ਕੇਵਲ ਝਾਰਖੰਡ 'ਚ 50 ਹਜ਼ਾਰ ਏਕੜ ਜੰਗਲ ਦੀ ਭੂਮੀ ਪ੍ਰਾਪਤ ਕੀਤੀ ਗਈ ਤੇ 15 ਲੱਖ ਆਦਿਵਾਸੀ ਲੋਕਾਂ ਦਾ ਉਜਾੜਾ ਹੋਇਆ। ਇਕ ਰਿਪੋਰਟ ਮੁਤਾਬਕ ਦੇਸ਼ 'ਚ ਆਦਿਵਾਸੀਆਂ ਦੀ ਗਿਣਤੀ 10 ਕਰੋੜ ਹੈ, ਉਨ੍ਹਾਂ 'ਚੋਂ 90% ਕਿਸੇ ਵੀ ਧਰਮ ਨੂੰ ਨਹੀਂ ਮੰਨਦੇ। ਮਰਦਮਸ਼ੁਮਾਰੀ ਵੇਲੇ ਉਨ੍ਹਾਂ ਲਈ ਕੋਈ ਖਾਨਾ ਨਹੀਂ ਬਣਾਇਆ ਗਿਆ ਜਿਸ ਦੇ ਸਿੱਟੇ ਵਜੋਂ ਉਨ੍ਹਾਂ ਨੂੰ ਹਿੰਦੂ ਧਰਮ 'ਚ ਰੱਖ ਲਿਆ ਗਿਆ, ਕਿਉਂਕਿ ਭਾਰਤੀ ਸੰਵਿਧਾਨ ਵਿਚ ਵੱਖ ਵੱਖ ਆਦਿਵਾਸੀ ਕਬੀਲਿਆਂ ਨੂੰ ਜਨਜਾਤੀ ਦਾ ਨਾਂ ਦਿੱਤਾ ਗਿਆ ਹੈ। ਜ਼ਮੀਨ ਤੇ ਜੰਗਲ ਆਦਿਵਾਸੀ ਸੰਸਕ੍ਰਿਤੀ ਦਾ ਅਧਾਰ ਰਿਹਾ ਹੈ। ਸਰਕਾਰਾਂ ਵਿਕਾਸ ਦੇ ਨਾਂ ਤੇ ਇਹ ਦੋਵੇਂ ਚੀਜ਼ਾਂ ਉਨ੍ਹਾਂ ਤੋਂ ਖੋਹ ਰਹੀ ਹੈ। ਜੰਗਲ ਦੀ ਖ਼ਮੋਸ਼ੀ ਟੁੱਟ ਰਹੀ ਹੈ ਕਿਉਂਕਿ ਸਰਕਾਰੀ ਤੰਤਰ ਉਨ੍ਹਾਂ ਦੇ ਰਹਿਣ ਦੇ ਸਰੋਤਾਂ ਨੂੰ ਨਸ਼ਟ ਕਰ ਰਿਹਾ ਹੈ। ਇਸਾਈ ਮਿਸ਼ਨਰੀਆਂ ਦੇ ਆਉਣ ਤੋਂ ਪਹਿਲਾਂ ਇਹਨਾਂ ਕੋਲ ਲਿੱਪੀ ਵੀ ਨਹੀਂ ਸੀ। ਇਤਿਹਾਸ ਕਿਥੋਂ ਬਣਦਾ। ਬਹੁਤ ਸਾਰੇ ਅਜਿਹੇ ਕਬੀਲੇ ਹਨ ਜਿਹੜੇ ਮਰ ਗਏ ਹਨ ਅਤੇ ਕਈ ਮਰ ਰਹੇ ਹਨ। ਦੱਖਣੀ ਭਾਰਤ ਦੇ ਕੁਝ ਆਦਿਵਾਸੀ ਸਮੂਹ ਜਿਵੇਂ ਟੋਡਾ, ਕੋਟਾ, ਬੰਜਾਰਾ, ਲੰਮਬਾਡੀ ਆਪਣੇ ਆਪਣੇ ਰਾਜਾਂ ਦੀ ਖੇਤਰੀ ਸੰਸਕ੍ਰਿਤੀ 'ਚ ਵਲੀਨ ਹੋਣ ਲੱਗ ਪਏ ਹਨ। ਪੱਛਮੀ ਭਾਰਤ ਦੇ ਆਦਿਵਾਸੀਆਂ ਦੀ ਸੰਸਕ੍ਰਿਤੀ ਵੀ ਮਰਨ ਲੱਗੀ ਹੈ। ਕੁਝ ਖੇਤਰਾਂ 'ਚ ਆਦਿਵਾਸੀਆਂ ਨੇ ਆਪਣੀ ਭਾਸ਼ਾ ਤੇ ਜੀਵਨ ਸ਼ੈਲੀ ਬਦਲ ਲਈ ਹੈ। ਇਸਾਈ ਮਿਸ਼ਨਰੀਆਂ ਨੇ ਉਨ੍ਹਾਂ ਦੀ ਭਾਸ਼ਾ ਨੂੰ ਲਿੱਪੀ ਦੇ ਕੇ ਉਨ੍ਹਾਂ ਨੂੰ ਸਿੱਖਿਅਤ ਕਰਨ



ਦਾ ਰਾਹ ਜ਼ਰੂਰ ਲੱਭਿਆ ਪਰ ਉਨ੍ਹਾਂ ਨੇ ਇਸਾਈ ਧਰਮ ਵਿਚ ਬੰਨ੍ਹ ਕੇ ਵੱਖ-ਵੱਖ ਕਬੀਲਿਆਂ ਦੀ ਹੋਂਦ ਖਤਮ ਕਰ ਦਿੱਤੀ ਹੈ। ਆਦਿਵਾਸੀ ਕਬੀਲਿਆਂ ਦੇ ਕੁਝ ਲੋਕ ਪੜ੍ਹ ਗਏ। ਸ਼ਹਿਰ 'ਚ ਆ ਕੇ ਸਲੀਕੇ ਨਾਲ ਰਹਿਣ ਲੱਗ ਪਏ। ਕੁਝ ਔਰਤਾਂ ਸ਼ਹਿਰਾਂ ਵਿਚ ਆ ਕੇ ਕੰਮ ਕਰਨ ਲੱਗ ਪਈਆਂ। ਇਸੇ ਦੌਰਾਨ ਹੀ ਇਨ੍ਹਾਂ ਲੋਕਾਂ ਵਲੋਂ ਲਿਖਿਆ ਇਨ੍ਹਾਂ ਦਾ ਸਾਹਿਤ ਵੀ ਆਉਣ ਲੱਗ ਪਿਆ। ਰੋਮਨ ਅਤੇ ਦੇਵਨਾਗਰੀ ਵਿਚ ਇਹ ਸਾਹਿਤ ਲਿਖਿਆ ਜਾਣ ਲੱਗਾ।

ਆਦਿਵਾਸੀਆਂ ਦੇ ਸਾਹਿਤ ਨੂੰ ਦਲਿਤ ਸਾਹਿਤ ਵਿਚ ਰੱਖ ਕੇ ਪਰਖਿਆ ਨਹੀਂ ਜਾ ਸਕਦਾ। ਦਲਿਤ ਸਮਾਜਕ ਬਰਾਬਰੀ ਲਈ ਅਜੇ ਤੀਕ ਵੀ ਲੜ ਰਹੇ ਹਨ। ਪਰ ਆਦਿ ਵਾਸੀ ਆਪਣੀ ਹੋਂਦ ਬਚਾਉਣ ਲਈ ਲੱਗੇ ਹੋਏ ਹਨ। ਉਨ੍ਹਾਂ ਦੀਆਂ ਸਮੱਸਿਆਵਾਂ ਬਿਲਕੁਲ ਵੱਖਰੀ ਕਿਸਮ ਦੀਆਂ ਹਨ। ਇਹ ਲੜਾਈ ਬ੍ਰਿਟਿਸ਼ ਹਕੂਮਤ ਵੇਲੇ ਤੋਂ ਪਹਿਲਾਂ ਦੀ ਲੜੀ ਜਾ ਰਹੀ ਹੈ। ਅੱਜ ਇਸ ਦੇ ਵੱਖਰੇ ਰੂਪ ਹਨ। ਗੋਬਿੰਦ ਗੁਰੂ ਦੀ ਅਗਵਾਈ ਹੇਠ ਡੇਢ ਹਜ਼ਾਰ ਭੀਲਾਂ ਨੂੰ ਮਾਨਗੜ ਅਤੇ ਐਨਿਆ ਨੂੰ ਹੀ ਪਾਲਚਿਤਰਿਆ 'ਚ ਮਾਰ ਦਿੱਤਾ ਗਿਆ ਸੀ। ਇਸ ਘਟਨਾ ਨੂੰ ਕਿਸੇ ਇਤਿਹਾਸਕਾਰ ਨੇ ਨਹੀਂ ਫੜਿਆ। ਬਿਰਸਾ ਮੁੰਡਾ ਨੇ ਬਸਤੀਵਾਦੀ ਦੌਰ ਵਿਚ ਅੰਗਰੇਜ਼ਾਂ ਖ਼ਿਲਾਫ਼ ਲੜਾਈ ਲੜੀ। ਗੱਲ ਫਿਰ ਸਾਹਿਤ ਤੇ ਹੀ ਕੇਂਦਰਿਤ ਕਰਦੇ ਹਾਂ। ਦਲਿਤ ਸਾਹਿਤ 'ਚ ਜਾਤੀ ਭੇਦਭਾਵ, ਛੂਆ-ਛਾਤ, ਬੇਇਜਤੀ ਅਤੇ ਸ਼ੋਸ਼ਣ ਦਾ ਮੁੱਦਾ ਭਾਰੂ ਹੈ। ਜਦਕਿ ਆਦਿਵਾਸੀ ਸਾਹਿਤ 'ਚ ਜੰਗਲ, ਉਜਾੜਾ, ਬਾਹਰੀ ਲੋਕਾਂ ਦੀ ਘੁਸਪੈਠ ਮੁੱਖ ਵਿਸ਼ਾ ਹੈ। ਪਰ ਇਕ ਸਮਾਨਤਾ ਜ਼ਰੂਰ ਹੈ ਕਿ ਦੋਹਾਂ ਦਾ ਸ਼ੋਸ਼ਣ ਹੁੰਦਾ ਹੈ। ਦਲਿਤ ਲੋਕ ਸਮਾਜ ਦੇ ਹਾਸ਼ੀਏ 'ਤੇ ਰਹੇ ਹਨ। ਹਾਸ਼ੀਏ ਤੇ ਰਹਿੰਦੇ ਹੋਏ ਵੀ ਉੱਚ ਜਾਤੀ ਦੇ ਲੋਕਾਂ ਨਾਲ ਇਕ ਪਿੰਡ 'ਚ ਰਹਿੰਦੇ ਹਨ। ਪਰ ਆਦਿਵਾਸੀ ਹਿੰਦੂ ਸਮਾਜ ਤੋਂ ਦੂਰ ਬਾਹਰ ਜੰਗਲਾਂ 'ਚ ਰਹੇ। ਇਨ੍ਹਾਂ ਦਾ ਸ਼ੋਸ਼ਣ ਬਾਹਰੀ ਲੋਕਾਂ ਦੇ ਆਉਣ ਨਾਲ ਆਰੰਭ ਹੁੰਦਾ ਹੈ। ਆਦਿਵਾਸੀ ਹਿੰਦੂ ਕਰਮ ਕਾਂਡਾ ਤੋਂ ਦੂਰ ਰਹਿੰਦਾ ਹੈ, ਆਦਿ ਵਾਸੀ ਦਾ ਆਪਣਾ ਪ੍ਰਾਕ੍ਰਿਤਕ ਧਰਮ ਰਿਹਾ ਜਿਵੇਂ ਮੁਡਾਓ ਦਾ 'ਸਰਨ' ਧਰਮ। ਆਦਿ ਵਾਸੀ ਭੂਗੋਲਿਕ ਦ੍ਰਿਸ਼ਟੀ ਨਾਲ ਜੰਗਲ ਦੇ ਵਾਸੀ ਰਹੇ ਹਨ। ਉਨ੍ਹਾਂ ਕੋਲ ਉਨ੍ਹਾਂ ਦੀ ਜ਼ਮੀਨ ਹੁੰਦੀ ਹੈ। ਇਹਦੇ ਲਈ ਸੰਘਰਸ਼ ਕਰਦੇ ਹਨ।

ਨਕਸਲਵਾਦ ਇਕ ਅਜਿਹਾ ਵਰਤਾਰਾ ਹੈ ਜਿਸਦਾ ਗਹਿਰਾ ਅਨੁਭਵ ਅਤੇ ਅਹਿਸਾਸ ਦਲਿਤ ਲੋਕਾਂ ਨੂੰ ਨਹੀਂ। ਇਸ ਵਰਤਾਰੇ ਨੂੰ ਕੇਵਲ ਆਦਿਵਾਸੀ ਹੀ ਸਮਝ ਸਕਦੇ ਹਨ। ਨਕਸਲਵਾਦ ਨੂੰ ਜਿਨਾ ਦਬਾਇਆ ਜਾ ਰਿਹਾ ਹੈ ਉਹ ਉਨਾ ਹੀ ਖਤਰਨਾਕ ਬਣ ਕੇ ਸਾਡੇ ਸਾਹਮਣੇ ਆ ਰਿਹਾ ਹੈ। ਸਰਕਾਰ ਤੇ ਨਕਸਲਵਾਦ ਵਿਚਕਾਰ ਆਦਿਵਾਸੀ ਪਿਸ ਰਹੇ ਹਨ। ਤ੍ਰਾਸਦੀ ਇਹ ਹੈ ਕਿ ਅੱਜ ਦੇ ਸਮੇਂ ਵਿਚ ਦੇਸ਼ ਦੇ ਵਿਕਾਸ ਦਾ ਰਾਹ ਆਦਿਵਾਸੀਆਂ ਦੀਆਂ ਜ਼ਮੀਨਾਂ ਤੇ ਜੰਗਲ ਵਿਚੋਂ ਗੁਜਰਦਾ ਹੈ।

ਜਿਹੜੇ ਆਦਿਵਾਸੀ ਕਬੀਲੇ 'ਚੋਂ ਪੜ੍ਹ ਕੇ ਪਲਾਇਨ ਕਰਕੇ ਨੌਕਰੀਆਂ 'ਚ ਆ ਗਏ ਹਨ ਉਹ ਆਦਿ ਵਾਸੀਆਂ ਦੇ ਨਾਂ ਤੇ ਦਿੱਤੇ ਲਾਭ ਤੇ ਸਹੂਲਤਾਂ ਦਾ ਭਰਪੂਰ ਲਾਭ ਲੈ ਰਹੇ ਹਨ। ਝਾਰ ਖੰਡ ਵਿਚ ਆਦਿਵਾਸੀ ਕਬੀਲੇ ਦੇ ਪੜ੍ਹੇ ਲਿਖੇ ਲੋਕ ਸੱਤਾਂ ਵਿਚ ਆ ਕੇ ਸਰਕਾਰ ਚਲਾਉਣ ਲੱਗ ਪਏ ਹਨ। ਉਹ ਆਪਣੇ ਕਬੀਲੇ ਦਾ ਉਸੇ ਤਰ੍ਹਾਂ ਦਮਨ, ਸ਼ੋਸ਼ਣ ਕਰ ਰਹੇ ਹਨ ਜਿਵੇਂ ਸਰਕਾਰੀ ਤੰਤਰ ਚਾਹੁੰਦਾ ਹੈ। ਇਸੇ ਵਿਚ ਇਨ੍ਹਾਂ ਕਬੀਲਿਆਂ ਦਾ ਸਾਹਿਤ ਵੀ ਆ ਰਿਹਾ ਹੈ। ਇਹ ਸਾਹਿਤ ਪੰਜਾਬੀ ਵਿਚ ਲਿਆਉਣ ਲਈ ਅਸੀਂ ਭਵਿੱਖ ਵਿਚ ਕੋਸ਼ਿਸ਼ ਕਰਾਗੇ।

ਇਸ ਵਾਰ 'ਜਨ ਬੋਧ' ਵਿਚ ਹਾਸ਼ੀਆਗ੍ਰਸ਼ਤ ਸਮਾਜ ਬਾਰੇ ਦੋ ਅਹਿਮ ਲੈਕਚਰ ਛਾਪੇ ਜਾ ਰਹੇ ਹਨ। ਇਕ ਵਿਦਵਾਨ ਨੇ ਝਾਰਖੰਡ ਕਬੀਲੇ ਵਿਚ ਸਮਾਜ ਸੇਵਕ ਦੇ ਤੌਰ ਤੇ ਕਾਫੀ ਦੇਰ ਕੰਮ ਕੀਤਾ। ਉਸ ਨੇ ਆਪਣੇ ਅਨੁਭਵ ਸਾਂਝੇ ਕੀਤੇ ਹਨ। ਦੂਜੇ ਵਿਦਵਾਨ ਜਵਾਹਰ ਲਾਲ ਨਹਿਰੂ ਯੂਨੀ. ਦਿੱਲੀ ਤੋਂ ਹਨ। ਉਨ੍ਹਾਂ ਨੇ ਦਲਿਤਾ ਔਰਤਾਂ ਅਤੇ ਆਦਿਵਾਸੀ ਕਬੀਲਿਆਂ ਤੇ ਇਕ ਅਹਿਮ ਭਾਸ਼ਣ ਪੰਜਾਬ ਯੂਨੀਵਰਸਿਟੀ ਵਿਚ ਦਿੱਤਾ ਸੀ।

**-ਭਗਵੰਤ ਰਸੂਲਪੁਰੀ**

# ਇਕ ਉਦਾਸ ਵਾਰਤਾ/ ਜਸਬੀਰ ਭੁੱਲਰ

ਚੰਡੀਪੁਰ ਛਾਉਣੀ ਦੀਆਂ ਸੜਕਾਂ ਸੁੰਨਸਾਨ ਸਨ। ਪਾਲੇ ਦੇ ਮਾਰੇ ਹੋਏ ਰੁੱਖ ਨਿਮੋਝੂਣੇ ਖੜੇ ਸਨ। ਉਹਨਾਂ ਰੁੱਖਾਂ ਉੱਤੋਂ ਪੱਤੇ ਹੌਲੀ-ਹੌਲੀ ਝੜ ਰਹੇ ਸਨ।

ਪੱਤੇ ਸੜਕ ਉੱਤੇ ਡਿਗਦੇ ਸਨ ਤੇ ਹਵਾ ਦੇ ਝੌਂਕਿਆਂ ਨਾਲ ਉੱਡ ਕੇ ਸੜਕ ਦੇ ਨਾਲ ਨਾਲ ਬਣੀ ਪੱਕੀ ਖਾਲੀ ਵਿਚ ਜਾ ਕੇ ਅਟਕ ਜਾਂਦੇ ਸਨ।

ਸੜਕਾਂ ਫੇਰ ਵੀ ਨੰਗੀਆਂ ਨਹੀਂ ਸਨ। ਪੱਤੇ ਝਟਪਟ ਸੜਕਾਂ ਦਾ ਲਿਬਾਸ ਬਣ ਜਾਂਦੇ ਸਨ।

ਰੁੱਖ ਹੌਲੀ ਹੌਲੀ ਨੰਗੇ ਹੋ ਜਾਣਗੇ।

ਪੱਤਿਆਂ ਤੋਂ ਵਿਰਵੀਆਂ ਟਾਹਣੀਆਂ ਰੁੱਖਾਂ ਨੂੰ ਬਹੁਤ ਉਦਾਸ ਕਰ ਦੇਣਗੀਆਂ।

ਪਰ ਰੁੱਖਾਂ ਉੱਤੇ ਕਰੂੰਬਲਾਂ ਫਿਰ ਫੁੱਟ ਆਉਣਗੀਆਂ। ਰੁੱਖ ਹਰੇ ਪੱਤਿਆਂ ਨਾਲ ਮੁੜ ਭਰ ਜਾਣਗੇ।

ਸੈਨਿਕ ਵੀ ਸੁੰਨੀ ਛਾਉਣੀ ਵਿਚ ਪਰਤ ਆਉਣਗੇ। ਉਹ ਰੁੱਖਾਂ ਵਾਂਗ ਹਰੇ ਭਰੇ ਨਹੀਂ ਹੋਣਗੇ। ਉਹਨਾਂ ਦੀ ਜਿੰਨੀ ਨਫ਼ਰੀ ਲੜਾਈ ਉੱਤੇ ਗਈ ਸੀ, ਵਾਪਸ ਪਰਤਣ ਵਿਚ ਗੁਆ ਆਏ ਹੋਣਗੇ। ਫੇਰ ਛੇਤੀ ਹੀ ਉਹਨਾ ਦੀ ਗਿਣਤੀ ਪੂਰੀ ਹੋ ਜਾਵੇਗੀ। ਨਵੇਂ ਰੰਗਰੂਟ ਟ੍ਰੇਨਿੰਗ ਲੈ ਕੇ ਖ਼ਾਲੀ ਹੋਈਆਂ ਥਾਵਾਂ ਭਰਨ ਲਈ ਉਥੇ ਪਹੁੰਚ ਜਾਣਗੇ। ਰੋਜ਼ਮਰਾਂ ਦੀ ਜ਼ਿੰਦਗੀ ਪਹਿਲਾਂ ਵਾਂਗ ਹੀ ਤੁਰ ਪਵੇਗੀ।

ਉਹ ਸਾਰੇ ਆਪਣੇ ਵਿਛੜ ਗਏ ਸਾਥੀਆਂ ਨੂੰ ਛੇਤੀ ਹੀ ਭੁੱਲ ਜਾਣਗੇ। ਰੁੱਖਾਂ ਨੂੰ ਵੀ ਪੁਰਾਣੇ ਪੱਤੇ ਚੇਤੇ ਨਹੀਂ ਆਉਣੇ।

ਪੱਤੇ ਮਿੱਧਦੀ ਹੋਈ ਰੁਪਿੰਦਰ ਚੁਰਾਹੇ ਤਕ ਪਹੁੰਚ ਗਈ।

ਉਹ ਹਰ ਰੋਜ਼ ਆਪਣੀ ਸੈਰ ਦਾ ਰਾਹ ਬਦਲ ਲੈਂਦੀ ਸੀ। ਕੁਝ ਛਿਣ ਖਲੋ ਕੇ ਉਹਨੇ ਸੋਚਿਆ ਕਿਹੜੇ ਪਾਸੇ ਜਾਵੇ ਤੇ ਫਿਰ ਲਾਂਸ ਨਾਇਕ ਅਬਦੁਲ ਹਮੀਦ ਮਾਰਗ ਵੱਲ ਮੁੜ ਗਈ। ਹੇਠਲੇ ਰੈਂਕਾ ਵਾਲਿਆਂ ਦੇ ਕੁਆਟਰ ਤਕਰੀਬਨ ਖ਼ਾਲੀ ਹੀ ਸਨ। ਲੜਾਈ ਬਾਰੇ ਸੂਚਨਾ ਮਿਲਣ ਉਪਰੰਤ ਲਗਪਗ ਸਾਰੇ ਹੀ ਆਪਣੇ ਪਰਿਵਾਰਾਂ ਨੂੰ ਘਰੋਂ ਘਰੀ ਛੱਡ ਆਏ ਸਨ।

ਕੁਝ ਦੂਰ ਜਾਣ ਪਿੱਛੋਂ ਰੁਪਿੰਦਰ ਨੂੰ ਅਹਿਸਾਸ ਹੋਇਆ ਕਿ ਏਧਰਲੇ ਪਾਸੇ ਸੈਰ ਕਰਨ ਨਹੀਂ ਸੀ ਆਉਣਾ ਚਾਹੀਦਾ। ਅੰਦਰਲੀਆਂ ਸੜਕਾਂ ਟੁੱਟੀਆਂ ਹੋਈਆਂ ਸਨ, ਥਾਂ ਥਾਂ ਟੋਏ ਸਨ। ਤੁਰਦਿਆਂ ਹੇਠਾਂ ਧਿਆਨ ਦੇਣਾ ਪੈਂਦਾ ਸੀ। ਇਕ ਵਾਰ ਤਾਂ ਰੁਪਿੰਦਰ ਦੇ ਪੈਰ ਨੂੰ ਮਚਕੋੜ ਆਉਣ ਲੱਗੀ ਸੀ। ਨਵੀਆਂ ਬਣੀਆਂ ਸੜਕਾਂ ਵੀ ਮੌਸਮ ਦੀ ਮਾਰ ਨਹੀਂ ਸਨ ਝਲਦੀਆਂ। ਉਹ ਸੜਕਾਂ ਕੁਝ ਦਿਨ ਤਾਂ ਨਵੀਆਂ ਦਿਸਦੀਆਂ ਸਨ, ਫੇਰ ਛੇਤੀ ਹੀ ਟੋਏ ਦਿਸਣ ਲਗ ਪੈਂਦੇ ਸਨ। ਫ਼ੌਜ ਵਿਚ ਹਿਸਾ ਪੱਤੀ ਦਾ ਰਿਵਾਜ਼ ਵੱਧ ਰਿਹਾ ਸੀ।

ਸੈਰ ਕਰਦਿਆਂ ਰੁਪਿੰਦਰ ਨੂੰ ਆਪਣੇ ਆਪ ਕੋਲ ਹੋਣ ਦਾ ਅਵਸਰ ਮਿਲਦਾ ਸੀ। ਉਹ ਆਪਣੇ ਅੰਦਰ ਵੱਲ ਪਰਤ ਜਾਂਦੀ ਸੀ। ਉਥੇ ਉਹ ਖ਼ੁਦ ਨੂੰ ਮਿਲ ਲੈਂਦੀ ਸੀ, ਖ਼ੁਦ ਨਾਲ ਗੱਲਾਂ ਕਰ ਲੈਂਦੀ ਸੀ।

ਪਰ ਅਸਾਵੀਂ ਤੋਰ ਤੁਰਦਿਆਂ ਇਹ ਸੰਭਵ ਨਹੀਂ ਸੀ। ਸੜਕ ਦੇ ਟੋਏ ਤੇ ਪੱਥਰ ਉਹਦੇ ਤੁਰਨ ਵਿਚ ਰੁਕਾਵਟ ਬਣ ਰਹੇ ਸਨ।

ਉਹ ਓ. ਆਰ, ਕੁਆਟਰਜ਼ ਦੇ ਪਹਿਲੇ ਬਲਾਕ ਨੇੜਿਓਂ ਹੀ ਵਾਪਸ ਮੁੜ ਪਈ।

ਉਹ ਕੁਝ ਦੂਰ ਹੀ ਗਈ ਸੀ ਕਿ ਸਾਹਮਣਿਓਂ ਤੁਰੀ ਆਉਂਦੀ ਇਕ ਔਰਤ ਦਿਸੀ। ਉਹਨੇ ਦੋਵਾਂ ਹੱਥਾਂ ਵਿਚ ਦੋ ਭਰੇ ਹੋਏ ਝੋਲੇ ਫੜੇ ਹੋਏ ਸਨ। ਉਹ ਘਰ ਦੀਆਂ ਲੋੜਾਂ ਦਾ ਸਮਾਨ ਖਰੀਦ ਕੇ ਵਾਪਸ ਮੁੜੀ ਸੀ। ਉਹ ਰੁਪਿੰਦਰ ਦੇ ਨੇੜੇ ਪਹੁੰਚੀ ਤਾਂ ਖਲੋ ਕੇ ਝੋਲੇ ਹੇਠਾਂ ਰੱਖ ਦਿੱਤੇ ਤੇ ਦੋਵੇਂ ਹੱਥ ਜੋੜ ਕੇ ਉਹਨੂੰ 'ਸਤਿ ਸ੍ਰੀ ਅਕਾਲ' ਬੁਲਾਈ।

ਰੁਪਿੰਦਰ ਖਲੋ ਗਈ।

ਫੈਮਿਲੀ ਵੈੱਲਫੇਅਰ ਸੈਂਟਰ ਹੀ ਮੀਟਿੰਗ ਵੇਲੇ ਸਿੱਖ ਪਲਟਨ ਦੇ ਸੈਨਿਕਾਂ ਦੀਆਂ ਛਾਉਣੀ ਵਿਚ ਹਾਜ਼ਰ ਤੀਵੀਆਂ ਪੂਰੀ ਗਿਣਤੀ ਵਿਚ ਹੁੰਦੀਆਂ ਸਨ। ਰੁਪਿੰਦਰ ਉਹਨਾਂ ਸਾਰੀਆਂ ਨੂੰ ਪਛਾਣਦੀ ਸੀ। ਕੁਝ ਕੁ ਨੂੰ ਤਾਂ



ਉਹ ਨਾਵਾਂ ਤੋਂ ਵੀ ਜਾਣਦੀ ਸੀ। ਪਰ ਉਹ ਔਰਤ ਰੁਪਿੰਦਰ ਦੀ ਪਛਾਣ ਵਿਚ ਨਹੀਂ ਆਈ। ਰੁਪਿੰਦਰ ਨੇ ਮੁਸਕਰਾ ਕੇ ਉਹਦੀ ਸਤਿ ਸ੍ਰੀ ਅਕਾਲ' ਦਾ ਜੁਆਬ ਦਿੱਤਾ ਤੇ ਪੁੱਛਿਆ, "ਮੈਂ ਤੁਹਾਨੂੰ ਸੌਰੀ !... ਮੈਨੂੰ ਚੇਤੇ ਨਹੀਂ ਆ ਰਿਹਾ।

"ਮੇਮ ਸਾਬ੍ਹ !... ਮੇਰਾ ਨਾਂ ਸਵਰਨੀ ਐਂ ਜੀ।"

"ਸਵਰਨੀ ! ਰੁਪਿੰਦਰ ਨੇ ਉਹਦਾ ਨਾਂ ਮਨ ਹੀ ਮਨ ਦੁਹਰਾਇਆ, ਜਦੋਂ ਚੇਤੇ ਦੀ ਕੋਈ ਵੀ ਤਾਰ ਨਾ ਹਿੱਲੀ ਤਾਂ ਉਸ ਪੁੱਛਿਆ, "ਘਰ ਵਾਲੇ ਦਾ ਕੀ ਨਾਂ ਏ?"

"ਜੀ ਬਲਕਾਰ ਸਿੰਘ !... ਨਾਇਕ ਬਲਕਾਰ ਸਿੰਘ !" ਰੁਪਿੰਦਰ ਨੇ ਮੱਥਾ ਖੁਰਕਿਆ ! ਇਹ ਨਾਂ ਵੀ ਉਹਦੇ ਲਈ ਓਪਰਾ ਹੀ ਸੀ।

ਸਵਰਨੀ ਆਪ ਹੀ ਬੋਲ ਪਈ, "ਨਈਂ ਮੇਮ ਸਾਬ੍ਹ ! ਤੁਸੀਂ ਮੇਰੇ ਘਰ ਵਾਲੇ ਨੂੰ ਨਹੀਂ ਜਾਣਦੇ। ਉਹ ਤੁਹਾਡੇ ਵਾਲੀ ਯੂਨਿਟ ਵਿਚ ਨਹੀਂ।"

"ਫੇਰ ਮੈਨੂੰ ਕਿਵੇਂ ਪਛਾਣ ਲਿਆ? "

"ਜੀ ਮੈਂ ਪਹਿਲੋਂ ਵੀ ਤੁਹਾਨੂੰ ਕਈ ਵਾਰ ਵੇਖਿਆ ਹੋਇਐ। ... ਸਿੱਖ ਪਲਟਨ ਦੀਆਂ ਤੀਵੀਆਂ ਤੁਹਾਡੇ ਬਾਰੇ ਚੰਗਾ ਬੋਲਦੀਆਂ ਨੇ।"

ਰੁਪਿੰਦਰ ਹੱਸੀ।

"ਮੈਂ ਤੁਹਾਨੂੰ ਮਿਲਣਾ ਵੀ ਸੀ ਜੀ !"

"ਮੈਨੂੰ? "

"ਹਾਂ ਜੀ !... ਮੈਂ ਕਈ ਮੁਸੀਬਤਾਂ ਸਹੇੜੀ ਫਿਰਦੀ ਆਂ।"

"ਪਰ ਆਪਾਂ ਤਾਂ ਇਕ ਪਲਟਨ ਦੇ ਵੀ ਨਹੀਂ !"

'ਸਾਡੀ ਪਲਟਨ ਦੀ ਤਾਂ ਕੋਈ ਵੀ ਮੇਮ ਸਾਬ੍ਹ ਇਥੇ ਹੈ ਨਈਂ ! ... ਮੈਨੂੰ ਕੁਸ਼ ਪਤਾ ਨਈਂ ਲਗਦਾ ਕਿ ਮੈਂ ਕੀ ਕਰਾਂ? ... ਕੀਹਨੂੰ ਮਿਲਾਂ। ਮੈਂ ਤਾਂ ਜੀ ਪਹਿਲੋਂ ਫ਼ੌਜ ਵਿਚ ਆ ਕੇ ਰਹੀ ਵੀ ਨਹੀਂ।" ਉਹ ਮੇਲੇ ਵਿਚ ਗੁਆਚੇ ਹੋਏ ਬਾਲ ਵਾਂਗ ਡੱਡੋਲਿਕੀ ਹੋਈ ਪਈ ਸੀ।

"ਘਬਰਾਉਣ ਵਾਲੀ ਕੋਈ ਗੱਲ ਨਈਂ ਸਵਰਨੀ !" ਰੁਪਿੰਦਰ ਨੇ ਉਹਦੇ ਮੋਢੇ ਉੱਤੇ ਹੱਥ ਰੱਖ ਦਿੱਤਾ, "ਆਪਾਂ ਰਲ ਕੇ ਤੇਰੀ ਮੁਸ਼ਕਲ ਦਾ ਹੱਲ ਲੱਭ ਲਵਾਂਗੇ।"

"ਮੈਂ ਫਿਰ ਆ ਜਾਵਾਂ ਜੀ ਕਿਸੇ ਦਿਨ? "

"ਹਾਂ, ਕਿਸੇ ਵੀ ਦਿਨ !"

"ਚੰਗਾ ਫਿਰ ਮੇਮ ਸਾਬ੍ਹ ! ਮੈਂ ਚਲਦੀਆਂ ਜੀ !" ਸਵਰਨੀ ਨਿਉਂ ਕੇ ਝੋਲੇ ਚੁੱਕਣ ਲੱਗ ਪਈ।

"ਝੋਲੇ ਭਾਰੇ ਲਗਦੇ ਨੇ? "

"ਜੀ ਮੇਮ ਸਾਬ੍ਹ ! ਭਰਾ ਮੈਨੂੰ ਛੱਡਣ ਆਇਆ ਚੁਲ੍ਹੇ-ਚੌਂਕੇ ਲਈ ਸਾਮਾਨ ਲੈ ਕੇ ਦੇ ਗਿਆ ਸੀ। ਉਹ ਸਾਮਾਨ ਮੁੱਕ ਗਿਆ ਸੀ। ਸੋਚਿਆ, ਇਕੋ ਵਾਰੀ ਟੰਟਾ ਮੁਕਾ ਦੇਵਾਂ।"

ਰੁਪਿੰਦਰ ਤ੍ਰਭਕੀ। ਕਿਧਰੇ ਕੁਝ ਗ਼ਲਤ ਸੀ। ਆਮ ਤੌਰ ਉੱਤੇ ਸੈਨਿਕ ਕੁਆਟਰ ਮਿਲਣ ਪਿੱਛੋਂ ਛੁੱਟੀ ਜਾਂਦੇ ਸਨ। ਛੁੱਟੀ ਤੋਂ ਵਾਪਸੀ ਉੱਤੇ ਉਹ ਪਰਿਵਾਰ ਨੂੰ ਨਾਲ ਲੈ ਕੇ ਆਉਂਦੇ ਸਨ। ਸਵਰਨੀ ਨੂੰ ਉਹਦਾ ਭਰਾ ਛੱਡ ਕੇ ਗਿਆ ਸੀ। ਇਹ ਸਹਿਜ ਨਹੀਂ ਸੀ। ਭਰਾ ਛੱਡ ਕੇ ਵੀ ਉਦੋਂ ਗਿਆ ਸੀ ਜਦੋਂ ਲੜਾਈ ਛਿੜਨ ਵਾਲੀ ਸੀ। ਸੈਨਿਕ ਆਪਣੇ ਟੱਬਰਾਂ ਨੂੰ ਘਰੀਂ ਛੱਡ ਆਏ ਸਨ। ਕੁਆਟਰ ਤੇਜ਼ੀ ਨਾਲ ਖ਼ਾਲੀ ਹੋ ਰਹੇ ਸਨ।

ਰੁਪਿੰਦਰ ਨੂੰ ਉਸ ਵੇਲੇ ਹੋਰ ਘੋਖ ਕੱਢਣੀ ਮੁਨਾਸਿਬ ਨਹੀਂ ਸੀ ਲੱਗੀ।

ਸਵਰਨੀ ਨੇ ਸਾਮਾਨ ਦਾ ਭਰਿਆ ਹੋਇਆ ਇਕ ਝੋਲਾ ਚੁੱਕ ਲਿਆ ਸੀ। ਰੁਪਿੰਦਰ ਨੇ ਅਗਾਂਹ ਹੋ ਕੇ ਦੂਸਰੇ ਝੋਲੇ ਨੂੰ ਹੱਥ ਪਾ ਲਿਆ।

"ਮੇਮ ਸਾਬ੍ਹ ... ਤੁਸੀਂ।"

"ਮੈਨੂੰ ਕੀ ਐ? " ਉਹ ਹੱਸੀ।

"ਨਈਂ ਮੇਮ ਸਾਬ੍ਹ !" ਸਵਰਨੀ ਨੇ ਉਹਦੇ ਹੱਥੋਂ ਝੋਲਾ ਫੜਨ ਦਾ ਯਤਨ ਕੀਤਾ।

ਫ਼ੌਜੀ ਅਫ਼ਸਰਾਂ ਤੇ ਹੇਠਲੇ ਰੈਂਕਾਂ ਵਿਚਕਾਰ ਸਿਰਫ਼ ਵਿੱਥ ਨਹੀਂ, ਖਾਈ ਸੀ। ਇਹੋ ਖਾਈ ਉਹਨਾਂ ਦੀਆਂ ਤੀਵੀਆਂ ਵਿਚਕਾਰ ਵੀ ਸੀ। ਫੈਮਿਲੀ ਵੈੱਲਫੇਅਰ ਸੈਂਟਰ ਦੀ ਮੀਟਿੰਗ ਵੇਲੇ ਯੂਨਿਟ ਦੀਆਂ ਸਾਰੀਆਂ ਤੀਵੀਆਂ ਮਹੀਨੇ ਵਿਚ ਇਕ ਵਾਰ ਰਲ ਬੈਠਦੀਆਂ ਸਨ। ਉਸ ਬੈਠਕ ਵਿਚ ਹੇਠਲੇ ਰੈਂਕਾਂ ਦੇ ਸੈਨਿਕਾਂ ਦੀਆਂ ਤੀਵੀਆਂ ਭੁੰਜੇ ਵਿਛੀਆਂ ਦਰੀਆਂ ਉੱਤੇ ਬੈਠਦੀਆਂ ਸਨ ਤੇ ਅਫ਼ਸਰਾਂ ਦੀਆਂ ਬੀਵੀਆਂ ਕੁਰਸੀਆਂ ਉੱਤੇ। ਕਮਾਨ ਅਫ਼ਸਰ ਦੀ ਬੀਵੀ ਸਾਰੀਆਂ ਔਰਤਾਂ ਦਾ ਦੁੱਖ ਸੁੱਖ ਸੁਣਦੀ ਸੀ ਆਪਣੇ ਵੱਲੋਂ ਕੁਝ ਹਦਾਇਤਾ ਦਿੰਦੀ ਸੀ ਤੇ ਫਿਰ ਸਾਰੀਆਂ ਨੂੰ ਆਪੋ ਆਪਣੀ ਥਾਂ ਬੈਠਿਆਂ ਹੀ ਸਟੀਲ ਦੇ ਗਲਾਸਾਂ ਵਿਚ ਚਾਹ ਦੇ ਦਿੱਤੀ ਜਾਂਦੀ ਸੀ ਤੇ ਸਟੀਲ ਦੀਆਂ ਪਲੇਟਾਂ ਵਿਚ ਪਕੌੜੇ ਦੇ ਦਿਤੇ ਜਾਂਦੇ ਸਨ।

ਕੁਰਸੀ ਤੇ ਬੈਠੀਆਂ ਨੂੰ ਚੀਨੀ ਦੀਆਂ ਕੱਪ-ਪਲੇਟਾਂ ਵਿਚ ਚਾਹ ਪਕੌੜੇ ਪੇਸ਼ ਹੁੰਦੇ ਸਨ।

ਰੁਪਿੰਦਰ ਨੂੰ ਕਦੀ ਵੀ ਇਹ ਰਿਸ਼ਤਾ ਇਕ ਪਰਿਵਾਰ ਦੇ ਜੀਆਂ ਵਾਲਾ ਨਹੀਂ ਸੀ ਜਾਪਿਆ, ਹਮੇਸ਼ਾ ਰਾਜਾ ਤੇ ਪਰਜਾ ਵਾਲਾ ਲੱਗਾ ਸੀ। ਰੁਪਿੰਦਰ ਨੇ ਕਮਾਨ ਅਫ਼ਸਰ ਦੀ ਬੀਵੀ ਨੂੰ ਜ਼ੋਰ ਦੇ ਕਿ ਆਖਿਆ ਸੀ ਕਿ ਆਪਸੀ ਸੰਬੰਧਾਂ ਦਾ ਇਹ ਰੂਪ ਬਦਲਨਾ ਚਾਹੀਦਾ ਸੀ। ਆਖ਼ਰਕਾਰ ਬਟਾਲੀਅਨ ਦੀ ਸੀਨੀਅਰ ਲੇਡੀ ਇਸ ਗੱਲ ਨੂੰ ਮੰਨ ਗਈ ਸੀ। ਫੈਮਿਲੀ ਵੈਲਫੇਅਰ ਸੈਂਟਰ ਦੀ ਮੀਟਿੰਗ ਵੇਲੇ ਸਾਰਿਆਂ ਦੇ ਬੈਠਣ ਲਈ ਕੁਰਸੀਆਂ ਡੱਠਣ ਲੱਗ ਪਈਆਂ ਸਨ। ਇਸ ਗੱਲ ਦਾ ਬਾਕੀ ਯੂਨਿਟਾਂ ਉੱਤੇ ਵੀ ਪ੍ਰਭਾਵ ਪਿਆ ਸੀ ਤੇ ਫੈਮਿਲੀ ਵੈੱਲਫੇਅਰ ਸੈਂਟਰ ਦੀ ਮੀਟਿੰਗ ਵੇਲੇ ਕੁਰਸੀਆਂ ਉੱਤੇ ਬੈਠਣ ਦੀ ਪਿਰਤ ਪੈ ਗਈ ਸੀ।

ਇਸ ਤਬਦੀਲੀ ਨਾਲ ਸਿੱਖ ਪਲਟਨ ਦਾ ਕਮਾਨ ਅਫ਼ਸਰ ਖੁਸ਼ ਹੋਇਆ ਸੀ। ਉਹਦਾ ਬ੍ਰਿਗੇਡ ਕਮਾਂਡਰ ਉੱਤੇ ਚੰਗਾ ਪ੍ਰਭਾਵ ਪਿਆ ਸੀ।

ਸਵਰਨੀ ਸੋਚ ਵੀ ਨਹੀਂ ਸੀ ਸਕਦੀ ਕਿ ਇਕ ਮਾਮੂਲੀ ਸੈਨਿਕ ਦੀ ਪਤਨੀ ਦਾ ਸਾਮਾਨ ਇਕ ਸੀਨੀਅਰ ਮੇਜਰ ਦੀ ਪਤਨੀ ਚੁੱਕ ਕੇ ਤੁਰੂ। ਸਵਰਨੀ ਦੇ ਨਾਂਹ ਨਾਂਹ ਕਰਨ ਦੇ ਬਾਵਜੂਦ ਰੁਪਿੰਦਰ ਝੋਲਾ ਚੁੱਕ ਕੇ ਨਾਲ ਤੁਰ ਪਈ ਸੀ।

ਜਿਥੇ ਸਵਰਨੀ ਰਹਿ ਰਹੀ ਸੀ, ਉਸ ਬਲਾਕ ਦੇ ਬਾਕੀ ਸਾਰੇ ਕੁਆਟਰ ਖ਼ਾਲੀ ਸਨ। ਬਾਕੀ ਦੇ ਬਲਾਕਾਂ ਵਿਚ ਵੀ ਟਾਵੇਂ ਟੱਲੇ ਕੁਆਟਰ ਹੀ ਵੱਸੇ ਹੋਏ ਸਨ।

ਉਹਨਾਂ ਘਰਾਂ ਵਿਚ ਹੀ ਇਕ ਘਰ ਹੋਲਦਾਰ ਬਲਵਿੰਦਰ ਸਿੰਘ ਦਾ ਹੁੰਦਾ ਸੀ। ਰੁਪਿੰਦਰ ਨੂੰ ਉਹਦੀ ਪਤਨੀ ਸਿੰਦਰਜੀਤ ਚੇਤੇ ਆਈ ਸੀ। ਸਿੱਖ ਪਲਟਨ ਦੇ ਸਥਾਪਨਾ ਦਿਵਸ ਵਾਲੀ ਘਟਨਾ ਤਾਂ ਕਦੀ ਵੀ ਨਾ ਭੁੱਲਣ ਵਾਲੀ ਸੀ। ਉਸ ਦਿਨ ਸਿੰਦਰਜੀਤ ਪਤਾ ਨਹੀਂ ਜਾਣ ਬੁੱਝ ਕੇ ਹੀ ਅਫ਼ਸਰਾਂ ਵਾਲੇ ਸ਼ਾਮਿਆਨੇ ਹੇਠ ਪਹੁੰਚੀ ਸੀ ਕਿ ਇਹ ਮਹਿਜ਼ ਸਬੱਬ ਸੀ। ਰੁਪਿੰਦਰ ਇਸ ਬਾਰੇ ਕੁਝ ਨਹੀਂ ਸੀ ਕਹਿ ਸਕਦੀ। ਪਰ ਉਹਦਾ ਜਜ਼ਬਾ ਵੇਖ ਕੇ ਰੁਪਿੰਦਰ ਪ੍ਰਭਾਵਿਤ ਹੋਈ ਸੀ। ਸਿੰਦਰਜੀਤ ਦੀ ਪਛਾਣ ਉਹਦਾ ਪਤੀ ਨਹੀਂ ਸੀ, ਉਹ ਆਪ ਸੀ, ਉਹ ਕਿਸੇ ਕਾਲਜ ਵਿਚ ਲੈਕਚਰਾਰ ਸੀ।

ਕਾਲਜ ਦੀਆਂ ਛੁੱਟੀਆਂ ਮੁੱਕਣ ਪਿੱਛੋਂ ਸਿੰਦਰਜੀਤ ਚੰਡੀਪੁਰ ਤੋਂ ਚਲੀ ਗਈ ਸੀ। ਪਰ ਉਹ ਜਦੋਂ ਤਕ ਉਥੇ ਰਹੀ ਸੀ, ਦੋਵੇਂ ਸਹੇਲੀਆਂ ਵਾਂਗੂੰ ਮਿਲਦੀਆਂ ਰਹੀਆਂ ਸਨ।

ਇਥੇ ਹੀ ਇਕ ਘਰ ਸਿੱਖ ਪਲਟਨ ਦੇ ਹੌਲਦਾਰ ਪ੍ਰੀਤਮ ਸਿੰਘ ਕੋਲ ਹੁੰਦਾ ਸੀ।

ਛਾਉਣੀ ਵਿਚ 'ਅਦਰ ਰੈਂਕਸ' ਲਈ ਕੁਆਟਰਾਂ ਦੀ ਘਾਟ ਸੀ। ਉਹਨਾਂ ਕੁਆਟਰਾਂ ਵਿਚ ਰਹਿਣ ਲਈ ਚਾਹਵਾਨ ਸੈਨਿਕਾਂ ਦੀ ਲੰਮੀ ਕਤਾਰ ਸੀ। ਪਰ ਕੁਆਟਰਾਂ ਦੀ ਗਿਣਤੀ ਥੋੜ੍ਹੀ ਸੀ। ਉਦੋਂ ਹੀ ਸਿੱਖ ਬਟਾਲੀਅਨ ਦੇ ਕਮਾਨ ਅਫ਼ਸਰ ਨੇ ਅਹਿਮ ਫੈਸਲਾ ਲਿਆ ਸੀ ਕਿ ਓ. ਆਰ. ਕੁਆਟਰ ਸਿਰਫ਼ ਇਕ ਸਾਲ ਲਈ ਹੀ ਅਲਾਟ ਕੀਤਾ ਜਾਵੇ ਤਾਂ ਕਿ ਬਾਕੀ ਉਡੀਕਵਾਨਾ ਨੂੰ ਵੀ ਪਰਿਵਾਰ ਨਾਲ ਰਹਿਣ ਦਾ ਅਵਸਰ ਮਿਲ ਸਕੇ।

ਕਮਾਨ ਅਫ਼ਸਰ ਦੇ ਇਸ ਫੈਸਲੇ ਦੇ ਤਹਿਤ ਹੌਲਦਾਰ ਪ੍ਰੀਤਮ ਸਿੰਘ ਨੂੰ ਕੁਆਟਰ ਖ਼ਾਲੀ ਕਰਨ ਦਾ ਹੁਕਮ ਮਿਲਿਆ ਸੀ।

ਹੌਲਦਾਰ ਪ੍ਰੀਤਮ ਸਿੰਘ ਪੁਰਾਣਾ ਸੈਨਿਕ ਸੀ। ਉਹਨੂੰ ਬਿਨਾਂ ਕਿਸੇ ਹੀਲ-ਹੁੱਜਤ ਦੇ ਹੁਕਮ ਮੰਨਣਾ ਆਉਂਦਾ



ਸੀ। ਉਸ ਦੀ ਪਤਨੀ ਗੁਰਮੇਲ ਕੌਰ ਭਾਵੇਂ ਸੈਨਿਕ ਦੀ ਵਿਅਹੁਤਾ ਸੀ, ਪਰ ਫੇਰ ਵੀ ਸਿਵਲੀਅਨ ਹੀ ਸੀ। ਫੈਮਲੀ ਵੈਲਫੇਅਰ ਸੈਂਟਰ ਦੀ ਮੀਟਿੰਗ ਵੇਲੇ ਸੈਨਿਕਾਂ ਦੇ ਪਰਿਵਾਰਾਂ ਦੀਆਂ ਔਕੜਾਂ ਦਾ ਜ਼ਿਕਰ ਛਿੜਿਆ ਤਾਂ ਉਹ ਉੱਠ ਕੇ ਖਲੋ ਗਈ ਸੀ, "ਮੇਮ ਸਾਬ੍ਹ ! ਮੇਰੇ ਪਤੀ ਨੂੰ ਵਾਪਸ ਲਾਈਨ ਵਿਚ ਹਾਜ਼ਰ ਹੋਣ ਦਾ ਹੁਕਮ ਮਿਲਿਆ ਹੈ। ਸਾਨੂੰ ਆਖਿਆ ਗਿਆ ਹੈ ਕਿ ਮਹੀਨੇ ਤਕ ਕੁਆਟਰ ਖ਼ਾਲੀ ਕਰ ਦੇਈਏ।"

"ਇਸ ਵਿਚ ਮੁਸ਼ਕਲ ਕੀ ਹੈ? ... ਸਾਲ ਪਿੱਛੋਂ ਤਾਂ ਹਰ ਇਕ ਨੇ ਹੀ ਕੁਆਟਰ ਖ਼ਾਲੀ ਕਰਨਾ ਹੈ? "

"ਮੇਮ ਸਾਬ੍ਹ ! ਮੇਰੇ ਦੋ ਬੱਚੇ ਨੇ ਤੇ ਦੋਵੇਂ ਹੀ ਪੜ੍ਹਦੇ ਨੇ। ਅਸੀਂ ਚਾਹੁੰਦੇ ਹਾਂ ...।"

"ਤੁਹਾਡੇ ਚਾਹੁਣ ਨਾਲ ਕੀ ਹੁੰਦਾ ਹੈ ! ... ਹੁਕਮ ਸਾਰਿਆਂ ਲਈ ਇਕੋ ਜਿਹਾ ਹੈ। ਹਰ ਇਕ ਨੇ ਹੀ ਸਾਲ ਪਿੱਛੋਂ ਕੁਆਟਰ ਖਾਲੀ ਕਰਨਾ ਤਾਂ ਕਿ ਦੂਸਰਿਆਂ ਨੂੰ ਵੀ ਵਾਰੀ ਮਿਲ ਸਕੇ।"

ਕਮਾਨ ਅਫ਼ਸਰ ਦੀ ਬੀਵੀ ਨੇ ਆਪਣਾ ਰਾਏ ਨੁਮਾ ਫੈਸਲਾ ਸੁਣਾ ਕੇ ਗੁਰਮੇਲ ਕੌਰ ਨੂੰ ਹੱਥ ਨਾਲ ਬੈਠਣ ਦਾ ਇਸ਼ਾਰਾ ਕੀਤਾ।

ਗੁਰਮੇਲ ਕੌਰ ਫੇਰ ਵੀ ਖਲੋਤੀ ਹੀ ਰਹੀ।

"ਹੁਣ ਕੀ ਐ? " ਕਮਾਨ ਅਫ਼ਸਰ ਦੀ ਬੀਬੀ ਨੇ ਕੁਝ ਸਖਤ ਲਹਿਜੇ ਵਿਚ ਪੁੱਛਿਆ।

"ਮੇਮ ਸਾਬ੍ਹ ! ਮੈਨੂੰ ਪਤੈ, ਤੁਹਾਡੀ ਇਹ ਨੌਬਤ ਕਦੀ ਨਹੀਂ ਆਉਣੀ। ਤੁਹਾਨੂੰ ਆਪਣਾ ਬੰਗਲਾ ਕਦੀ ਖ਼ਾਲੀ ਨਹੀਂ ਕਰਨਾ ਪੈਣਾ। ਤੁਹਾਨੂੰ ਮੇਰੇ ਵਾਲੀਆਂ ਮੁਸ਼ਕਲਾਂ ਦਾ ਕਦੀ ਸਾਹਮਣਾ ਨਹੀਂ ਕਰਨਾ ਪੈਣਾ।" ਗੁਰਮੇਲ ਕੌਰ ਗੱਲ ਕਰਦੀ ਕੁਝ ਹਰਖ ਗਈ ਸੀ, "ਮੇਮ ਸਾਬ੍ਹ ! ਅਸੀਂ ਵੀ ਆਪਣੇ ਬੱਚਿਆਂ ਨੂੰ ਪੜ੍ਹਾਉਣਾ ਚਾਹੁੰਦੇ ਹਾਂ, ਪਰ ਪੜ੍ਹਾ ਨਹੀਂ ਸਕਾਂਗੇ ਕਿਉਂਕਿ ਤੁਸੀਂ ਸਾਨੂੰ ਇਕ ਥਾਂ ਟਿਕ ਕੇ ਰਹਿਣ ਨਹੀਂ ਦਿਓਗੇ। ਸਾਡੇ ਬੱਚੇ ਕਦੀ ਅਫ਼ਸਰ ਨਹੀਂ ਬਣ ਸਕਣਗੇ ਕਿਉਂਕਿ ਤੁਸੀਂ ਉਹਨਾਂ ਨੂੰ ਪੜ੍ਹਨ ਦਾ ਮੌਕਾ ਹੀ ਨਹੀਂ ਦਿਉਗੇ। ਹੁਣ ਸਾਨੂੰ ਸਕੂਲ ਵਿੱਚੋਂ ਬੱਚਿਆਂ ਦਾ ਨਾਂ ਕਟਵਾਉਣਾ ਪਊ। ਜੇ ਅਫ਼ਸਰਾਂ ਲਈ ਕੁਆਟਰ ਬਣ ਸਕਦੇ ਨੇ ਤਾਂ ਸਾਡੇ ਲਈ ਕਿਉਂ ਨਹੀਂ।"

ਕਮਾਨ ਅਫ਼ਸਰ ਦੀ ਬੀਬੀ ਦਾ ਰੰਗ ਪੀਲਾ ਪੈ ਗਿਆ। ਸੈਨਿਕਾਂ ਦੀਆਂ ਬੀਵੀਆਂ ਤੋਂ ਵੀ ਸੈਨਿਕਾਂ ਵਰਗੇ ਅਨੁਸਾਸ਼ਨ ਦੀ ਤਵੱਕੋ ਸੀ। ਅੱਜ ਇਕ ਹੌਲਦਾਰ ਦੀ ਬੀਵੀ ਨੇ ਉਹਦੇ ਸਵੈਮਾਣ ਵਿਚ ਚਿੱਬ ਪਾਇਆ ਸੀ। ਉਹ ਪ੍ਰੇਸ਼ਾਨ ਹੋ ਗਈ ਸੀ। ਅਪਮਾਨ ਤੇ ਜ਼ਿਲਤ ਦਾ ਰਲਿਆ ਮਿਲਿਆ ਭਾਵ ਉਹਦੇ ਚਿਹਰੇ ਉੱਤੇ ਉਜਾਗਰ ਹੋ ਗਿਆ ਸੀ। ਗੁੱਸੇ ਭਰੀ ਉਤੇਜਨਾ ਵਿਚ ਉਹਦਾ ਸਰੀਰ ਕੰਬਣ ਲੱਗ ਪਿਆ ਸੀ। ਕਮਾਨ ਅਫ਼ਸਰ ਦੀ ਬੀਵੀ ਨੂੰ ਕਿੰਨੀ ਦੇਰ ਤਕ ਕੋਈ ਗੱਲ ਹੀ ਨਹੀਂ ਸੀ ਅਹੁੜੀ। ਉਹਨੇ ਰੁਮਾਲ ਨਾਲ ਮੱਥਾ ਪੂੰਝਿਆ ਸੀ, ਮੇਜ਼ ਉੱਤੋਂ ਚੁੱਕ ਕੇ ਪਾਣੀ ਦਾ ਗਲਾਸ ਪੀਤਾ ਸੀ ਤੇ ਫਿਰ ਆਪਣੇ ਬਚਾਅ ਲਈ ਸੈਕੰਡ ਇਨ ਕਮਾਂਡ ਦੀ ਪਤਨੀ ਵੱਲ ਵੇਖਿਆ ਸੀ।

ਉਹਨੇ ਅਵਸਰ ਬੋਚ ਲਿਆ ਸੀ, ਬੋਲੀ, "ਇਹ ਮਸਲਾ ਪਹਿਲਾਂ ਹੀ ਵਿਚਾਰ ਅਧੀਨ ਹੈ। ਇਸ ਬਾਰੇ ਛੇਤੀ ਹੀ ਕਾਰਵਾਈ ਹੋ ਰਹੀ ਹੈ। ਤੁਹਾਡੀ ਸਮੱਸਿਆ ਦਾ ਹੱਲ ਹੋ ਜਾਵੇਗਾ।"

ਦਰਅਸਲ ਗੁਰਮੇਲ ਕੌਰ ਦੀ ਗੱਲ ਦਾ ਉਹਨਾ ਵਿਚੋਂ ਕਿਸੇ ਕੋਲ ਵੀ ਕੋਈ ਜੁਆਬ ਨਹੀਂ ਸੀ, ਪਰ ਜੰਗ ਕੋਲ ਉਹਦੀ ਗੱਲ ਦਾ ਜੁਆਬ ਹੈ ਸੀ।

ਜੰਗ ਸ਼ੁਰੂ ਹੋਈ ਤਾਂ ਗੁਰਮੇਲ ਬੱਚਿਆਂ ਦਾ ਨਾਂ ਸਕੂਲ ਵਿਚੋਂ ਕਟਵਾ ਕੇ ਚੰਡੀ ਪੁਰ ਤੋਂ ਚਲੀ ਗਈ ਸੀ।

ਗੁਰਮੇਲ ਕੌਰ ਪਿੰਡ ਵਿਚ ਜੰਮੀਂ ਸੀ। ਉਹ ਪਿੰਡ ਵਿਚ ਰਹੀ ਸੀ। ਪਿੰਡ ਤੋਂ ਪਰ੍ਹਾਂ ਜਿਹੜੀ ਦੁਨੀਆਂ ਸੀ ਉਸ ਦੁਨੀਆਂ ਵਿਚ ਉਹਨੂੰ ਰਹਿਣਾ ਨਹੀਂ ਸੀ ਆਉਂਦਾ। ਉਸ ਦੁਨੀਆਂ ਵਿਚ ਉਹਨੂੰ ਗੁਆਚ ਜਾਣ ਦਾ ਡਰ ਸੀ। ਉਸ ਦੀ ਨਿਰਭਰਤਾ ਆਪਣੇ ਪਤੀ ਹੌਲਦਾਰ ਪ੍ਰੀਤਮ ਸਿੰਘ ਉੱਤੇ ਸੀ। ਉਸ ਦੀ ਗ਼ੈਰ ਮੌਜੂਦਗੀ ਵਿਚ ਘਰ ਸੰਭਾਲ ਸਕਣਾ ਗੁਰਮੇਲ ਕੌਰ ਲਈ ਸੰਭਵ ਨਹੀਂ ਸੀ।

ਫ਼ੌਜ ਕਈ ਵਾਰੀ ਇਸ ਤਰ੍ਹਾਂ ਵੀ ਸੈਨਿਕਾਂ ਅਤੇ ਉਹਨਾਂ ਦੇ ਪਰਿਵਾਰਾਂ ਦੀਆਂ ਸਮੱਸਿਆਵਾਂ ਹੱਲ ਕਰਦੀ ਸੀ।

ਹੁਣ ਜੰਗ ਜਾਰੀ ਸੀ ਤਾਂ ਕਿਸੇ ਦੀ ਵੀ ਕੋਈ ਸਮੱਸਿਆ ਨਹੀਂ ਸੀ।

ਸਾਰੇ ਜੰਗ ਵਿਚ ਰੁੱਝੇ ਹੋਏ ਸਨ।

ਇਹੋ ਜਿਹੇ ਸਮੇਂ ਸਵਰਨੀ ਦਾ ਚੰਡੀਪੁਰ ਛਾਉਣੀ ਆ ਕੇ ਰਹਿਣਾ ਰੁਪਿੰਦਰ ਨੂੰ ਕੁਝ ਅਜੀਬ ਲੱਗ ਰਿਹਾ ਸੀ।

ਸਵਰਨੀ ਲਗਾਤਾਰ ਬੋਲ ਰਹੀ ਸੀ, "ਨਈਂ ਮੇਮ ਸਾਬ੍ਹ! ਮੇਰਾ ਘਰਵਾਲਾ ਮੈਨੂੰ ਲੈਣ ਨਹੀਂ ਸੀ ਗਿਆ। ਮੈਂ ਭਾਵੇਂ ਸਾਰੀ ਉਮਰ ਵੀ ਆਪਣੇ ਪੇਕੇ ਪਿੰਡ ਬੈਠੀ ਰਹਿੰਦੀ। ਉਸ ਹਰਾਮ ਦੇ ਤੁਖ਼ਮ ਨੇ ਮੈਨੂੰ ਲੈਣ ਨਹੀਂ ਸੀ ਆਉਣਾ।"

ਪਤੀ ਲਈ ਸਵਰਨੀ ਦੀ ਨਫ਼ਰਤ ਉਹਦੇ ਬੋਲਾਂ ਵਿਚੋਂ ਕਿਰ ਰਹੀ ਸੀ। ਉਹਨਾਂ ਬੋਲਾਂ ਦੀ ਤਾਸੀਰ ਨੂੰ ਅਣਗੌਲਿਆਂ ਕਰਕੇ ਰੁਪਿੰਦਰ ਨੇ ਪੁੱਛਿਆ, "ਤੇਰੇ ਘਰ ਵਾਲੇ ਨੇ ਤੈਨੂੰ ਲੈਣ ਕਿਉਂ ਨਹੀਂ ਸੀ ਆਉਣਾ?"

"ਬੱਸ ਜੀ ਐਵੇਂ...।"

"ਸਵਰਨੀ! ਕੁਸ਼ ਪਤੈ, ਪਹਾੜ ਜੇਡੇ ਦਿਨ ਤੈਨੂੰ ਇਕੱਲ੍ਹੀ ਨੂੰ ਕੱਟਣੇ ਕਿੰਨੇ ਮੁਸ਼ਕਲ ਹੋਣਗੇ!... ਇਥੇ ਓਪਰੀ ਥਾਂ ਬਹੁਤ ਔਕੜਾਂ ਪੇਸ਼ ਆਉਣਗੀਆਂ ਤੈਨੂੰ। ਇਕੱਲ੍ਹੀ ਕਿਵੇਂ ਸੁਲਟੇਂਗੀ ਮੁਸੀਬਤਾਂ ਨੂੰ?"

"ਮੇਰੇ ਮੱਥੇ ਦੇ ਲੇਖ ਕੌਣ ਮੇਟੇ! ... ਇਹੋ ਮੇਰਾ ਨਸੀਬ ਐ।"

"ਜਦੋਂ ਪਤਾ ਸੀ, ਘਰਵਾਲੇ ਨੇ ਮੁਹਾਜ਼ ਉੱਤੇ ਚਲਿਆ ਜਾਣਾ ਏਂ, ਤੂੰ ਭਰਾ ਨਾਲ ਹੀ ਵਾਪਸ ਘਰ ਕਿਉਂ ਨਹੀਂ ਚਲੀ ਗਈ?"

"ਘਰ!" ਸਵਰਨੀ ਨੇ ਹਾਓਕਾ ਭਰਿਆ, "ਘਰ ਕਿਥੇ ਐ ਮੇਰੇ ਲਈ।"

... ਤੇ ਅਗਲੇ ਛਿਣ ਉਹ ਫੁਟ ਫੁਟ ਰੋਣ ਲੱਗ ਪਈ।

*******

ਪੌੜੀਆਂ ਹੇਠ ਕਤੂਰੇ ਸਨ।

ਕਤੂਰੇ ਪੂਰੇ ਤਿੰਨ ਸਨ।

ਕੁੱਤੀ ਆਪਣੇ ਕਤੂਰਿਆਂ ਕੋਲ ਅੱਖਾਂ ਮੀਟੀ ਨਿਸਚਿੰਤ ਬੈਠੀ ਸੀ। ਉਹਦੇ ਹੇਠ ਬੋਰੀ ਵਿਛੀ ਹੋਈ ਸੀ ਤੇ ਬੋਰੀ ਉੱਤੇ ਪਰਾਲੀ ਪਈ ਸੀ। ਕੁੱਤੀ ਅਤੇ ਉਹਦੇ ਕਤੂਰਿਆਂ ਕੋਲ ਲੋੜੀਂਦਾ ਨਿੱਘ ਸੀ।

ਇਕ ਅੱਠਾ ਕੁ ਸਾਲਾਂ ਦਾ ਨਿਆਣਾ ਉਹਨਾਂ ਕਤੂਰਿਆਂ ਨਾਲ ਖੇਡ ਰਿਹਾ ਸੀ।

ਸਵਰਨੀ ਤੇ ਨਿੰਦੀ ਦੇ ਆਉਣ ਦੀ ਬਿੜਕ ਕੁੱਤੀ ਨੂੰ ਮਿਲੀ ਤਾਂ ਉਸ ਅੱਖਾਂ ਖੋਲ ਲਈਆਂ, ਸਿਰ ਚੁੱਕ ਕੇ ਦੋਹਾਂ ਵੱਲ ਵੇਖਿਆ ਤੇ ਬੇਫ਼ਿਕਰ ਹੋ ਕੇ ਫੇਰ ਸਿਰ ਸੁੱਟ ਲਿਆ।

ਕੁੱਤੀ ਉਹਨਾਂ ਵੱਲ ਵੇਖ ਕੇ ਭੌਂਕੀ ਨਹੀਂ ਸੀ। ਦੋਹਾਂ ਨੂੰ ਆਪਣੇ ਕਤੂਰਿਆਂ ਤੋਂ ਦੂਰ ਨਸਾਉਣ ਵਾਲ ਕੋਈ ਹੰਭਲਾ ਵੀ ਨਹੀਂ ਸੀ ਮਾਰਿਆ ਉਹ ਕੋਈ ਅਲੋਕਾਰ ਕੁੱਤੀ ਸੀ। ਉਹ ਨਿੱਕਾ ਮੁੰਡਾ ਵੀ ਕਤੂਰਿਆਂ ਵਿਚ ਇਸ ਤਰ੍ਹਾਂ ਬੈਠਾ ਹੋਇਆ ਸੀ ਜਿਵੇਂ ਉਸੇ ਕੁੱਤੀ ਦਾ ਹੀ ਚੌਥਾ ਕਤੂਰਾ ਹੁੰਦਾ ਹੈ।

ਰੁਪਿੰਦਰ ਹੈਰਾਨ ਹੋਈ ਸੀ।

ਸਵਰਨੀ ਨੇ ਦੱਸਿਆ, "ਮੇਮ ਸਾਬ੍ਹ! ਜਦੋਂ ਮੈਂ ਇਥੇ ਆਈ ਆਂ ਤਾਂ ਇਹ ਕੁੱਤੀ ਵਿਚਾਰੀ ਮਾਰੀ ਮਾਰੀ ਫਿਰਦੀ ਸੀ। ਸਾਰੀ ਸਾਰੀ ਰਾਤ ਸਰਦੀ ਵਿਚ ਠੂੰ ਠੂੰ ਕਰਦੀ ਰੋਂਦੀ ਰਹਿੰਦੀ ਸੀ। ਜਦੋਂ ਇਹ ਘਰ ਵਸਦੇ ਸੀ, ਉਦੋਂ ਤਾਂ ਨਿਕਰਮਣ ਨੂੰ ਰੋਟੀ ਲੱਭ ਪੈਂਦੀ ਹੋਊ। ਕੁਆਟਰ ਖ਼ਾਲੀ ਹੋਣ ਪਿੱਛੋਂ ਤਾਂ ਇਹਨੂੰ ਕੌਣ ਮੰਡੇ ਪਕਾਅ ਪਕਾਅ ਖਵਾਉਂਦਾ। ਇਹ ਭੁੱਖਾਂ ਦੀ ਮਾਰੀ ਹੋਈ ਸੀ। ਵੱਖੀਆਂ ਵਿਚ ਵੜੀਆਂ ਹੋਈਆਂ ਸਨ ਤੇ ਢਿੱਡ ਪਾਟਣ ਤੇ ਆਇਆ ਹੋਇਆ ਸੀ। ਉਦੋਂ ਇਹ ਕਤੂਰੇ ਜੰਮਣ ਵਾਲੀ ਸੀ। ਮੈਨੂੰ ਇਕ ਪੁਰਾਣੀ ਬੋਰੀ ਤੇ ਪਰਾਲੀ ਲੱਭ ਪਈ। ਮੈਂ ਬੋਰੀ ਵਿਛਾ ਕੇ ਉੱਤੇ ਪਰਾਲੀ ਸੁੱਟ ਦਿੱਤੀ। ਹੁਣ ਵੇਖੋ, ਇਹਨੇ ਕਿੰਨੇ ਸੁਹਣੇ ਕਤੂਰੇ ਜੰਮੇਂ ਨੇ। ਹੁਣ ਮੈਂ ਇਹਨੂੰ ਰੋਟੀ ਵੀ ਪਾਉਨੀਂ ਆ ਤੇ ਇਕ ਡੰਗ ਦੁੱਧ ਵੀ ਪਿਆ ਦਿੰਨੀ ਆ। ਹੁਣ ਕੁੱਤੀ ਨੂੰ ਪਤੈ, ਇਹਦੇ ਦੁੱਖ ਵਿਚ ਅਸੀਂ ਹੀ ਇਹਦੇ ਆਪਣੇ ਹਾਂ!"

ਗੱਲ ਮੁਕਾ ਕੇ ਸਵਰਨੀ ਕੁਝ ਚਿਰ ਚੁੱਪ ਰਹੀ, ਫਿਰ ਲੰਮਾਂ ਸਾਹ ਭਰਿਆ ਤੇ ਬੋਲੀ, "ਜਾਨਵਰਾਂ ਨੂੰ ਪਿਆਰ ਦੀ ਬੋਲੀ ਆਉਂਦੀ ਐ, ਬੰਦਿਆਂ ਨੂੰ ਨਹੀਂ ਆਉਂਦੀ।"

ਉਹ ਕੋਲ ਪਹੁੰਚੀਆਂ ਤਾਂ ਕਤੂਰਿਆਂ ਨਾਲ ਖੇਡ ਰਿਹਾ ਨਿਆਣਾ ਉਹਨਾਂ ਵੱਲ ਵੇਖਣ ਲੱਗ ਪਿਆ।

ਸਵਰਨੀ ਨੇ ਉਹਨੂੰ ਮਿੱਠਾ ਜਿਹਾ ਝਿੜਕਿਆ, "ਵੇ ਬਿਤਰ ਬਿਤਰ ਝਾਕੀ ਜਾਨੈਂ, ਉਠ ਕੇ ਮੇਮ ਸਾਬ੍ਹ ਦੇ ਪੈਰੀਂ ਹੱਥ ਲਾ।"



ਨਿਆਣੇ ਨੇ ਉੱਠ ਕੇ ਰੁਪਿੰਦਰ ਦੇ ਪੈਰੀਂ ਹੱਥ ਲਾਇਆ ਤੇ ਮੁੜ ਪਹਿਲੀ ਥਾਂ ਬੈਠ ਗਿਆ।

"ਜਿਉਂਦਾ ਰਹਿ! ... ਵੱਡੀ ਉਮਰ ਹੋਵੇ!" ਰੁਪਿੰਦਰ ਨੇ ਅਸੀਸ ਦਿੱਤੀ ਤੇ ਪੁੱਛਿਆ, "ਕੀ ਨਾਂ ਹੈ ਬੇਟੇ!"

'ਮੀਕਾ!" ਨਿਆਣੇ ਨੇ ਬੈਠਿਆ ਬੈਠਿਆ ਰੁੱਖਾ ਜਿਹਾ ਜੁਆਬ ਦਿੱਤਾ।

"ਕਿਹੜੀ ਜਮਾਤ ਵਿਚ ਪੜ੍ਹਦੈਂ?"

ਜੁਆਬ ਸਵਰਨੀ ਨੇ ਦਿੱਤਾ, "ਨਈਂ ਮੇਮ ਸਾਬ੍ਹ! ਇਹ ਪੜ੍ਹਦਾ ਨਈਂ। ਇਹਦੇ ਭਾਗਾਂ ਵਿਚ ਪੜ੍ਹਨਾ ਕਿਥੇ! ਨਿਥਾਵਿਆਂ ਵਾਂਗੂੰ ਤੁਰੇ ਫਿਰਦੇ ਆਂ, ਕਦੀ ਕਿਤੇ ਕਦੀ ਕਿਤੇ।"

ਸਵਰਨੀ ਜਿਹੜੀ ਵੀ ਗੱਲ ਕਰਦੀ ਸੀ, ਉਸ ਗੱਲ ਨੂੰ ਸ਼ਾਖਾਂ ਫੁੱਟ ਆਉਂਦੀਆਂ ਸਨ। ਰੁਪਿੰਦਰ ਫ਼ਿਲਹਾਲ ਉਹਦੀਆਂ ਗੱਲਾਂ ਦੇ ਰਾਹ ਨਹੀਂ ਸੀ ਤੁਰਨਾ ਚਾਹੁੰਦੀ। ਉਹਨੇ ਕੁਆਟਰ ਦੇ ਬੂਹੇ ਦੇ ਅੰਦਰਵਾਰ ਸਾਮਾਨ ਵਾਲਾ ਝੋਲਾ ਰੱਖ ਦਿੱਤਾ, "ਚੰਗਾ, ਹੁਣ ਮੈਂ ਚਲਨੀ ਆਂ।"

"ਨਈ ਮੇਮ ਸਾਬ੍ਹ! ਮੈਂ ਏਤਰ੍ਹਾਂ ਤੁਹਾਨੂੰ ਕਿਵੇਂ ਭੇਜ ਦੇਵਾਂ। ਮਸਾਂ ਤਾਂ ਕੀੜੀ ਘਰ ਨਰੈਣ ਆਏ ਨੇ। ਮੈਂ ਚਾਹ ਪੀਤੇ ਬਿਨਾਂ ਨਈਂ ਜਾਣ ਦੇਣਾ।"

"ਨਈਂ ਸਵਰਨੀ! ... ਮੈਂ ਚਾਹ ਨਹੀਂ ਪੀਣੀ। ਮੈਂ ਚਾਹ ਪੀ ਕੇ ਹੀ ਸੈਰ ਨੂੰ ਨਿਕਲੀ ਸਾਂ। ... ਬਹੁਤੀ ਚਾਹ ਵੀ ਚੰਗੀ ਨਹੀਂ।

ਉਹ ਨਿਮੋਝੂਣੀ ਹੋ ਗਈ, "ਠੀਕ ਐ ਮੇਮ ਸਾਬ੍ਹ! ਮੇਰਾ ਕੀ ਜ਼ੋਰ ਐ।"

ਰੁਪਿੰਦਰ ਨੇ ਉਹਦਾ ਦਿਲ ਰੱਖ ਲਿਆ, "ਠੀਕ ਐ, ਮੈਂ ਅੱਧਾ ਕੁ ਕੱਪ ਪੀ ਲਊਂ।"

ਸਵਰਨੀ ਖੁਸ਼ ਹੋ ਗਈ, "ਬੱਸ... ਅੱਧਾ ਕੱਪ! ... ਮੇਮ ਸਾਬ੍ਹ! ਤੁਸੀਂ ਮੰਨਣਾ ਨਈਂ, ਸੁਹਾਣੇ ਜਿੰਨੀ ਵਾਰੀ ਵੀ ਚਾਹ ਬਣੇ, ਮੇਰੇ ਲਈ ਹਰ ਵਾਰ ਹੀ ਪੂਰੀ ਗੜਵੀ ਭਰ ਕੇ ਬਣਦੀ ਐ।"

"ਸੁਹਾਣਾ! ਰੁਪਿੰਦਰ ਦੇ ਅੰਦਰ ਕੋਈ ਤਾਰ ਟੁਣਕੀ। ਇਸ ਪਿੰਡ ਦਾ ਨਾਂ ਉਹਨੇ ਸੁਣਿਆਂ ਹੋਇਆ ਸੀ। ਕਿਥੇ ਸੁਣਿਆਂ ਸੀ? ਕਦੋਂ ਸੁਣਿਆ ਸੀ? ਰੁਪਿੰਦਰ ਨੂੰ ਕੁਝ ਯਾਦ ਨਹੀਂ ਸੀ।

... ਤੇ ਫੇਰ ਜਿਵੇਂ ਉਹਨੂੰ ਕੁਝ ਕੁਝ ਯਾਦ ਆ ਗਿਆ। ਉਹ ਉਠ ਕੇ ਖਲੋ ਗਈ।

ਉਹਨੇ ਇਕ ਗੁਨਾਹ ਦਾ ਬੋਝ ਸਿਰ ਉੱਤੇ ਚੁੱਕਿਆ ਹੋਇਆ ਸੀ। ਉਸ ਗੁਨਾਹ ਨੇ ਚੇਤੇ ਵਿਚ ਨੌਂਹ ਮਾਰਨੇ ਸ਼ੁਰੂ ਕਰ ਦਿੱਤੇ ਸਨ।

ਸਵਰਨੀ ਨੇ ਉਦੋਂ ਚਾਹ ਲਈ ਪਤੀਲੇ ਵਿਚ ਪਾਣੀ ਪਾ ਕੇ ਸਟੋਵ ਉੱਤੇ ਧਰ ਦਿੱਤਾ ਸੀ। ਉਹ ਬੇਚੈਨ ਹੋ ਗਈ, "ਬੱਸ ਮੇਮ ਸਾਬ੍ਹ! ... ਹੁਣ ਤਾਂ ਥੋੜ੍ਹਾ ਜਿਹਾ ਟੈਮ ਈ ਲੱਗਣੈਂ! ... ਚਾਹ ਤਾਂ ਬੱਸ ਹੁਣੇ ਬਣ ਜੂ।"

"ਨਈਂ ਸਵਰਨੀ! ... ਮੈਨੂੰ ਹੁਣੇ ਜਾਣਾ ਪੈਣੈਂ। ਮੈਨੂੰ ਕੁਸ਼ ਚੇਤੇ ਆ ਗਿਐ। ... ਫੇਰ ਸਹੀ! ... ਅਗਲੀ ਵਾਰ ਸਹੀ। ... ਅਗਲੀ ਵਾਰ ਮੈਂ ਚਾਹ ਜ਼ਰੂਰ ਪੀਊਂਗੀ।"

ਰੁਪਿੰਦਰ ਨੇ ਕਾਹਲੀ ਕਾਹਲੀ ਬਰੂਹਾਂ ਟੱਪੀਆਂ ਤੇ ਪੌੜੀਆਂ ਉੱਤਰ ਗਈ।

ਮੀਕਾ ਪੌੜੀਆਂ ਹੇਠ ਬੈਠਾ ਹਾਲੇ ਵੀ ਕਤੂਰਿਆਂ ਨਾਲ ਖੇਡ ਰਿਹਾ ਸੀ।

*********

ਪਿਛਲੀ ਸ਼ਾਮ ਵਿਚ ਧੂੰਆਂ ਰਲਿਆ ਹੋਇਆ ਸੀ। ਉਹ ਸ਼ਾਮ ਕੁਝ ਕੁਝ ਗਲ ਘੋਟੂ ਜਿਹੀ ਵੀ ਸੀ।

ਸਵਰਨੀ ਦੀ ਹੱਢ-ਬੀਤੀ ਨੇ ਰੁਪਿੰਦਰ ਨੂੰ ਉਦਾਸ ਕੀਤਾ ਸੀ। ਉਸਦੀ ਉਹ ਰਾਤ ਬੜੀ ਬੇਚੈਨ ਬੀਤੀ ਸੀ। ਉਹ ਭਟਕਦੀ ਰਹੀ ਸੀ, ਕਦੀ ਚੇਤਿਆਂ ਦੀਆਂ ਗਲੀਆਂ ਵਿਚ ਨੰਗੇ ਪੈਰੀਂ ਤੁਰਦਿਆਂ ਤੇ ਕਦੀ ਸੁਪਨਿਆਂ ਦੇ ਖੰਡਰਾਂ ਵਿਚ ਹਫਦਿਆਂ।

ਅਗਲੀ ਸਵੇਰ ਦੀ ਧੁੱਪ ਨਿੱਘੀ ਸੀ।

ਰੁਪਿੰਦਰ ਲਾਅਨ ਵਿਚ ਬੈਠ ਗਈ। ਉਹਨੇ ਸਿਲਾਈਆਂ ਉੱਤੇ ਘਰੇ ਪਾਏ ਤੇ ਸਵੈਟਰ ਬੁਣਨ ਲੱਗ ਪਈ।

ਉਹਦੀ ਜ਼ਿੰਦਗੀ ਉਧੇੜ-ਬੁਣ ਵਿਚ ਬੀਤ ਰਹੀ ਸੀ।

ਮਨ ਦੀਆਂ ਗੁੰਝਲਾਂ ਵਿਚ ਉਲਝੀ ਨੇ ਚੱਪਾ ਕੁ ਸਵੈਟਰ ਬੁਣਿਆਂ ਤੇ ਫਿਰ ਉਧੇੜ ਦਿੱਤਾ। ਬੁਣਤੀ ਗ਼ਲਤ

ਹੋ ਗਈ ਸੀ। ਮਨਪ੍ਰੀਤ ਕੋਲੋਂ ਮੰਗ ਕੇ ਲਿਆ ਸਵੈਟਰ ਉਹਦੇ ਸਾਹਮਣੇ ਪਿਆ ਸੀ। ਉਹਨੇ ਉਸ ਸਵੈਟਰ ਦੇ ਨਮੂਨੇ ਨੂੰ ਘੂਰਿਆ, ਬੁਣਤੀ ਦੇ ਘੁਰਿਆਂ ਨੂੰ ਗਿਣਿਆਂ ਤੇ ਮੁੜ ਸਿਲਾਈ ਪਾਉਣ ਲੱਗ ਪਈ।

ਉਹ ਕੁਝ ਚਿਰ ਲਗਾਤਾਰ ਸਵੈਟਰ ਬੁਣਦੀ ਰਹੀ। ... ਤੇ ਫੇਰ ਉਹਨੇ ਸਿਲਾਈਆਂ ਉੱਨ ਦੇ ਪਿੰਨੇ ਵਿਚ ਖੋਭੀਆਂ ਤੇ ਪਿੰਨਾਂ ਪਰ੍ਹਾਂ ਰੱਖ ਦਿੱਤਾ।

ਰੁਪਿੰਦਰ ਨੇ ਖੱਬੇ ਹੱਥ ਨਾਲ ਆਪਣੇ ਸੱਜੇ ਹੱਥ ਨੂੰ ਘੁੱਟਿਆ ਤੇ ਸੇਵਾਦਾਰ ਨੂੰ ਹਾਕ ਮਾਰ ਕੇ ਬੁਲਾਇਆ!

"ਆਇਆ ਮੇਮ ਸਾਹਬ।"

ਸਿਪਾਹੀ ਗੁਰਨਾਮ ਸਿੰਘ ਰੰਬੀ ਨਾਲ ਕਿਆਰੀ ਖੋਦ ਰਿਹਾ ਸੀ। ਉਹਨੇ ਰੰਬੀ ਰੱਖ ਕੇ ਹੱਥ ਝਾੜੇ ਤੇ ਉੱਠ ਕੇ ਖਲੋ ਗਿਆ। ਗਲ ਵਾਲੀ ਡਾਂਗਰੀ ਨਾਲ ਹੱਥ ਪੂੰਝਦਿਆਂ ਉਹ ਰੁਪਿੰਦਰ ਕੋਲ ਪਹੁੰਚ ਗਿਆ।

"ਵੇਖ ਕੇ ਦੱਸੀਂ... ਵਕਤ ਕੀ ਹੋਇਐ!"

ਗੁਰਨਾਮ ਸਿੰਘ ਅੰਦਰ ਚਲਿਆ ਗਿਆ। ਵਾਪਸ ਪਰਤ ਕੇ ਉਸ ਦੱਸਿਆ, "ਬਾਵਾ ਦੇ ਸਕੂਲੋਂ ਆਉਣ ਵਿਚ ਤਾਂ ਅਜੇ ਪੂਰਾ ਡੇਢ ਘੰਟਾ ਬਾਕੀ ਐ।"

ਰੁਪਿੰਦਰ ਹੱਸਣ ਲੱਗ ਪਈ, "ਮੈਂ ਬਾਵੇ ਦੇ ਸਕੂਲ ਤੋਂ ਆਉਣ ਦਾ ਟਾਈਮ ਨਹੀਂ ਸੀ ਪੁੱਛਿਆ, ਘੜੀ ਦਾ ਟਾਈਮ ਪੁੱਛਿਆ ਸੀ।"

ਉਹ ਝੇਂਪਿਆ ਹੋਇਆ ਪਿਛਾਂਹ ਮੁੜਿਆ, "ਮੈਂ ਹੁਣੇ ਵੇਖ ਕੇ ਆਉਨਾ ਵਾਂ ਘੜੀ ਦਾ ਟਾਈਮ।"

ਰੁਪਿੰਦਰ ਨੇ ਸਿਪਾਹੀ ਗੁਰਨਾਮ ਸਿੰਘ ਨੂੰ ਰੋਕ ਲਿਆ, "... ਤੂੰ ਏਤਰ੍ਹਾਂ ਕਰ, ਪਿਛਲੀਆਂ ਕਿਆਰੀਆਂ ਵਿਚੋਂ ਪਾਲਕ ਤੋੜ ਕੇ ਰੱਖ ਜਾ, ਫੇਰ ਚਲਿਆ ਜਾਵੀਂ।"

"ਜੀ ਅੱਛਾ, ਮੇਮ ਸਾਹਬ!"

ਸਿਪਾਹੀ ਗੁਰਨਾਮ ਸਿੰਘ ਦੇ ਜਾਣ ਪਿੱਛੋਂ ਰੁਪਿੰਦਰ ਮੁੜ ਸਵੈਟਰ ਬੁਣਨ ਲੱਗ ਪਈ।

ਰੁਪਿੰਦਰ ਨੂੰ ਬੁਣਤੀ ਦੀ ਸਮਝ ਪੈ ਗਈ ਸੀ। ਉਹਦਾ ਕੰਮ ਸੌਖਾ ਹੋ ਗਿਆ ਸੀ। ਉਹ ਬੇਧਿਆਨ ਹੋ ਕੇ ਵੀ ਸਵੈਟਰ ਬੁਣ ਸਕਦੀ ਸੀ। ਸਵੈਟਰ ਬੁਣਦਿਆਂ ਉਹ ਕਿਸੇ ਨੂੰ ਵੀ ਭਾਵੇਂ ਜਿੰਨਾਂ ਮਰਜ਼ੀ ਯਾਦ ਕਰ ਲਵੇ। ਜਿੰਨਾਂ ਮਰਜ਼ੀ ਉਡੀਕ ਲਵੇ, ਜਿੰਨਾਂ ਮਰਜ਼ੀ ਉਦਾਸ ਹੋ ਜਾਵੇ।

ਮੁਹਾਜ਼ ਉੱਤੇ ਗਏ ਫੌਜੀਆਂ ਦੀਆਂ ਬੀਵੀਆਂ ਦੇ ਪੱਲੇ ਉਡੀਕ ਬਾਕੀ ਰਹਿ ਜਾਂਦੀ ਸੀ।

ਰੁਪਿੰਦਰ ਕੋਲ ਵੀ ਉਡੀਕ ਸੀ।

ਉਹ ਉਡੀਕ ਆਸ ਦੀ ਬੁੱਕਲ ਸੀ।

ਫੌਜੀ ਦੀ ਬੀਵੀ ਦੀ ਉਡੀਕ ਇਕ ਦਿਨ ਲੰਮੀਂ, ਇਕ ਮਹੀਨਾ ਲੰਮੀ, ਇਕ ਸਾਲ ਲੰਮੀਂ ਤੇ ਭਾਵੇਂ ਇਕ ਉਮਰ ਲੰਮੀਂ ਹੋਵੇ, ਫੇਰ ਵੀ ਸਵੈਟਰ ਦੀ ਬੁਣਤੀ ਦੇ ਫੁੱਲਾਂ ਵਰਗੀ ਸੀ।

ਉਹ ਕਿਧਰੇ ਤਾਂ ਸੀ, ਜਿਸ ਨੂੰ ਉਹ ਉਡੀਕ ਰਹੀ ਸੀ।

... ਤੇ ਇਹ ਕੋਈ ਨਿੱਕੀ ਗੱਲ ਨਹੀਂ ਸੀ।

ਜਦੋਂ ਸਵਰਨੀ ਆਈ, ਰੁਪਿੰਦਰ ਉਦੋਂ ਵੀ ਸਵੈਟਰ ਬੁਣ ਰਹੀ ਸੀ, ਬਣਦੀ ਰਹੀਂ।

ਸਵਰਨੀ ਦਾ ਪੁੱਤਰ ਮੀਕਾ ਵੀ ਉਹਦੇ ਨਾਲ ਸੀ। ਉਹ ਸ਼ਰਮਾਅ ਰਹੀ ਸੀ ਤੇ ਸਵਰਨੀ ਦੇ ਪਿੱਛੇ ਲੁਕਣ ਦੀ ਕੋਸ਼ਿਸ਼ ਕਰ ਰਿਹਾ ਸੀ। ਸਵਰਨੀ ਨੇ ਝਿੜਕਿਆ, "ਵੈ ਟੁੱਟ ਪੈਣਿਆਂ, ਅਗਾਂਹ ਹੋ ਕੇ ਮੇਮ ਸਾਬ੍ਹ ਦੇ ਪੈਰੀਂ ਹੱਥ ਲਾ।"

ਸਵਰਨੀ ਨੇ ਧੱਕ ਕੇ ਮੀਕੇ ਨੂੰ ਅੱਗੇ ਕੀਤਾ। ਮੀਕੇ ਨੇ ਕਾਹਲੀ ਨਾਲ ਰੁਪਿੰਦਰ ਦੇ ਪੈਰੀਂ ਹੱਥ ਲਾਏ ਤੇ ਫਿਰ ਪਿਛਾਂਹ ਹੋ ਕੇ, ਮਾਂ ਨਾਲ ਲੱਗ ਕੇ ਖਲੋ ਗਿਆ।

ਰੁਪਿੰਦਰ ਨੇ ਕਲ੍ਹ ਵਾਂਗ ਹੀ ਅਸੀਸ ਦਿੱਤੀ।

ਬਾਵਾ ਕਦੋਂ ਦਾ ਸਕੂਲ ਤੋਂ ਆ ਚੁੱਕਿਆ ਸੀ। ਉਹ ਅੰਦਰ ਬੈਠਾ ਗੋਟੀਆਂ ਨਾਲ ਖੇਡ ਰਿਹਾ ਸੀ। ਸਵਰਨੀ ਨੂੰ ਬਿਠਾ ਕੇ ਉਹ ਮੀਕੇ ਨੂੰ ਅੰਦਰ ਲੈ ਗਈ ਤੇ ਬਾਵੇ ਨੂੰ ਆਖਿਆ, "ਤੂੰ ਮੀਕੇ ਨੂੰ ਬਾਹਰ ਲੈ ਜਾ। ਮਾਰਕੀਟ ਵਿਚੋਂ ਟੌਫੀਆਂ ਖਰੀਦ ਲਿਓ ਤੇ ਅੱਧੀਆਂ ਅੱਧੀਆਂ ਕਰ ਲਿਉ। ਪੈਸੇ ਡਰੈਸਿੰਗ ਟੇਬਲ ਤੋਂ ਚੁੱਕ ਲਵੀ।"

"ਠੀਕ ਐ ਮਾਂ!"



"ਸੜਕ ਧਿਆਨ ਨਾਲ ਟੱਪਿਓ!"

"ਠੀਕ ਐ ਮਾਂ।"

ਮੀਕਾ ਸੰਕੋਚਿਆ ਜਿਹਾ ਬਾਵੇ ਦੇ ਨਾਲ ਤੁਰ ਪਿਆ।

ਸਵਰਨੀ ਨੇ ਦੋਹਾਂ ਬੱਚਿਆਂ ਨੂੰ ਜਾਂਦਿਆਂ ਵੇਖਿਆ ਤੇ ਫਿਰ ਰੁਪਿੰਦਰ ਵੱਲ ਧਿਆਨ ਮੋੜਿਆ, ਝਿਜਕਦੀ ਹੋਈ ਬੋਲੀ, "ਮੇਮ ਸਾਬ੍ਹ ਮੈਨੂੰ ਕਈ ਦਿਨਾਂ ਦੀ ਚਿੰਤਾ ਲੱਗੀ ਹੋਈ ਹੈ। ਕੌਣ ਮੈਨੂੰ ਰਾਹੇ ਪਾਵੇ।"

"ਗੱਲ ਕੀ ਐ?"

"ਮੇਰਾ ਘਰਵਾਲਾ ਪਤਾ ਨਹੀਂ ਕਦੋਂ ਵਾਪਸ ਆਊ! ਜੇ ਮੇਰੇ ਪੈਸੇ ਮੁੱਕ ਗਏ ਤਾਂ ਕੀ ਕਰੂੰ?"

"ਕਿਉਂ!... ਕਿਉਂ ਮੁੱਕਣਗੇ ਪੈਸੇ? ਤੇਰਾ ਘਰਵਾਲਾ ਕੋਈ ਪ੍ਰਬੰਧ ਕਰਕੇ ਨਹੀਂ ਗਿਆ?"

"ਨਈਂ ਮੇਮ ਸਾਬ੍ਹ! ਉਹਨੇ ਪ੍ਰਬੰਧ ਕੀ ਕਰਨਾ ਸੀ। ਮੈਂ ਇਥੇ ਕਿਹੜਾ ਉਹਦੀ ਮਰਜ਼ੀ ਨਾਲ ਆਈ ਆਂ ਭਰਾ ਮੈਨੂੰ ਇਥੇ ਛੱਡ ਗਿਆ ਸੀ। ਘਰਵਾਲਾ ਤਾਂ ਜਿੰਨੇ ਦਿਨ ਕੋਲ ਰਿਹਾ, ਸੜਿਆ, ਬਲਿਆ ਜਿਹਾ ਰਿਹਾ ਤੇ ਸੜਿਆ ਬਲਿਆ ਜਿਹਾ ਹੀ ਲੜਾਈ ਉੱਤੇ ਤੁਰ ਗਿਆ। ਖਰਚੇ ਲਈ ਭਰਾ ਕੁਝ ਰੁਪਏ ਦੇ ਗਿਆ ਸੀ, ਪਰ ਉਹ ਰੁਪਏ ਕਦੋਂ ਤਕ ਚਲਣਗੇ?"

ਰੁਪਿੰਦਰ ਨੇ ਹੈਰਾਨ ਹੋ ਕੇ ਸਵਰਨੀ ਦੀ ਗੱਲ ਸੁਣੀ, ਤੇ ਫਿਰ ਪੁੱਛਿਆ, "ਤੂੰ ਆਪਣੀ ਮੁਸ਼ਕਲ ਦੱਸਣ ਗਈ ਸੈਂ ਕਿਸੇ ਕੋਲ?"

"ਨਈਂ ਜੀ! ... ਮੈਨੂੰ ਕੀ ਪਤਾ ਕੀਹਦੇ ਕੋਲ ਜਾਣੈਂ। ਸਾਡੀ ਯੂਨਿਟ ਦੀ ਤਾਂ ਕੋਈ ਮੇਮ ਸਾਬ੍ਹ ਵੀ ਇਥੇ ਹੈ ਨਈਂ।"

"ਸਹੁਰੇ ਪੱਖ ਨਈਂ ਪੂਰਦੇ?"

"ਹੁਣ ਸਹੁਰਿਆਂ ਦਾ ਕੱਚਾ ਚਿੱਠਾ ਕੀ ਫਰੋਲਾਂ! ਸਹੁਰੇ ਤਾਂ ...।" ਸਵਰਨੀ ਨੇ ਠੰਢਾ ਸਾਹ ਭਰਿਆ ਤੇ ਗੱਲ ਅਧੂਰੀ ਰਹਿਣ ਦਿੱਤੀ।

"ਸਵਰਨੀ ਪਹਿਲੋਂ ਤੂੰ ਧੀਰਜ ਨਾਲ ਪੂਰੀ ਗੱਲ ਦੱਸ, ਫੇਰ ਹੀ ਸੋਚਾਂਗੇ ਕਿ ਕੀ ਕਰਨੈਂ।"

ਸਵਰਨੀ ਭਰਵੇਂ ਜੁੱਸੇ ਵਾਲੀ ਤੀਵੀਂ ਸੀ। ਜਦੋਂ ਉਹ ਵਿਆਹੀ ਆਈ ਤਾਂ ਉਹਦੇ ਸਾਧਾਰਨ ਨੈਣ ਨਕਸ਼ਾਂ ਨੇ ਉਹਦੇ ਸਰੀਰ ਦੀ ਖਿੱਚ ਨੂੰ ਬਲਕਾਰ ਸਿੰਘ ਲਈ ਘੱਟ ਨਈਂ ਸੀ ਕੀਤਾ। ਉਹ ਸਰੀਰ ਦੇ ਤਲਿਸਮ ਨਾਲ ਬੱਝਾ ਰਿਹਾ ਸੀ।

ਉਦੋਂ ਉਹ ਸਿਪਾਹੀ ਹੁੰਦਾ ਸੀ।

"ਸਹੁਰੇ ਘਰ ਵਿਚ ਬਹੁਤੀ ਉੱਥਲ ਉਛੱਲ ਨਹੀਂ ਸੀ। ਉਹਦੀ ਤਨਖਾਹ ਨਾਲ ਹੀ ਘਰ ਦਾ ਗੁਜ਼ਾਰਾ ਤੁਰਦਾ ਸੀ।" ਆਪਣਾ ਮਨ ਫਰੋਲਦੀ ਸਵਰਨੀ ਬੀਤੇ ਦਿਨਾਂ ਵਿਚ ਲਹਿ ਗਈ ਸੀ, "ਮੇਮ ਸਾਬ੍ਹ! ਉਹ ਸ਼ੁਰੂ ਵਿਚ ਇਸ ਤਰ੍ਹਾਂ ਨਹੀਂ ਸੀ। ਜਦੋਂ ਛੁੱਟੀ ਆਉਂਦੀ ਸੀ ਤਾਂ ਅੱਧੀ ਅੱਧੀ ਰਾਤ ਤੱਕ ਪ੍ਰੇਸ਼ਾਨ ਕਰਦਾ ਸੀ, ਸੌਂਦਾ ਹੀ ਨਹੀਂ ਸੀ। ਮੈਂ ਸੋਚਦੀ ਸਾਂ, ਫ਼ੌਜ ਵਿਚ ਪਤਾ ਨਹੀਂ ਕੀ ਕਰਦਾ ਹੋਊ। ... ਉਥੇ ਕਿਸ ਤਰ੍ਹਾਂ ਰਹਿੰਦਾ ਹੋਊ! ਮੈਂ ਚਾਹੁੰਦੀ ਸਾਂ, ਉਹਦੇ ਨਾਲ ਜਾਵਾਂ, ਉਹਦੇ ਕੋਲ ਰਹਾਂ, ਉਹਦੀ ਸੇਵਾ ਕਰਾਂ। ਪਰ ਉਹ ਮੈਨੂੰ ਨਾਲ ਲੈ ਕੇ ਹੀ ਨਹੀਂ ਸੀ ਜਾਂਦਾ। ਉਹ ਮਾਂ ਪਿਓ ਦੇ ਕਹਿਣੇ ਵਿਚ ਸੀ। ਮੇਰਾ ਸੱਸ ਸਹੁਰਾ ਨਹੀਂ ਸਨ ਚਾਹੁੰਦੇ ਕਿ ਮੈਂ ਉਹਦੇ ਨਾਲ ਜਾਵਾਂ। ਇਕ ਤਨਖ਼ਾਹ ਨਾਲ ਦੋ ਘਰ ਕਿਤਰ੍ਹਾਂ ਚਲਣਗੇ? ਇਕ ਸਿਪਾਹੀ ਦੀ ਤਨਖ਼ਾਹ ਹੁੰਦੀ ਹੀ ਕਿੰਨੀ ਹੈ। ਮੇਰੇ ਸੱਸ ਸਹੁਰੇ ਨੂੰ ਪੂਰਾ ਯਕੀਨ ਸੀ ਕਿ ਜੇ ਮੇਰਾ ਪਤੀ ਮੈਨੂੰ ਆਪਣੇ ਨਾਲ ਲੈ ਗਿਆ ਤਾਂ ਉਹਨਾਂ ਨੂੰ ਪੈਸੇ ਭੇਜਣਾ ਬੰਦ ਕਰ ਦਊ। ਉਹਨਾਂ ਦਾ ਭਲਾ ਇਸੇ ਗੱਲ ਵਿਚ ਸੀ ਕਿ ਉਹ ਆਪਣੇ ਪੁੱਤ ਦਾ ਘਰ ਵੱਸਣ ਨਾ ਦੇਣ।"

ਸਵਰਨੀ ਕੁਝ ਛਿਣਾਂ ਲਈ ਚੁੱਪ ਕਰ ਗਈ। ਉਹ ਸ਼ਾਇਦ ਆਪਣੇ ਭਰੇ ਹੋਏ ਮਨ ਨੂੰ ਸੰਭਾਲਣ ਦੀ ਕੋਸ਼ਿਸ਼ ਵਿਚ ਸੀ। ਸ਼ਾਇਦ ਉਹ ਗੱਲ ਦਾ ਗੁਆਚਾ ਸਿਰਾ ਲੱਭ ਰਹੀ ਸੀ। ਸਿਰਾ ਹੱਥ ਆਇਆ ਤਾਂ ਬੋਲੀ, "ਮੇਮ ਸਾਬ੍ਹ! ਅਗਲੀ ਗੱਲ ਉਹਨਾਂ ਇਹ ਕੀਤੀ ਕਿ ਬਲਕਾਰ ਅੱਗੇ ਮੇਰੀਆਂ ਲੂਤੀਆਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਕਿ ਨਾ ਸਾਡੀ ਆਪਸ ਵਿਚ ਬਣੇ ਤੇ ਨਾ ਉਹ ਮੈਨੂੰ ਨਾਲ ਲੈ ਕੇ ਜਾਵੇ। ... ਤੇ ਮੈਂ ਸੱਚ ਮੁੱਚ ਹੀ ਹੌਲੀ ਹੌਲੀ ਬਲਕਾਰ ਦੇ ਮਨੋ ਉੱਤਰ ਗਈ।

"ਸਾਡੇ ਵਿਆਹ ਨੂੰ ਕਈ ਵਰ੍ਹੇ ਹੋ ਗਏ ਨੇ, ਪਰ ਉਹ ਇਕ ਵਾਰ ਵੀ ਮੈਨੂੰ ਛਾਉਣੀ ਨਾਲ ਲੈ ਕੇ ਨਹੀਂ ਸੀ ਗਿਆ। ਬੱਸ ਏਨਾ ਕੁ ਆਖ ਛੱਡਦਾ ਕਿ ਕੁਆਟਰ ਨਹੀਂ ਮਿਲਦਾ। ਪੁੱਤ ਦੀ ਉਪਰਾਮਤਾ ਕਾਰਨ ਸਹੁਰਿਆਂ ਨੇ ਵੀ ਮੇਰੇ ਨਾਲ ਕੁੱਤੇ ਵਾਲੀ ਬਾਬ ਸ਼ੁਰੂ ਕਰ ਦਿੱਤੀ। ਜੇ ਮੈਂ ਬਿਮਾਰ ਹੋ ਜਾਂਦੀ ਤਾਂ ਉਹ ਇਲਾਜ ਵੀ ਨਾ ਕਰਵਾਉਂਦੇ ਕਿ ਆਪੇ ਮਰ ਖਪ ਜਾਊ ਤੇ ਬਲਕਾਰ ਦਾ ਦੂਜਾ ਵਿਆਹ ਕਰ ਦੇਣਗੇ। ਮੈਂ ਪਤਾ ਨਈਂ ਕਿਹੜੀ ਸਖਤ ਹੱਢੀ ਦੀ ਬਣੀ ਹੋਈ ਸਾਂ, ਫੇਰ ਵੀ ਜਿਊਂਦੀ ਹੀ ਰਹੀ।

"ਮੇਮ ਸਾਬ੍ਹ! ਮੇਰਾ ਸਹੁਰਾ ਕੁਝ ਹੋਰ ਵੀ ਸੋਚਦਾ ਸੀ। ਉਹਦੀ ਮੇਰੇ ਉੱਤੇ ਮੈਲੀ ਨਜ਼ਰ ਸੀ। ਉਹ ਕਦੀ ਕਦਾਈਂ ਦੱਬੀ ਜ਼ੁਬਾਨ ਵਿਚ ਆਖਦਾ , ਸਵਰਨੀਏਂ! ਸੁੱਖ ਭੋਗਣਾ ਤੇਰੇ ਆਪਣੇ ਵੱਸ ਐ। ... ਆਪਣੇ ਬਾਰੇ ਕੁਝ ਸੋਚ। ਕਿਉਂ ਉਮਰ ਗਾਲਣ ਡਹੀ ਐਂ।"

"ਮੈਨੂੰ ਕਦੀ ਕਦੀ ਉਹ ਆਪਣਾ ਹਮਦਰਦ ਵੀ ਲਗਦਾ।

"ਇਕ ਦਿਨ ਮੈਂ ਨਲਕੇ ਨੇੜੇ ਮੰਜਾ ਖੜਾ ਕਰਕੇ ਓਹਲਾ ਬਣਾਇਆ ਤੇ ਕਪੜੇ ਉਤਾਰ ਕੇ ਨਹਾਉਣ ਲੱਗ ਪਈ। ਘਰ ਵਿਚ ਕੋਈ ਗੁਸਲਖਾਨਾ ਤਾਂ ਹੈ ਨਹੀਂ ਸੀ, ਏਤਰ੍ਹਾਂ ਹੀ ਵੇਲਾ ਕੁਵੇਲਾ ਵੇਖ ਕੇ ਨਹਾ ਲਈਦਾ ਸੀ। ਮੇਰਾ ਖਿਆਲ ਸੀ ਕਿ ਸਹੁਰਾ ਬਾਹਰ ਗਿਆ ਹੋਇਐ, ਪਰ ਉਹ ਛੱਤ ਉੱਤੇ ਸੀ। ਮੈਨੂੰ ਨਹਾਉਂਦੀ ਨੂੰ ਲਗਾਤਾਰ ਵੇਖਦਾ ਰਿਹਾ।

"ਮੈਨੂੰ ਇਸ ਗੱਲ ਦਾ ਕੁਝ ਪਤਾ ਨਹੀਂ ਸੀ।

... ਤੇ ਫਿਰ ਇਕ ਦਿਨ...

"ਸੱਸ ਉਸ ਦਿਨ ਕਿਧਰੇ ਮਕਾਣ ਗਈ ਹੋਈ ਸੀ। ... ਤੇ ਉਹ, ਜਿਹੜਾ ਮੇਰੇ ਪਿਉ ਦੀ ਥਾਂ ਸੀ, ਘਰ ਵਾਲਾ ਬਣ ਕੇ ਬੈਠ ਗਿਆ। ਫੇਰ ਤਾਂ ਉਹਨੇ ਬੇਸ਼ਰਮੀ ਇਸ ਹੱਦ ਤਕ ਧਾਰ ਲਈ ਕਿ ਮੇਰੀ ਸੱਸ ਦਾ ਓਹਲਾ ਵੀ ਬਾਕੀ ਨਾ ਰਿਹਾ।

"ਮੇਰੀ ਸੱਸ ਬਥੇਰਾ ਚੀਕੀ, ਬਥੇਰਾ ਕਲੇਸ਼ ਪਾਇਆ, ਪਰ ਸਹੁਰਾ ਆਪਣੇ ਆਹਰ ਜੁਟਿਆ ਰਿਹਾ। ਸੱਸ ਦਾ ਮੇਰੇ ਸਹੁਰੇ ਉੱਤੇ ਤਾਂ ਕੋਈ ਜ਼ੋਰ ਨਈਂ ਸੀ, ਉਹਦਾ ਗੁੱਸਾ ਮੇਰੇ ਉੱਤੇ ਉਤਰਨ ਲੱਗ ਪਿਆ।

"ਇਹ ਘਰ ਦਾ ਸੁੱਖ ਸੀ ਜਿਹੜਾ ਮੈਂ ਭੋਗ ਰਹੀ ਸਾਂ। ਮੈਂ ਰੰਡੀ ਸਾਂ ਕਿ ਸੁਹਾਗਣ? ਮੈਂ ਘਰਵਾਲੀ ਸਾਂ ਕਿ ਰਖ਼ੇਲ? ਮੈਨੂੰ ਤਾਂ ਕੋਈ ਸਨਾਖ਼ਤ ਹੀ ਨਈਂ ਸੀ। ਮੈਨੂੰ ਆਪਣੇ ਉੱਤੇ ਘਿਣ ਆਉਣ ਲਗ ਪਈ ਸੀ। ਕਦੀ ਕਦੀ ਤਾਂ ਜੀਅ ਕਰਦਾ ਕਿ ਖੂਹ ਵਿਚ ਛਾਲ ਮਾਰ ਕੇ ਮਰ ਜਾਵਾਂ। ਪਰ ਮੇਮ ਸਾਬ੍ਹ ! ਮਰਨਾ ਕਿਹੜਾ ਸੌਖਾ ਹੁੰਦੈ। ਫੇਰ ਮੇਰੇ ਅੰਦਰ ਇਕ ਜੀਅ ਪਲਣ ਲੱਗ ਪਿਆ ਸੀ, ਉਹਨੂੰ ਮਾਰਨ ਦੀ ਭਾਗੀ ਕਿਉਂ ਬਣਾਂ।

"ਇਹ ਕੁੱਲ ਦਾ ਵਾਰਸ, ਜਿਹੜਾ ਤੁਸੀਂ ਹੁਣੇ ਵੇਖਿਆ ਏ। ਇਹ ਮੇਰੇ ਸਹੁਰੇ ਦਾ ਬੀਅ ਐ, ਰਿਸ਼ਤੇ 'ਚ ਮੇਰੇ ਘਰ ਵਾਲੇ ਦਾ ਭਰਾ, ਜੀਹਨੂੰ ਮੇਰਾ ਘਰਵਾਲਾ ਪੁੱਤ ਆਖਦਾ ਏ।" ਗੱਲ ਕਰਦੀ ਕਰਦੀ ਸਵਰਨੀ ਭੁੱਬੀ ਰੋਣ ਲੱਗ ਪਈ। ਰੁਪਿੰਦਰ ਨੇ ਉਹਨੂੰ ਰੋ ਲੈਣ ਦਿੱਤਾ। ਉਹਨੂੰ ਲੱਗਾ ਸੀ ਉਹ ਰੋਣਾ ਚਾਹੁੰਦੀ ਸੀ। ਉਹਨੇ ਵਰ੍ਹਿਆਂ ਤੋਂ ਰੋ ਕੇ ਨਹੀਂ ਸੀ ਵੇਖਿਆ। ਜਿਵੇਂ ਜ਼ਮੀਨ ਅਚਨਚੇਤੀ ਰੱਕੜ ਹੋ ਗਈ ਹੋਵੇ, ਧਰਤੀ ਅੰਦਰਲਾ ਪਾਣੀ ਦਾ ਸੋਮਾਂ ਸੁੱਕ ਗਿਆ ਹੋਵੇ।'

ਉਹਨੇ ਪਾਣੀ ਦਾ ਗਲਾਸ ਲਿਆ ਕੇ ਸਵਰਨੀ ਨੂੰ ਫੜਾਇਆ, ਉਹਦਾ ਮੋਢਾ ਥਾਪੜਿਆ। ਉਹਦੇ ਹੱਥੋਂ ਪਾਣੀ ਲੈ ਕੇ ਉਹਨੇ ਦੋ ਚਾਰ ਘੁੱਟਾਂ ਭਰੀਆਂ ਤੇ ਗਲਾਸ ਰੱਖ ਦਿੱਤਾ।

"ਫੇਰ ਤੂੰ ਇਥੇ ਕਿਵੇਂ ਪਹੁੰਚ ਗਈ? ਘਰਵਾਲੇ ਨੇ ਕਿਹਾ ਸੀ?" ਰੁਪਿੰਦਰ ਨੇ ਪੁੱਛਿਆ।

"ਉਸ ਹਰਾਮ ਦੇ ਤੁਖ਼ਮ ਨੇ ਮੈਨੂੰ ਕੀ ਕਹਿਣਾ ਸੀ। ਉਹ ਤਾਂ ਗੰਡੋਆ ਜੰਮਿਆ ਸੀ ਮੇਰੀ ਸੱਸ ਨੇ।" ਸਵਰਨੀ ਦੀ ਅੰਦਰਲੀ ਨਫ਼ਰਤ ਉਹਦੇ ਬੋਲਾਂ ਵਿਚੋਂ ਝੜ ਕੇ ਬਾਹਰ ਨੂੰ ਡਿੱਗੀ।

ਇਹ ਕਿਹੋ ਜਿਹਾ ਰਿਸ਼ਤਾ ਸੀ? ਨਫ਼ਰਤ ਦੇ ਰਿਸ਼ਤੇ ਨੂੰ ਸਿਵਿਆਂ ਤਕ ਪਗਾਉਣ ਦਾ ਅਹਿਦ!... ਹੁਣ ਉਹਦੇ ਕੋਲ ਸਵਰਨੀ ਰਹਿਣ ਆਈ ਸੀ, ਜਿਊਣ ਆਈ ਸੀ ਗੁਆਚੀਆਂ ਖ਼ੁਸ਼ੀਆਂ ਲੱਭਣ ਆਈ ਸੀ।

ਨਫ਼ਰਤ ਨੂੰ ਰਿੜਕ ਕੇ ਕਦੀ ਕੋਈ ਮੁਹੱਬਤ ਨਹੀਂ ਨਿਤਾਰ ਸਕਿਆ।

"ਮੇਮ ਸਾਬ੍ਹ! ਇਕ ਦਿਨ ਮੈਂ ਆਪਣੀ ਸੱਸ ਨੂੰ ਆਖਿਆ, "ਤੇਰਾ ਘਰਵਾਲਾ ਤਾਂ ਹੀ ਤੈਨੂੰ ਵਾਪਸ ਲੱਭੂ ਜੇ ਮੈਂ ਇਥੋਂ ਚਲੀ ਜਾਵਾਂ।" ਗੱਲ ਉਹਦੀ ਸਮਝ ਵਿਚ ਪੈ ਗਈ। ਫੇਰ ਸਬੱਬ ਵੀ ਬਣ ਗਿਆ। ਪੇਕਿਆਂ ਵੱਲ ਦੀ ਰਿਸ਼ਤੇਦਾਰੀ ਵਿਚ ਇਕ ਵਿਆਹ ਆ ਗਿਆ। ਭਰਾ ਮੈਨੂੰ ਆ ਕੇ ਲੈ ਗਿਆ। ਵਿਆਹ ਤੋਂ ਪਿੱਛੋਂ ਮੈਂ ਵੇਰ੍ਹ ਕੇ ਬੈਠ ਗਈ। ਮੈਂ ਦੋ ਟੁੱਕ ਨਬੇੜੀ, ਪਈ ਜਾਂ ਤੇ ਭਾਊ ਮੈਨੂੰ ਛਾਉਣੀ ਬਲਕਾਰ ਕੋਲ ਛੱਡ ਆਵੇ ਤੇ ਜਾਂ ਮੈਨੂੰ ਦੋ ਡੰਗ ਦੀ ਰੋਟੀ ਦੇਈ ਜਾਵੇ। ਭਰਾ ਨੇ ਬਥੇਰਾ ਸਮਝਾਇਆ ਕਿ ਫ਼ੌਜੀਆਂ ਦਾ ਜੀਣਾ ਤਾਂ ਬੱਸ ਏਤਰ੍ਹਾਂ ਈ ਹੁੰਦੈ, ਦੋ ਮਹੀਨੇ ਛੁੱਟੀ ਆਏ ਤੇ ਚਲੇ ਗਏ। ਉਹਨਾਂ ਦੇ ਟੱਬਰ ਇਸੇ ਤਰ੍ਹਾਂ ਹੀ ਰਹਿੰਦੇ ਨੇ, ਤੂੰ ਵੀ ਰਹੀ ਚੱਲ। ਭਾਊ ਨੂੰ ਵਿਚਲੀ ਗੱਲ ਦਾ ਕੀ ਪਤਾ ਸੀ। ਮੈਂ ਵੀ ਨਮੋਸ਼ੀ ਦੀ ਮਾਰੀ ਕੀ ਦਸਦੀ।

"ਭਾਊ ਨੇ ਵੀ ਕਿੰਨੀ ਕੁ ਦੇਰ ਝਲਣਾ ਸੀ ਮੈਨੂੰ। ਉਹਨੇ ਮੇਰੇ ਘਰਵਾਲੇ ਨੂੰ ਚਿੱਠੀ ਲਿਖੀ ਤੇ ਜੁਆਬ ਉਡੀਕਣ ਤੋਂ ਪਹਿਲਾਂ ਮੈਨੂੰ ਲੈ ਕੇ ਛਾਉਣੀ ਪਹੁੰਚ ਗਿਆ। ਸਕੀਮ ਕਰਕੇ ਘਰ ਬਥੇਰੇ ਖ਼ਾਲੀ ਸਨ। ਬਲਕਾਰ ਦੇ ਨਾਂ ਉੱਤੇ ਝੱਟ ਪੱਟ ਮਿਲ ਗਿਆ।"

ਗੱਲ ਮੁਕਾ ਕੇ ਉਸ ਹਾਓਕਾ ਭਰਿਆ ਤੇ ਫਿਰ ਰੋਣ ਲੱਗ ਪਈ, "ਜਦੋਂ ਪੈਸੇ ਮੁੱਕ ਗਏ, ਉਦੋਂ ਮੈਂ ਕੀ ਕਰੂੰ? ... ਕਿਧਰ ਜਾਊਂ? ... ਮੇਰਾ ਘਰਵਾਲਾ ਪਤਾ ਨਹੀਂ ਕਦੋਂ ਵਾਪਸ ਆਊ। ... ਹੁਣ ਤਾਂ ਸੁਣਿਐ ਜੰਗ ਵੀ ਲੱਗੀ ਹੋਈ ਐ। ਪਤਾ ਨਈਂ ਵਾਪਸ ਆ ਕੇ ਉਹ ਮੈਨੂੰ ਰੱਖੂ ਕਿ ਕੱਢੂ।" ਸੈਨਿਕਾਂ ਦੀਆਂ ਤੀਵੀਆਂ ਨਾਲ ਇਹੋ ਜਿਹਾ ਬੜਾ ਕੁਝ ਵਾਪਰਦਾ ਸੀ। ਉਹ ਹਾਦਸਿਆਂ ਨੂੰ ਜ਼ੁਬਾਨ ਦਾ ਘੁੱਟ ਭਰਨ ਵਾਂਗ ਪੀਂਦੀਆਂ ਸਨ। ਉਹਨਾਂ ਦੀ ਚੁੱਪ ਵਿਚ ਕਈ ਓਹਲੇ ਖੜੇ ਹੋ ਜਾਂਦੇ ਸਨ। ਉਹਨਾਂ ਓਹਲਿਆਂ ਪਿੱਛੇ ਹੀ ਉਹ ਦੁਖਾਂਤ ਸਿਸਕਦੇ ਸਨ ਤੇ ਮੁੱਕ ਜਾਂਦੇ ਸਨ।

ਰੁਪਿੰਦਰ ਕੁਝ ਛਿਣ ਸੋਚਦੀ ਰਹੀ, ਫਿਰ ਬੋਲੀ, "ਤੂੰ ਫ਼ਿਕਰ ਨਾ ਕਰ, ਸਭ ਠੀਕ ਹੋ ਜੂ। ਤੂੰ ਮੇਰੇ ਨਾਲ ਚੱਲੀਂ। ਆਪਾਂ ਸਟੇਸ਼ਨ ਕਮਾਂਡਰ ਨੂੰ ਮਿਲਾਂਗੇ। ਉਹ ਆਪੇ ਕੋਈ ਹੱਲ ਲੱਭੂ!"

"ਜੀ!"

ਰੁਪਿੰਦਰ ਨੂੰ ਪਤਾ ਸੀ ਫ਼ੌਜ ਸਵਰਨੀ ਦਾ ਪੱਖ ਪੂਰ ਦਊ। ਨਾਇਕ ਬਲਕਾਰ ਸਿੰਘ ਦੀ ਤਨਖ਼ਾਹ ਵਿਚੋਂ ਉਹਨੂੰ ਖਰਚੇ ਲਈ ਸਿੱਧੇ ਪੈਸੇ ਵੀ ਮਿਲ ਜਾਇਆ ਕਰਨਗੇ। ਪਰ ਸਵਰਨੀ ਨੂੰ ਕੁਝ ਇਹਤਿਆਤ ਰੱਖਣ ਦੀ ਵੀ ਲੋੜ ਸੀ। ਰੁਪਿੰਦਰ ਨੇ ਨਸੀਹਤ ਦੇਣ ਵਾਂਗ ਗੱਲ ਕੀਤੀ, "ਵੇਖ ਸਵਰਨੀ! ਇਹ ਗੱਲ, ਜਿਹੜੀ ਤੂੰ ਮੈਨੂੰ ਦੱਸੀਐ, ਕਿਸੇ ਵੀ ਹੋਰ ਨੂੰ ਨਾ ਦੱਸਣ ਬੈਠ ਜਾਵੀਂ!... ਸਟੇਸ਼ਨ ਕਮਾਂਡਰ ਨੂੰ ਵੀ ਨਹੀਂ। ਬੰਦੇ ਦਾ ਕੁਸ਼ ਨਈਂ ਵਿਗੜਦਾ, ਪਰ ਇਹੋ ਜਿਹੀ ਗੱਲ ਨਸ਼ਰ ਹੋ ਜਾਵੇ ਤਾਂ ਔਰਤ ਦਾ ਬਹੁਤ ਕੁਝ ਵਿਗੜ ਜਾਂਦੈ।"

"ਨਈਂ ਮੇਮ ਸਾਬ੍ਹ! .... ਮੈਂ ਕਾਹਨੂੰ ਦੱਸਣੀ ਐਂ। ... ਮੇਰੇ ਲਈ ਵੀ ਤਾਂ ਇਹ ਮਰਨ ਵਾਲੀ ਗੱਲ ਐ... ਬੱਸ ਮੈਨੂੰ ਹਰ ਮਹੀਨੇ ਕੁਝ ਪੈਸੇ ਮਿਲ ਜਾਇਆ ਕਰਨ ਤਾਂ ਮੇਰਾ ਰੋਟੀ ਟੁਕ ਤੁਰਿਆ ਰਹੇ ਤੇ ਮੈਂ ਇਸ ਪੂੰਗ ਨੂੰ ਵੀ ਪਾਲ ਲਵਾਂ।"

ਰੁਪਿੰਦਰ ਨੇ ਹੌਂਸਲਾ ਦਿੱਤਾ, "ਚਿੰਤਾ ਨਾ ਕਰੀਂ। ਸਭ ਠੀਕ ਹੋ ਜੂ!

ਬਾਵੇ ਨਾਲ ਬਾਜ਼ਾਰ ਗਿਆ ਹੋਇਆ ਮੀਕਾ ਟੌਫ਼ੀਆਂ ਲੈ ਕੇ ਵਾਪਸ ਮੁੜਿਆ ਤਾਂ ਟਹਿਕਿਆ ਹੋਇਆ ਸੀ। ਉਹ ਬਾਵੇ ਨਾਲ ਵੀ ਕੁਝ ਘੁਲਮਿਲ ਗਿਆ ਸੀ।

ਸਵਰਨੀ ਦਾ ਰਿਸ਼ਤਾ ਕਿਹੜੇ ਪੜਾਵਿਆਂ ਉੱਤੇ ਟਿਕਿਆ ਹੋਇਆ ਸੀ। ਉਹਦੇ ਰਿਸ਼ਤੇ ਹੇਠ ਪੜਾਵੇ ਹੈ ਵੀ ਸਨ ਕਿ ਨਹੀਂ?

ਉਹ ਰਿਸ਼ਤਾ ਜੋ ਕਿਧਰੇ ਵੀ ਨਹੀਂ ਸੀ, ਫੇਰ ਵੀ ਹੈ ਸੀ। ਕਿੰਨਾ ਕੁ ਕੱਚਾ ਸੀ ਤੇ ਕਿੰਨਾ ਕੁ ਪੱਕਾ ਕੋਈ ਨਹੀਂ ਸੀ ਜਾਣਦਾ। ਸਵਰਨੀ ਦਾ ਸਰੋਕਾਰ ਕੁਝ ਹੋਰ ਸੀ। ਉਸਦਾ ਫ਼ਿਕਰ ਇਹ ਨਹੀਂ ਸੀ ਕਿ ਜੇ ਉਸਦਾ ਘਰਵਾਲਾ ਜੰਗ ਤੋਂ ਵਾਪਸ ਨਾ ਮੁੜਿਆ ਤਾਂ...।

ਇਹ ਜ਼ਰੂਰੀ ਤਾਂ ਨਹੀਂ ਕਿ ਜੰਗ ਨੂੰ ਗਿਆ ਹਰ ਸਿਪਾਹੀ ਵਾਪਸ ਵੀ ਮੁੜੇ।

ਪਤਾ 582, ਫੇਜ 3 ਏ, ਮੋਹਾਲੀ-160059, ਫੋਨ 0172-2226241

# ਅੰਬਰ ਵੱਲ ਉਡਾਨ / ਬਲਬੀਰ ਪਰਵਾਨਾ

ਪਾਲੀ ਨੇ ਪਿਲਜ਼ ਸੈਂਵਟੀ-ਟੂ ਲਈ, ਲਾਈਟ ਆਫ਼ ਕੀਤੀ ਤੇ ਬੈੱਡ 'ਤੇ ਪੈ ਗਈ ਪਰ ਨੀਂਦ ਉਸ ਤੋਂ ਜਿਵੇਂ ਕੋਹਾਂ ਦੂਰ ਸੀ। ਸਰੀਰ ਨੂੰ ਲੱਗੀ ਅਚਵੀ ਜਿਹੀ ਮੁੜ ਜੱਗੀ ਦੀਆਂ ਛੋਹਾਂ ਨੂੰ ਤਰਸਦੀ ਲੱਗੀ। ਪਿਛਲੇ ਦੋ ਦਿਨ ਉਸ ਦੇ ਕਿਸੇ ਸਵਰਗ ਦੇ ਸੁਪਨੇ ਵਾਂਗ ਲੰਘੇ ਸਨ। ਨਾ ਦਿਨ ਬੀਤਦਿਆਂ ਦਾ ਪਤਾ ਲੱਗਾ ਸੀ, ਨਾ ਰਾਤਾਂ ਦਾ... ਬੱਸ ਉਹ ਸੀ ਤੇ ਜੱਗੀ....

ਉਹ ਪਟਿਆਲੇ ਇਕ ਸੰਸਥਾ 'ਚ ਫੈਸ਼ਨ-ਡਿਜ਼ਾਈਨਿੰਗ ਦੇ ਨਿਕਲੇ ਕੋਰਸ 'ਚ ਦਾਖ਼ਲੇ ਬਾਰੇ ਪਤਾ ਕਰਨ ਲਈ ਗਈ ਸੀ। ਸੰਘਾ ਰਿਜ਼ੌਰਟ ਤੋਂ, ਉਹ ਪਿਛਲੀ ਸਾਢੇ ਤਿੰਨ, ਪੌਣੇ ਚਾਰ ਸਾਲ ਦੀ ਨੌਕਰੀ ਦੌਰਾਨ ਆਵਾਜ਼ਰ ਆਉਣੀ ਸ਼ੁਰੂ ਹੋ ਗਈ ਸੀ। ਸਾਢੇ ਛੇ ਹਜ਼ਾਰ ਤਨਖਾਹ ਤੇ ਦਸ ਘੰਟਿਆਂ ਦੀ ਡਿਊਟੀ। ਫਿਰ ਹਰ ਇਕ ਦੇ ਨਖਰਿਆਂ ਨੂੰ ਸਹਿੰਦੇ 'ਸਰ' 'ਸਰ' ਕਰੀ ਜਾਓ। ਇਹ ਠੀਕ ਸੀ ਕਿ ਸਾਲ 'ਚ ਪੰਜ ਸੱਤ ਵਾਰ ਕਿਸੇ ਨਾ ਕਿਸੇ ਪਰਿਵਾਰ ਨਾਲ ਸਹਾਇਕ ਵਜੋਂ ਹਿੱਲ-ਸਟੇਸ਼ਨ 'ਤੇ ਜਾਣ ਦਾ ਮੌਕਾ ਬਣ ਜਾਂਦਾ ਸੀ, ਪਰ ਉਨ੍ਹਾਂ ਦੇ ਨਖਰੇ ਸਹਿਣੇ...

ਸ਼ੁਰੂ ਸ਼ੁਰੂ 'ਚ ਜਦੋਂ ਇਥੇ ਨੌਕਰੀ ਕਰਨ ਲੱਗੀ ਸੀ ਤਾਂ ਉਸ ਨੂੰ ਲਗਦਾ ਸੀ ਕਿ ਉਹ ਸੁਪਨਿਆਂ ਵਰਗੀ ਥਾਂ 'ਤੇ ਆ ਗਈ ਹੈ। ਉਦੋਂ ਉਸ ਨੂੰ ਇਹ ਵੀ ਲਗਦਾ ਸੀ ਕਿ ਮਿਹਨਤ ਨਾਲ ਕੰਮ ਕਰਕੇ, ਉਹ ਤਰੱਕੀ ਕਰਦੀ ਕਿਸੇ ਵਧੇਰੇ ਜ਼ਿੰਮੇਵਾਰ ਥਾਂ 'ਤੇ ਪਹੁੰਚ ਜਾਵੇਗੀ। ਇਸੇ ਮਨਸ਼ਾ ਨਾਲ ਹੀ ਉਸ ਨੇ ਸੰਘੇ ਨਾਲ ਨੇੜਤਾ ਬਣਾਉਣ ਵੱਲ ਵੀ ਪੈਰ ਪੁੱਟਣੇ ਸ਼ੁਰੂ ਕਰ ਦਿੱਤੇ ਸਨ ਕਿ ਉਸ ਆਸਰੇ ਸ਼ਾਇਦ ਕੈਨੇਡਾ ਹੀ ਲੰਘ ਜਾਵੇ। ਪਰ ਜਿਉਂ-ਜਿਉਂ ਸੰਘਾ ਰਿਜ਼ੌਰਟ ਦੇ ਕੰਮਾਂ 'ਚ ਰਚਦੀ ਗਈ, ਉਸ ਨੂੰ ਆਪਣੀ ਸਥਿਤੀ ਵੀ ਸਪੱਸ਼ਟ ਹੁੰਦੀ ਗਈ ਸੀ। ਉਹ ਜਾਣ ਗਈ ਸੀ ਕਿ ਰਿਜ਼ੌਰਟ 'ਚ ਅਟੈਂਡੈਂਟ ਤੋਂ ਬਿਨਾਂ ਹੋਰ ਕੋਈ ਥਾਂ ਹੀ ਨਹੀਂ, ਜਿਥੇ ਉਹ ਪੁੱਜ ਸਕਦੀ ਹੋਵੇ। ਉਸ ਤੋਂ ਬਾਅਦ ਰਿਸੈਪਸ਼ਨਿਸਟ ਸੀ, ਜਿਹੜੀ ਡਿਗਰੀ ਹੋਲਡਰ ਮਾਹਰ ਸੀ। ਮੈਨੇਜਰ ਸੀ ਜਿਹੜਾ ਦੱਖਣੀ ਭਾਰਤ ਤੋਂ ਸੀ ਤੇ ਯੂ. ਕੇ. ਤੋਂ ਡਿਗਰੀ ਪ੍ਰਾਪਤ। ਤਨਖਾਹਾਂ 'ਚ ਵੀ ਵੱਡਾ ਪਾੜਾ ਸੀ। ਹੇਠਲੇ ਸਟਾਫ਼, ਜਿਸ 'ਚ ਉਹ ਆਉਂਦੀ ਸੀ, ਕਿਸੇ ਦੀ ਵੀ ਤਨਖਾਹ ਛੇ-ਸੱਤ ਹਜ਼ਾਰ ਤੋਂ ਵਧ ਨਹੀਂ ਸੀ। ਕਈਆਂ ਦੀ ਤਾਂ ਦੋ ਢਾਈ ਹਜ਼ਾਰ ਵੀ ਸੀ। ਪਰ ਦੂਸਰੇ ਪਾਸੇ ਮੈਨੇਜਰ ਸੀ ਜਿਸਦੀ ਤਨਖਾਹ ਸੱਤਰ ਹਜ਼ਾਰ ਸੀ। ਦੋ ਅਸਿਸਟੈਂਟ ਮੈਨੇਜਰ ਸਨ, ਇਕ ਐਂਟਰਟੇਨਮੈਂਟ ਪਾਰਕ ਦਾ ਤੇ ਇਕ ਏ. ਸੀ. ਢਾਬੇ ਦਾ। ਉਹ ਚਾਲੀ ਚਾਲੀ ਹਜ਼ਾਰ 'ਤੇ ਸਨ। ਰਿਸੈਪਸ਼ਨਿਸਟ ਦੀ ਤੀਹ ਹਜ਼ਾਰ, ਹੈੱਡ ਕੁੱਕ ਦੀ ਪੰਝੀ ਹਜ਼ਾਰ। ਇਕ ਅਕਾਊਂਟੈਂਟ ਸੀ। ਇਹ ਕੁਝ ਪੋਸਟਾਂ ਸਨ ਇੰਚਾਰਜ ਵਾਲੀਆਂ, ਜਿਨ੍ਹਾਂ 'ਤੇ ਵੱਡੀਆਂ ਤਨਖਾਹਾਂ ਸਨ। ਹੇਠਲਾ ਸਟਾਫ਼ ਬਹੁਤਾ ਸਥਾਨਕ ਸੀ, ਪੜ੍ਹਿਆ-ਲਿਖਿਆ ਪਰ ਵਿਸ਼ੇਸ਼ ਡਿਗਰੀਆਂ ਤੋਂ ਸੱਖਣਾ।

ਬਲਜੀਤ ਸਿੰਘ ਸੰਘਾ ਆਪ ਖੁਦ ਵੀ ਬਹੁਤ ਮਿਹਨਤ ਕਰਦਾ। ਸਵੇਰੇ ਗਿਆਰਾਂ ਵਜੇ ਉਹ ਤਿਆਰ ਹੋ ਕੇ ਆਪਣੇ ਦਫ਼ਤਰ 'ਚ ਆ ਜਾਂਦਾ ਸੀ। ਪਹਿਲਾਂ ਉਹ ਸਾਰੇ ਮੈਨੇਜਮੈਂਟ ਇੰਚਾਰਜਾਂ ਨਾਲ ਮੀਟਿੰਗਾਂ ਕਰਦਾ। ਕੰਮ ਦੀ ਨਿੱਕੀ ਤੋਂ ਨਿੱਕੀ ਬਰੀਕੀ ਚੈੱਕ ਕਰਦਾ। ਦੋ ਵਜੇ ਤੱਕ ਉਹ ਦਫ਼ਤਰ ਦੇ ਸਭ ਕੰਮ ਮੁਕਾ ਲੈਂਦਾ ਸੀ। ਕਿਸੇ ਚਿੱਠੀ ਦਾ ਜਵਾਬ ਦੇਣਾ ਹੁੰਦਾ, ਕਿਤਿਉਂ ਕੁਝ ਮੰਗਵਾਉਣਾ ਹੁੰਦਾ, ਕਿਤੇ ਫ਼ੋਨ ਕਰਨਾ ਹੁੰਦਾ ਜਾਂ ਕੋਈ ਨਵੀਂ ਪ੍ਰਪੋਜ਼ਲ ਬਣਾਉਣੀ ਹੁੰਦੀ... ਦੋ ਵਜੇ ਤੱਕ ਇਹ ਮੁਕਾ ਕੇ, ਉਹ ਲੰਚ ਕਰਨ ਲਈ ਆਪਣੀ ਰਿਹਾਇਸ਼ 'ਚ ਚਲਾ ਜਾਂਦਾ। ਟੂਰਿਸਟ ਝੌਂਪੜੀਆਂ ਤੇ ਐਂਟਰਟੇਨਮੈਂਟ ਪਾਰਕ ਦੇ ਵਿਚਾਲੇ ਵਾਲੇ ਵੱਡੇ ਲਾਅਨ 'ਚ, ਉਸ ਦਾ ਦੋ ਕਮਰਿਆਂ ਦਾ ਰਿਹਾਇਸ਼ੀ ਸੈੱਟ ਸੀ। ਖਾ ਪੀ ਕੇ ਉਹ ਕੁਝ ਆਰਾਮ ਕਰਦਾ ਤੇ ਮੁੜ ਚਾਰ ਵਜੇ ਰਾਊਂਡ 'ਤੇ ਨਿਕਲ ਤੁਰਦਾ। ਟੂਰਿਸਟ ਝੌਂਪੜੀਆਂ, ਐਂਟਰਟੇਨਮੈਂਟ ਪਾਰਕ, ਢਾਬੇ ਤੋਂ ਹੁੰਦਾ ਉਹ ਬਾਗ ਵੱਲ ਨਿਕਲ ਜਾਂਦਾ, ਝੀਲ ਵੱਲ। ਸੱਤ ਵਜੇ ਤੋਂ ਬਾਅਦ ਆਪਣੇ ਦੋਸਤਾਂ, ਜਾਣੂਆਂ ਨਾਲ, ਜੇ ਕੋਈ ਆਏ ਹੁੰਦੇ ਤਾਂ ਮਿਲਣ-ਗਿਲਣ 'ਚ ਰੁਝ ਜਾਂਦਾ ਸੀ।

ਪਹਿਲਾਂ ਜਦੋਂ ਪਾਲੀ ਆਈ ਸੀ ਤਾਂ ਉਸ ਨੂੰ ਪੰਜ ਹਜ਼ਾਰ ਤਨਖਾਹ ਮਿਲਣ ਲੱਗੀ ਸੀ। ਹਰ ਸਾਲ ਪੰਜ-ਪੰਜ ਸੌ ਦੇ ਵਾਧੇ ਨਾਲ ਹੁਣ ਉਹ ਸਾਢੇ ਛੇ ਹਜ਼ਾਰ 'ਤੇ ਪੁੱਜ ਗਈ ਸੀ ਪਰ ਇੱਥੇ ਉਸ ਨੂੰ ਆਪਣਾ ਕੋਈ



ਭਵਿੱਖ ਨਾ ਦਿਸਦਾ। ਸੰਘੇ ਦੀ ਮਰਜ਼ੀ ਹਰ ਕਾਨੂੰਨ ਸੀ ਤੇ ਨੌਕਰੀ ਦੀ ਸ਼ਰਤ ਵੀ। ਫਿਰ ਉਨ੍ਹਾਂ ਦਾ ਨਾ ਪਰੋਵੀਡੈਂਟ ਫੰਡ ਕੱਟਿਆ ਜਾਂਦਾ ਸੀ, ਨਾ ਈ. ਐਸ. ਆਈ. ਦੀ ਸਹੂਲਤ। ਉੱਕੇ-ਪੁੱਕੇ ਸਾਢੇ ਛੇ ਹਜ਼ਾਰ ਮਿਲਦੇ ਸਨ, ਉਹ ਵੀ ਵਾਊਚਰ 'ਤੇ। ਕਿੱਥੇ ਤਾਂ ਉਹ ਸੋਚਦੀ ਹੁੰਦੀ ਸੀ, ਸੰਘਾ ਰਿਜ਼ੌਰਟ ਦੇ ਆਸਰੇ ਸ਼ਾਇਦ ਉਹ ਅਮਰੀਕਾ, ਕੈਨੇਡਾ ਹੀ ਚਲੀ ਜਾਵੇ ਪਰ... ਹੌਲੀ-ਹੌਲੀ ਮੋਹ ਭੰਗ ਹੁੰਦਿਆਂ ਇਹ ਹਾਲਤ ਆ ਗਈ ਸੀ ਕਿ 'ਦੀ ਟ੍ਰਿਬਿਊਨ' ਦੇ ਨਵੀਆਂ ਨੌਕਰੀਆਂ, ਖਾਲੀ ਵੇਕੰਸੀਆਂ ਵਾਲੇ ਪੰਨੇ ਉਹ ਗਹੁ ਨਾਲ ਦੇਖਣ ਲੱਗੀ। ਬਾਹਰ ਜਾਣ ਦੇ ਸੁਪਨੇ ਦੀ ਉਸ ਦੀ ਅੰਗੜਾਈ ਭਾਵੇਂ ਅਜੇ ਕਾਇਮ ਸੀ ਪਰ ਉਸ ਦੀ ਸ਼ਿੱਦਤ ਮੱਧਮ ਪੈ ਚੁੱਕੀ ਸੀ, ਜਦੋਂ ਉਸ ਨੂੰ ਪਤਾ ਲੱਗਾ ਕਿ ਪੜ੍ਹਨ ਦੇ ਬਹਾਨੇ ਬਾਹਰ ਜਾਣ ਵਾਲੇ ਕੇਸਾਂ 'ਚ, ਪੜ੍ਹਾਈ 'ਚ ਲਗਾਤਾਰਤਾ ਦਾ ਹੋਣਾ ਜ਼ਰੂਰੀ ਹੁੰਦਾ, ਜਦੋਂ ਕਿ ਉਸ ਦੀ ਪਲੱਸ-ਟੂ ਕੀਤੀ ਨੂੰ ਛੇ ਸਾਲ ਹੋ ਚੁੱਕੇ ਸਨ। ਇੰਨਾ ਸਮਾਂ ਰੈਗੂਲਰ ਪੜ੍ਹਾਈ ਤੋਂ ਬਾਹਰ ਰਹਿਣਾ, ਉਸ ਦੇ ਇਸ ਬਹਾਨੇ ਦੇ ਰਾਹ 'ਚ ਮੁੱਖ ਅੜਚਣ ਸੀ। ਫਿਰ ਉਹ ਪ੍ਰਾਈਵੇਟ ਤੌਰ 'ਤੇ ਕੋਈ ਕੋਰਸ ਕਰਨ ਬਾਰੇ ਸੋਚਣ ਲੱਗੀ, ਜਿਸ ਨਾਲ ਉਹ ਕਿਤੇ ਚੰਗੇ ਰੁਜ਼ਗਾਰ ਸਿਰ ਹੋ ਸਕੇ। ਹੋਰ ਨਹੀਂ ਤਾਂ ਆਪਣਾ ਕੋਈ ਕੰਮ ਹੀ ਕਰ ਲਵੇ। ਇਸੇ ਕਸ਼ਮਕਸ਼ 'ਚੋਂ ਹੀ, ਉਸ ਦਾ ਫੈਸ਼ਨ ਡਿਜ਼ਾਈਨਿੰਗ ਦਾ ਕੋਰਸ ਕਰਨ ਦਾ ਸੁਪਨਾ ਨਿਕਲਿਆ ਸੀ।

ਪਟਿਆਲੇ ਨੂੰ ਜਾਣ ਲੱਗੀ ਨੇ, ਉਸ ਨੇ ਘਰ ਕਹਿ ਦਿੱਤਾ ਸੀ, "ਜੇ ਮੈਂ ਲੇਟ ਹੋ ਗਈ ਤਾਂ ਉੱਥੇ ਹੀ ਰਹਿ ਲਵਾਂਗੀ ਚਨੌਰ ਵਾਲੀ ਹਰਜੋਤ ਕੋਲ... ਉਸ ਨਾਲ ਗੱਲ ਹੋ ਗਈ ਹੈ।" ਉਹ ਉੱਥੇ ਯੂਨੀਵਰਸਿਟੀ 'ਚ ਐਮ.ਐਸ.ਸੀ. ਤੋਂ ਬਾਅਦ ਪੀ.ਐਚ.ਡੀ. ਕਰ ਰਹੀ ਸੀ। ਪਰ ਅਸਲ 'ਚ ਉਸ ਨੇ ਹਰਜੋਤ ਨਾਲ ਨਹੀਂ, ਜੱਗੀ ਨਾਲ ਸੀਟੀ ਰਲਾਈ ਸੀ। ਜੱਗੀ ਥਾਪਰ ਕਾਲਜ 'ਚੋਂ ਸਿਵਲ ਇੰਜੀਨੀਅਰਿੰਗ ਦੀ ਡਿਗਰੀ ਕਰਕੇ, ਉਥੇ ਇਕ ਰੀਅਲ ਅਸਟੇਟ ਕੰਸਟਰਕਸ਼ਨ ਕੰਪਨੀ 'ਚ ਨੌਕਰੀ ਕਰਨ ਲੱਗ ਪਿਆ ਹੋਇਆ ਸੀ, ਤੇ ਰਹਿੰਦਾ ਆਪਣੀ ਭੈਣ ਦੀ ਕੋਠੀ 'ਚ ਸੀ। ਭੈਣ-ਭਣੋਈਆ ਦੋਵੇਂ ਅਮਰੀਕਾ ਸੈਟਲ ਸਨ। ਉਨ੍ਹਾਂ ਦੀ ਅਰਬਨ ਅਸਟੇਟ 'ਚ ਬਣਾਈ ਕੋਠੀ ਦੀਆਂ ਚਾਬੀਆਂ ਉਸ ਕੋਲ ਸਨ। ਇਹ ਦੋਵੇਂ ਦਿਨ ਉਨ੍ਹਾਂ ਨੇ ਇੰਜ ਬਤਾਏ, ਜਿਵੇਂ ਹਨੀਮੂਨ ਲਈ ਆਏ ਹੋਣ। ਘਰ ਤੋਂ ਦੂਰ, ਹਮਸਾਇਆਂ ਤੋਂ ਦੂਰ, ਸਿਰਫ ਦੋਵੇਂ.....

ਪਿਛਲੇ ਸੱਤ, ਸਵਾ ਸੱਤ ਸਾਲਾਂ 'ਚ ਉਸ ਦੀ ਜ਼ਿੰਦਗੀ 'ਚ ਬਹੁਤ ਕੁਝ ਬਦਲਿਆ ਸੀ। ਉਸ ਦਾ ਰਹਿਣ-ਸਹਿਣ, ਉਸ ਦੇ ਜੀਊਣ ਦਾ ਸਲੀਕਾ, ਉਸ ਦੇ ਸੁਪਨਿਆਂ ਦੇ ਆਕਾਸ਼ ਵੀ। ਪਰ ਜੇ ਕੁਝ ਨਹੀਂ ਸੀ ਬਦਲਿਆ ਤਾਂ ਉਹ ਸੀ ਜੱਗੀ ਨਾਲ ਉਸ ਦਾ 'ਸੰਬੰਧ'। ਉਹ ਅਜੇ ਵੀ ਓਨੀ ਹੀ ਸ਼ਿੱਦਤ ਨਾਲ ਮਿਲਦੇ ਸਨ ਜਿਵੇਂ ਪਹਿਲੀਆਂ 'ਚ ਮਿਲਦੇ ਸੀ, ਕਿ ਭਾਵੇਂ ਉਸ ਨੇ ਆਪਣੇ ਜਿਸਮ ਦੀ ਖ਼ੂਬਸੂਰਤੀ ਨੂੰ ਕੈਸ਼ ਕਰੌਣ ਦੀ ਜਾਚ ਸਿੱਖ ਲਈ ਸੀ, ਸਿਖੀ ਹੀ ਨਹੀਂ ਸਗੋਂ ਬੁਰੀ ਤਰ੍ਹਾਂ ਇਸ ਨੂੰ ਵਰਤਣ ਦੇ ਰਾਹ ਵੀ ਤੁਰ ਚੁੱਕੀ ਸੀ। ਇਸ ਦੀ ਪੌੜੀ ਦਾ ਪਹਿਲਾ ਡੰਡਾ ਉਸ ਨੇ ਬਲਜੀਤ ਸਿੰਘ ਸੰਘਾ ਦੇ ਬੈੱਡਰੂਮ 'ਚ ਪੁੱਜ ਕੇ ਚੜ੍ਹਿਆ ਸੀ। ਉਦੋਂ ਉਸ ਨੂੰ ਲਗਦਾ ਸੀ, ਇਹ ਨੌਕਰੀ ਜਿਵੇਂ ਕਿਸੇ ਸਵਰਗ ਦਾ ਦਵਾਰ ਹੈ ਤੇ ਇਸ ਸਵਰਗ ਦੇ ਦਵਾਰ ਨੂੰ, ਉਹ ਹਰ ਹੀਲੇ ਪੱਕਿਆਂ, ਆਪਣੇ ਲਈ ਯਕੀਨੀ ਕਰ ਲੈਣਾ ਚਾਹੁੰਦੀ ਸੀ। ਦੂਸਰੇ ਪਾਸੇ ਸੰਘਾ ਵੀ ਉਸ ਦੀ ਤਾਜ਼ੀ ਤਾਜ਼ੀ ਖਿੜ ਰਹੀ ਜਵਾਨੀ ਨੂੰ ਜਿਵੇਂ ਮਾਨਣ ਲਈ ਬੇਚੈਨ ਸੀ। ਉਸ ਨੇ ਉਸ ਦੇ ਵਧਦੇ ਕਦਮਾਂ ਨੂੰ ਅਗਾਂਹ ਪੈਰ ਧਰਨ ਲਈ ਉਕਸਾਇਆ ਤੇ ਅਖੀਰ ਉਹ ਉਸ ਦੇ ਬੈਡਰੂਮ 'ਚ ਪੁੱਜ ਗਈ ਸੀ। ਉਦੋਂ ਸੰਘੇ ਦੀ ਬੀਵੀ ਅਮਰੀਕਾ ਗਈ ਹੋਈ ਸੀ ਤੇ ਉਹ ਹਰ ਪੰਜਵੇਂ ਸੱਤਵੇਂ ਘਰੋਂ ਰਾਤ ਦੀ ਡਿਊਟੀ ਦਾ ਬਹਾਨਾ ਕਰ, ਸੰਘੇ ਦੇ ਬੈਡਰੂਮ 'ਚ ਆਪਣੇ ਜਿਸਮ ਦੀਆਂ ਮਹਿਕਾਂ ਖਲਾਰਦੀ ਰਹੀ। ਪਰ ਹੌਲੀ-ਹੌਲੀ ਉਸ ਨੂੰ ਅਹਿਸਾਸ ਹੋਣ ਲੱਗਾ, ਸੰਘਾ ਉਸ ਨੂੰ ਕਿਸੇ ਕਾਲ-ਗਰਲ ਤੋਂ ਵੱਧ ਕੁਝ ਨਹੀਂ ਸਮਝਦਾ! ਬਸ ਉਸ ਦੀ ਅਦਾਇਗੀ ਦਾ ਸਲੀਕਾ ਵੱਖਰਾ ਸੀ। ਕਦੀ ਕੱਪੜਿਆਂ ਦੇ ਰੂਪ 'ਚ, ਕਦੀ ਮਹਿੰਗੀ ਘੜੀ ਜਾਂ ਮੋਬਾਇਲ, ਕਦੀ ਕੈਮਰਾ, ਕਦੀ ਸੋਨੇ ਦਾ ਗਹਿਣਾ। ਫਿਰ ਉਸ ਨੂੰ ਹੋਰ ਵੀ ਬਹੁਤ ਕੁਝ ਦਾ ਪਤਾ ਲਗਦਾ ਗਿਆ। ਜਦੋਂ ਉਸ ਦੀ ਬੀਵੀ ਗਈ ਹੁੰਦੀ, ਉਸ ਕੋਲ ਦੂਜੇ ਚੌਥੇ ਕੋਈ ਨਾ ਕੋਈ ਕੁੜੀ ਆਈ ਹੀ ਰਹਿੰਦੀ, ਜਿਨ੍ਹਾਂ ਨੂੰ ਉਹ ਪਹਿਲਾਂ ਉਸ ਦੀਆਂ ਰਿਸ਼ਤੇਦਾਰ ਸਮਝਦੀ ਰਹੀ ਸੀ। ਹੋਰ ਤਾਂ ਹੋਰ, ਬਹੁਤੇ ਹਾਲੇ ਵੀ ਇਹੀ ਸਮਝਦੇ ਹਨ। ਇਹ ਕੁੜੀਆਂ ਬਾਹਰੋਂ ਹੁੰਦੀਆਂ, ਜਲੰਧਰ, ਚੰਡੀਗੜ੍ਹ ਜਾਂ ਦਿੱਲੀ ਤੋਂ। ਕਈ ਉਸ ਕੋਲ ਦੋ-ਦੋ, ਚਾਰ-ਚਾਰ ਦਿਨ ਵੀ

ਰੁੱਕਦੀਆਂ। ਰਿਜ਼ੌਰਟ 'ਚੋਂ ਤਾਂ ਉਸ ਤੋਂ ਪਹਿਲਾਂ ਆਦਿੱਤੀ ਸ਼ਰਮਾ ਨਾਲ ਹੀ ਉਸ ਦੇ ਸੰਬੰਧਾਂ ਦਾ ਚਰਚਾ ਜੁੜਿਆ ਸੀ।

ਸੰਘੇ ਵੱਲੋਂ ਤੋਹਫਿਆਂ ਦੇ ਰੂਪ 'ਚ ਅਦਾਇਗੀਆਂ ਨੇ ਹੀ ਉਸ ਦੇ ਮਨ 'ਚ ਪਾਇਆ ਸੀ, ਕਿਉਂ ਨਾ ਇਸ ਖੂਬਸੂਰਤੀ ਨੂੰ ਕੈਸ਼ ਕਰਾਇਆ ਜਾਵੇ। 'ਸੁਹਣੀ ਹਾਂ, ਸਮਾਰਟ ਹਾਂ, ਫਿਰ ਮੈਂ ਕਿਉਂ ਘੁੱਟ ਘੁੱਟ ਕੇ ਘਰ ਦੀ ਗਰੀਬੀ 'ਚ ਸਹਿਕਾਂ। ਪਛੜੇ ਹੋਏ ਮਾਹੌਲ ਦੀ ਸ਼ਿਕਾਰ ਹੋਵਾਂ!' ਤੇ ਉਹ ਹੋਟਲ 'ਚ ਠਹਿਰਦੇ ਸੈਲਾਨੀਆਂ ਨਾਲ ਵੀ ਪਛਾਣ ਵਧਣ ਦੇਣ ਲੱਗੀ ਸੀ। ਹਾਂ, ਇਕ ਉਸ ਨੇ ਜ਼ਰੂਰ ਰੱਖਿਆ ਕਿ ਆਪ ਪਹਿਲ ਨਾ ਕਰਦੀ ਤੇ ਆਪਣੇ ਵਲ ਵਧਿਆ ਹੋਇਆ ਕਿਸੇ ਦਾ ਹੱਥ ਵੀ, ਤਾਂ ਹੀ ਆਪਣੇ ਤੱਕ ਪੁੱਜਣ ਦਿੰਦੀ ਕਿ ਪਹਿਲਾਂ ਅਗਲੇ ਦੀ ਜੇਬ ਦਾ ਹਿਸਾਬ-ਕਿਤਾਬ ਲਾ ਲੈਂਦੀ ਸੀ। ਇਹ ਵੀ ਕਿ ਅਗਲਾ ਉਸ ਦੀ ਕਿੰਨੀ ਕੁ ਕੀਮਤ ਲਾਉਂਦਾ ਹੈ! ਪੰਜ ਹਜ਼ਾਰ, ਦਸ ਹਜ਼ਾਰ... ਉਹ ਹੈਰਾਨ ਹੁੰਦੀ, ਸੰਘਾ ਉਪਰੋਂ ਉਪਰੋਂ ਬੜੀਆਂ ਸਖਤ ਹਦਾਇਤਾਂ ਕਰਦਾ ਸੀ: "ਆਪਣੇ ਕਿਸੇ ਕਲਾਇੰਟ ਨਾਲ ਨਿੱਜੀ ਤੌਰ 'ਤੇ ਕੋਈ ਇਨਵਾਲਵਮੈਂਟ ਨਹੀਂ ਹੋਣੀ ਚਾਹੀਦੀ, ਕਿਸੇ ਰੂਪ 'ਚ ਵੀ ਨਹੀਂ... ਮੈਂ ਇਹ ਬਿਲਕੁਲ ਟਾਲਰੇਟ ਨਹੀਂ ਕਰ ਸਕਦਾ ਕਿ ਰਿਜ਼ੌਰਟ ਦੀ ਕਿਸੇ ਰੂਪ 'ਚ ਬਦਨਾਮੀ ਹੋਵੇ... ਹੋਰ ਤਾਂ ਕੋਈ ਗਲਤੀ ਅਣਦੇਖੀ ਕੀਤੀ ਜਾ ਸਕਦੀ ਹੈ, ਪਰ ਇਹ ਬਿਲਕੁਲ ਵੀ ਨਹੀਂ..." ਪਰ 'ਝੌਂਪੜੀਆਂ' 'ਚ ਕਈ ਠਹਿਰਦੇ ਹੀ ਇਸ ਲਈ ਸਨ ਕਿ ਇੱਥੇ ਉਨ੍ਹਾਂ ਨੂੰ 'ਮੁਕੰਮਲ ਪ੍ਰਾਈਵੇਸੀ' ਮਿਲ ਜਾਂਦੀ ਸੀ। ਰਿਸੈਪਸ਼ਨ 'ਤੇ ਪਤੀ-ਪਤਨੀ ਵਜੋਂ ਇੰਦਰਾਜ ਹੋ ਜਾਂਦਾ ਸੀ ਤੇ ਗੱਲ ਖਤਮ... ਨਵੇਂ ਪਿੰਡ ਵਾਲੀ ਰੂਪਾ, ਬੁੱਢੇਬੜ ਵਾਲੀ ਸੁਕਰੀਤੀ, ਭੰਗਾਲੇ ਵਾਲੀ ਕਮਲੇਸ਼ ਅਕਸਰ ਠਹਿਰੇ ਟੂਰਿਸਟਾਂ ਨਾਲ ਗੰਢ-ਚਿਤਰਾਵਾ ਕਰੀ ਰੱਖਦੀਆਂ। ਉਹ ਖੁਦ ਵੀ, ਭਾਵੇਂ ਇਸ ਧੰਦੇ 'ਚ ਲਿਪਤ ਸੀ ਪਰ ਉਹ ਬਹੁਤ ਹੀ ਚੋਣਵੇਂ ਗਾਹਕਾਂ ਨੂੰ ਕਬੂਲਦੀ। ਇਸ ਸਭ ਕੁਝ ਦਾ ਮੈਨੇਜਰ ਦੀਪਕ ਰਾਓ ਨੂੰ ਪਤਾ ਹੁੰਦਾ, ਹਰ ਸੰਬੰਧ ਦਾ, ਸਗੋਂ ਬਹੁਤੀ ਵਾਰ ਇਸ਼ਾਰੇ ਹੀ ਉਹ ਕਰਦਾ ਸੀ। ਫਿਰ ਭਲਾ ਸੰਘੇ ਨੂੰ ਕਿਵੇਂ ਪਤਾ ਨਹੀਂ ਹੋਵੇਗਾ! ਉਸ ਨਾਲ ਐਸ.ਪੀ. ਚੱਢੇ ਨੂੰ ਤਾਂ ਸੰਘੇ ਨੇ ਹੀ ਮਿਲਵਾਇਆ ਸੀ। ਚੱਢੇ ਨੇ ਉਸ ਨੂੰ ਲਾਲਚ ਦਿੱਤਾ ਸੀ: "ਤੈਨੂੰ ਕਿਤੇ ਪੁਲਿਸ 'ਚ ਭਰਤੀ ਕਰਾ ਦਿਆਂਗਾ।" ਤੇ ਇਸ ਲਾਲਚ 'ਚ ਪੂਰਾ ਸਾਲ, ਜਦੋਂ ਵੀ ਕਦੀ ਉਹ ਸੰਘਾ ਰਿਜ਼ੌਰਟ 'ਚ ਠਹਿਰਿਆ, ਪਾਲੀ ਟਹਿਲ ਦੇ ਨਾਲ ਉਸ ਦਾ ਬਿਸਤਰਾ ਵੀ ਨਿੱਘਾ ਕਰਦੀ ਰਹੀ। ਪੌਣਾ ਕੁ ਸਾਲ ਪਹਿਲਾਂ, ਉਸ ਦਾ ਤਬਾਦਲਾ ਕਿਸੇ ਹੋਰ ਜ਼ਿਲ੍ਹੇ 'ਚ ਹੋ ਗਿਆ ਤਾਂ ਆਉਣੋ ਹਟਿਆ। ਫਿਰ ਉਸ ਨੇ ਫੋਨ ਕਰਕੇ ਉਸ ਨੂੰ ਆਪਣੀ ਨੌਕਰੀ ਬਾਰੇ ਯਾਦ ਦਿਵਾਉਣ ਦੀ ਕੋਸ਼ਿਸ਼ ਕੀਤੀ ਤਾਂ ਬੜਾ ਰੁੱਖਾ ਜਿਹਾ 'ਮੈਨੂੰ ਪਤਾ ਹੈ... ਜਦੋਂ ਵੀ ਕੋਈ ਗੱਲ ਬਣਦੀ ਹੋਈ ਤੈਨੂੰ ਦਸ ਦਿਆਂਗਾ।' ਕਹਿ ਕੇ ਫੋਨ ਕੱਟ ਦਿੱਤਾ ਸੀ। ਮੁੜ ਅੱਜ ਆਉਂਦਾ ਹੈ ਉਸਦਾ ਫੋਨ! 'ਮੁਫਤ 'ਚ ਹੀ ਐਸ਼ ਕਰ ਗਿਆ, ਸਾਲਾ! ਬਿਨਾਂ ਇਕ ਵੀ ਪੈਸਾ ਖਰਚਿਆਂ!' ਯਾਦ ਆਉਣ 'ਤੇ ਉਸ ਦਾ ਮੂੰਹ ਕਸੈਲਾ ਹੋ ਜਾਂਦਾ। ਭਾਵੇਂ ਬਾਕੀ 'ਸੰਬੰਧਾਂ' 'ਚ ਉਹ ਪੈਸਿਆਂ ਦਾ ਹਿਸਾਬ-ਕਿਤਾਬ ਪਹਿਲਾਂ ਹੀ ਲਾ ਲੈਂਦੀ ਸੀ।

ਉਹ ਇਨ੍ਹਾਂ ਸੰਬੰਧਾਂ ਨੂੰ ਇੰਜੁਆਏ ਵੀ ਕਰਦੀ ਸੀ। ਨਾਲ ਮਨ ਹੀ ਮਨ ਸੋਚਦੀ, 'ਪੰਦਰਾਂ ਕੁ ਲੱਖ 'ਕੱਠੇ ਹੋ ਗਏ ਤਾਂ ਕਿਤੇ ਕੰਮ ਸ਼ੁਰੂ ਕਰ ਲਵਾਂਗੀ। ਹੋਰ ਨਹੀਂ ਤਾਂ ਮਾਡਰਨ ਢੰਗ ਦੀ ਬੂਟੀਕ ਹੀ ਖੋਲ੍ਹ ਲਵਾਂਗੀ। ਜਾਂ ਹੋ ਸਕਦਾ ਹੈ ਅਮਰੀਕਾ ਕਨੇਡਾ ਦਾ ਕੋਈ ਜੁਗਾੜ ਬਣ ਜਾਵੇ!'

ਜ਼ਾਹਰਕੋਟ ਦੀ ਅੰਦਰੂਨੀ ਬੀਹੀ 'ਚ ਜਵਾਨੀ ਚੜ੍ਹੀ ਪਾਲੀ ਤੇ ਸੰਘਾ ਰਿਜ਼ੌਰਟ ਦੇ ਨਾਲ ਹਰਪਾਲ ਹਾਊਸ 'ਚ ਰਹਿ ਰਹੀ ਪਾਲੀ... ਦੋ ਵੱਖ-ਵੱਖ ਪਾਲੀਆਂ ਸਨ। ਪਰ ਉਸ ਬੀਹੀ ਵਾਲੇ ਘਰ 'ਚ ਜੱਗੀ ਨਾਲ ਉਣਸੀ ਚਾਹਤ, ਇੱਥੇ ਆ ਕੇ ਵੀ ਉਵੇਂ ਉਸ ਦੇ ਦਿਲ 'ਚ ਭਖਦੀ ਰਹੀ, ਸਗੋਂ ਭਖ ਕੇ ਭਾਂਬੜ ਬਣ ਚੁੱਕੀ ਸੀ। ਜੱਗੀ ਛੁੱਟੀਆਂ 'ਚ ਪਿੰਡ ਆਇਆ ਹੁੰਦਾ ਤਾਂ ਉਹ ਮਿਲਣ ਦਾ ਕੋਈ ਨਾ ਕੋਈ ਸਬੱਬ ਬਣਾ ਹੀ ਲੈਂਦੇ। ਬਹੁਤ ਵਾਰ ਇਹ ਉਨ੍ਹਾਂ ਦੇ ਘਰ ਦੇ ਨਾਲ ਲਗਦੇ ਪਿਛਲੇ ਪਾਸੇ ਵਾਲੇ ਖੇਤ ਹੁੰਦੇ। ਜੱਗੀ ਰਾਤ ਦੇ ਹਨ੍ਹੇਰੇ 'ਚ ਖੇਤਾਂ, ਮੰਡ ਦੇ ਉਜਾੜ ਵਿਚੀਂ ਹੁੰਦਾ ਉਨ੍ਹਾਂ ਦੇ ਖੇਤ 'ਚ ਟਾਹਲੀ ਵਾਲੇ ਕੋਨੇ ਕੋਲ ਆ ਜਾਂਦਾ ਸੀ। ਉਥੇ ਮਲ੍ਹਿਆਂ ਦੀ ਝਾੜੀ ਵੀ ਸੀ ਤੇ ਕੁਝ ਸਰਾੜ ਦੇ ਬੂਝੇ ਵੀ, ਕਿ ਉਧਰ ਕੋਈ ਆ ਜਾਵੇ ਤਾਂ ਲੁਕਣ ਦਾ ਭਰਪੂਰ ਓਹਲਾ। ਉੱਥੇ ਉਹ ਪਾਲੀ ਦੇ ਐਸ.ਐਮ.ਐਸ. ਦੀ ਉਡੀਕ ਕਰਦਾ। ਘਰਦਿਆਂ ਦੇ ਸੌਂ ਜਾਣ 'ਤੇ ਉਹ ਮੌਕਾ



ਦੇਖ ਕੇ ਨਿਕਲਦੀ ਤੇ ਫਿਰ ਕਣਕ ਜਾਂ ਸਰ੍ਹੋਂ ਦਾ ਖੇਤ, ਬਾਜਰੇ ਗੁਆਰੇ ਦੀਆਂ ਵੱਟਾਂ ਜਾਂ ਪਸ਼ੂਆਂ ਵਾਲਾ ਢਾਰਾ ਉਨ੍ਹਾਂ ਦੀ ਮਿਲਣ-ਸੇਜ ਬਣਦਾ। ਪਰ ਇਹ ਹਰ ਵਾਰ ਹੀ ਇੰਨਾ ਸੌਖਾ ਵੀ ਨਾ ਹੁੰਦਾ! ਸਿਆਲ ਦੀ ਉਹ ਰਾਤ...

...ਉਨ੍ਹਾਂ ਨੇ ਮਿਲਣਾ ਤਹਿ ਕਰ ਲਿਆ ਸੀ। ਜੱਗੀ ਨੂੰ ਉਸ ਨੇ ਕਹਿ ਦਿੱਤਾ ਸੀ, "ਸਾਡੇ ਘਰ ਦੇ ਪਿਛਲੇ ਪਾਸੇ ਸਰ੍ਹੋਂ ਦੇ ਖੇਤ ਨਾਲ ਪਰਾਲੀ ਦਾ ਢੰਦਾ ਐ ਨਾ, ਤੂੰ ਉੱਥੇ ਆ ਜਾਵੀਂ... ਮੈਂ ਮੌਕਾ ਲਗਦਿਆਂ ਹੀ ਆ ਜਾਵਾਂਗੀ।" ਪਰ ਉਸ ਰਾਤ ਉਸਦੇ ਬਾਪ ਨਾਲ ਭਾਨ ਸਿੰਘ ਆ ਗਿਆ। ਦੋਵੇਂ ਪਹਿਲਾਂ ਤਾਂ ਦਸ, ਸਵਾ ਦਸ ਆਏ। ਫਿਰ ਪੀਣ ਲੱਗ ਪਏ। ਉਹ ਰੋਟੀ ਖਾ ਕੇ ਸੌਣ ਦੇ ਬਹਾਨੇ ਚੁਬਾਰੇ 'ਚ ਆ ਗਈ ਸੀ। ਮੋਬਾਇਲ 'ਤੇ ਉਹ ਜੱਗੀ ਨਾਲ ਲੱਗੀ ਰਹੀ ਪਰ ਘਰ ਤੋਂ ਬਾਹਰ ਨਿਕਲਣ ਦਾ ਸਬੱਬ ਨਾ ਬਣੇ। ਜਦੋਂ ਬਾਰਾਂ ਵਜ ਗਏ, ਥੱਲਿਓਂ ਰੌਲਾ ਫਿਰ ਵੀ ਨਾ ਮੁੱਕਿਆ ਤਾ ਹਾਰ ਕੇ ਕੋਈ ਤਰਕੀਬ ਨਾ ਬਣਦੀ ਦੇਖ, ਉਸ ਨੇ ਜੱਗੀ ਨੂੰ ਕਿਹਾ, "ਚਲਾ ਜਾਹ... ਲਗਦਾ ਨਹੀਂ ਅੱਜ ਮੌਕਾ ਬਣਦਾ!"

"ਕੋਈ ਨਾ, ਕਦੀ ਤਾਂ ਸੌਂਣਗੇ ਹੀ... ਹਾਂ, ਜੇ ਤੈਨੂੰ ਨੀਂਦ ਆਈ ਐ ਤਾਂ ਫਿਰ ਹੋਰ ਗੱਲ ਐ!"

"ਨਹੀਂ, ਨੀਂਦ ਕਿੱਥੇ...?... ਪਰ ਆਵਾਂ ਕਿਵੇਂ? ਹੇਠਾਂ ਡਰਾਇੰਗ ਰੂਮ 'ਚ ਪਾਪਾ ਤੇ ਅੰਕਲ ਬੈਠੇ ਐ। ਉਸ 'ਚ ਹੀ ਪੌੜੀ ਹੇਠਾਂ ਉਤਰਦੀ ਹੈ... ਮੈਂ ਤਾਂ ਇੱਥੇ ਨਿੱਘ 'ਚ ਹਾਂ ਪਰ ਤੇਰੀ ਠੰਢ ਨਾਲ ਕੁਲਫੀ ਜੰਮ ਰਹੀ ਹੋਣੀ ਐ!"

"ਤੇਰਾ ਨਿੱਘ ਮੈਨੂੰ ਵੀ ਪੁੱਜ ਰਿਹਾ ਹੈ!"

"ਜੱਗੀ, ਐਵੇਂ ਬਿਮਾਰ ਪੈ ਜਾਵੇਂਗਾ।"

"ਨਹੀਂ ਹੁੰਦਾ... ਤੈਨੂੰ ਮਿਲੇ ਬਗੈਰ ਮੈਂ ਨਹੀਂ ਜਾ ਸਕਦਾ!"

"ਕਿਉਂ ਪਾਗਲਪਣ ਕਰਦਾਂ?"

"ਤੂੰ ਮੈਨੂੰ ਇੰਨਾ ਦਸ, ਤੁਹਾਡੇ ਘਰ ਦੇ ਪਿਛਵਾੜੇ ਆਹ ਜਿਹੜੀ ਜਾਮਣ ਐ, ਇਸਦਾ ਡਾਲਾ ਤੁਹਾਡੀ ਛੱਤ ਤੋਂ ਕਿੰਨਾ ਕੁ ਪਿੱਛੇ ਰਹਿ ਜਾਂਦਾ... ਰਤਾ ਉੱਠ ਕੇ ਬਾਹਰ ਦੇਖੀਂ..." ਉਹ ਹਨ੍ਹੇਰੇ 'ਚ ਜਾਮਣ ਦਾ ਹੇਠੋਂ ਅਨੁਮਾਨ ਲਾ ਰਿਹਾ ਸੀ।

"ਇਹ ਕੋਠੇ ਦੀ ਛੱਤ ਦੇ ਬਰਾਬਰੋਂ ਆ ਕੇ ਵੱਢਿਆ ਹੋਇਆ... ਅਗਾਂਹ ਤਾਂ ਨਵੀਆਂ ਫੁੱਟੀਆਂ ਟਾਹਣੀਆਂ ਹੀ ਫੈਲੀਆਂ ਹੋਈਆਂ... ਨਾਲੇ ਡਾਲਾ ਹੈ ਵੀ ਉੱਚਾ...।"

"ਮੈਂ ਇੱਥੋਂ ਦੀ ਆਉਂਦਾ ਹਾਂ... ਚੁਬਾਰੇ 'ਚ ਤਾਂ ਕਿਸੇ ਦੇ ਆਉਣ ਦੀ ਸੰਭਾਵਨਾ ਨਹੀਂ?"

"ਨਹੀਂ, ਚੁਬਾਰੇ 'ਚ ਤਾਂ ਕੋਈ ਨਹੀਂ ਆਉਣਾ, ਪਰ ਇਥੋਂ ਦੀ ਉਤਰਨਾ ਹੈ ਰਿਸਕੀ... ਨਾਲੇ ਫਿਰ ਵਾਪਸ ਇੱਥੋਂ ਕਿਵੇਂ ਚੜ੍ਹੇਂਗਾ?"

"ਉਹ ਕੋਈ ਫਿਕਰ ਨਾ ਕਰ... ਪਿਛਲੇ ਪਾਸੇ ਕੰਧ ਨਾਲ ਆਹ ਜਿਹੜਾ ਮਿੱਟੀ ਦਾ ਢੇਰ ਐ ਨਾ ਚਾਰ ਪੰਜ ਫੁੱਟ ਉੱਚਾ ਲੱਗਾ ਹੋਇਆ, ਉੱਪਰ ਬਨੇਰੇ ਨਾਲੋਂ ਲਮਕ ਕੇ ਇਹ ਪੈਰਾਂ ਤੋਂ ਤਿੰਨ-ਚਾਰ ਫੁੱਟ ਹੀ ਰਹਿ ਜਾਣਾ... ਇਸ 'ਤੇ ਛਾਲ ਮਾਰ ਲਵਾਂਗਾ... ਮੁਸ਼ਕਲ ਇਹ ਹੈ ਕਿ ਇੱਥੋਂ ਚੜ੍ਹਿਆ ਨਹੀਂ ਜਾ ਸਕਦਾ..." ਮੋਬਾਇਲ 'ਤੇ ਫੁਸਫੁਸਾ ਕੇ, ਉਨ੍ਹਾਂ ਨੇ ਇਹ ਤਹਿ ਕਰ ਲਿਆ। ਬੜੀ ਇਹਤਿਹਾਤ ਨਾਲ ਜੱਗੀ ਜਾਮਣ 'ਤੇ ਚੜ੍ਹਿਆ। ਉਤੋਂ ਦੁਸਾਂਗੜ ਤੋਂ ਜਾ ਕੇ, ਜਿਥੋਂ ਉਹ ਛੱਤ ਵੱਲ ਆਉਣ ਤੋਂ ਰੋਕਣ ਲਈ ਅੱਗੋਂ ਵੱਢਿਆ ਹੋਇਆ ਸੀ, ਉਥੋਂ ਹੇਠਾਂ ਲਮਕ ਕੇ ਉਸ ਦੇ ਪੈਰ ਛੱਤ 'ਤੇ ਲੱਗ ਗਏ ਤੇ ਉੱਥੋਂ ਫਿਰ ਉਹ... ਉਹ ਰਾਤ ਜਿਵੇਂ ਆਨੰਦ ਦੀ ਇੰਤਹਾ ਦੀ ਰਾਤ ਵਾਂਗ ਬੀਤੀ... ਸਾਰੀ ਰਾਤ, ਕਿਤੇ ਇਕ ਪਲ ਵੀ ਉਨ੍ਹਾਂ ਨੇ ਅੱਖ ਨਾ ਲਾਈ। ਸਵੇਰੇ ਪੰਜ ਕੁ ਵਜੇ, ਜਦੋਂ ਗੁਰਦੁਆਰੇ ਦਾ ਸਪੀਕਰ ਬੋਲਿਆ ਤਾਂ ਉਨ੍ਹਾਂ ਨੇ ਕੱਪੜੇ ਪਾਏ। ਬੂਟਾਂ ਦੇ ਤਸਮੇ ਕੱਸ ਕੇ, ਜੱਗੀ ਪਿਛਲੀ ਕੰਧ ਨਾਲ ਟੇਢਾ ਹੋ ਕੇ ਪਹਿਲਾਂ ਹੇਠਾਂ ਲਮਕਿਆ, ਪੰਜੇ ਉੱਪਰ ਕੰਧ ਨਾਲ ਅੜਾ ਕੇ ਤੇ ਆਪਣਾ ਆਪ ਬਾਹਾਂ 'ਤੇ ਤੋਲ ਕੇ ਫਿਰ ਉਪਰੋਂ ਪੰਜਿਆਂ ਨੂੰ ਛੱਡ ਦਿੱਤਾ। ਉਸ ਦੇ ਪੈਰਾਂ ਤੋਂ ਮਿੱਟੀ ਦਾ ਢੇਰ ਤਿੰਨ ਚਾਰ ਫੁੱਟ ਹੀ ਹੇਠਾਂ ਰਹਿ ਜਾਂਦਾ ਸੀ। ਤਣ ਕੇ ਉਹ ਪੱਬਾਂ ਦੇ ਭਾਰ ਮਿੱਟੀ 'ਤੇ ਉਲਰਿਆ। ਪਾਲੀ ਉਪਰੋਂ ਉਸ 'ਤੇ ਝੁਕੀ ਹੋਈ ਸੀ। ਉਹ ਮਿੱਟੀ ਦੇ ਢੇਰ ਤੋਂ ਉਛਲ ਕੇ, ਛੜੱਪਾ ਮਾਰ ਪਾਸੇ

ਹੋਇਆ। ਇਕ ਪਲ ਉਸ ਨੇ ਮੁੜ ਕੇ ਉਪਰ ਪਾਲੀ ਵੱਲ ਤੱਕਿਆ ਤੇ ਫਿਰ ਹਨ੍ਹੇਰੇ 'ਚ ਅਛੋਪਲੇ ਜਿਹੇ ਅਲੋਪ ਹੋ ਗਿਆ....

ਉਹ ਯਾਦ ਕਰਨ ਲਗਦੀ ਤਾਂ ਜੱਗੀ ਨਾਲ ਬਿਤਾਈ ਇਕ ਇਕ ਰਾਤ, ਇਕ ਇਕ ਪਲ ਉਸ ਨੂੰ ਹੂਬਹੂ ਯਾਦ ਸੀ, ਉਸ ਦੀ ਪੂਰੀ ਸ਼ਿੱਦਤ ਸਮੇਤ। ਜੱਗੀ ਨਾਲ ਪੈਣ ਲੱਗਿਆਂ ਉਸ ਨੂੰ ਇਕ ਪਲ ਵੀ ਕੋਈ ਦੁੱਬਿਧਾ ਨਾ ਹੁੰਦੀ, ਸਗੋਂ ਬਹੁਤ ਕੁਝ ਜ਼ਿਹਨ 'ਚ ਪਹਿਲਾਂ ਹੀ ਆਕਾਰ ਲੈ ਚੁੱਕਿਆ ਹੁੰਦਾ ਤੇ ਉਸ ਸੁਪਨਿਆਂ 'ਚ ਹੋ ਚੁੱਕੇ ਨੂੰ ਸਾਕਾਰ ਕਰਨ 'ਚ ਭਲਾ ਕਾਹਦੀ ਝਿਜਕ! ਕਲਪਣਾ ਦੀਆਂ ਮੂਰਤਾਂ ਹੀ ਤਾਂ ਸਾਕਾਰ ਹੁੰਦੀਆਂ ਸਨ ਮਿਲਣ ਪਲਾਂ ਵੇਲੇ। ਉਤੇਜਨਾ ਦੇ ਤਣਾਅ ਤੋਂ ਕੁਝ ਕੁ ਸ਼ਾਂਤੀ ਮਿਲਦੀ ਤਾਂ ਬਾਅਦ 'ਚ ਵੀ ਕੋਈ ਅਪਰਾਧ-ਬੋਧ ਨਾ ਉਪਜਦਾ ਕਿ ਉਸ ਨੇ ਕੁਝ ਗਲਤ ਕੀਤਾ ਹੈ। ਬਸ ਇਕ ਹੀ ਹੁੰਦਾ ਕਿ ਇਹਤਿਆਤ ਵਜੋਂ ਪਿਲਜ਼ ਲੈਣੀਆਂ ਨਾ ਭੁੱਲਦੀ। ਇਹ ਬਹੁਤ ਵਾਰ ਜੱਗੀ ਉਸ ਲਈ, ਲਈ ਆਉਂਦਾ ਸੀ। ਕਈ ਵਾਰ ਮੁਕੇਰੀਆਂ ਗਈ, ਉਹ ਉੱਥੋਂ ਆਪ ਵੀ ਖਰੀਦ ਲੈਂਦੀ। ਭੰਗਾਲੇ ਜਾਂ ਮਾਨਸਰ ਦੇ ਅੱਡੇ ਤੋਂ ਭਾਵੇਂ ਖਰੀਦਣ ਦਾ ਉਹ ਜੇਰਾ ਨਾ ਕਰ ਸਕਦੀ।

ਪਟਿਆਲਿਓਂ ਵੀ, ਉਸ ਨੂੰ ਪਿੰਡ ਲਈ ਬੱਸ ਚੜ੍ਹਾਉਣ ਲਈ ਆਉਂਦਿਆਂ, ਜੱਗੀ ਨੇ ਇਕ ਮੈਡੀਕਲ ਸਟੋਰ ਤੋਂ ਉਸ ਨੂੰ ਇਹ ਖਰੀਦ ਕੇ ਫੜਾ ਦਿੱਤੀਆਂ ਸਨ ਤੇ ਉਸ ਨੇ ਚੁੱਪਚਾਪ ਫੜ ਕੇ ਪਰਸ 'ਚ ਪਾ ਲਈਆਂ।

"ਧਿਆਨ ਨਾਲ ਲੈ ਲਵੀਂ... ਐਵੇਂ ਨਾ ਕੋਈ ਪੰਗਾ ਪੈਂਦਾ ਫਿਰੇ!"

"ਕੋਈ ਨਾ।" ਉਸ ਨੇ ਮੋਟਰਸਾਈਕਲ 'ਤੇ ਪਿੱਛੇ ਉਸ ਨਾਲ ਲੱਗੀ ਨੇ ਕਿਹਾ ਸੀ।

"ਪੀਰੀਅਡ ਦਾ ਧਿਆਨ ਰੱਖਦੀ ਹੈਂ ਨਾ!"

"ਹਾਂ!"

ਉਸ ਨੇ ਦਾਖਲਾ ਲੈ ਲਿਆ ਸੀ। ਵੀਹ ਹਜ਼ਾਰ ਐਡਵਾਂਸ ਜਮਾਂ ਕਰਵਾਏ ਸਨ ਸੰਸਥਾ ਨੇ: "ਸੀਟਾਂ ਲਿਮਟਿਡ ਐ... ਸੱਤ ਸੀਟਾਂ ਹੀ ਰਹਿ ਗਈਆਂ ਭਰਨ ਵਾਲੀਆਂ। ਜੇ ਕੋਈ ਹੋਰ ਪਹਿਲਾਂ ਆ ਗਿਆ ਤਾਂ ਅਸੀਂ ਉਸ ਨੂੰ ਦੇ ਦਿਆਂਗੇ... ਜਾਂ ਵੀਹ ਹਜ਼ਾਰ ਜਮਾਂ ਕਰਵਾ ਦਿਓ ਤੇ ਬਾਕੀ ਪਰਸੋਂ ਤੱਕ..." ਪ੍ਰਿੰਸੀਪਲ ਨੇ ਸਰਟੀਫਿਕੇਟ ਤਾਂ ਬਸ ਨਾਂ ਦੇ ਹੀ ਦੇਖੇ ਸਨ, ਬਹੁਤਾ ਫੀਸਾਂ ਦਾ ਸਟਰੱਕਚਰ ਸਮਝਾਇਆ ਸੀ। 'ਸਾਲ ਦੀ ਛਿਆਨਵੇਂ ਹਜ਼ਾਰ ਫੀਸ, ਜਿਹੜੀ ਸਾਰੀ ਹੀ ਪਹਿਲਾਂ ਜਮਾਂ ਕਰਵਾਉਣੀ ਹੋਵੇਗੀ। ਹੋਸਟਲ ਦਾ ਬਹੱਤਰ ਹਜ਼ਾਰ ਵੱਖਰਾ ਜੇ ਤੁਸੀਂ ਲੈਣਾ ਹੈ ਤਾਂ। ਉਹ ਦੋ ਵਾਰੀਆਂ 'ਚ, ਛੱਤੀ ਹਜ਼ਾਰ ਪਹਿਲਾਂ ਛੇਆਂ ਮਹੀਨਿਆਂ ਦਾ ਤੇ ਛੱਤੀ ਹਜ਼ਾਰ ਬਾਅਦ 'ਚ।' ਦੋ ਸਾਲਾਂ ਦਾ ਕੋਰਸ ਸੀ। ਦੂਸਰੇ ਸਾਲ ਦੀ ਫੀਸ ਇਕ ਲੱਖ ਦਸ ਹਜ਼ਾਰ ਸੀ। ਇਸ ਵਿਚ ਸਟੱਡੀ ਟੂਰ ਦਾ ਖਰਚਾ ਵੀ ਸ਼ਾਮਲ ਸੀ, ਜਿਹੜਾ ਦੇਸ਼ ਦੀ ਕਿਸੇ ਉੱਘੀ ਫੈਸ਼ਨ ਸੰਸਥਾ 'ਚ ਚਾਰ ਦਿਨਾਂ ਦਾ ਹੋਣਾ ਸੀ। ਕੁਝ ਚਰਚਿਤ ਫੈਸ਼ਨ ਡਿਜ਼ਾਇਨਰਾਂ, ਇਸ ਮਾਰਕੀਟ ਦੇ ਬੌਸਾਂ ਨੂੰ ਵਿਜਟਿੰਗ ਲੈਕਚਰਾਂ ਲਈ ਸੱਦੇ ਜਾਣ ਦਾ ਖਰਚਾ ਵੀ ਵਿੱਚ ਸ਼ਾਮਲ ਸੀ। ਚਾਰ ਲੱਖ ਉਸ ਦੇ ਨਾਂ ਜਮਾਂ ਸਨ, ਉਸ ਦੀ ਕਮਾਈ ਦੇ, ਜਿਨ੍ਹਾਂ ਦਾ ਘਰ 'ਚ ਵੀ ਪਤਾ ਨਹੀਂ ਸੀ। ਨਾਲੇ ਫਿਰ ਜੱਗੀ ਨੇ ਹੌਂਸਲਾ ਦਿੱਤਾ, "ਹੋਸਟਲ ਦਾ ਖਰਚਾ ਤੂੰ ਬਚਾ ਸਕਦੀ ਹੈਂ... ਇਥੇ ਰਹਿ ਲਵੀਂ ਮੇਰੇ ਨਾਲ... ਹੋਰ ਵੀ ਖਰਚਿਆਂ ਦੀ ਕੋਈ ਪਰਵਾਹ ਨਾ ਕਰ...।"

"ਖਰਚੇ ਦੀ ਤਾਂ ਕੋਈ ਫਿਕਰ ਨਹੀਂ!"

"ਫਿਰ ਚਾਂਸ ਮਿਸ ਨਾ ਕਰ... ਨੌਕਰੀ ਤਾਂ ਜਦੋਂ ਮਰਜ਼ੀ ਕਰ ਲਓ ਪਰ ਸਟੱਡੀ ਇਕ ਉਮਰ ਤੋਂ ਬਾਅਦ ਨਹੀਂ ਕਰ ਸਕਦੇ!" ਉਸ ਨੇ ਜ਼ੋਰ ਦਿੱਤਾ। ਪੰਜ ਕੁ ਹਜ਼ਾਰ ਉਹ ਲੈ ਕੇ ਗਈ ਸੀ, ਬਾਕੀ ਪੰਦਰਾਂ ਹਜ਼ਾਰ ਜੱਗੀ ਨੇ ਪਾ ਕੇ, ਵੀਹ ਹਜ਼ਾਰ ਜਮਾਂ ਕਰਵਾਏ, ਫਿਰ ਕਪੜੇ ਤੇ ਹੋਰ ਲੋੜੀਂਦਾ ਸਾਮਾਨ ਲੈਣ, ਉਹ ਪਿੰਡ ਨੂੰ ਚੜ੍ਹ ਆਈ ਸੀ...

ਯਾਦਾਂ 'ਚ ਗੁਆਚੀ ਨੂੰ ਉਸ ਨੂੰ ਨੀਂਦ ਆ ਗਈ। ਪਰ ਨੀਂਦ 'ਚ ਵੀ ਉਸ ਦੇ ਸਰੀਰ ਦੀ ਤਪਸ਼, ਜੱਗੀ ਦੀਆਂ ਸੁਪਨ-ਛੋਹਾਂ ਨਾਲ ਆਨੰਦਿਤ ਹੁੰਦੀ ਰਹੀ। (ਛਪ ਰਹੇ ਨਾਵਲ 'ਚੋਂ)



## ਕਹਾਣੀ / ਮੈਨੂੰ ਭੁੱਲ ਕੇ ਦਿਖਾ / ਹਰਜੀਤ ਅਟਵਾਲ

ਹੈਮਸਟੱਡ ਦਾ ਅਮੀਰ ਇਲਾਕਾ। ਮੈਂ 'ਮਿਡਲਟਨ ਬਿਲਡਰਜ਼ ਕੰਪਨੀ ਦੀ ਪਿੱਕ ਅੱਪ ਲੈ ਕੇ ਰੁਕੀ ਲੇਨ 'ਤੇ ਘੁੰਮ ਰਿਹਾ ਹਾਂ ਪਰ ਮੈਨੂੰ ਬਵੰਜਾ ਨੰਬਰ ਨਹੀਂ ਲੱਭ ਰਿਹਾ। ਇਥੇ ਮਕਾਨ ਦੀ ਮੁਰੰਮਤ ਚਲ ਰਹੀ ਹੈ ਤੇ ਮੈਂ ਇਸ ਮੁਰੰਮਤ ਲਈ ਮਾਲ ਡਿਲਿਵਰ ਕਰਨਾ ਹੈ। ਇਸ ਰੋਡ ਦੇ ਬਹੁਤ ਸਾਰੇ ਘਰਾਂ ਦੇ ਨੰਬਰ ਨਹੀਂ ਹਨ, ਸਿਰਫ ਨਾਂ ਹਨ। ਇਸ ਸੜਕ ਉਪਰ ਕੋਈ ਬੰਦਾ ਵੀ ਨਹੀਂ ਦਿਸ ਰਿਹਾ ਜਿਸ ਤੋਂ ਮੈਂ ਇਹ ਸਿਰਨਾਵਾਂ ਪੁੱਛ ਸਕਾਂ। ਕੁਝ ਦੇਰ ਹੋਰ ਚੱਲ ਕੇ ਇਕ ਕੁੜੀ ਜਾਂਦੀ ਹੋਈ ਦਿਸਦੀ ਹੈ। ਮੇਰੇ ਮੂੰਹੋਂ ਨਿਕਲਦਾ ਹੈ; 'ਚਿੰਕੀ! ਚੀਨੇ ਲੋਕਾਂ ਦੀ ਪਛਾਣ ਉਹਨਾਂ ਦੀ ਚਾਲ ਤੋਂ ਹੀ ਹੋ ਜਾਂਦੀ ਹੈ। ਉਹ ਲੱਤਾਂ ਉਪਰ ਜ਼ਿਆਦਾ ਭਾਰ ਦਿੰਦੇ ਤੁਰਦੇ ਹਨ। ਉਹਨਾਂ ਦੇ ਸਿੱਧੇ ਵਾਲਾਂ ਤੋਂ ਵੀ। ਮੈਨੂੰ ਚੀਨਣ ਔਰਤਾਂ ਦੇ ਸੰਘਣੇ ਕਾਲੇ ਵਾਲ ਬਹੁਤ ਪਸੰਦ ਹਨ। ਮੈਂ ਉਸ ਕੁੜੀ ਦੇ ਬਰਾਬਰ ਜਾ ਕੇ ਪਿੱਕ-ਅੱਪ ਹੌਲੀ ਕਰਦਾ ਜ਼ੋਰ ਨਾਲ ਆਖਦਾ ਹਾਂ, "ਹੈਲੋ ਮਿਸ! ਬਵੰਜਾ ਨੰਬਰ ਘਰ ਕਿਥੇ ਕੁ ਏ?"

"ਆਏ ਦੌਂਤ ਨੋ!"

ਉਹ ਮੋਢੇ ਚੁੱਕ ਕੇ ਮਾਰਦੀ ਆਖਦੀ ਹੈ। ਇਕ ਪਲ ਲਈ ਰੁਕ ਕੇ ਉਹ ਫਿਰ ਤੁਰ ਪੈਂਦੀ ਹੈ। ਮੈਂ ਉਸ ਵਲ ਧਿਆਨ ਨਾਲ ਦੇਖਦਾ ਹਾਂ। ਉਹ ਬਹੁਤ ਸੁਹਣੀ ਹੈ। ਸਕੱਰਟ ਵਿਚ ਉਸ ਦੀਆਂ ਨਿੱਗਰ ਲੱਤਾਂ ਮੇਰੇ ਮਨ ਨੂੰ ਉਸ ਵਲ ਖਿੱਚਣ ਲਗਦੀਆਂ ਹਨ ਪਰ ਮੈਂ ਇਸ ਵੇਲੇ ਕੰਮ 'ਤੇ ਹਾਂ। ਮੈਂ ਥੋੜਾ ਹੋਰ ਅਗੇ ਜਾ ਕੇ ਮੈਨੂੰ ਬਵੰਜਾ ਨੰਬਰ ਘਰ ਮਿਲ ਜਾਂਦਾ ਹੈ। ਮੈਂ ਪਿੱਕ-ਅੱਪ ਦੀ ਕਰੇਨ ਨਾਲ ਇੱਟਾਂ ਤੇ ਰੇਤਾ ਲਾਹੁਣ ਲਗਦਾ ਹਾਂ। ਘਰ ਦਾ ਮਾਲਕ ਜੌਰਜ ਰੈਂਡਲੈਂਡ ਮੇਰੇ ਲਈ ਚੈੱਕ ਲਿਖ ਰਿਹਾ ਹੈ। ਉਸੇ ਵੇਲੇ ਉਹ ਚੀਨਣ ਕੁੜੀ ਵੀ ਗੇਟ ਰਾਹੀਂ ਅੰਦਰ ਆ ਜਾਂਦੀ ਹੈ। ਜੌਰਜ ਰੈਂਡਲੈਂਡ ਉਸ ਵਲ ਦੇਖਦਾ ਪੁੱਛਦਾ ਹੈ, "ਤੂੰ ਓਨੋ ਏਂ?"

"ਹਾਂ।"

"ਮੈਨੂੰ ਮੈਰੀ ਨੇ ਦੱਸਿਆ ਸੀ ਕਿ ਤੂੰ ਆ ਰਹੀ ਏਂ ਪਰ ਉਸ ਨੂੰ ਕਿਧਰੇ ਬਹੁਤ ਜ਼ਰੂਰੀ ਕੰਮ ਜਾਣਾ ਪਿਆ ਏ, ਉਸ ਨੇ ਤੈਨੂੰ ਫੋਨ ਕਰਨ ਦੀ ਬਹੁਤ ਕੋਸ਼ਿਸ਼ ਕੀਤੀ ਪਰ ਤੂੰ ਚੁੱਕਿਆ ਨਹੀਂ।"

"ਕਿਉਂਕਿ ਮੈਂ ਘਰ ਨਹੀਂ ਸਾਂ।"

"ਸੌਰੀ ਓਨੋ! ...ਹੁਣ ਤੈਨੂੰ ਦੁਬਾਰਾ ਮੈਰੀ ਨੂੰ ਫੋਨ ਕਰਕੇ ਐਪੁਆਇੰਟਮੈਂਟ ਬਣਾਉਣੀ ਪਵੇਗੀ।"

ਜੌਰਜ ਰੈਂਡਲੈਂਡ ਕਹਿੰਦਾ ਹੈ ਪਰ ਓਨੋ ਜਵਾਬ ਨਹੀਂ ਦਿੰਦੀ। ਸਾਫ ਹੈ ਕਿ ਉਹ ਗੁੱਸੇ ਵਿਚ ਹੈ। ਉਹ ਜੌਰਜ ਦੀ ਪਤਨੀ ਕੋਲ ਕਿਸੇ ਖਾਸ ਕੰਮ ਆਈ ਹੋਵੇਗੀ ਤੇ ਉਹ ਅਗੋਂ ਘਰ ਨਹੀਂ ਹੈ। ਉਹ ਨੂੰ ਫਜ਼ੂਲ ਵਿਚ ਗੇੜਾ ਪੈ ਗਿਆ ਹੈ। ਇਹ ਇਲਾਕਾ ਵੀ ਅਜਿਹਾ ਹੈ ਕਿ ਨਜ਼ਦੀਕ ਕੋਈ ਬਸ ਸਟੌਪ ਜਾਂ ਰੇਲ ਸਟੇਸ਼ਨ ਵੀ ਨਹੀਂ ਹੈ। ਹੁਣ ਵਿਚਾਰੀ ਮੀਲ ਭਰ ਤੁਰ ਕੇ ਵਾਪਸ ਜਾਵੇਗੀ। ਉਹ ਗੇਟ ਤੋਂ ਬਾਹਰ ਨਿਕਲ ਕੇ ਮੁੜ ਆਪਣੇ ਰਾਹ ਪੈ ਜਾਂਦੀ ਹੈ। ਮੈਂ ਵੀ ਵਿਹਲਾ ਹੋ ਕੇ ਤੁਰ ਪੈਂਦਾ ਹਾਂ। ਇਕ ਵਾਰ ਫਿਰ ਉਸ ਦੇ ਬਰਾਬਰ ਪਿੱਕ-ਅੱਪ ਰੋਕਦਾ ਕਹਿੰਦਾ ਹਾਂ, "ਮਿੱਸ, ਬਸ ਸਟੌਪ ਬਹੁਤ ਦੂਰ ਏ, ਆਜਾ ਉਥੇ ਤਕ ਲਿਫਟ ਦੇ ਦੇਵਾਂ। ਸੱਚ, ਕੋਈ ਪੈਸਾ ਚਾਰਜ ਨਹੀਂ ਕਰਾਂਗਾ।"

ਉਹ ਮੇਰੇ ਵਲ ਦੇਖੇ ਬਿਨਾਂ ਤੁਰਦੀ ਜਾਂਦੀ ਹੈ। ਮੈਂ ਇਕ ਵਾਰ ਹੋਰ ਕੋਸ਼ਿਸ਼ ਕਰਦਿਆਂ ਆਖਦਾ ਹਾਂ,

"ਯਕੀਨ ਜਾਣ, ਮੈਂ ਤੇਰੀ ਮੱਦਦ ਲਈ ਹੀ ਆਖਦਾ ਹਾਂ ਕਿਉਂਕਿ ਬਸ ਸਟੌਪ ਇਥੋਂ ਇਕ ਮੀਲ 'ਤੇ ਏ ਤੇ ਇਹ ਵੀ ਯਕੀਨ ਕਰ ਕਿ ਮੈਂ ਬੁਰਾ ਆਦਮੀ ਨਹੀਂ ਹਾਂ।"

ਉਹ ਮੇਰੇ ਵਲ ਦੇਖਦੀ ਹੈ। ਇਕ ਪਲ ਲਈ ਸੋਚਦੀ ਮੇਰੇ ਵਲ ਤੁਰ ਪੈਂਦੀ ਹੈ। ਮੈਂ ਪਿੱਕ-ਅੱਪ ਦਾ ਦਰਵਾਜ਼ਾ ਖੋਹਲ ਦਿੰਦਾ ਹਾਂ। ਉਹ ਆਪਣਾ ਬੈਗ ਪਹਿਲਾਂ ਅੰਦਰ ਰੱਖਦੀ ਹੈ ਤੇ ਫਿਰ ਆਪ ਆ ਬੈਠਦੀ ਹੈ ਤੇ ਆਹਿਸਤਾ ਜਿਹੇ ਕਹਿੰਦੀ ਹੈ, "ਥੈਕਿਊ।"

"ਮੈਨਸ਼ਨ ਨੌਟ, ...ਮੈਂ ਤਾਂ ਤੇਰਾ ਵਕਤ ਬਚਾਉਣ ਲਈ ਹੀ ਜ਼ੋਰ ਪਾ ਰਿਹਾ ਸਾਂ।"

ਉਹ ਕੁਝ ਨਹੀਂ ਬੋਲਦੀ। ਮੈਂ ਪਿਕ-ਅੱਪ ਤੇਜ਼ ਕਰ ਲੈਂਦਾ ਹਾਂ। ਕੁਝ ਦੇਰ ਬਾਅਦ ਮੈਂ ਪੁੱਛਦਾ ਹਾਂ,

"ਮੈਂ ਸਮਝ ਸਕਦਾਂ ਕਿ ਤੂੰ ਬਹੁਤ ਔਖੀ ਹੋ ਕੇ ਕਿਸੇ ਕੰਮ ਆਈ ਸੈਂ।"

"ਹਾਂ, ਮੈਂ ਮਿਸਜ਼ ਰੈੱਡਲੈਂਡ ਨੂੰ ਮਿਲਣਾ ਸੀ ਪਰ...।"

"ਕਿਥੇ ਰਹਿੰਦੀ ਏਂ, ਮੇਰਾ ਮਤਲਬ ਲੋਕਲ ਹੀ ਕਿ ਕਿਤੇ ਦੂਰ?"

"ਮੈਂ ਈਸਟ ਲੰਡਨ ਰਹਿੰਦੀ ਆਂ।"

"ਉਹ ਤਾਂ ਬਹੁਤ ਦੂਰ ਏ ! ਕਹੇਂ ਤਾਂ ਕਿਸੇ ਅੰਡਰ ਗਰਾਊਂਡ ਤੇ ਛੱਡ ਦੇਵਾਂ?"

"ਨਹੀਂ, ਨਜ਼ਦੀਕਲੇ ਬਸ ਸਟੌਪ ਤੇ ਹੀ ਲਾਹ ਦੇ। ਸ਼ਾਇਦ ਉਥੇ ਮੇਰਾ ਪਤੀ ਮੇਰੀ ਉਡੀਕ ਕਰ ਰਿਹਾ ਹੋਵੇ।"

"ਤੂੰ ਵਿਆਹੀ ਹੋਈ ਏਂ ! ਲਗਦਾ ਨਹੀਂ।"

"ਮੇਰੇ ਤਿੰਨ ਬੱਚੇ ਵੀ ਨੇ।"

ਉਹ ਦਸਦੀ ਹੈ ਤੇ ਮੈਂ ਹੈਰਾਨ ਹੋਣ ਲਗਦਾ ਹਾਂ। ਉਸ ਦਾ ਚਿਹਰਾ ਤਾਂ ਬਹੁਤ ਹੀ ਤਾਜ਼ਗੀ ਨਾਲ ਭਰਿਆ ਹੋਇਆ ਹੈ। ਬੱਚਿਆਂ ਦੀ ਮਾਂ ਤਾਂ ਇਹ ਲਗਦੀ ਹੀ ਨਹੀਂ। ਮੈਂ ਕਹਿੰਦਾ ਹਾਂ,

"ਮੈਂ ਨਹੀਂ ਯਕੀਨ ਕਰਦਾ ਕਿ ਤੂੰ ਤਿੰਨ ਬੱਚਿਆਂ ਦੀ ਮਾਂ ਏਂ, ਤੇਰਾ ਚਿਹਰਾ ਤਾਂ ਕਿਸੇ ਅਲ੍ਹੜ ਕੁੜੀ ਵਾਂਗ ਮਸੂਮ ਏਂ !"

"ਮੈਂ ਆਪਣੇ ਚਿਹਰੇ ਦਾ ਧਿਆਨ ਰੱਖਦੀ ਹਾਂ।"

"ਕੀ ਕੰਮ ਕਰਦੀ ਏਂ।"

"ਮੈਂ ਮਸਾਜ ਸਪੈਸ਼ਲਿਸਟ ਆਂ। ਮਸਾਜ ਦਿੰਦੀ ਆਂ।"

ਉਸ ਦਾ ਇਹ ਕਹਿਣਾ ਮੈਨੂੰ ਝਟਕਾ ਜਿਹਾ ਮਾਰਦਾ ਹੈ। ਹਾਲੇ ਕੁਝ ਦਿਨ ਪਹਿਲਾਂ ਹੀ ਸਾਡੇ ਨਾਲ ਵਾਲੀ ਰੋਡ ਤੇ ਇਕ ਮਸਾਜ ਪਾਰਲਰ ਉਪਰ ਵੇਸਵਾਗਮਨੀ ਦਾ ਅੱਡਾ ਫੜਿਆ ਗਿਆ ਹੈ। ਇਸ ਦਾ ਮਤਲਬ ਇਹ ਵੀ ਕਿਸੇ ਗਲਤ ਕੰਮ ਵਿਚ ਹੀ ਹੋਵੇਗੀ। ਮੈਂ ਸੋਚਣ ਲਗਦਾ ਹਾਂ ਕਿ ਉਸ ਨੂੰ ਲਿਫਟ ਨਹੀਂ ਸੀ ਦੇਣੀ ਚਾਹੀਦੀ। ਮੈਂ ਥੋੜ੍ਹਾ ਚਿਰ ਰੁਕ ਕੇ ਫਿਰ ਪੁੱਛਦਾ ਹਾਂ, "ਕਿੰਨੇ ਪੈਸੇ ਚ ਮਸਾਜ ਕਰਦੀ ਏਂ?"

"ਮੇਰਾ ਬੱਸ ਸਟੌਪ ਆ ਗਿਆ, ਮੈਨੂੰ ਇਥੇ ਹੀ ਲਾਹ ਦੇ।"

ਉਹ ਮੇਰੇ ਸਵਾਲ ਦਾ ਜਵਾਬ ਦਿਤੇ ਬਿਨਾਂ ਆਖਦੀ ਹੈ। ਮੈਂ ਉਸ ਨੂੰ ਲਾਹ ਕੇ ਗੱਡੀ ਭਜਾ ਲੈਂਦਾ ਹਾਂ। ਮੈਨੂੰ ਅਜੀਬ ਜਿਹਾ ਲਗ ਰਿਹਾ ਹੈ ਕਿ ਇਸ ਗਲਤ ਧੰਦੇ ਵਿਚ ਏਨੀ ਮਾਸੂਮ ਕੁੜੀ ਵੀ ਹੋ ਸਕਦੀ ਹੈ। ਮੈਂ ਕਈ ਦਿਨ ਤਕ ਉਸ ਬਾਰੇ ਸੋਚਦਾ ਰਹਿੰਦਾ ਹਾਂ ਪਰ ਛੇਤੀ ਹੀ ਉਹ ਭੁੱਲਣ ਲਗਦੀ ਹੈ।...

'ਮਿਡਲਟਨ ਬਿਲਡਰਜ਼ ਦਾ ਮੈਨੇਜਰ ਐਂਡਰਿਊ ਇਕ ਦਿਨ ਸਾਨੂੰ ਕੁਝ ਕਾਮਿਆਂ ਨੂੰ ਇਕ ਚਿੱਠੀ ਦਿੰਦਾ ਹੈ ਜਿਸ ਵਿਚ ਕੰਪਨੀ ਨਾਲ ਸਾਡੇ ਕੰਟਰੈਕਟ ਦੇ ਖਤਮ ਹੋ ਜਾਣ ਬਾਰੇ ਲਿਖਿਆ ਹੈ। ਇਸ ਕੰਪਨੀ ਵਿਚ ਬਹੁਤੇ ਅਸੀਂ ਆਰਜ਼ੀ ਕਾਮੇ ਹੀ ਹਾਂ। ਸਰਦੀਆਂ ਸ਼ੁਰੂ ਹੋ ਜਾਣ ਕਾਰਨ ਹੁਣ ਉਹਨਾਂ ਨੂੰ ਬਹੁਤੇ ਕਾਮਿਆਂ ਦੀ ਲੋੜ ਨਹੀਂ ਹੈ। ਕੰਮ 'ਤੇ ਲਗਣ ਵੇਲੇ ਮੈਨੂੰ ਪਤਾ ਹੀ ਹੈ ਕਿ ਜਲਦੀ ਹੀ ਇਥੋਂ ਛੁੱਟੀ ਹੋ ਜਾਵੇਗੀ। ਕੋਈ ਹੋਰ ਕੰਮ ਨਾਲ ਮਿਲਣ ਕਰਕੇ ਇਹ ਕੰਮ ਮਨਜ਼ੂਰ ਕਰ ਲਿਆ ਹੈ। ਹੁਣ ਕੰਮ ਤੋਂ ਬਰਖਾਸਤਗੀ ਦਾ ਬਹੁਤਾ ਦੁੱਖ ਨਹੀਂ ਹੈ ਪਰ ਹੋਰ ਕਈ ਕਾਮੇ ਇਸ ਚਿੱਠੀ ਤੋਂ ਬਹੁਤ ਦੁਖੀ ਹਨ। ਖਾਸ ਤੌਰ ਤੇ ਜੌਹਨ। ਉਹ ਆਪਣੇ ਦੁੱਖ ਦਾ ਇਜ਼ਹਾਰ ਕਰਦਾ ਆਖਦਾ ਹੈ,

"ਮੈਂ ਤਾਂ ਸੋਚਦਾ ਸੀ ਕਿ ਪਰਮਾਨੈਂਟ ਕਰ ਦੇਣਗੇ ਪਰ...। ਇਸ ਜੌਬ ਬਿਨਾਂ ਮੇਰੀ ਜ਼ਿੰਦਗੀ ਤਾਂ ਬਹੁਤ ਹੀ ਔਖੀ ਹੋ ਜਾਵੇਗੀ, ਸਰਦੀਆਂ ਵਿਚ ਮੇਰੀ ਪਤਨੀ ਦਾ ਕੰਮ ਵੀ ਨਹੀਂ ਚਲਦਾ ਹੁੰਦਾ, ਲਗਦਾ ਏ ਕਿ ਮੈਨੂੰ ਮੁੜ ਕੇ ਸੋਸ਼ਲ ਸਕਿਉਰਟੀ ਦਾ ਦਰਵਾਜ਼ਾ ਖੜਕਾਉਣਾ ਪਵੇਗਾ।"

"ਤੇਰੀ ਪਤਨੀ ਕੀ ਕੰਮ ਕਰਦੀ ਏ?"

ਮੈਂ ਐਵੇਂ ਹੀ ਪੁੱਛ ਲੈਂਦਾ ਹਾਂ। ਉਹ ਦਸਦਾ ਹੈ,

"ਉਸ ਦਾ ਮਸਾਜ ਪਾਰਲਰ ਏ।"



"ਮਸਾਜ ਪਾਰਲਰ !"

"ਕਿਉਂ, ਹੈਰਾਨ ਕਿਉਂ ਹੋ ਰਿਹਾ ਏਂ?"

"ਮਸਾਜ ਦਾ ਨਾਂ ਜ਼ਰਾ...!"

ਗੱਲ ਕਰਦਾ ਕਰਦਾ ਮੈਂ ਰੁਕ ਜਾਂਦਾ ਹਾਂ। ਉਹ ਹਸਦਾ ਜਿਹਾ ਆਖਦਾ ਹੈ, "ਮੈਨੂੰ ਪਤਾ ਏ ਤੂੰ ਕੀ ਕਹਿਣਾ ਚਾਹੁੰਨਾ ਏਂ। ਮੇਰੀ ਪਤਨੀ ਘਰੋਂ ਹੀ ਕੰਮ ਕਰਦੀ ਏ ਤੇ ਸਿਰਫ ਔਰਤਾਂ ਨੂੰ ਮਸਾਜ ਦਿੰਦੀ ਏ, ਇਹ ਜਿਹੜੇ ਮਸਾਜ ਪਾਰਲਰ ਹਾਈ ਸਟ੍ਰੀਟਸ ਤੇ ਖੁਲ੍ਹੇ ਨੇ ਇਹ ਵੀ ਸਾਰੇ ਹੀ ਗਲਤ ਨਹੀਂ ਪਰ ਲੋਕਾਂ ਨੇ ਮਸਾਜ ਦਾ ਨਾਂ ਬਹੁਤ ਬਦਨਾਮ ਕਰ ਰਖਿਆ ਏ।"

ਮੈਨੂੰ ਚਿੰਕੀ ਦੀ ਯਾਦ ਆਉਣ ਲਗਦੀ ਹੈ ਕਿ ਉਹ ਵੀ ਤਾਂ ਮਿਸਜ਼ ਰੈੱਡਲੈਂਡ ਦਾ ਮਸਾਜ ਕਰਨ ਹੀ ਗਈ ਹੋਵੇਗੀ। ਮੈਂ ਕਹਿੰਦਾ ਹਾਂ,

"ਸੌਰੀ ਜੌਹਨ, ਮੇਰੀ ਗੱਲ ਦੇ ਗਲਤ ਅਰਥ ਨਾ ਕੱਢ ਲਵੀਂ, ਮੈਨੂੰ ਇਸ ਧੰਦੇ ਬਾਰੇ ਬਹੁਤਾ ਨਹੀਂ ਪਤਾ, ਮੈਂ ਤਾਂ ਅਖਬਾਰਾਂ ਦੀਆਂ ਖ਼ਬਰਾਂ ਅਨੁਸਾਰ ਹੀ ਸੋਚਣ ਲਗ ਪਿਆ ਸਾਂ।"

"ਮਸਾਜ ਦੇਣ ਦਾ ਕੰਮ ਤਾਂ ਬਹੁਤ ਹੁਨਰ ਦਾ ਏ, ਜਿਸਮ ਦੇ ਖਾਸ ਖਾਸ ਪੱਠਿਆਂ ਦੀ ਮਾਲਸ਼ ਕਰਕੇ ਜਿਸਮ ਨੂੰ ਅਰਾਮ ਦੇਣਾ ਹੁੰਦਾ ਏ, ਆਮ ਬੰਦੇ ਨੂੰ ਤਾਂ ਏਹਨਾਂ ਪੱਠਿਆਂ ਦੀ ਪਛਾਣ ਵੀ ਨਹੀਂ ਹੁੰਦੀ।"

"ਸੌਰੀ ਜੌਹਨ, ਮੈਂ ਤਾਂ ਇਕ ਦਿਨ ਇਕ ਚੀਨੀ ਕੁੜੀ ਨੂੰ ਕਿਸੇ ਦੇ ਘਰ ਮਸਾਜ ਕਰਨ ਜਾਂਦਿਆਂ ਦੇਖ ਕੇ ਪਤਾ ਨਹੀਂ ਓਹਦੇ ਬਾਰੇ ਕੀ ਸੋਚਦਾ ਰਿਹਾਂ !"

"ਬਹੁਤ ਸਾਰੀਆਂ ਔਰਤਾਂ ਘਰ ਘਰ ਜਾ ਕੇ ਵੀ ਮਸਾਜ ਕਰਦੀਆਂ ਨੇ ਪਰ ਇਸ ਦਾ ਸਦਾ ਹੀ ਕੋਈ ਗਲਤ ਮਤਲਬ ਨਹੀਂ ਹੁੰਦਾ, ਐਂਜਲਾ ਇਹ ਕੰਮ ਘਰੋ ਹੀ ਕਰਦੀ ਏ, ਜੇ ਕੋਈ ਕਲਾਇੰਟ ਉਸ ਕੋਲ ਨਾ ਆ ਸਕੇ ਤਾਂ ਉਹ ਅਜਿਹੇ ਕਲਾਇੰਟ ਓਨੋ ਨੂੰ ਦੇ ਦਿੰਦੀ ਏ।"

"ਓਨੋ ਕੌਣ, ਚਾਈਨੀ ਕੁੜੀ?"

"ਹਾਂ, ਉਹੀ ਯੰਗ ਜਿਹੀ ਕੁੜੀ, ਕਈ ਵਾਰ ਐਂਜਲਾ ਨੂੰ ਮਿਲਣ ਆਇਆ ਕਰਦੀ ਏ।"

"ਜੌਹਨ, ਓਹ ਏਨੀ ਯੰਗ ਵੀ ਨਹੀਂ, ਓਹਦੇ ਤਾਂ ਤਿੰਨ ਬੱਚੇ ਵੀ ਨੇ।"

"ਤਿੰਨ ਬੱਚੇ !"

ਆਖਦਾ ਜੌਹਨ ਹੱਸਣ ਲਗਦਾ ਹੈ। ਫਿਰ ਆਖਦਾ ਹੈ,

"ਮੈਨੂੰ ਨਹੀਂ ਲਗਦਾ ਕਿ ਉਹ ਵਿਆਹੀ ਹੋਈ ਏ, ਉਹ ਤਾਂ ਕਈ ਵਾਰ ਪੂਰਾ ਦਿਨ ਐਂਜਲਾ ਕੋਲ ਬੈਠੀ ਰਹਿੰਦੀ ਏ ਜੇ ਪਤੀ ਜਾਂ ਬੱਚੇ ਹੁੰਦੇ ਤਾਂ ਏਨਾ ਟਾਈਮ ਨਾ ਕੱਢ ਸਕਦੀ। ...ਕਿਤੇ ਇਹ ਤਾਂ ਨਹੀਂ ਕਿ ਤੂੰ ਓਹਦੇ ਮਗਰ ਫਿਰਦਾ ਹੋਵੇਂ ਤਾਂ ਉਸ ਨੇ ਤੈਨੂੰ ਗਲੋਂ ਲਾਹੁਣ ਲਈ ਇਹ ਕਹਿ ਦਿਤਾ ਹੋਵੇ।"

ਮੈਨੂੰ ਓਨੋ ਦੀ ਚਾਲ ਉਪਰ ਹਾਸਾ ਵੀ ਆਉਣ ਲਗਦਾ ਹੈ ਤੇ ਜ਼ਰਾ ਕੁ ਹਿਰਖ ਵੀ। ਜੌਹਨ ਇਹ ਵੀ ਦਸਦਾ ਹੈ ਕਿ ਉਹ ਪੂਰਬੀ ਲੰਡਨ ਨਹੀਂ ਰਹਿੰਦੀ ਇਥੇ ਹੀ ਉਤਰੀ ਲੰਡਨ ਵਿਚ ਕਿਤੇ ਰਹਿੰਦੀ ਹੈ।...

ਹੁਣ ਓਨੋ ਮੈਨੂੰ ਅਕਸਰ ਯਾਦ ਆਉਣ ਲਗਦੀ ਹੈ। ਅਸਲ ਵਿਚ ਇਹਨਾਂ ਦਿਨਾਂ ਵਿਚ ਮੈਂ ਕਿਸੇ ਕੁੜੀ-ਮਿੱਤਰ ਦੀ ਭਾਲ ਵਿਚ ਹਾਂ। ਐਨੀਆਂ ਨਾਲ ਮੇਰੀ ਦੋਸਤੀ ਹਾਲੇ ਚੱਲ ਰਹੀ ਹੈ ਪਰ ਐਡਵੀਨਾ ਤੋਂ ਬਾਅਦ ਐਨੀਆਂ ਵਿਚ ਮੈਨੂੰ ਉਹ ਖਿੱਚ ਨਹੀਂ ਦਿਸਦੀ। ਊਸ਼ਾ, ਜੋ ਕੁਝ ਦੇਰ ਲਈ ਮੇਰੇ ਘਰ ਕਿਰਾਏਦਾਰ ਬਣ ਕੇ ਆਈ ਹੈ, ਵੀ ਹੁਣ ਜਾ ਚੁੱਕੀ ਹੈ। ਪਿਛਲੇ ਦੋ ਦੋ ਕੁ ਸਾਲ ਵਿਚ ਔਰਤਾਂ ਦੇ ਏਨੇ ਨੇੜ ਨੇ ਮੇਰੀ ਆਦਤ ਵਿਗਾੜ ਦਿਤੀ ਹੈ। ਹੁਣ ਮੈਨੂੰ ਹਰ ਵੇਲੇ ਕਿਸੇ ਦਾ ਸਾਥ ਚਾਹੀਦਾ ਹੈ। ਜਦ ਕਦੇ ਇਕੱਲਾ ਹੋਵਾਂ ਤਾਂ ਬਹੁਤ ਇਕੱਲ ਮਹਿਸੂਸ ਕਰਨ ਲਗਦਾ ਹਾਂ।

ਜਿੰਨਾ ਚਿਰ ਮੈਂ ਜਗੀਰੋ ਨਾਲ ਵਿਆਹਿਆ ਰਿਹਾ ਹਾਂ ਮੈਂ ਕਦੇ ਵੀ ਕਿਸੇ ਹੋਰ ਔਰਤ ਬਾਰੇ ਨਹੀਂ ਸੋਚਿਆ ਪਰ ਹੁਣ ਇਕੱਲ ਮੇਰੇ ਲਈ ਬੋਝਲ ਹੋਣ ਲਗਦੀ ਹੈ। ਬੇਸ਼ੱਕ ਐਨੀਆਂ ਨਾਲ ਮੇਰੇ ਹਾਲੇ ਮੇਰੀ ਦੋਸਤੀ ਬਰਕਾਰ ਹੈ ਪਰ ਐਡਵੀਨਾ ਦੇ ਸਾਥ ਤੋਂ ਬਾਅਦ ਐਨੀਆਂ ਢਿੱਲੜ ਜਿਹੀ ਜਾਪ ਰਹੀ ਹੈ। ਫਿਰ

ਵੀ ਮੈਂ ਕਈ ਵਾਰ ਐਨੀਆਂ ਵਲ ਚਲੇ ਜਾਇਆ ਕਰਦਾ ਹਾਂ। ਐਨੀਆਂ ਬਹੁਤਾ ਨਾ-ਮਿਲਣ ਕਾਰਨ ਕੁਝ ਰੋਸੇ ਜਿਹੇ ਕਰਕੇ ਜਲਦੀ ਹੀ ਮੰਨ ਜਾਇਆ ਕਰਦੀ ਹੈ।...

ਇਕ ਦਿਨ ਆਰਚਵੇਅ ਰੋਡ ਉਪਰ ਦੀ ਲੰਘਦਿਆਂ ਮੈਂ ਦੇਖਦਾ ਹਾਂ ਕਿ ਓਨੋ ਬਸ ਸਟੌਪ 'ਤੇ ਖੜੀ ਹੈ। ਮੈਂ ਕਾਰ ਰੋਕਦਾ ਹਾਂ ਤੇ ਉਤਰ ਕੇ ਉਸ ਕੋਲ ਜਾਂਦਾ ਹਾਂ ਤੇ ਆਖਦਾ ਹਾਂ,

"ਸੁਹਣੀਏਂ, ਆ ਜਾ ਤੈਨੂੰ ਲਿਫਟ ਦੇ ਦਿੰਨਾਂ, ਜਿਥੇ ਜਾਣਾ ਛੱਡ ਦਿੰਨਾਂ।"

"ਥੈਂਕਿਊ, ਮੈਂ ਠੀਕ ਆਂ।"

"ਤੂੰ ਠੀਕ ਨਹੀਂ, ਦੇਖ ਮੌਸਮ ਕਿੰਨਾ ਖਰਾਬ ਏ ਤੇ ਕਿਸੇ ਗੱਲੋਂ ਪਿੱਛੇ ਬੱਸਾਂ ਰੁਕੀਆਂ ਹੋਈਆਂ ਨੇ, ਆ ਜਾ, ਕਿਤੇ ਨਜ਼ਦੀਕ ਜਾਣਾ ਏਂ ਤਾਂ ਮੈਂ ਛੱਡ ਦੇਵਾਂਗਾ।"

ਓਨੋ ਸੋਚਾਂ ਵਿਚ ਪੈ ਜਾਂਦੀ ਹੈ। ਮੈਂ ਇਕ ਵਾਰ ਫਿਰ ਆਖਦਾ ਹਾਂ ਤਾਂ ਮੇਰੇ ਨਾਲ ਤੁਰ ਪੈਂਦੀ ਹੈ। ਮੈਂ ਕਾਰ ਦਾ ਦਰਵਾਜ਼ਾ ਖੋਹਲਦਾ ਪੁੱਛਦਾ ਹਾਂ, "ਕਿਥੇ ਜਾਣਾ ਏਂ?"

"ਤੂੰ ਮੈਨੂੰ ਜੰਕਸ਼ਨ ਰੋਡ 'ਤੇ ਛੱਡ ਦੇ।"

ਉਹ ਕਾਰ ਵਿਚ ਬੈਠਦੀ ਹੈ। ਇਕ ਨਵੀਂ ਖੁਸ਼ਬੋ ਕਾਰ ਵਿਚ ਫੈਲ ਜਾਂਦੀ ਹੈ। ਕੁਝ ਦੇਰ ਚੱਲ ਕੇ ਮੈਂ ਪੁੱਛਦਾ ਹਾਂ, "ਮਸਾਜ ਕਰਨ ਦੇ ਕਿੰਨੇ ਪੈਸੇ ਚਾਰਜ ਕਰਦੀ ਏਂ?"

"ਮੈਂ ਮਰਦਾਂ ਦਾ ਮਸਾਜ ਨਹੀਂ ਕਰਦੀ, ਸਿਰਫ ਔਰਤਾਂ ਹੀ ਕਲਾਇੰਟ ਨੇ ਮੇਰੀਆਂ।"

"ਠੀਕ ਏ ਪਰ ਕੋਈ ਰੇਟ ਤਾਂ ਹੋਏਗਾ ਈ!"

"ਵੱਖ ਵੱਖ ਰੇਟ ਹੁੰਦੇ ਨੇ, ਹੈੱਡ ਮਸਾਜ, ਲੈੱਗਜ਼ ਮਸਾਜ, ਫੁੱਲ ਬੌਡੀ ਮਸਾਜ।"

"ਬਦਕਿਸਮਤੀ ਨਾਲ ਮੇਰੇ ਆਲੇ ਦੁਆਲੇ ਕੋਈ ਔਰਤ ਨਹੀਂ ਏ, ਮੈਂ ਬਿਲਕੁਲ ਇਕੱਲਾ ਹਾਂ ਨਹੀਂ ਤਾਂ ਤੈਨੂੰ ਜ਼ਰੂਰ ਬਿਜਨਿਸ ਦਵਾ ਦਿੰਦਾ।"

"ਥੈਂਕਿਊ।"

"ਤੇਰਾ ਨਾਂ ਕੀ ਏ?"

"ਤੂੰ ਕੀ ਲੈਣਾਂ ਮੇਰੇ ਨਾਂ ਤੋਂ?"

"ਆਪਾਂ ਦੋ ਵਾਰ ਮਿਲੇ ਆਂ ਜਦ ਤੀਜੀ ਵਾਰ ਮਿਲਾਂਗੇ ਤਾਂ ਮੈਂ ਤੈਨੂੰ ਕੀ ਕਹਿ ਕੇ ਬੁਲਾਵਾਂ?"

"ਇਹਦੀ ਲੋੜ ਨਹੀਂ ਪਵੇਗੀ, ਮੇਰਾ ਹਸਬੈਂਡ ਲੀ ਅਜਿਹੀਆਂ ਗੱਲਾਂ ਪਸੰਦ ਨਹੀਂ ਕਰਦਾ।"

"ਤੇਰੇ ਤਿੰਨ ਬੱਚੇ ਵੀ ਪਸੰਦ ਨਹੀਂ ਕਰਦੇ ਹੋਣਗੇ, ਕਿਉਂ ਓਨੋ?"

ਉਹ ਹੈਰਾਨ ਹੁੰਦੀ ਮੇਰੇ ਵਲ ਦੇਖਣ ਲਗਦੀ ਹੈ ਤੇ ਕਹਿੰਦੀ ਹੈ,

"ਬਸ, ਤੂੰ ਮੈਨੂੰ ਏਥੇ ਹੀ ਲਾਹ ਦੇ।"

"ਇਹ ਤਾਂ ਜੰਕਸ਼ਨ ਰੋਡ ਨਹੀਂ।"

"ਇਥੋਂ ਮੈਂ ਤੁਰ ਕੇ ਚਲੇ ਜਾਵਾਂਗੀ।"

"ਓਨੋ, ਘਬਰਾ ਨਾ, ਮੈਨੂੰ ਤੇਰੇ ਵਿਚ ਦਿਲਚਸਪੀ ਜ਼ਰੂਰ ਏ ਪਰ...।"

ਮੈਂ ਆਪਣੀ ਗੱਲ ਅਧੂਰੀ ਛੱਡ ਦਿੰਦਾ ਹਾਂ। ਜਦ ਉਹ ਉਤਰਨ ਲਗਦੀ ਹੈ ਤਾਂ ਮੈਂ ਪੁੱਛਦਾ ਹਾਂ,

"ਓਨੋ, ਕੀ ਕਦੇ ਮੈਂ ਤੇਰੇ ਨਾਲ ਬੈਠ ਕੇ ਚਾਹ ਪੀ ਸਕਦਾਂ?"

"ਕਿਉਂ?"

"ਦੇਖ ਠੰਡ ਕਿੰਨੀ ਏਂ, ਅਜਿਹੇ ਮੌਸਮ ਵਿਚ ਚਾਹ ਪੀਣੀ ਚੰਗੀ ਹੁੰਦੀ ਏ।"

ਉਹ ਕੁਝ ਨਹੀਂ ਬੋਲਦੀ ਤੇ ਤੁਰ ਪੈਂਦੀ ਹੈ। ਮੈਂ ਉੱਚੀ ਅਵਾਜ਼ ਵਿਚ ਆਖਦਾ ਹਾਂ,

"ਤੇਰਾ ਫੋਨ ਨੰਬਰ?"

ਉਹ ਕੁਝ ਬੋਲੇ ਬਿਨਾਂ ਚਲੇ ਜਾਂਦੀ ਹੈ। ਮੈਨੂੰ ਗੁੱਸਾ ਆ ਰਿਹਾ ਹੈ ਕਿ ਇਹ ਤਾਂ ਬਹੁਤ ਹੀ ਆਕੜਕੰਨੀ ਹੈ।...

ਹਫਤੇ ਕੁ ਬਾਅਦ ਉਹ ਮੈਨੂੰ ਹਾਈ ਸਟ੍ਰੀਟ ਉਪਰ ਮਿਲ ਪੈਂਦੀ ਹੈ। ਮੈਨੂੰ ਦੇਖ ਕੇ ਉਹ ਜ਼ਰਾ ਕੁ



ਮਸਕ੍ਰਾਉਂਦੀ ਹੈ। ਨੇੜੇ ਆ ਕੇ ਆਖਦੀ ਹੈ,

"ਤੂੰ ਮੇਰਾ ਪਿੱਛਾ ਕਿਉਂ ਨਹੀਂ ਛੱਡ ਰਿਹਾ ਆ?"

"ਓਨੋ, ਕੌਫੀ ਪਿਲਾ ਦੇ ਛੱਡ ਦੇਵਾਂਗਾ।"

"ਸੱਚ ਬੋਲ ਰਿਹਾ ਏਂ?"

"ਤੇਰੀ ਸੌਂਹ!"

ਅਸੀਂ ਦੋਨੋਂ ਹੀ ਸਟੇਸ਼ਨ ਵਿਚਲੇ ਕੈਫੇਟੇਰੀਆ ਵਿਚ ਜਾ ਬਹਿੰਦੇ ਹਾਂ। ਉਹ ਬਲੈਕ ਕਾਫੀ ਲੈਂਦੀ ਹੈ ਤੇ ਮੈਂ ਮਿਲਕ ਵਾਲੀ। ਉਹ ਪੁੱਛਦੀ ਹੈ, "ਤੂੰ ਮੇਰਾ ਏਨਾ ਪਿੱਛਾ ਕਿਉਂ ਕਰ ਰਿਹਾ ਏਂ?"

"ਮੈਂ ਤੇਰਾ ਪਿੱਛਾ ਨਹੀਂ ਕਰ ਰਿਹਾ, ਬਸ ਇਤਫਾਕ ਏ ਪਰ ਵੈਸੇ ਮੈਂ ਤੈਨੂੰ ਬਹੁਤ ਪਸੰਦ ਕਰਦਾਂ।"

"ਮੇਰੇ ਵਿਚ ਪਸੰਦ ਕਰਨ ਵਾਲੀ ਕਿਹੜੀ ਗੱਲ ਏ?"

"ਇਹ ਤਾਂ ਮੈਨੂੰ ਨਹੀਂ ਪਤਾ ਪਰ ਮੈਨੂੰ ਤੇਰੇ ਵਿਚ ਕੋਈ ਅਜਿਹੀ ਖਿੱਚ ਜ਼ਰੂਰ ਦਿਸਦੀ ਏ ਜੋ ਮੈਨੂੰ ਤੇਰੇ ਵਲ ਤੋਰਦੀ ਏ।"

"ਹਰ ਔਰਤ ਲਈ ਤੇਰਾ ਇਹੀ ਡਾਇਲਾਗ ਹੁੰਦਾ ਹੋਏਗਾ।"

ਉਹ ਹਸਦੀ ਹੋਈ ਆਖਦੀ ਹੈ। ਮੈਂ ਕਹਿੰਦਾ ਹਾਂ, "ਨਹੀਂ ਓਨੋ, ਤੇਰੇ ਵਿਚ ਕੋਈ ਖਾਸ ਗੱਲ ਜ਼ਰੂਰ ਏ।"

"ਸਭ ਫਜ਼ੂਲ ਤੇ ਬਣਾਈਆਂ ਹੋਈਆਂ ਗੱਲਾਂ ਨੇ, ਖਿੱਚ-ਪਿਆਰ ਨੂੰ ਮੈਂ ਬਹੁਤੀ ਅਹਿਮੀਅਤ ਨਹੀਂ ਦਿੰਦੀ, ਇਹ ਬਹੁਤ ਛੋਟੀਆਂ ਚੀਜ਼ਾਂ ਨੇ।"

"ਹੋ ਸਕਦਾ ਏ ਪਰ ਮੈਂ ਏਹਦੇ ਬਾਰੇ ਬਹੁਤਾ ਨਹੀਂ ਸੋਚਦਾ, ਮੈਂ ਤਾਂ ਜਿਵੇਂ ਮੈਂ ਮਹਿਸੂਸ ਕਰ ਰਿਹਾਂ, ਦਸ ਰਿਹਾਂ।"

"ਤੇਰੇ ਕੋਲ ਹਾਲੇ ਤਕ ਕੋਈ ਗ੍ਰਲ-ਫ੍ਰੈਂਡ ਵੀ ਨਹੀਂ?"

"ਨਹੀਂ।"

"ਤੇਰੀ ਉਮਰ ਦੇ ਮੁੰਡੇ ਤਾਂ ਵਿਆਹੇ ਹੋਏ ਹੁੰਦੇ ਨੇ।"

"ਮੇਰਾ ਵੀ ਵਿਆਹ ਹੋਇਆ ਸੀ ਸੰਖੇਪ ਜਿਹਾ ਤੇ ਬਸ।"

"ਫਿਰ?"

"ਫਿਰ ਕੀ, ਵਿਆਹ ਟੁੱਟ ਗਿਆ ਤੇ ਸਭ ਖਤਮ। ਹੁਣ ਮੈਂ ਇਕੱਲਾਂ, ਬਹੁਤ ਇਕੱਲਾ।"

"ਇਕੱਲਾ ਏਂ ਤਾਂ ਕੋਈ ਗ੍ਰਲ-ਫ੍ਰੈਂਡ ਲਭ ਲੈ।"

"ਇਸੇ ਤਲਾਸ਼ ਵਿਚ ਹੀ ਨਿਕਲਿਆ ਸਾਂ ਕਿ ਸਾਹਮਣੇ ਤੂੰ ਆ ਗਈ।"

ਮੈਂ ਕਹਿੰਦਾ ਹਾਂ। ਉਹ ਚੁੱਪ ਕਰਕੇ ਬਾਹਰ ਤੁਰੇ ਫਿਰਦੇ ਲੋਕਾਂ ਨੂੰ ਦੇਖਣ ਲਗ ਪੈਂਦੀ ਹੈ। ਫਿਰ ਕਹਿਣ ਲਗਦੀ ਹੈ,

"ਦੇਖ, ਮੈਂ ਤੇਰੇ ਨਾਲ ਕੋਈ ਸਬੰਧ ਨਹੀਂ ਬਣਾਉਣਾ ਚਾਹੁੰਦੀ, ...ਮੈਂ ਬੁਆਏ-ਫ੍ਰੈਂਡ ਨਹੀਂ ਰੱਖ ਸਕਦੀ।"

"ਕਿਉਂ, ਤੂੰ ਠੀਕ ਨਹੀਂ?"

ਮੈਂ ਆਖਦਾ ਹਾਂ। ਉਹ ਉੱਚੀ ਦੇਣੀ ਹੱਸਦੀ ਹੈ ਤੇ ਬੋਲਦੀ ਹੈ, "ਅਜਿਹੀ ਗੱਲ ਨਹੀਂ। ...ਕੀ ਨਾਂ ਏ ਤੇਰਾ?"

"ਜੋ।"

"ਇਹ ਕੀ ਹੋਇਆ, ਜੋ! ਇਹ ਤਾਂ ਕੋਈ ਇੰਡੀਅਨ ਨਾਂ ਨਹੀਂ, ਮੈਂ ਤਾਂ ਬਹੁਤ ਸਾਰੇ ਇੰਡੀਅਨ ਲੋਕਾਂ ਨੂੰ ਜਾਣਦੀ ਹਾਂ। ਤੂੰ ਹਿੰਦੂ ਏਂ ਕਿ ਮੁਸਲਮਾਨ?"

"ਸਿੱਖ।"

"ਫਿਰ ਤਾਂ ਤੇਰਾ ਇਹ ਨਾਂ ਬਿਲਕੁਲ ਨਹੀਂ ਹੋ ਸਕਦਾ।"

"ਓਨੋ, ਨਾਂ ਵਿਚ ਕੀ ਪਿਆ ਏ!"

"ਹਾਂ, ਇਹ ਵੀ ਠੀਕ ਏ। ...ਤੇਰੀ ਪਤਨੀ ਕਿਉਂ ਛੱਡ ਗਈ?"

"ਉਹਦੀ ਬ੍ਰੈਸਟ-ਬੋਨ ਖਰਾਬ ਹੋ ਗਈ ਸੀ ਤੇ ਕਹਿੰਦੀ ਕਿ ਹੁਣ ਉਹ ਕਿਸੇ ਬੰਦੇ ਨਾਲ ਨਹੀਂ ਰਹਿ ਸਕਦੀ।"

"ਬ੍ਰੈਸਟ-ਬੋਨ! ...ਕੀ ਮਤਲਬ ਤੇਰਾ? ...ਕਿਤੇ ਤੂੰ ਬ੍ਰੈਸਟ ਕੈਂਸਰ ਤਾਂ ਨਹੀਂ ਕਹਿਣਾ ਚਾਹੁੰਦਾ?"

"ਨਹੀਂ ਨਹੀਂ, ਉਹ ਕਹਿੰਦੀ ਸੀ ਕਿ ਉਸ ਦੀ ਬ੍ਰੈਸਟ ਵਿਚਲੀ ਹੱਡੀ ਕੱਢਣੀ ਪੈਣੀ ਏਂ ਤੇ ਏਸ ਲਈ ਉਹ ਹੁਣ ਮੇਰੇ ਨਾਲ ਨਹੀਂ ਰਹਿ ਸਕਦੀ।"

"ਜੋ, ਤੂੰ ਏਨਾ ਭੋਲਾ ਏਂ ਕਿ ਜਾਣ ਕੇ ਬਣ ਰਿਹਾ ਏਂ?"

"ਓਨੋ, ਏਹਦੇ ਵਿਚ ਭੋਲੇ ਹੋਣ ਵਾਲੀ ਕਿਹੜੀ ਗੱਲ ਏ, ਜੋ ਕੁਝ ਉਸ ਨੇ ਕਿਹਾ ਮੈਂ ਤੈਨੂੰ ਦੱਸ ਦਿਤਾ।"

"ਤੂੰ ਓਹਦਾ ਹਸਬੈਂਡ ਸੈਂ, ਉਹਦੇ ਨਾਲ ਰਹਿੰਦਾ ਸੈਂ, ਤੈਨੂੰ ਏਨਾ ਵੀ ਨਹੀਂ ਪਤਾ ਕਿ ...!"

ਉਹ ਗੱਲ ਕਰਦੀ ਚੁੱਪ ਕਰ ਜਾਂਦੀ ਹੈ। ਆਪਣੀ ਕਾਫੀ ਦਾ ਆਖਰੀ ਘੁੱਟ ਭਰਦੀ ਕਹਿੰਦੀ ਹੈ,

"ਓ ਕੇ ਜੋ, ਮੈਂ ਹੁਣ ਚਲਦੀ ਆਂ। ਸਾਥ ਦੇਣ ਲਈ ਸ਼ੁਕਰੀਆ। ਤੇਰੇ ਨਾਲ ਗੱਲਾਂ ਕਰਨੀਆਂ ਠੀਕ ਲਗਿਆ।"

"ਜੇ ਠੀਕ ਲਗਿਆ ਤਾਂ ਆਪਣਾ ਫੋਨ ਨੰਬਰ ਦੇ ਜਾਹ।"

"ਕਿਉਂ?"

"ਤਾਂ ਜੋ ਦੁਬਾਰਾ ਫਿਰ ਗੱਲਾਂ ਕਰ ਸਕੀਏ।"

"ਏਹਦੀ ਲੋੜ ਨਹੀਂ ਪੈਣੀ, ਜੇ ਹੋਇਆ ਤਾਂ ਏਵੇਂ ਹੀ ਫਿਰ ਕਦੇ ਮਿਲ ਲਵਾਂਗੇ।"

ਆਖਦੀ ਉਹ ਤੁਰ ਜਾਂਦੀ ਹੈ। ਮੈਂ ਹੱਥ ਮਲ਼ਦਾ ਰਹਿ ਜਾਂਦਾ ਹਾਂ ਪਰ ਉਸ ਨਾਲ ਇਵੇਂ ਬੈਠਣਾ ਮੈਨੂੰ ਚੰਗਾ ਲਗਦਾ ਹੈ। ਉਸ ਦਾ 'ਡੀ ਨੂੰ 'ਦੀ ਬੋਲਣਾ ਤੇ 'ਟੀ ਨੂੰ 'ਤੀ ਉਚਰਨਾ ਮੈਨੂੰ ਬਹੁਤ ਪਸੰਦ ਆਉਂਦਾ ਹੈ।...

ਉਸ ਦਿਨ ਤੋਂ ਬਾਅਦ ਮੈਨੂੰ ਜਾਪਦਾ ਹੈ ਕਿ ਮੇਰੀ ਤਾਂ ਮੰਜ਼ਿਲ ਹੀ ਓਨੋ ਹੈ। ਮੈਂ ਹਾਈ ਸਟ੍ਰੀਟ ਦੇ ਅਕਸਰ ਚਕਰ ਲਗਾਉਣ ਲਗਦਾ ਹਾਂ। ਮੈਨੂੰ ਪਤਾ ਹੈ ਕਿ ਉਹ ਇਥੋਂ ਹੀ ਘਰ ਦੀ ਸ਼ੌਪਿੰਗ ਕਰਦੀ ਹੋਵੇਗੀ। ਉਸ ਦਿਨ ਵੀ ਉਸ ਦੇ ਹੱਥ ਵਿਚ ਰਸੋਈ ਦੀ ਵਰਤੋਂ ਦੇ ਸਮਾਨ ਦਾ ਭਰਿਆ ਬੈਗ ਸੀ। ਮੇਰੇ ਕੋਲ ਆਪਣੇ ਪੁਰਾਣੇ ਸਹਿਕਾਮੇ ਜੌਹਨ ਦਾ ਨੰਬਰ ਵੀ ਨਹੀਂ ਹੈ ਨਹੀਂ ਤਾਂ ਉਸ ਤੋਂ ਹੀ ਓਨੋ ਦਾ ਪਤਾ-ਟਿਕਾਣਾ ਪੁੱਛ ਲੈਂਦਾ।...

ਇਹ ਦਿਨ ਮੇਰੇ ਲਈ ਬੋਰੀਅਤ ਭਰੇ ਹਨ। ਕੰਮ ਮੇਰੇ ਕੋਲ ਕੋਈ ਹੈ ਨਹੀਂ। ਇੰਡੀਆ ਜਾਣਾ ਚਾਹੁੰਦਾ ਹਾਂ ਤਾਂ ਜੋ ਵਿਆਹ ਕਰਾ ਲਵਾਂ ਪਰ ਮੈਂ ਬ੍ਰਿਟਿਸ਼ ਸ਼ਹਿਰੀਅਤ ਲਈ ਅਪਲਾਈ ਕੀਤਾ ਹੋਣ ਕਰਕੇ ਮੇਰਾ ਪਾਸਪੋਰਟ ਹੋਮ-ਆਫਿਸ ਵਿਚ ਪਿਆ ਹੈ। ਇਨਕੁਆਰੀ ਕੀਤੀ 'ਤੇ ਪਤਾ ਚਲਦਾ ਹੈ ਕਿ ਹਾਲੇ ਕੁਝ ਮਹੀਨੇ ਹੋਰ ਲਗ ਜਾਣੇ ਹਨ। ਏਨੇ ਚਿਰ ਲਈ ਮੈਨੂੰ ਓਨੋ ਵਰਗੀ ਕੁੜੀ ਦਾ ਸਾਥ ਜ਼ਰੂਰੀ ਹੈ। ਇਕ ਦਿਨ ਉਹ ਫਿਰ ਹਾਈ ਸਟ੍ਰੀਟ ਵਿਚ ਮੈਨੂੰ ਦਿਸ ਪੈਂਦੀ ਹੈ। ਮੈਂ ਹਾਰਨ ਵਜਾ ਕੇ ਉਸ ਦਾ ਧਿਆਨ ਖਿਚਦਾ ਹਾਂ। ਉਹ ਮੇਰੇ ਵਲ ਦੇਖਦੀ ਹੈ। ਮੈਂ ਇਸ਼ਾਰਾ ਕਰ ਕੇ ਉਸ ਨੂੰ ਸੱਦ ਲੈਂਦਾ ਹਾਂ ਤੇ ਕਾਰ ਦਾ ਬੂਹਾ ਖੋਹਲ ਦਿੰਦਾ ਹਾਂ। ਉਹ ਕਾਰ ਵਿਚ ਬੈਠਦੀ ਆਖਦੀ ਹੈ, "ਤੂੰ ਮੇਰਾ ਪਿੱਛਾ ਕਰਨੋਂ ਨਹੀਂ ਹਟਿਆ ਨਾ!"

"ਨਹੀਂ ਓਨੋ, ਅਜ ਵੀ ਆਪਣਾ ਮਿਲਣਾ ਇਕ ਇਤਫਾਕ ਹੀ ਏ।"

"ਝੂਠ ਬੋਲ ਰਿਹਾ ਏਂ, ਮੈਂ ਤੈਨੂੰ ਕਿੰਨੀ ਵਾਰ ਤਾਂ ਏਥੇ ਘੁੰਮਦੇ ਨੂੰ ਦੇਖਿਆ ਏ।"

"ਓਨੋ, ਬਿਲਕੁਲ ਮੈਂ ਤੇਰੀ ਤਲਾਸ਼ ਵਿਚ ਚਾਰੇ ਪਾਸੇ ਘੁੰਮਦਾ ਫਿਰਦਾਂ, ਹੁਣ ਤੂੰ ਆਪ ਹੀ ਸਮਝ ਲੈ ਕਿ ਮੈਂ ਤੈਨੂੰ ਕਿੰਨਾ ਚਾਹੁੰਨਾਂ।"

"ਤੈਨੂੰ ਦਸਿਆ ਕਿ ਮੈਂ ਏਹੋ ਜਿਹੇ ਕਿਸੇ ਚੱਕਰ ਵਿਚ ਨਹੀਂ ਪੈ ਸਕਦੀ।"

"ਪਰ ਕਿਉਂ?"



"ਕਿਉਂਕਿ ਮੇਰੀ ਜ਼ਿੰਦਗੀ ਦਾ ਨਿਸ਼ਾਨਾ ਕਿਸੇ ਮਰਦ ਨਾਲ ਸਬੰਧ ਬਣਾ ਕੇ ਵਕਤ ਖਰਾਬ ਕਰਨਾ ਨਹੀਂ ਏ।"

"ਕੀ ਨਿਸ਼ਾਨਾ ਏਂ ਤੇਰਾ? ਕੋਈ ਵੱਡਾ ਵਿਓਪਾਰ ਕਰਨਾ ਚਾਹੁੰਦੀ ਏਂ ਜਾਂ ਕੋਈ ਵੱਡੀ ਨੌਕਰੀ? ਕੀ ਇਕ ਦਿਨ ਵਿਆਹ ਕਰਾ ਕੇ ਸੈੱਟਲ ਹੋਣਾ ਨਿਸ਼ਾਨਾ ਨਹੀਂ ਤੇਰਾ, ਬਾਕੀ ਸਾਰੀ ਦੁਨੀਆਂ ਦੇ ਮੁੰਡੇ-ਕੁੜੀਆਂ ਵਾਂਗ?"

"ਬਿਲਕੁਲ ਇਹੋ ਨਿਸ਼ਾਨਾ ਏਂ ਮੇਰਾ ਪਰ ਮੈਂ ਕਿਸੇ ਤਰ੍ਹਾਂ ਦੇ ਆਰਜ਼ੀ ਸਬੰਧਾਂ ਵਿਚ ਨਹੀਂ ਫਸਣਾ ਚਾਹੁੰਦੀ। ਜਦ ਤੁਸੀਂ ਕਿਸੇ ਦੇ ਨੇੜੇ ਜਾਂਦੇ ਹੋ ਤਾਂ ਭਾਵੁਕ ਤੌਰ ਤੇ ਜੁੜ ਜਾਂਦੇ ਹੋ ਤੇ ਜਦ ਫਿਰ ਦੂਰ ਹੋਣਾ ਪੈਂਦਾ ਏ ਤਾਂ ਤੁਹਾਡੇ ਅੰਦਰ ਜੋ ਟੁੱਟ-ਭੱਜ ਹੁੰਦੀ ਏ ਉਹ ਸਾਰੀ ਉਮਰ ਤੁਹਾਡਾ ਪਿੱਛਾ ਕਰਦੀ ਏ, ਸੋ ਮੈਂ ਪਹਿਲਾਂ ਹੀ ਕਿਸੇ ਚੱਕਰ ਵਿਚ ਕਿਉਂ ਫਸਾਂ, ਜਦ ਕਿਸੇ ਨਾਲ ਰਿਸ਼ਤਾ ਜੋੜਾਂਗੀ ਤਾਂ ਵਿਆਹ ਕਰਾਉਣ ਦੇ ਮਕਸਦ ਨਾਲ ਹੀ ਜੋੜਾਂਗੀ।"

ਉਸ ਦੀ ਗੱਲ ਸਾਫ ਹੈ ਕਿ ਜੇ ਮੈਂ ਵਿਆਹ ਕਰਾਉਣਾ ਹੈ ਤਾਂ ਹੀ ਉਹ ਕਦਮ ਅਗੇ ਵਧਾਏਗੀ। ਮੇਰੇ ਲਈ ਇਹ ਅਸੰਭਵ ਹੈ। ਮੈਂ ਤਾਂ ਵਿਆਹ ਕਿਸੇ ਆਪਣੇ ਰੰਗ-ਜ਼ਾਤ ਵਿਚ ਕਰਾਉਣਾ ਹੈ ਪਰ ਜੇ ਇਹ ਗੱਲ ਮੈਂ ਉਸ ਨੂੰ ਦੱਸਾਂਗਾ ਤਾਂ ਮੈਨੂੰ ਨਸਲਵਾਦੀ ਕਹਿਣ ਲਗੇਗੀ। ਸ਼ਾਇਦ ਇਹ ਵੀ ਕਹਿ ਦੇਵੇ ਕਿ ਦੂਸਰੇ ਵਿਅਕਤੀ ਉਪਰ ਨਸਲਵਾਦੀ ਹੋਣ ਦੀ ਉਂਗਲ ਉਠਾਉਣੀ ਕਿੰਨੀ ਸੌਖੀ ਹੁੰਦੀ ਹੈ। ਮੈਂ ਉਸ ਨੂੰ ਆਖਦਾ ਹਾਂ, "ਮੈਨੂੰ ਆਪਣਾ ਫੋਨ ਨੰਬਰ ਤਾਂ ਦੇ ਦੇਹ, ਕਦੇ ਗੱਲ ਕਰਨ ਨੂੰ ਦਿਲ ਕਰੇ ਤਾਂ ਬੰਦਾ ਕਰ ਸਕਦਾ ਏ, ਮੈਂ ਤੇਰੇ ਬਾਰੇ ਹੋਰ ਜਾਨਣਾ ਚਾਹੁੰਨਾਂ।"

"ਏਵੇਂ ਕਰ ਕਿ ਤੂੰ ਆਪਣਾ ਨੰਬਰ ਮੈਨੂੰ ਲਿਖਾ ਦੇ, ਕਦੇ ਵਕਤ ਹੋਇਆ ਤਾਂ ਮੈਂ ਹੀ ਫੋਨ ਕਰ ਲਵਾਂਗੀ।"

ਮੇਰਾ ਫੋਨ ਨੰਬਰ ਲੈ ਕੇ ਉਹ ਕਾਰ ਵਿਚੋਂ ਉਤਰ ਜਾਂਦੀ ਹੈ। ਮੈਂ ਸੋਚ ਰਿਹਾ ਹਾਂ ਕਿ ਇਹ ਤਾਂ ਬਹੁਤ ਹੀ ਟੇਡ੍ਹੀ ਖੀਰ ਹੈ।...

ਤੀਜੇ ਦਿਨ ਉਸ ਦਾ ਫੋਨ ਆ ਜਾਂਦਾ ਹੈ। ਉਹ ਪੁੱਛਦੀ ਹੈ,

"ਇਹ ਕਿਹੜੇ ਇਲਾਕੇ ਦਾ ਫੋਨ ਨੰਬਰ ਏ? ਤੂੰ ਕਿਥੇ ਰਹਿੰਨਾ ਏਂ?"

"ਗਰੀਨਫੋਰਡ।"

"ਇਹ ਤਾਂ ਇਥੋਂ ਕਾਫੀ ਦੂਰ ਏ!"

"ਹੁਣ ਸਮਝ ਲਗੀ ਕਿ ਮੈਂ ਤੇਰੇ ਲਈ ਕਿੰਨੀ ਦੂਰੀ ਤੈਅ ਕਰ ਕੇ ਪੁੱਜਦਾਂ ਪਰ ਤੂੰ ਮੇਰੇ ਤੋਂ ਦੂਰ ਭੱਜ ਰਹੀ ਏਂ!"

"ਨਹੀਂ ਜੋ, ਏਹ ਗੱਲ ਨਹੀਂ। ਮੈਂ ਤੇਰੇ ਤੋਂ ਦੂਰ ਨਹੀਂ ਭੱਜ ਰਹੀ, ਮੈਂ ਤੈਨੂੰ ਦੱਸਿਆ ਕਿ ਮੇਰਾ ਏਮ ਕੀ ਏ।"

"ਮੈਂ ਸਮਝਦਾਂ ਪਰ ਆਪਾਂ ਸਧਾਰਨ ਦੋਸਤ ਤਾਂ ਬਣ ਹੀ ਸਕਦੇ ਆਂ, ਕਦੇ ਖੁਲ੍ਹਾ ਸਮਾਂ ਲੈ ਕੇ ਮਿਲ ਤਾਂ ਸਹੀ, ਗੱਲਾਂ ਕਰੀਏ, ਇਕ ਦੂਜੇ ਨੂੰ ਜਾਣੀਏਂ, ਕੀ ਪਤਾ ਏ ਕੋਈ ਲੰਮਾ ਰਿਸ਼ਤਾ ਹੀ ਬਣ ਜਾਵੇ। ...ਕਿਸੇ ਦਿਨ ਮੇਰੇ ਘਰ ਆ ਜਾਹ।"

"ਤੂੰ ਕਿਰਾਏ ਤੇ ਰਹਿੰਦਾ ਏਂ?"

"ਨਹੀਂ, ਇਹ ਮੇਰਾ ਘਰ ਏ, ਕਦੇ ਆ ਤਾਂ ਸਹੀ।"

"ਤੂੰ ਕਿਸ ਦਿਨ ਵਿਹਲਾ ਏਂ?"

"ਮੈਂ ਤਾਂ ਵਿਹਲਾ ਹੀ ਆਂ, ਦਸ ਤੈਨੂੰ ਕਿਸ ਦਿਨ ਤੇਰੇ ਘਰੋਂ ਚੁੱਕ ਲਵਾਂ, ਕਿਧਰੇ ਘੁੰਮਣ ਚੱਲਾਂਗੇ।"

"ਠੀਕ ਏ, ਪਰਸੋਂ ਸਹੀ।"

ਆਖਦੀ ਹੋਈ ਉਹ ਮੈਨੂੰ ਆਪਣਾ ਸਿਰਨਾਵਾਂ ਲਿਖਵਾ ਦਿੰਦੀ ਹੈ।...

ਓਨੋ ਸਿੰਘਾਪੁਰ ਦੀ ਰਹਿਣ ਵਾਲੀ ਹੈ। ਦੋ ਕੁ ਸਾਲ ਤੋਂ ਇੰਗਲੈਂਡ ਵਿਚ ਹੈ। ਉਹ ਨਰਸਿੰਗ ਦਾ ਕੋਰਸ ਕਰਨ ਆਈ ਸੀ। ਕੋਰਸ ਤਾਂ ਉਸ ਨੇ ਪੂਰਾ ਕਰ ਲਿਆ ਪਰ ਇਥੇ ਉਹ ਪੱਕੀ ਨਹੀਂ ਹੋ ਸਕੀ। ਉਸ ਕੋਲ ਹਾਲੇ ਕੁਝ ਮਹੀਨੇ ਹੋਰ ਰਹਿਣ ਦਾ ਵੀਜ਼ਾ ਹੈ। ਉਹ ਦੋ ਸਾਲ ਦਾ ਹੋਰ ਵੀਜ਼ਾ ਲੈਣ ਦੀ ਕੋਸ਼ਿਸ਼ ਕਰਦੀ ਹੈ

ਪਰ ਨਹੀਂ ਮਿਲਦਾ। ਜਿੰਨੇ ਕੁ ਸਮੇਂ ਦਾ ਵੀਜ਼ਾ ਉਸ ਕੋਲ ਬਚਦਾ ਹੈ ਉਸ ਨੂੰ ਉਹ ਪੈਸੇ ਕਮਾਉਣ 'ਤੇ ਖਰਚ ਕਰਨਾ ਚਾਹੁੰਦੀ ਹੈ ਤਾਂ ਜੋ ਕੁਝ ਜੇਬ੍ਹ ਖਰਚ ਜਮ੍ਹਾਂ ਕਰ ਸਕੇ। ਫਿਰ ਆਪਣੇ ਮੁਲਕ ਜਾ ਕੇ ਨਰਸ ਦੀ ਨੌਕਰੀ ਕਰਨੀ ਚਾਹੁੰਦੀ ਹੈ ਜਾਂ ਫਿਰ ਨਰਸ ਦੇ ਤੌਰ ਤੇ ਅਮਰੀਕਾ ਵਿਚ ਜਾ ਵਸਣਾ ਦਾ ਇਰਾਦਾ ਹੈ ਉਸ ਦਾ। ਅਸੀਂ ਰੀਜੈਂਟ ਪਾਰਕ ਘੁੰਮਣ ਜਾਂਦੇ ਹਾਂ। ਕਿੰਨੀਆ ਸਾਰੀਆਂ ਗੱਲਾਂ ਕਰਦੇ ਹਾਂ। ਉਹ ਮੇਰੇ ਬਾਰੇ ਪੁੱਛਦੀ ਹੈ ਤੇ ਆਪਣੇ ਬਾਰੇ ਕਾਫੀ ਕੁਝ ਦਸਦੀ ਹੈ। ਮੈਂ ਦੋ ਕੁ ਵਾਰ ਉਸ ਦਾ ਹੱਥ ਫੜ੍ਹਨ ਦੀ ਕੋਸ਼ਿਸ਼ ਕਰਦਾ ਹਾਂ ਪਰ ਉਹ ਟਾਲ਼ ਜਾਂਦੀ ਹੈ। ਜਦ ਅਸੀਂ ਵਾਪਸ ਮੁੜਨ ਲਗਦੇ ਹਾਂ ਤਾਂ ਮੈਂ ਆਖਦਾ ਹਾਂ,

"ਓਨੋ, ਚੱਲ ਮੇਰੇ ਘਰ ਚਲਦੇ ਆਂ, ਰਾਤ ਉਥੇ ਰਹਿ ਲਵੀਂ।"

"ਨਹੀਂ ਜੋ, ਮੈਂ ਕਿਸੇ ਨਾਲ ਜਜ਼ਬਾਤੀ ਤੌਰ ਤੇ ਉਲਝਣਾ ਨਹੀਂ ਚਾਹੁੰਦੀ।"

"ਕਿਉਂ?"

"ਕਿਉਂਕਿ ਮੈਂ ਹਾਲੇ ਵਿਆਹ ਕਰਾਉਣਾ ਏਂ।"

"ਓਨੋ, ਇਹ ਵਿਆਹ ਐਸੀ ਚੀਜ਼ ਤਾਂ ਹੈ ਨਹੀਂ ਕਿ ਕਿਸੇ ਨੇ ਪਲੇਟ ਵਿਚ ਪਰੋਸ ਕੇ ਤੁਹਾਡੇ ਮੂਹਰੇ ਲਿਆ ਰੱਖਣਾ ਏਂ, ਕਿਸੇ ਨਾਲ ਜ਼ਰਾ ਖੁਲ੍ਹੇਂਗੀ ਤਾਂ ਹੀ ਤਾਂ ਗੱਲ ਅਗੇ ਵਧੇਗੀ।"

"ਜੋ, ਕੀ ਗੱਲ ਕਰਦਾ ਏਂ, ਆਪਾਂ ਏਸ਼ੀਅਨ ਆਂ, ਸਾਡੇ ਵਿਆਹ ਤਾਂ ਮਾਂ ਪਿਓ ਕਰ ਦਿੰਦੇ ਨੇ।"

"ਓਨੋ, ਹੁਣ ਉਹ ਗੱਲਾਂ ਨਹੀਂ ਰਹੀਆਂ। ਹੁਣ ਵਿਆਹ ਮਾਂ ਪਿਓ ਦੀ ਮਰਜ਼ੀ ਨਾਲ ਨਹੀਂ ਬੱਚਿਆਂ ਦੀ ਮਰਜ਼ੀ ਨਾਲ ਹੁੰਦੇ ਨੇ।"

ਉਹ ਸੋਚਾਂ ਵਿਚ ਪੈ ਜਾਂਦੀ ਹੈ ਤੇ ਫਿਰ ਬੋਲਦੀ ਹੈ, "ਤੂੰ ਕਿਹੋ ਜਿਹੀ ਕੁੜੀ ਨਾਲ ਵਿਆਹ ਕਰਾਉਣਾ ਚਾਹੇਂਗਾ?"

"ਤੇਰੇ ਵਰਗੀ ਨਾਲ ਪਰ ਹੁਣ ਸੜਕ ਤੇ ਖੜ ਕੇ ਨਾ ਮੈਨੂੰ ਇਹੋ ਜਿਹੇ ਸਵਾਲ ਨਾ ਪੁੱਛ!"

"ਤੇਰੇ ਨਾਲ ਜਾਣ ਲਈ ਤਾਂ ਮੈਂ ਕੋਈ ਚੀਜ਼ ਵੀ ਨਹੀਂ ਲਿਆਈ।"

"ਤੂੰ ਕਿਸੇ ਜੰਗਲ ਵਿਚ ਤਾਂ ਨਹੀਂ ਜਾਣਾ, ਮੇਰੇ ਘਰ ਹੀ ਤਾਂ ਜਾਣਾ ਏਂ, ਉਥੇ ਸਭ ਕੁਝ ਹੈ ਵੇ।"

ਮੈਂ ਆਖਦਾ ਹਾਂ। ਉਹ ਝਿਜਕਦੀ ਹੋਈ ਆਖਦੀ ਹੈ ਪਰ ਮੇਰੇ ਨਾਲ ਤੁਰ ਪੈਂਦੀ ਹੈ।...

ਮੇਰੇ ਘਰ ਆ ਕੇ ਉਹ ਬਹੁਤ ਖੁਸ਼ ਹੈ। ਸਾਡੇ ਵਿਚਕਾਰਲੀਆਂ ਦੂਰੀਆਂ ਹੁਣ ਖਤਮ ਹੋ ਜਾਂਦੀਆਂ ਹਨ। ਮੈਂ ਉਸ ਲਈ ਚਾਹ ਬਣਾਉਣ ਲਗਦਾ ਹਾਂ ਤਾਂ ਕਹਿੰਦੀ ਹੈ,

"ਚਾਹ ਮੈਂ ਬਣਾਵਾਂਗੀ, ਮੈਂ ਵੀ ਇੰਡੀਅਨ ਤਰੀਕੇ ਦੀ ਚਾਹ ਹੀ ਪੀਂਦੀ ਹਾਂ। ਸਿੰਗਾਪੁਰ ਸਾਡੀ ਗਲੀ ਵਿਚ ਬਹੁਤ ਇੰਡੀਅਨ ਹੀ ਰਹਿੰਦੇ ਨੇ, ਸਭ ਨਾਲ ਸਾਡੀ ਕਾਫੀ ਨੇੜਤਾ ਏ। ਮੇਰੇ ਡੈਡੀ ਦੇ ਵੀ ਬਹੁਤ ਸਾਰੇ ਇੰਡੀਅਨ ਦੋਸਤ ਨੇ। ਉਹਨੂੰ ਇੰਡੀਅਨ ਲੋਕ ਬਹੁਤ ਪਸੰਦ ਨੇ।"

"ਫਿਰ ਤੂੰ ਮੈਨੂੰ ਪਸੰਦ ਕਰਨ ਵਿਚ ਏਨੀ ਦੇਰ ਕਿਉਂ ਲਗਾ ਦਿਤੀ?"

"ਮੇਰੀ ਮਾਂ ਜਦ ਕੋਈ ਚੀਨੀ ਦਾ ਬਰਤਣ ਖਰੀਦਦੀ ਏ ਤਾਂ ਠਕੋਰ ਕੇ ਦੇਖਦੀ ਏ ਕਿ ਇਹ ਤਿੜਕਿਆ ਤਾਂ ਨਹੀਂ।"

"ਤਾਂ ਤੂੰ ਮੈਨੂੰ ਬਰਤਨ ਸਮਝਦੀ ਏਂ।"

"ਨਹੀਂ, ਇਹ ਰਿਸ਼ਤਾ ਚੀਨੀ ਦੇ ਵਰਤਣ ਵਾਂਗ ਹੁੰਦਾ ਹੈ, ਇਸ ਦੇ ਤਿੜਕ ਜਾਣ ਦਾ ਖਤਰਾ ਬਣਿਆਂ ਰਹਿੰਦਾ ਏ।"

ਉਹ ਆਖਦੀ ਹੈ।

ਉਹ ਬਿਸਤਰੇ ਵਿਚ ਜਾਂਦਿਆਂ ਹੀ ਕਹਿਣ ਲਗਦੀ ਹੈ, "ਜੋ, ਤੂੰ ਬਹੁਤ ਭੋਲ਼ਾ ਏਂ, ਮੈਨੂੰ ਲਗਦਾ ਏ ਤੇਰੀ ਵਾਈਫ ਤੈਨੂੰ ਧੋਖਾ ਦੇ ਗਈ ਏ, ਉਹ ਆਪਣੀ ਬਿਮਾਰੀ ਬਾਰੇ ਤੇਰੇ ਕੋਲ ਝੂਠ ਬੋਲਦੀ ਰਹੀ ਏ।"

"ਉਹ ਕਿਵੇਂ?"

"ਸਭ ਤੋਂ ਪਹਿਲਾਂ ਤਾਂ ਮੈਂ ਦਿਖਾਵਾਂਗੀ ਕਿ ਬ੍ਰੈਸਟ ਵਿਚ ਬੋਨ ਨਹੀਂ ਹੁੰਦੀ।"

ਮੈਂ ਹੱਸਣ ਲਗਦਾ ਹਾਂ। ਉਹ ਸਮਝਦੀ ਹੋਈ ਮੇਰੇ ਮੁੱਕੇ ਮਾਰਨ ਲਗ ਪੈਂਦੀ ਹੈ।...



ਹੁਣ ਅਸੀਂ ਨਿਰੰਤਰ ਮਿਲਣ ਲਗਦੇ ਹਾਂ। ਉਸ ਦਾ ਕਮਰਾ ਕਿਰਾਏ ਦਾ ਹੋਣ ਕਰਕੇ ਮੈਂ ਤਾਂ ਉਸ ਕੋਲ ਜਾ ਨਹੀਂ ਸਕਦਾ ਪਰ ਉਹ ਮੇਰੇ ਘਰ ਆ ਜਾਂਦੀ ਹੈ। ਮਸਾਜ ਵਾਲੀ ਕਿੱਟ ਉਸ ਦੇ ਕੋਲ ਹੁੰਦੀ ਹੈ। ਉਹ ਮੈਨੂੰ ਮਸਾਜ ਦੇਣ ਲਗਦੀ ਹੈ। ਮਸਾਜ ਦਿੰਦੀ ਉਹ ਇਕੱਲੇ ਇਕੱਲੇ ਅੰਗ ਦੇ ਮਸਾਜ ਦੇ ਤਰੀਕੇ ਬਾਰੇ ਤੇ ਇਸ ਦੀ ਮਹੱਤਤਾ ਬਾਰੇ ਵੀ ਦਸਦੀ ਰਹਿੰਦੀ ਹੈ। ਕਈ ਵਾਰ ਉਹ ਮੇਰੇ ਘਰ ਆ ਕੇ ਮੈਨੂੰ ਚਾਈਨੀ ਖਾਣੇ ਵੀ ਬਣਾ ਕੇ ਖਵਾਉਂਦੀ ਹੈ। ਮੱਛੀ-ਚੌਲ ਉਸ ਦੀ ਖਾਸੀਅਤ ਹੈ। ਕੁਝ ਕੁ ਭਾਰਤੀ ਖਾਣੇ ਵੀ ਬਣਾ ਲੈਂਦੀ ਹੈ ਪਰ ਉਹਨਾਂ ਦਾ ਸਵਾਦ ਬਿਲਕੁਲ ਵਖਰਾ ਹੈ। ਉਸ ਦੀਆਂ ਆਦਤਾਂ ਭਾਰਤੀ ਔਰਤਾਂ ਵਾਲੀਆਂ ਹਨ। ਮੈਨੂੰ ਕੋਈ ਚੀਜ਼ ਚਾਹੀਦੀ ਹੋਵੇ ਤਾਂ ਉਠ ਕੇ ਝੱਟ ਨਾਲ ਮੈਨੂੰ ਫੜਾ ਦੇਵੇਗੀ। ਮੈਨੂੰ ਬੈਠੇ ਨੂੰ ਖਾਣਾ ਦੇਵੇਗੀ। ਸਵੇਰੇ ਉਠ ਕੇ ਚਾਹ ਬਿਸਤਰ ਵਿਚ ਲਿਆਵੇਗੀ। ਮੈਂ ਰਸੋਈ ਦੇ ਕਿਸੇ ਵੀ ਕੰਮ ਨੂੰ ਹੱਥ ਲਾਵਾਂ ਤਾਂ ਲੜ ਪਵੇਗੀ। ਸੌਣ ਤੋਂ ਪਹਿਲਾਂ ਰਸੋਈ ਦੀ ਪੂਰੀ ਸਫਾਈ ਕਰੇਗੀ। ਸਮੁੱਚੇ ਤੌਰ 'ਤੇ ਵੀ ਉਸ ਦਾ ਮੋਹ ਕਰਨ ਦਾ ਤਰੀਕਾ ਹੀ ਅਲੱਗ ਹੈ। ਇਹ ਅਨੁਭਵ ਮੇਰੇ ਲਈ ਖੂਬਸੂਰਤ ਤੇ ਨਵਾਂ ਹੈ। ਕਦੇ ਕਦੇ ਮੈਂ ਸੋਚਣ ਲਗਦਾ ਹਾਂ ਕਿ ਜਿੰਨਾ ਚਿਰ ਉਹ ਵਾਪਸ ਸਿੰਘਾ ਪੁਰ ਨਹੀਂ ਜਾਂਦੀ ਉਸ ਨੂੰ ਆਪਣੇ ਨਾਲ ਹੀ ਰੱਖ ਲਵਾਂ ਪਰ ਫਿਰ ਮੈਨੂੰ ਆਪਣੇ ਭਰਾ ਤੇ ਭੈਣ ਤੋਂ ਡਰ ਲਗਣ ਲਗਦਾ ਹੈ।

ਇਕ ਦਿਨ ਉਹ ਆਖਦੀ ਹੈ, "ਮੇਰੇ ਪਿਤਾ ਕੋਲ ਏਨੀ ਕੁ ਜਾਇਦਾਦ ਏ ਕਿ ਉਹ ਮੈਨੂੰ ਇਥੇ ਘਰ ਖਰੀਦ ਕੇ ਦੇ ਸਕਦਾ ਏ, ਇਸ ਲਈ ਤਿਆਰ ਏ।"

"ਫੇਰ ਤੂੰ ਲੈ ਕਿਉਂ ਨਹੀਂ ਲਿਆ?"

"ਜੇ ਮੈਨੂੰ ਸਟੇਅ ਮਿਲ ਜਾਂਦੀ ਤਾਂ ਹੁਣ ਤਕ ਲੈ ਲਿਆ ਹੁੰਦਾ ਪਰ ਹੁਣ ਵੀ ਬੁਰਾ ਨਹੀਂ, ਸਿੰਗਾਪੁਰ ਜਾ ਕੇ ਕੋਈ ਕੰਮ ਸ਼ੁਰੂ ਕਰਾਂਗੀ, ਜਾਂ ਜਿਵੇਂ ਤੈਨੂੰ ਦੱਸਿਆ ਕਿ ਅਮਰੀਕਾ ਚਲੇ ਜਾਵਾਂਗੀ, ਉਥੇ ਨਰਸਾਂ ਦੀ ਬਹੁਤ ਲੋੜ ਏ।"

ਫਿਰ ਉਹ ਆਪਣੇ ਭਵਿੱਖ ਦੀਆਂ ਯੋਜਨਾਵਾਂ ਬਾਰੇ ਦੱਸਣ ਲਗਦੀ ਹੈ। ਮੈਂ ਉਸ ਦੀ ਗੱਲ ਦਾ ਜਵਾਬ ਦਿਤੇ ਬਿਨਾਂ ਸੁਣਦਾ ਜਾਂਦਾ ਹਾਂ। ਉਹ ਅਚਾਨਕ ਪੁੱਛਦੀ ਹੈ, "ਕੀ ਸੋਚ ਰਿਹਾਂ ਏਂ?"

"ਕੁਝ ਵੀ ਨਹੀਂ, ਮੈਂ ਤਾਂ ਤੈਨੂੰ ਸੁਣ ਰਿਹਾਂ।"

"ਮੇਰੇ ਨਾਲ ਵਿਆਹ ਬਾਰੇ ਸੋਚ ਰਿਹਾ ਏਂ ਕਿ ਨਹੀਂ?"

"ਮੈਂ ਹਾਲੇ ਨਹੀਂ ਸੋਚਿਆ ਕੁਝ ਵੀ।"

"ਦੇਖ ਜੋ, ਮੈਨੂੰ ਜਲਦੀ ਕੋਈ ਜਵਾਬ ਦੇਹ, ਮੈਂ ਅਗੇ ਆਪਣੇ ਮਾਂ ਪਿਓ ਨੂੰ ਵੀ ਮਨਾਉਣਾ ਹੋਵੇਗਾ। ਮੈਨੂੰ ਪਤਾ ਏ ਕਿ ਇਹ ਵਿਆਹ ਏਨਾ ਸੌਖਿਆਂ ਨਹੀਂ ਹੋਣ ਲਗਿਆ।"

"ਕਿਉਂ?"

"ਕਿਉਂਕਿ ਮੇਰੇ ਮਾਂ ਪਿਓ ਕਿਸੇ ਹੋਰ ਨਸਲ ਦੇ ਬੰਦੇ ਨਾਲ ਵਿਆਹ ਦੀ ਮੈਨੂੰ ਛੇਤੀ ਕੀਤੇ ਇਜਾਜ਼ਤ ਨਹੀਂ ਦੇਣਗੇ।"

ਉਹ ਗੰਭੀਰਤਾ ਨਾਲ ਆਖ ਰਹੀ ਹੈ। ਮੈਂ ਉਸ ਵਲ ਦੇਖਦਾ ਜਾ ਰਿਹਾ ਹਾਂ। ਸੋਚ ਰਿਹਾ ਹਾਂ ਕਿ ਕੀ ਕਹਾਂ। ਕੀ ਕਹਿ ਦੇਵਾਂ ਕਿ ਮੈਂ ਤਾਂ ਆਪ ਤੇਰੇ ਨਾਲ ਵਿਆਹ ਨਹੀਂ ਕਰਾਉਣਾ ਚਾਹੁੰਦਾ। ਮੇਰੀ ਹਾਲਤ ਓਸ ਸੱਪ ਵਰਗੀ ਹੋ ਜਾਂਦੀ ਹੈ ਜਿਸ ਦੇ ਮੂੰਹ ਵਿਚ ਕੋਹੜ-ਕਿਰਲੀ ਹੈ। ਜੇ ਛੱਡੇ ਤਾਂ ਭੋਜਨ ਜਾਂਦਾ ਹੈ ਜੇ ਖਾਵੇ ਤਾਂ ਕੋਹੜੀ ਹੋਣ ਦਾ ਡਰ ਹੈ। ਮੈਂ ਉਸ ਨੂੰ ਰੱਖ ਵੀ ਨਹੀਂ ਸਕਦਾ ਤੇ ਛੱਡਣਾ ਵੀ ਨਹੀਂ ਚਾਹੁੰਦਾ। ਮੈਨੂੰ ਚੁੱਪ ਦੇਖ ਕੇ ਉਹ ਵਿਆਹ ਵਾਲੇ ਸਵਾਲ ਤੇ ਜ਼ੋਰ ਪਾਉਂਦੀ ਆਖਦੀ ਹੈ,

"ਜੋ, ਮੈਨੂੰ ਸਾਫ ਉੱਤਰ ਦੇਹ ਕਿ ਮੇਰੇ ਨਾਲ ਵਿਆਹ ਕਰਾਵੇਂਗਾ ਕਿ ਨਹੀਂ, ਮੈਂ ਅਗਲਾ ਕਦਮ ਉਸੇ ਹਿਸਾਬ ਨਾਲ ਹੀ ਚੁੱਕਣਾ ਏਂ।"

"ਓਨੋ, ਏਨੀ ਵੀ ਕਾਹਲੀ ਨਾ ਪੈ, ਆਪਾਂ ਹਾਲੇ ਇਕ ਦੂਜੇ ਨੂੰ ਹੋਰ ਜਾਣ ਲਈਏ।"

ਮੈਂ ਉਸ ਨੂੰ ਟਰਕਾਉਣ ਲਈ ਆਖਦਾ ਹਾਂ। ਉਹ ਚੁੱਪ ਜਿਹਾ ਕਰ ਜਾਂਦੀ ਹੈ।...

ਉਸ ਤੋਂ ਬਾਅਦ ਓਨੋ ਦਾ ਕੋਈ ਫੋਨ ਨਹੀਂ ਆਉਂਦਾ, ਨਹੀਂ ਤਾਂ ਇਹਨਾਂ ਦਿਨਾਂ ਵਿਚ ਉਹ ਹਰ ਰੋਜ਼

ਹੀ ਫੋਨ ਕਰਿਆ ਕਰਦੀ ਹੈ। ਦੋ ਹਫਤੇ ਲੰਘ ਜਾਂਦੇ ਹਨ। ਮੈਨੂੰ ਕੁਝ ਕੁਝ ਤਾਂ ਸਮਝ ਹੈ ਕਿ ਉਸ ਦਾ ਫੋਨ ਕਿਉਂ ਨਹੀਂ ਆਇਆ। ਉਸ ਨੂੰ ਮਿਲਣ ਲਈ ਮੇਰਾ ਮਨ ਕਾਹਲਾ ਪੈਣ ਲਗਦਾ ਹੈ। ਮੈਂ ਉਸ ਦੇ ਘਰ ਜਾਂਦਾ ਹਾਂ। ਮਕਾਨ-ਮਾਲਕਣ ਦਰਵਾਜ਼ਾ ਖੋਹਲਦੀ ਹੈ ਤੇ ਉਸ ਨੂੰ ਬੁਲਾ ਦਿੰਦੀ ਹੈ। ਓਨੋ ਬਾਹਰ ਆ ਕੇ ਪੁੱਛਦੀ ਹੈ,

"ਕੀ ਕਰਨ ਆਇਆਂ ਇਥੇ?"

ਮੈਂ ਉਸ ਦੀ ਗੱਲ ਸੁਣੇ ਬਿਨਾਂ ਉਸ ਨੂੰ ਬਾਹੋਂ ਫੜ ਕੇ ਕਾਰ ਵਿਚ ਬੈਠਾ ਲੈਂਦਾ ਹਾਂ। ਉਹ ਬਿਨਾ ਕਿਸੇ ਵਿਰੋਧ ਦੇ ਬੈਠ ਜਾਂਦੀ ਹੈ। ਮੈਂ ਕਾਰ ਤੋਰਦਾ ਪੁੱਛਦਾ ਹਾਂ, "ਕੀ ਸਮੱਸਿਆ ਏ ਤੇਰੀ? "

"ਸਮੱਸਿਆ ਮੇਰੀ ਨਹੀਂ ਤੇਰੀ ਏ, ਤੂੰ ਵਿਆਹ ਵਾਲੀ ਗੱਲ ਤੋਂ ਭੱਜ ਰਿਹਾ ਏਂ, ਮੈਂ ਤੈਨੂੰ ਦੱਸਿਆ ਸੀ ਕਿ ਜੇ ਵਿਆਹ ਨਹੀਂ ਕਰਾਉਣਾ ਤਾਂ ਮੈਂ ਕੋਈ ਵਾਹ ਵੀ ਨਹੀਂ ਰੱਖਣਾ, ਮੈਂ ਤੇਰੇ ਨਾਲ ਜੁੜ ਕੇ ਸਾਰੀ ਉਮਰ ਤੇਰੀ ਯਾਦ ਵਿਚ ਤੜਫਣਾ ਨਹੀਂ ਚਾਹੁੰਦੀ, ਸਮਝੇ!"

ਮੈਂ ਸੋਚਾਂ ਵਿਚ ਪੈ ਜਾਂਦਾ ਹਾਂ ਕਿ ਇਸ ਗੱਲ ਦਾ ਕੀ ਜਵਾਬ ਦੇਵਾਂ। ਮੈਨੂੰ ਚੁੱਪ ਦੇਖ ਕੇ ਉਹ ਬੋਲਦੀ ਹੈ, "ਜੋ, ਤੈਨੂੰ ਔਰਤ ਦੇ ਮਨ ਦਾ ਨਹੀਂ ਪਤਾ, ਇਹ ਆਪਣਾ ਮਨ ਜੋੜ ਤਾਂ ਸਹਿਜੇ ਲੈਂਦੀ ਏ ਪਰ ਇਸ ਤੋਂ ਤੋੜ ਨਹੀਂ ਹੁੰਦਾ, ਇਸ ਲਈ ਮਨ ਜੁੜਨ ਤੋਂ ਪਹਿਲਾਂ ਪਹਿਲਾਂ ਹੀ ਮੈਂ ਦੂਰ ਹੋ ਜਾਣਾ ਚਾਹੁੰਦੀ ਸੀ, ਇਸੇ ਲਈ ਨਹੀਂ ਤੈਨੂੰ ਮਿਲਣਾ ਚਾਹਿਆ।"

"ਓਨੋ, ਮੈਂ ਤੈਨੂੰ ਕਦੇ ਵਿਆਹ ਤੋਂ 'ਨਾਂਹ ਵੀ ਤਾਂ ਨਹੀਂ ਕੀਤੀ।"

"ਪਰ ਏਨੇ ਚਿਰ ਵਿਚ ਤਾਂ 'ਹਾਂ ਹੋ ਜਾਣੀ ਚਾਹੀਦੀ ਸੀ ਜੇ ਹੋਣੀ ਹੁੰਦੀ, ਮੈਂ ਸਭ ਕੁਝ ਸੋਚ ਕੇ ਤੇਰੇ ਨਾਲ ਲਾਈਆਂ ਸਨ, ਸੋ ਮੈਂ ਆਪਣੇ ਆਪ ਨੂੰ ਏਨੇ ਸਮੇਂ ਦੀ ਹੀ ਇਜਾਜ਼ਤ ਦਿਤੀ ਸੀ।"

"ਤੂੰ ਤੇ ਬਹੁਤ ਖਰਾਬ ਔਰਤ ਏਂ ਓਨੋ!"

"ਖਰਾਬ ਨਹੀਂ, ਸੱਚ ਦੇ ਨੇੜੇ ਰਹਿਣ ਦੀ ਕੋਸ਼ਿਸ਼ ਕਰਦੀ ਆਂ।"

ਉਹ ਆਖਦੀ ਹੈ। ਮੈਂ ਕਾਰ ਤੇਜ ਕਰ ਲੈਂਦਾ ਹਾਂ। ਉਹ ਪੁੱਛਦੀ ਹੈ, "ਕਿਥੇ ਲੈ ਚੱਲਿਆਂ ਏਂ ਮੈਨੂੰ?"

"ਆਪਣੇ ਘਰ।"

"ਜੇ ਸਦਾ ਲਈ ਲੈ ਕੇ ਜਾਣਾ ਤਾਂ ਠੀਕ ਏ ਨਹੀਂ ਤਾਂ ਮੈਨੂੰ ਵਾਪਸ ਲਾਹ ਦੇ।"

ਮੈਂ ਉਸ ਦੀ ਗੱਲ ਜਵਾਬ ਦਿਤੇ ਬਿਨਾਂ ਕਾਰ ਚਲਾਉਂਦਾ ਰਹਿੰਦਾ ਹਾਂ। ਕੁਝ ਦੇਰ ਬਾਅਦ ਉਹ ਸਹਿਜ ਹੋ ਕੇ ਸਿੰਘਾਪੁਰ ਆਪਣੇ ਮਾਂ ਪਿਓ ਨਾਲ ਹੋਈ ਗੱਲਬਾਤ ਦਸਣ ਲਗਦੀ ਹੈ,

"ਮੇਰੀ ਮਾਂ ਕਹਿੰਦੀ ਏ ਕਿ ਇਹ ਇੰਡੀਅਨ ਲੋਕ ਚਲਾਕ ਹੁੰਦੇ ਨੇ, ਸਾਡੀਆਂ ਭੋਲੀਆਂ ਭਾਲੀਆਂ ਕੁੜੀਆਂ ਨੂੰ ਫਸਾ ਲੈਂਦੇ ਨੇ ਪਰ ਵਿਆਹ ਨਹੀਂ ਕਰਾਉਂਦੇ।"

ਪਰ ਮੈਂ ਉਸ ਦੀ ਗੱਲ ਸੁਣੇ ਬਿਨਾ ਸੋਚਦਾ ਜਾ ਰਿਹਾ ਹਾਂ ਕਿ ਇਹ ਔਰਤ ਕਿਸੇ ਵੀ ਕੀਮਤ 'ਤੇ ਛੱਡੀ ਨਹੀਂ ਜਾਣੀ ਚਾਹੀਦੀ। ਘਰ ਪੁੱਜ ਕੇ ਉਹ ਪੁੱਛਦੀ ਹੈ, "ਜੋ, ਮੇਰਾ ਬਹੁਤ ਸਿੱਧਾ ਸਵਾਲ ਏ, ਵਿਆਹ ਲਈ ਹਾਂ ਜਾਂ ਨਾਂਹ।"

"ਓਨੋ ਵਿਆਹ ਲਈ 'ਹਾਂ ਕਰਨ ਤੋਂ ਪਹਿਲਾਂ ਮੇਰੀ ਇਕ ਸਮੱਸਿਆ ਏ, ਜਿਸ ਦਾ ਮੈਨੂੰ ਹੱਲ ਨਹੀਂ ਲੱਭ ਰਿਹਾ।"

"ਕੈਸੀ ਸਮੱਸਿਆ?"

"ਤੈਨੂੰ ਇਕ ਵਾਰ ਐਨੀਆਂ ਬਾਰੇ ਥੋੜਾ ਜਿਹਾ ਦੱਸਿਆ ਸੀ।"

"ਮੈਨੂੰ ਤੂੰ ਦਸਿਆ ਸੀ ਕਿ ਤੇਰੀ ਉਹ ਗ੍ਰਲ-ਫ੍ਰੈਂਡ ਰਹੀ ਏ ਪਰ ਉਹ ਤਾਂ ਹੁਣ ਬੀਤੇ ਦੀ ਗੱਲ ਏ।"

"ਗੱਲ ਬੀਤੇ ਦੀ ਜ਼ਰੂਰ ਏ ਪਰ ਮੈਂ ਉਸ ਤੋਂ ਹਾਲੇ ਖਹਿੜਾ ਨਹੀਂ ਛੁਡਵਾ ਸਕਿਆ, ਮੈਨੂੰ ਕੁਝ ਸਮਾਂ ਦੇ।"

"ਠੀਕ ਏ ਸਮਾਂ ਮੈਂ ਦਿਤਾ ਪਰ ਵਿਆਹ ਲਈ 'ਹਾਂ ਕਰ, ਮੈਨੂੰ ਪਤਾ ਏ ਕਿ ਤੂੰ ਵਾਅਦੇ ਦਾ ਬੁਰਾ ਨਹੀਂ, ਮੈਂ ਤੈਨੂੰ ਚੰਗੀ ਤਰ੍ਹਾਂ ਜਾਣ ਗਈ ਆਂ।"

"ਅੱਛਾ! ਹੋਰ ਕੀ ਜਾਣ ਗਈ ਏਂ ਮੇਰੇ ਬਾਰੇ?"

"ਇਕ ਇਹ ਵੀ ਕਿ ਸ਼ਰਾਬ ਪੀ ਕੇ ਤੂੰ ਬਹੁਤ ਬਕਵਾਸ ਕਰਦਾ ਏਂ!"



"ਸ਼ਰਾਬ ਬਣੀ ਈ ਬਕਵਾਸ ਨੂੰ ਬਾਹਰ ਕੱਢਣ ਲਈ ਏ।"

"ਪਰ ਸ਼ਰਾਬ ਤੋਂ ਬਿਨਾਂ ਵੀ ਤੂੰ ਕੋਈ ਅਕਲ ਦੀ ਗੱਲ ਨਹੀਂ ਕਰਦਾ!"

"ਥੈਂਕਿਊ ਵੈਰੀ ਮੱਚ! ਇਸੇ ਲਈ ਤੂੰ ਮੇਰੇ ਨਾਲ ਵਿਆਹ ਕਰਾਉਣ ਲਈ ਕਾਹਲੀ ਏਂ?"

ਮੈਂ ਹੱਸਣ ਲਗਦਾ ਹਾਂ। ਮੈਨੂੰ ਆਪਣੇ ਬਾਰੇ ਅਜਿਹੇ ਬੇਬਾਕ ਸ਼ਬਦ ਸੁਣਨੇ ਚੰਗੇ ਲਗਦੇ ਹਨ। ਉਹ ਕਹਿੰਦੀ ਹੈ,

"ਇਸੇ ਲਈ ਤਾਂ ਤੂੰ ਮੈਨੂੰ ਚੰਗਾ ਲਗਦਾ ਏਂ, ਮੈਨੂੰ ਅਕਲਮੰਦ ਪਤੀ ਨਹੀਂ ਚਾਹੀਦਾ, ਪਤੀ ਉਹ ਜਿਹੜਾ ਥੋੜੀ ਜਿਹੀ ਸੇਵਾ ਨਾਲ ਖੁਸ਼ ਹੋ ਜਾਵੇ!"

"ਪਰ ਜਦੋਂ ਮੈਂ ਇਸ ਸੇਵਾ ਦਾ ਆਦੀ ਹੋ ਗਿਆ ਤਾਂ...? "

"ਮੇਰੇ ਕੋਲ ਸੇਵਾ ਦੀ ਏਨੀ ਵਰਾਇਟੀ ਏ ਕਿ ਮੈਂ ਤੈਨੂੰ ਆਦੀ ਨਹੀਂ ਹੋਣ ਦੇਵਾਂਗੀ।"

ਮੈਨੂੰ ਉਸ ਦੀਆਂ ਗੱਲਾਂ ਏਨੀਆਂ ਚੰਗੀਆਂ ਲਗ ਰਹੀਆਂ ਹਨ ਕਿ ਇਕ ਵਾਰ ਤਾਂ ਦਿਲ ਕਰਦਾ ਹੈ ਕਿ ਹੁਣੇ ਹੀ ਐਲਾਨ ਕਰ ਦੇਵਾਂ ਕਿ ਮੈਂ ਇਸੇ ਕੁੜੀ ਨਾਲ ਵਿਆਹ ਕਰਾਉਣਾ ਹੈ। ਓਨੋ ਮੈਨੂੰ ਏਨੀ ਖੁਸ਼ੀ ਦੇ ਰਹੀ ਹੈ ਕਿ ਸ਼ਾਇਦ ਕੋਈ ਹੋਰ ਕੁੜੀ ਦੇ ਸਕੇ।...

ਉਸ ਦਾ ਜਨਮ ਦਿਨ ਆ ਰਿਹਾ ਹੈ। ਮੈਂ ਉਸ ਨੂੰ ਕਹਿੰਦਾ ਹਾਂ, "ਮੈਂ ਚਾਹੁੰਨਾ ਕਿ ਉਸ ਦਿਨ ਤੂੰ ਚਾਈਨੀ ਡਰੈੱਸ ਵਿਚ ਆਵੇਂ ਤੇ ਆਪਾਂ ਕਿਸੇ ਇੰਡੀਅਨ ਰੈਸਟੋਰੈਂਟ ਚੱਲੀਏ।"

"ਨਹੀਂ ਜੋ, ਤੈਨੂੰ ਸ਼ਾਇਦ ਨਹੀਂ ਪਤਾ, ਗੋਰੇ ਹੀ ਨਹੀਂ ਆਪਣੇ ਲੋਕ ਵੀ ਬਹੁਤ ਨਸਲਵਾਦੀ ਨੇ, ਤੇਰੇ ਲੋਕ ਤੈਨੂੰ ਕਿਸੇ ਚਾਈਨੀ ਕੁੜੀ ਨਾਲ ਦੇਖ ਕੇ ਖੁਸ਼ ਨਹੀਂ ਹੋਣਗੇ ਤੇ ਮੇਰੀ ਨਸਲ ਦੇ ਲੋਕ ਮੈਨੂੰ ਤੇਰੇ ਨਾਲ ਦੇਖ ਕੇ ਔਖੇ ਹੋਣਗੇ। ਹੋ ਸਕਦਾ ਏ ਮਾਰ-ਕੁੱਟ ਤਕ ਵੀ ਪੁੱਜ ਜਾਣ।"

ਇਹ ਨਸਲਵਾਦ ਇਕ ਵਾਰ ਫਿਰ ਮੇਰੇ ਉਪਰ ਹਾਵੀ ਹੋਣ ਲਗਦਾ ਹੈ। ਮੈਂ ਸੋਚਦਾ ਹਾਂ ਕਿ ਇਸ ਵਾਰ ਮੈਨੂੰ ਜਿੱਤਣਾ ਚਾਹੀਦਾ ਹੈ। ਹਰ ਵਾਰ ਹਾਰਨਾ ਮੈਂ ਨਹੀਂ ਝੱਲ ਸਕਦਾ। ਏਨੀਆਂ ਹਾਰਾਂ ਮੇਰੇ ਲਈ ਠੀਕ ਨਹੀਂ। ਮੈਂ ਉਸ ਨੂੰ ਆਖਦਾ ਹਾਂ, "ਮੈਨੂੰ ਕਿਸੇ ਦੀ ਪ੍ਰਵਾਹ ਨਹੀਂ, ਕੋਈ ਕਹਿ ਕੇ ਤਾਂ ਦੇਖੇ, ਓਹਦਾ ਮੂੰਹ ਨਾ ਭੰਨ ਦੇਵਾਂ ਤਾਂ!"

"ਪਰ ਆਪਾਂ ਹਾਲਾਤ ਇਥੋਂ ਤਕ ਪੁੱਜਣ ਹੀ ਕਿਉਂ ਦੇਈਏ! ਬੜੇ ਅਰਾਮ ਨਾਲ ਇਹ ਦਿਨ ਮਨਾਵਾਂਗੇ, ਸਿਰਫ ਤੂੰ ਤੇ ਮੈਂ!"

"ਨਹੀਂ, ਆਪਾਂ ਬਾਹਰ ਚਲਾਂਗੇ, ਭਾਵੇਂ ਕੁਝ ਦੇਰ ਲਈ ਹੀ ਸਹੀ।"

ਉਸ ਦੇ ਜਨਮ ਦਿਨ 'ਤੇ ਮੈਂ ਉਸ ਨੂੰ ਉਸ ਦੇ ਘਰੋਂ ਲੈਣ ਜਾਂਦਾ ਹਾਂ ਤਾਂ ਉਹ ਵਾਕਿਆ ਹੀ ਚਾਈਨੀ ਡ੍ਰੈੱਸ ਪਹਿਨ ਕੇ ਆਉਂਦੀ ਹੈ। ਮੈਂ ਉਸ ਵਲ ਦੇਖਦਾ ਰਹਿ ਜਾਂਦਾ ਹਾਂ। ਉਹ ਆਪਣਾ ਪੀਲਾ ਲੰਮਾ ਗਾਊਨ ਸੰਭਾਲਦੀ ਕਾਰ ਵਿਚ ਬੈਠਦੀ ਕਹਿੰਦੀ ਹੈ, "ਮੇਰੇ ਸਮਾਜ ਵਿਚ ਆਪਣੇ ਪਤੀ ਦੀ ਆਗਿਆ ਦਾ ਪਾਲਣ ਕਰਨਾ ਬਹੁਤ ਜ਼ਰੂਰੀ ਏ, ਜੋ ਤੂੰ ਕਹੇਂਗਾ ਮੈਂ ਉਹੀ ਕਰਾਂਗੀ।"

"ਥੈਂਕਿਊ!"

ਮੈਂ ਉਸ ਨੂੰ ਕੈਂਜ਼ਿੰਗਟਨ ਦੇ ਮਸ਼ਹੂਰ ਰੈਸਟੋਰੈਂਟ 'ਤਾਜ' ਵਿਚ ਲੈ ਜਾਂਦਾ ਹਾਂ। ਮੇਰੇ ਮਨ ਵਿਚ ਇਕ ਡਰ ਜਿਹਾ ਹੈ ਕਿ ਸ਼ਾਇਦ ਓਨੋ ਨੂੰ ਮੇਰੇ ਨਾਲ ਦੇਖ ਕੇ ਕੋਈ ਅਵਾਜ਼ਾ ਕੱਸੇ ਪਰ ਇਸ ਲਈ ਮੈਂ ਤਿਆਰ ਵੀ ਹਾਂ ਕਿ ਜੇ ਕੋਈ ਮਾੜਾ ਸ਼ਬਦ ਬੋਲਿਆ ਤਾਂ ਮੈਂ ਲੜ ਪਵਾਂਗਾ। ਮੈਂ ਚੌਕਸੀ ਜਿਹੀ ਨਾਲ ਆਲਾ ਦੁਆਲਾ ਦੇਖਦਾ ਹਾਂ। ਸਭ ਲੋਕ ਆਪਣੇ ਅਨੰਦ ਵਿਚ ਹਨ, ਸਾਡੇ ਵਲ ਕੋਈ ਧਿਆਨ ਵੀ ਨਹੀਂ ਦੇ ਰਿਹਾ।...

ਉਸ ਦੇ ਵੀਜ਼ੇ ਦਾ ਇਕ ਮਹੀਨਾ ਰਹਿ ਜਾਂਦਾ ਹੈ। ਆਉਣ ਵਾਲੇ ਭਵਿੱਖ ਬਾਰੇ ਉਸ ਨੇ ਸਾਰੀ ਵਿਓਂਤ-ਬੰਦੀ ਕਰ ਲਈ ਹੋਈ ਹੈ। ਵੀਜ਼ਾ ਖਤਮ ਹੋਣ ਤੋਂ ਪਹਿਲਾਂ ਪਹਿਲਾਂ ਉਸ ਨੂੰ ਇਕ ਵਾਰ ਸਿੰਘਾਪੁਰ ਜਾਣਾ ਪਵੇਗਾ ਤੇ ਉਥੋਂ ਦੁਬਾਰਾ ਵੀਜ਼ਾ ਲੈ ਕੇ ਉਹ ਆ ਸਕਦੀ ਹੈ। ਵਾਪਸ ਆਵੇਗੀ ਤਾਂ ਅਸੀਂ ਵਿਆਹ ਕਰਾ ਲਵਾਂਗੇ ਤੇ ਉਸ ਦੀ ਇਥੇ ਪੱਕੀ ਸਟੇਅ ਵਾਸਤੇ ਅਪਲਾਈ ਕਰ ਦੇਵਾਂਗੇ। ਇਕ ਦੁਕਾਨ ਖਰੀਦਣ ਜੋਗੇ ਪੈਸੇ ਉਸ ਦਾ ਪਿਓ ਉਸ ਨੂੰ ਦੇ ਦੇਵੇਗਾ ਜਿਸ ਨਾਲ ਅਸੀਂ ਨਵਾਂ ਕਾਰੋਬਾਰ ਸ਼ੁਰੂ ਕਰ ਦੇਵਾਂਗੇ ਤੇ ਖੁਸ਼ੀ ਖੁਸ਼ੀ

ਰਹਾਂਗੇ। ਕਦੇ ਕਦੇ ਦਿਲ ਕਰਦਾ ਹੈ ਕਿ ਉਸ ਨੂੰ ਇਹ ਸੁਫਨੇ ਲੈਣ ਤੋਂ ਰੋਕ ਦੇਵਾਂ ਪਰ ਮੇਰੇ ਤੋਂ ਅਜਿਹਾ ਨਹੀਂ ਕਰ ਹੁੰਦਾ। ਇਕ ਦਿਨ ਉਹ ਆਖਦੀ ਹੈ,

"ਚੱਲ ਆ, ਤੇਰੀ ਆਪਣੇ ਪਿਤਾ ਨਾਲ ਗੱਲ ਕਰਾਵਾਂ, ਬੜੀ ਮੁਸ਼ਕਲ ਨਾਲ ਇੰਡੀਅਨ ਮੁੰਡੇ ਨਾਲ ਵਿਆਹ ਕਰਾਉਣ ਲਈ ਮੰਨਿਆਂ ਪਰ ਮੇਰੀ ਮਾਂ ਹਾਲੇ ਵੀ ਨਹੀਂ ਮੰਨ ਰਹੀ।"

"ਓਨੋ, ਮੈਂ ਤੇਰੇ ਪਿਤਾ ਨਾਲ ਹਾਲੇ ਕੋਈ ਗੱਲ ਨਹੀਂ ਕਰ ਸਕਦਾ।"

"ਕਿਉਂ?"

"ਕਿਉਂਕਿ ਮੇਰੇ ਵਿਚ ਹਾਲੇ ਏਨੀ ਹਿੰਮਤ ਨਹੀਂ, ਮੈਂ ਕੁਝ ਦਿਨਾਂ ਵਿਚ ਹੀ ਐਨੀਆਂ ਤੋਂ ਪਿੱਛਾ ਛੁਡਵਾ ਕੇ ਤੇਰੇ ਮੰਮੀ-ਡੈਡੀ ਨਾਲ ਗੱਲ ਕਰਾਂਗਾ।"

"ਚੱਲ, ਮੈਂ ਤੇਰੇ ਨਾਲ ਐਨੀਆਂ ਕੋਲ ਚਲਦੀ ਆਂ, ਓਹਨੂੰ ਕਹਾਂਗੀ ਕਿ ਅਸੀਂ ਵਿਆਹ ਕਰਾ ਰਹੇ ਆਂ ਤੇ ਸਾਡੇ ਰਸਤੇ ਵਿਚੋਂ ਹਟ ਜਾਵੇ।"

"ਨਹੀਂ ਇਹ ਨਹੀਂ ਹੋ ਸਕਣਾਂ।"

"ਕਿਤੇ ਇਵੇਂ ਤਾਂ ਨਹੀਂ ਕਿ ਤੂੰ ਮੇਰੇ ਨਾਲ ਵਿਆਹ ਕਰਾਉਣਾ ਹੀ ਨਾ ਚਾਹੁੰਦਾ ਹੋਵੇਂ।"

"ਕਿਹੋ ਜਿਹੀਆਂ ਗੱਲਾਂ ਕਰਦੀ ਏਂ ਤੂੰ!"

ਗੱਲ ਕਰਦਿਆਂ ਮੇਰਾ ਮਨ ਭਰ ਆਉਂਦਾ ਹੈ। ਮੇਰੇ ਅੰਦਰਲੀ ਗੁਨਾਹ-ਭਾਵਨਾ ਮੈਨੂੰ ਤੰਗ ਕਰਨ ਲਗਦੀ ਹੈ। ਨਾਲ ਦੀ ਨਾਲ ਮੈਂ ਅੰਦਰੋ ਅੰਦਰ ਡਰਨ ਵੀ ਲਗਦਾ ਹਾਂ ਕਿ ਮੈਂ ਤਾਂ ਸੱਚ ਹੀ ਓਨੋ ਨਾਲ ਜੁੜ ਗਿਆ ਹਾਂ। ਹੁਣ ਮੈਂ ਉਸ ਨੂੰ ਛੱਡ ਵੀ ਨਹੀਂ ਸਕਾਂਗਾ।

ਇਕ ਦਿਨ ਮੈਂ ਉਸ ਨੂੰ ਕਹਿੰਦਾ ਹਾਂ,

"ਤੂੰ ਇਵੇਂ ਕਰ, ਇਹ ਕਿਰਾਏ ਦਾ ਕਮਰਾ ਛੱਡ ਦੇ ਤੇ ਬਾਕੀ ਦੇ ਦਿਨ ਮੇਰੇ ਘਰ ਆ ਕੇ ਰਹਿ।"

"ਮੈਂ ਇਵੇਂ ਕਰ ਸਕਦੀ ਆਂ ਪਰ ਪਹਿਲਾਂ ਤੂੰ ਮੈਨੂੰ ਆਪਣੇ ਭਰਾ ਤੇ ਭੈਣ ਨਾਲ ਮਿਲਾ, ਉਹਨਾਂ ਨੂੰ ਮਿਲ ਕੇ ਮੈਨੂੰ ਲਗੇ ਕਿ ਮੇਰਾ ਕੋਈ ਹੋਰ ਵੀ ਆਪਣਾ ਇਸ ਮੁਲਕ ਵਿਚ ਹੈ ਵੇ।"

"ਹਾਲੇ ਓਹਨਾਂ ਨੂੰ ਮਿਲਣਾ ਖਤਰੇ ਤੋਂ ਖਾਲੀ ਨਹੀਂ।"

"ਇਕ ਦਿਨ ਤਾਂ ਉਹਨਾਂ ਨੂੰ ਏਸ ਸੱਚ ਦਾ ਸਾਹਮਣਾ ਕਰਨਾ ਹੀ ਪਏਗਾ ਸੋ ਕੱਲ ਦੀ ਥਾਵੇਂ ਅਜ ਹੀ ਕਿਉਂ ਨਹੀਂ!"

ਉਹ ਜ਼ੋਰ ਪਾ ਕੇ ਆਖਣ ਲਗਦੀ ਹੈ ਪਰ ਮੈਂ ਉਸ ਦੀ ਗੱਲ ਨਹੀਂ ਮੰਨਦਾ। ਉਹ ਮੇਰੇ ਘਰ ਆ ਕੇ ਰਹਿਣ ਤੋਂ ਇਨਕਾਰ ਕਰ ਦਿੰਦੀ ਹੈ।...

ਇਕ ਦਿਨ ਮੇਰਾ ਭਰਾ ਓਨੋ ਦੇ ਘਰ ਹੁੰਦਿਆਂ ਮੈਨੂੰ ਮਿਲਣ ਆ ਜਾਂਦਾ ਹੈ। ਉਹ ਪਹਿਲੀ ਨਜ਼ਰੇ ਓਨੋ ਨੂੰ ਦੇਖ ਕੇ ਗੁੱਸੇ ਵਿਚ ਆਉਂਦਾ ਹੈ ਪਰ ਫਿਰ ਸਹਿਜ ਹੋ ਜਾਂਦਾ ਹੈ। ਹੁਣ ਤਕ ਏਨੀਆਂ ਔਰਤਾਂ ਨਾਲ ਮੇਰੀ ਦੋਸਤੀ ਰਹਿ ਚੁੱਕੀ ਹੈ ਕਿ ਭਰਾ ਨੇ ਮੇਰੇ ਉਪਰ ਖਿਝਣਾ ਵੀ ਘੱਟ ਕਰ ਦਿਤਾ ਹੋਇਆ ਹੈ। ਅਸੀਂ ਦੋਵੇਂ ਬੀਅਰ ਪੀਣ ਲਗਦੇ ਹਾਂ ਤੇ ਓਨੋ ਸਾਡੇ ਲਈ ਖਾਣਾ ਬਣਾਉਣ ਲਗਦੀ ਹੈ। ਸਾਡੀ ਸੇਵਾ ਵਿਚ ਉਹ ਭੰਵੀਰੀ ਵਾਂਗ ਦੌੜੀ ਫਿਰਦੀ ਹੈ। ਭਰਾ ਓਨੋ ਵਲ ਦੇਖਦਾ ਆਖਦਾ ਹੈ,

"ਕਿਤੇ ਏਹਨੂੰ ਪੱਕੀ ਤਾਂ ਨਹੀਂ ਰੱਖ ਰਿਹਾ?"

"ਨਹੀਂ ਭਾਜੀ, ਏਹ ਤਾਂ ਕੁਝ ਦਿਨਾਂ ਤਕ ਵਾਪਸ ਸਿੰਘਾ ਪੁਰ ਜਾਣ ਵਾਲੀ ਏ।"

"ਪਰ ਇਹ ਬਿਹੇਵ ਤਾਂ ਘਰ ਦੀ ਮਾਲਕਣ ਵਾਂਗ ਕਰ ਰਹੀ ਏ।"

"ਚੀਨਿਆਂ ਦਾ ਕਲਚਰ ਅਜਿਹਾ ਏ ਕਿ ਇਹ ਆਪਣੇ ਪਤੀ ਦੀ ਬਹੁਤ ਸੇਵਾ ਕਰਦੀਆਂ ਨੇ।"

"ਕਲਚਰ ਤਾਂ ਸਾਡਾ ਵੀ ਇਹੋ ਏ ਪਰ ਵਿਆਹ ਤੋਂ ਬਾਅਦ ਤਾਂ ਔਰਤਾਂ ਡੈਣਾਂ ਬਣ ਬੈਠਦੀਆਂ ਨੇ, ...ਏਹਦੇ ਤੋਂ ਬਚ, ਕਿਤੇ ਬੱਚਾ ਬੁੱਚਾ ਬਣਾ ਕੇ ਤੇਰੇ ਗੱਲ਼ ਹੀ ਨਾ ਪੈ ਜਾਵੇ।"

ਮੈਨੂੰ ਉਸ ਦੀ ਗੱਲ ਜ਼ਰਾ ਕੁ ਫਿਕਰਮੰਦ ਵੀ ਕਰ ਦਿੰਦੀ ਹੈ ਪਰ ਮੇਰਾ ਦਿਲ ਚਾਹ ਵੀ ਰਿਹਾ ਹੈ ਕਿ ਕਿਸੇ ਨਾ ਕਿਸੇ ਤਰ੍ਹਾਂ ਓਨੋ ਮੇਰੇ ਗਲ਼ ਪੈ ਹੀ ਜਾਵੇ। ਮੇਰੇ ਭਰਾ ਨੂੰ ਮਿਲ ਕੇ ਓਨੋ ਬਹੁਤ ਖੁਸ਼ ਹੈ। ਉਹ ਸਮਝਦੀ ਹੈ ਕਿ



ਮੈਨੂੰ ਮੇਰੇ ਪਰਿਵਾਰ ਵਲੋਂ ਮਨਜ਼ੂਰੀ ਮਿਲ ਗਈ ਹੈ।...

ਉਸ ਦੇ ਵਾਪਸ ਜਾਣ ਦਾ ਦਿਨ ਆ ਜਾਂਦਾ ਹੈ। ਉਹ ਆਪਣਾ ਸਾਰਾ ਸਮਾਨ ਮੇਰੇ ਘਰ ਲਿਆ ਰੱਖਦੀ ਹੈ। ਇੰਨਾ ਸਮਾਨ ਕਿ ਜਿਵੇਂ ਪੂਰੇ ਇਕ ਟੱਬਰ ਦਾ ਹੁੰਦਾ ਹੈ। ਇਸ ਨੂੰ ਢੋਣ ਲਈ ਮੈਨੂੰ ਕਾਰ ਵਿਚ ਤਿੰਨ ਗੇੜੇ ਲਾਉਣੇ ਪੈਂਦੇ ਹਨ। ਰਸੋਈ ਦੇ ਅਜਿਹੇ ਬਰਤਣ ਜਿਹੜੇ ਮੈਂ ਕਦੇ ਦੇਖੇ ਵੀ ਨਹੀਂ ਹਨ; ਚੌਲ ਬਣਾਉਣ ਵਾਲਾ ਕੁੱਕਰ, ਸਬਜ਼ੀ ਬਣਾਉਣ ਵਾਲਾ ਕੁੱਕਰ, ਮੱਛੀ ਬਣਾਉਣ ਵਾਲਾ ਕੁੱਕਰ, ਖੂਬਸੂਰਤ ਕਰੌਕਰੀ। ਮੇਰੀ ਰਸੋਈ, ਮੇਰਾ ਬੈੱਡਰੂਮ ਭਰ ਜਾਂਦੇ ਹਨ। ਇਕ ਸਭ ਤੋਂ ਵਿਸ਼ੇਸ਼ ਉਸ ਦਾ ਹੈ; ਰੇਡੀਓ ਕਲੌਕ। ਇਸ ਦੇ ਅਲਾਰਮ ਖੂਬਸੂਰਤ ਸੰਗੀਤ ਨਾਲ ਵੱਜਦਾ ਹੈ। ਇਸ ਵਿਚ ਕਈ ਕਿਸਮ ਦੀਆਂ ਧੁੰਨਾਂ ਹਨ। ਜਿਹੜੀ ਮਰਜ਼ੀ ਧੁੰਨ 'ਤੇ ਅਲਾਰਮ ਲਾ ਲਵੋ। ਮੈਨੂੰ ਸਭ ਤੋਂ ਮੋਹਿਕ ਧੁੰਨ ਚਾਈਨੀ ਸੰਗੀਤ ਦੀ ਲਗਦੀ ਹੈ। ਮੈਂ ਇਸ ਅਲਾਰਮ ਨੂੰ ਉਸ ਧੁੰਨ ਦੇ ਲਗਾ ਦਿੰਦਾ ਹਾਂ।

ਉਹ ਚਲੇ ਜਾਂਦੀ ਹੈ। ਮੈਂ ਭਰੀਆਂ ਅੱਖਾਂ ਨਾਲ ਉਸ ਨੂੰ ਏਅਰਪੋਰਟ ਤੋਂ ਵਿਦਾਇਗੀ ਦਿੰਦਾ ਹਾਂ। ਉਹ ਕਹਿੰਦੀ ਹੈ,

"ਕਿਉਂ ਰੋਨਾ ਏਂ! ...ਮੈਂ ਗਈ ਤੇ ਬਸ ਆਈ, ਇਹ ਤਾਂ ਵੀਜ਼ੇ ਖਾਤਰ ਮੈਨੂੰ ਜਾਣਾ ਪੈ ਰਿਹਾ ਏ, ਹੁਣ ਮੈਂ ਵਿਆਹ ਦਾ ਵੀਜ਼ਾ ਲੈ ਕੇ ਮੁੜ ਆਵਾਂਗੀ, ਫਿਰ ਹੈਪੀ ਐਂਦਿੰਗ ਆਫ ਦਾ ਲਵ ਸਟੋਰੀ ਲਾਈਕ ਇੰਦੀਅਨ ਫਿਲਮਜ਼!"

ਉਹ ਸਿੰਘਾਪੁਰ ਪੁੱਜ ਕੇ ਮੈਨੂੰ ਫੋਨ ਕਰਦੀ ਹੈ। ਮੈਂ ਉਸ ਦੇ ਫੋਨ ਨੰਬਰ ਉਪਰ ਵਾਪਸ ਫੋਨ ਕਰਦਾ ਹਾਂ। ਉਸ ਦੇ ਪਿਤਾ ਨਾਲ ਵੀ ਮੇਰੀ ਗੱਲ ਹੁੰਦੀ ਹੈ ਤੇ ਮਾਂ ਨਾਲ ਵੀ। ਉਹ ਬਹੁਤ ਖੁਸ਼ ਹਨ ਪਰ ਮੇਰੇ ਅੰਦਰ ਹਰ ਵੇਲੇ ਕੁਝ ਟੁੱਟਦਾ-ਭੱਜਦਾ ਰਹਿੰਦਾ ਹੈ।...

ਕੁਝ ਦਿਨ ਬਾਅਦ ਹੀ ਮੇਰਾ ਬ੍ਰਿਟਿਸ਼ ਪਾਸਪੋਰਟ ਬਣ ਕੇ ਆ ਜਾਂਦਾ ਹੈ। ਮੇਰਾ ਭਰਾ ਆਖਦਾ ਹੈ,

"ਬਹੁਤ ਹੋ ਗਈ ਮਟਰ-ਗਸ਼ਤੀ, ਹੁਣ ਇੰਡੀਆ ਲਈ ਚੜ੍ਹ ਜਾਹ ਤੇ ਜਿਹੜੀ ਕੁੜੀ ਤੇ ਉਂਗਲ ਰੱਖੇਂਗਾ ਬਾਪੂ ਓਹਦੇ ਨਾਲ ਈ ਤੇਰਾ ਵਿਆਹ ਕਰ ਦੇਵੇਗਾ। ਪਰਸੋਂ ਮੇਰੀ ਗੱਲ ਹੋਈ ਸੀ, ਇਕ ਕੁੜੀ ਤਾਂ ਓਹਨਾਂ ਨੇ ਦੇਖੀ ਵੀ ਹੋਈ ਏ, ਕਹਿੰਦੇ ਕਿ ਬਹੁਤ ਸੋਹਣੀ ਐਂ।"

ਮੇਰੇ ਮਨ ਵਿਚ ਨਵੇਂ ਸੁਫਨੇ ਫੁੱਟ ਤੁਰਦੇ ਹਨ। ਮੈਂ ਇੰਡੀਆ ਜਾਣ ਦੀ ਤਿਆਰੀ ਕਰਨ ਲਗਦਾ ਹਾਂ ਪਰ ਸਮਝ ਨਹੀਂ ਆ ਰਹੀ ਕਿ ਓਨੋ ਦਾ ਕੀ ਕਰਾਂ। ਉਹ ਤਾਂ ਵਾਪਸ ਇੰਗਲੈਂਡ ਆਉਣ ਦੀ ਤਿਆਰੀ ਕਰਨ ਲਗੀ ਹੋਵੇਗੀ। ਜਦ ਮੈਂ ਸੋਚ ਸੋਚ ਕੇ ਹਾਰ ਜਾਂਦਾ ਹਾਂ ਤਾਂ ਮੇਰੇ ਅੰਦਰਲਾ ਸ਼ੈਤਾਨ ਸੋਚਣ ਲਗਦਾ ਹੈ। ਮੈਂ ਐਨੀਆਂ ਨੂੰ ਮਿਲਦਾ ਹਾਂ। ਆਖਦਾ ਹਾਂ,

"ਐਨੀਆਂ, ਮੇਰਾ ਇਕ ਕੰਮ ਕਰ ਦੇ।"

"ਜੋ, ਮੇਰੀ ਤੈਨੂੰ ਹੁਣ ਕੀ ਲੋੜ ਪੈ ਗਈ? ਮੈਨੂੰ ਲਗਦਾ ਕਿ ਇਹ ਕੰਮ ਤੇਰੀਆਂ ਦੂਜੀਆਂ ਸਹੇਲੀਆਂ ਦੇ ਕਰਨ ਦਾ ਨਹੀਂ ਹੋਣਾਂ।"

"ਸਭ ਸਹੇਲੀਆਂ ਛੱਡੀਆਂ ਅੱਜ ਤੋਂ, ਤੇਰੀ ਸੌਂਹ।"

"ਸੌਂਹਾਂ ਰਹਿਣ ਦੇ, ਤੂੰ ਕੰਮ ਦੱਸ।"

"ਗੱਲ ਇਹ ਵੇ ਕਿ ਓਨੋ ਬਾਰੇ ਤਾਂ ਤੈਨੂੰ ਮੈਂ ਦੱਸਿਆ ਹੀ ਏ, ਉਹ ਮੇਰੇ ਨਾਲ ਵਿਆਹ ਦਾ ਸੁਫਨਾ ਦੇਖੀ ਬੈਠੀ ਏ ਪਰ ਮੈਂ ਵਿਆਹ ਕਿਸੇ ਸਾੜ੍ਹੀ ਵਾਲੀ ਨਾਲ ਕਰਾਉਣਾ ਏਂ।"

"ਫੇਰ ਮੈਂ ਕੀ ਕਰ ਸਕਦੀ ਆਂ?"

"ਓਨੋ ਵਾਪਸ ਇੰਗਲੈਂਡ ਆਉਣ ਲਈ ਤਿਆਰ ਬੈਠੀ ਏ, ਇਥੇ ਆਏਗੀ ਤਾਂ ਸੱਚ ਜਾਣ ਕੇ ਮਰ ਹੀ ਜਾਏਗੀ ਵਿਚਾਰੀ!"

"ਜ਼ਰੂਰ ਤੂੰ ਉਸ ਕੋਲ ਕੋਈ ਝੂਠ ਬੋਲਿਆ ਹੋਏਗਾ, ਕੋਈ ਲਾਰਾ ਲਾਇਆ ਹੋਏਗਾ।"

"ਕੁਝ ਗੱਲਾਂ ਮੈਂ ਕਹੀਆਂ ਵੀ ਹੋਣਗੀਆਂ ਤੇ ਕੁਝ ਉਸ ਨੇ ਆਪ ਕਿਆਸ ਕਰ ਲਈਆਂ ਹੋਈਆਂ ਨੇ ਤੇ ਹੁਣ ਉਹ ਮੇਰੇ ਨਾਲ ਵਿਆਹ ਕਰਾਉਣ ਆਉਣ ਦੀ ਤਿਆਰੀ ਕਰੀ ਬੈਠੀ ਏ, ਉਸ ਨੂੰ ਰੋਕਣਾ ਜ਼ਰੂਰੀ ਏ।"

"ਕਿਵੇਂ ਰੋਕੇਂਗਾ?"

"ਇਸੇ ਲਈ ਤਾਂ ਤੇਰੀ ਮੱਦਦ ਦੀ ਜ਼ਰੂਰਤ ਏ।"

"ਉਹ ਕਿਵੇਂ?"

"ਦੇਖ ਐਨੀਆਂ, ਜ਼ਰਾ ਕੁ ਝੂਠ ਬੋਲਣ ਨਾਲ ਉਹਦੀ ਜ਼ਿੰਦਗੀ ਬਚ ਸਕਦੀ ਏ।"

"ਕਿਹੜਾ ਝੂਠ?"

"ਤੂੰ ਉਸ ਨੂੰ ਫੋਨ ਕਰ ਕੇ ਸਿਰਫ ਏਨਾ ਹੀ ਕਹਿਣਾ ਏਂ ਕਿ ਮੈਂ ਤੇ ਜੋ ਅਗਲੇ ਹਫਤੇ ਵਿਆਹ ਕਰਾ ਰਹੇ ਆਂ, ਏਸ ਕਰਕੇ ਤੂੰ ਨਾ ਆ।"

"ਐਡਾ ਵੱਡਾ ਝੂਠ! ਮੈਂ ਤੇਰਾ ਇਹ ਕੰਮ ਨਹੀਂ ਕਰ ਸਕਦੀ।"

ਉਹ ਸਾਫ ਇਨਕਾਰ ਕਰ ਦਿੰਦੀ ਹੈ। ਮੈਨੂੰ ਪਤਾ ਹੈ ਕਿ ਐਨੀਆਂ ਮੇਰੀ ਨਰਮ ਦਿਲ ਸਹੇਲੀ ਹੈ, ਮੈਂ ਉਸ ਦੇ ਪਿੱਛੇ ਪਿਆ ਰਹਿੰਦਾ ਹਾਂ। ਉਸ ਦੇ ਮਿੰਨਤਾਂ-ਤਰਲੇ ਕਰਦਾ ਹਾਂ। ਆਖਰ ਉਹ ਮੰਨ ਜਾਂਦੀ ਹੈ ਤੇ ਓਨੋ ਨੂੰ ਫੋਨ ਕਰ ਦਿੰਦੀ ਹੈ। ਫੋਨ ਰੱਖਦਿਆਂ ਐਨੀਆਂ ਦੀਆਂ ਅੱਖਾਂ ਭਰੀਆਂ ਹੋਈਆਂ ਹਨ। ਮੈਂ ਵੀ ਉਦਾਸ ਹੋ ਜਾਂਦਾ ਹਾਂ। ਓਨੋ ਨਾਲ ਕੀ ਬੀਤਿਆ ਹੋਵੇਗਾ ਮੈਨੂੰ ਨਹੀਂ ਪਤਾ ਪਰ ਮੈਂ ਕਈ ਦਿਨ ਤਕ ਸੌਂ ਨਹੀਂ ਸਕਦਾ।...

ਸਾਲਾਂ ਦੇ ਸਾਲ ਬੀਤ ਜਾਂਦੇ ਹਨ। ਉਸ ਦਾ ਅਲਾਰਮ ਹਰ ਰੋਜ਼ ਮੈਨੂੰ ਜਗਾਉਂਦਾ ਹੈ। ਮੇਰੀ ਪਤਨੀ ਰਾਮਕਲੀ ਉਸ ਦੇ ਦਿਤੇ ਰਾਈਸ ਕੁੱਕਰਾਂ ਵਿਚ ਕਦੇ ਚੌਲ ਬਣਾਉਂਦੀ ਹੈ ਤੇ ਕਦੇ ਮੱਛੀ। ਬਾਕੀ ਵੀ ਸਾਰੇ ਭਾਂਡੇ ਵਰਤਦੀ ਹੈ। ਹਰ ਸਵੇਰ ਮੈਨੂੰ ਉਸ ਦੀ ਯਾਦ ਆਉਂਦੀ ਹੈ। ਅਚਾਨਕ ਬੈਠਿਆਂ ਉਸ ਦੀ ਅਵਾਜ਼ ਸੁਣ ਪੈਂਦੀ ਹੈ। ਸੜਕ ਉਪਰ ਤੁਰੀ ਜਾਂਦੀ ਕਿਸੇ ਵੀ ਚੀਨੀ ਕੁੜੀ ਨੂੰ ਦੇਖਦਾ ਹਾਂ ਤਾਂ ਉਸ ਵਿਚੋਂ ਮੈਨੂੰ ਓਨੋ ਦਿਸਦੀ ਹੈ।...

ਤਕਰੀਬਨ ਦਸ ਸਾਲ ਬਾਅਦ ਇਕ ਦਿਨ ਸਾਡੇ ਘਰ ਦੇ ਫੋਨ ਦੀ ਘੰਟੀ ਵੱਜਦੀ ਹੈ। ਮੇਰੀ ਪਤਨੀ ਫੋਨ ਉਠਾਉਂਦੀ ਹੈ। ਫੋਨ ਦੇ ਦੂਜੇ ਪਾਸੇ ਵਾਲੀ ਅਵਾਜ਼ ਕੁਝ ਕਹਿੰਦੀ ਹੈ ਤਾਂ ਮੇਰੀ ਪਤਨੀ ਜਵਾਬ ਦਿੰਦੀ ਹੈ,

"ਮੈਂ ਉਸ ਦੀ ਪਤਨੀ ਹਾਂ।"

ਦੂਜੇ ਪਾਸੇ ਦੀ ਅਵਾਜ਼ ਫਿਰ ਕੁਝ ਆਖਦੀ ਹੈ ਤੇ ਮੇਰੀ ਪਤਨੀ ਬੋਲਦੀ ਹੈ,

"ਮੈਂ ਐਨੀਆਂ ਨਹੀਂ, ਮੈਂ ਤਾਂ ਰਾਮਕਲੀ ਹਾਂ।"

ਰਾਮਕਲੀ ਨਾਂ ਮੈਂ ਹੀ ਉਸ ਨੂੰ ਦਿਤਾ ਹੈ। ਉਸ ਨੂੰ ਪਸੰਦ ਤਾਂ ਨਹੀ ਪਰ ਗੁੱਸਾ ਵੀ ਨਹੀਂ ਕਰਦੀ। ਉਹ ਫੋਨ ਮੈਨੂੰ ਫੜਾ ਦਿੰਦੀ ਹੈ। ਫੋਨ ਉਪਰ ਓਨੋ ਹੈ। ਉਹ ਕਹਿੰਦੀ ਹੈ,

"ਜੋ, ਤੂੰ ਐਨੀਆਂ ਨਾਲ ਵਿਆਹ ਨਹੀਂ ਕੀਤਾ?"

"ਨਹੀਂ ਤਾਂ।"

"ਏਹਦਾ ਮਤਲਬ ਐਨੀਆਂ ਮੇਰੇ ਕੋਲ ਝੂਠ ਬੋਲੀ!"

ਮੈਂ ਉਸ ਦੀ ਗੱਲ ਦਾ ਕੋਈ ਜਵਾਬ ਨਹੀਂ ਦਿੰਦਾ। ਉਹ ਫਿਰ ਆਖਦੀ ਹੈ,

"ਮੈਨੂੰ ਨਹੀਂ ਸੀ ਪਤਾ ਕਿ ਐਨੀਆਂ ਏਨੀ ਖਰਾਬ ਔਰਤ ਹੋਏਗੀ।"

ਮੈਂ ਪੁੱਛਦਾ ਹਾਂ,

"ਓਨੋ, ਤੇਰਾ ਕੀ ਹਾਲ ਏ?"

"ਮੈਂ ਠੀਕ ਆਂ, ਅਮਰੀਕਾ ਜਾ ਰਹੀ ਆਂ, ਦੋ ਦਿਨ ਲਈ ਲੰਡਨ ਰੁਕੀ ਹਾਂ, ਮੈਂ ਤੇਰੇ ਤੋਂ ਆਪਣਾ ਸਮਾਨ ਲੈ ਜਾਣਾ ਚਾਹੁੰਦੀ ਆਂ।"

"ਓਨੋ, ਤੇਰਾ ਇਹ ਸਮਾਨ ਹੀ ਤਾਂ ਮੇਰਾ ਸਰਮਾਇਆ ਏ, ਪਲੀਜ਼! ਏਹਨੂੰ ਮੇਰੇ ਕੋਲ ਰਹਿਣ ਦੇ!"

ਆਖਦਿਆਂ ਮੇਰਾ ਗਲ਼ਾ ਭਰ ਆਉਂਦਾ ਹੈ ਤੇ ਉਹ ਵੀ ਇਕ ਦਮ ਫੋਨ ਰੱਖ ਦਿੰਦੀ ਹੈ।...

ਹੁਣ ਪੱਚੀ ਸਾਲ ਹੋ ਗਏ ਹਨ। ਚਾਈਨੀ ਸੰਗੀਤ ਵਾਲਾ ਅਲਾਰਮ ਹਰ ਸਵੇਰ ਮੈਨੂੰ ਹਾਲੇ ਵੀ ਜਗਾਉਂਦਾ ਹੈ।

**Add.Harjit Atwal**,
67 Hill Side Road, Southall, Midds, UB1 2PE . U K



## ਕਹਾਣੀ / **ਧੜਕਦੇ ਰਿਸ਼ਤੇ** / ਪਰਗਟ ਸਿੰਘ ਸਤੌਜ

ਮੈਂ ਭਰਾ ਦੇ ਵਿਆਹ ਦੀ ਐਲਬੰਮ ਲੈ ਕੇ ਬੈੱਡ ਉਪਰ ਬੈਠ ਗਿਆ ਹਾਂ। ਧੜਕਦੇ ਦਿਲ ਨਾਲ ਕਾਹਲੀ-ਕਾਹਲੀ ਪੰਨੇ ਪਰਤੇ ਹਨ। ਉਸਦੀ ਫ਼ੋਟੋ ਵਾਲਾ ਪੰਨਾ ਲੱਭ ਲਿਆ ਹੈ। ਫ਼ੋਟੋ ਵੇਖ ਕੇ ਮੇਰੇ ਸਾਰੇ ਸਰੀਰ 'ਚ ਤਾਰਾਂ ਜਿਹੀਆਂ ਟੁਣਕ ਪਈਆਂ ਹਨ। ਜਿਵੇਂ ਕਿਸੇ ਨੇ ਵੀਣਾ ਦੀਆਂ ਤਾਰਾਂ 'ਤੇ ਅਚਨਚੇਤ ਉਂਗਲ ਫੇਰ ਦਿੱਤੀ ਹੋਵੇ। ਫ਼ੋਟੋ 'ਤੇ ਅਸੀਂ ਭਾਬੀ ਦੇ ਦੋਵੇਂ ਪਾਸੇ ਬੈਠੇ ਹਾਂ।

"ਭਾਬੀ ਨੇ ਕੰਮ ਗਾਲਤਾ।" ਇੱਕ ਵਾਰ ਉਸਨੇ ਫ਼ੋਟੋ ਵੇਖਦਿਆਂ ਕਿਹਾ ਸੀ। ਜਦ ਮੈਂ 'ਕਿਉਂ' ਨੂੰ ਮੂਹੋਂ ਕੱਢਦਾ ਉਸ ਵੱਲ ਸਵਾਲੀਆ ਨਜ਼ਰਾਂ ਨਾਲ ਝਾਕਿਆ ਸੀ ਤਾਂ ਉਹ ਮੇਰੇ ਵੱਲ ਵੇਖਦੀ ਭੇਦ-ਭਰਿਆ ਜਿਹਾ ਮੁਸਕਰਾ ਪਈ ਸੀ।

ਉਸਦੀ ਮਾਂ ਦੀ ਕਹੀ ਗੱਲ ਵਾਰ-ਵਾਰ ਮੇਰੇ ਦਿਮਾਗ਼ ਦੇ ਚੱਕਰ ਕੱਟ ਰਹੀ ਹੈ। ਅੱਜ ਦੁਪਹਿਰੇ ਸਾਡੇ ਘਰ ਆਈ ਚਾਚੀ ਨੇ ਇਹ ਤਾਕੀਦ ਮੈਨੂੰ ਕੀਤੀ ਸੀ, "ਦੀਪੀ, ਅੱਜ ਰਾਤ ਨੂੰ ਸਾਡੇ ਘਰੇਂ ਪੈਜੀਂ, ਤੇਰਾ ਚਾਚਾ ਤੇ ਮੰਗੀ ਤੇਰੀ ਭੂਆ ਕੋਲੇ ਜਾਣਗੇ। ਮੈਂ ਤੇ ਪ੍ਰੀਤੀ ਕੱਲੀਆਂ।" ਚਾਚੀ ਦੇ ਸਾਰੇ ਵਾਕ ਨਾਲੋਂ 'ਮੈਂ ਤੇ ਪ੍ਰੀਤੀ ਕੱਲੀਆਂ' ਮੈਨੂੰ ਜ਼ਿਆਦਾ ਚੰਗਾ ਲੱਗਿਆ ਸੀ।

ਚਾਚੀ ਕੇ ਪੈਣ ਦਾ ਸਿਲਸਲਾ ਕੋਈ ਅੱਜ ਕੱਲ੍ਹ ਦਾ ਨਹੀਂ, ਕਈ ਸਾਲਾਂ ਤੋਂ ਚੱਲਿਆ ਆ ਰਿਹਾ ਹੈ। ਜਿਸ ਦਿਨ ਚਾਚਾ ਕਦੇ ਬਾਹਰ ਜਾਂਦਾ ਹੈ, ਚਾਚੀ ਹੋਰਾਂ ਮੈਨੂੰ ਆਪਣੇ ਕੋਲ ਪਾ ਲੈਂਦੀਆਂ ਹਨ।

ਪ੍ਰੀਤੀ, ਚਾਚੀ ਦੀ ਪਹਿਲ-ਪਲੇਠੀ ਦੀ ਧੀ ਹੈ। ਪ੍ਰੀਤੀ ਤੋਂ ਦਸ ਸਾਲ ਛੋਟਾ ਹੈ ਉਸਦਾ ਭਰਾ ਮੰਗੀ। ਉਂਝ ਤਾਂ ਅਸੀਂ ਪ੍ਰੀਤੀ ਦੇ ਦੋ ਭਰਾ ਸੀ, ਮੈਂ ਤੇ ਮੰਗੀ। ਪਰ ਉਸਦੇ ਵਿਆਹ ਤੋਂ ਬਾਅਦ ਮੈਂ ਪ੍ਰੀਤੀ ਭੈਣ ਪਿਛੋਂ 'ਭੈਣ' ਸ਼ਬਦ ਕੱਟ ਦਿੱਤਾ ਹੈ। 'ਸ਼ਬਦਾਂ ਨਾਲ ਰਿਸ਼ਤੇ ਬਦਲ ਜਾਂਦੇ ਨੇ' ਇਹ ਮੇਰੇ ਦਿਮਾਗ਼ ਦੀ ਸੋਚ ਹੈ। ਮੈਂ ਪ੍ਰੀਤੀ ਨਾਲ ਰਿਸ਼ਤਾ ਬਦਲਣਾ ਸੀ ਇਸੇ ਕਰਕੇ ਮੈਂ ਇਹ ਸ਼ਬਦ ਕੱਟ ਦਿੱਤਾ ਹੈ। ਕੱਟਣਾ ਤਾਂ ਕਦੇ ਪ੍ਰੀਤੀ ਨੇ ਵੀ ਚਾਹਿਆ ਸੀ ਪਰ ਓਦੋਂ ਮੈਂ ਫਾਨੇ ਵਾਂਗ ਅੜ ਗਿਆ ਸੀ। ਹੁਣ ਮੈਂ ਆਪ ਹੀ ਕੋਹੜ ਕਿਰਲੇ ਵਾਂਗ ਰੰਗ ਵਟਾ ਗਿਆ ਹਾਂ।

ਮੈਂ ਇੱਕ ਟੱਕ ਉਸਦੀ ਫ਼ੋਟੋ ਵੱਲ ਵੇਖ ਰਿਹਾ ਹਾਂ। ਉਹ ਬੱਸ ਮੁਸਕਰਾ ਰਹੀ ਹੈ। ਉਸਦੇ ਹੋਠ ਸੰਤਰੇ ਦੀਆਂ ਰਸ-ਭਰੀਆਂ ਫਾੜੀਆਂ ਵਰਗੇ ਲਗਦੇ ਹਨ। ਮੇਰੇ ਮਨ 'ਚ ਕੋਈ ਅਜੀਬ ਜਿਹੀ ਚੋਰੀ ਕਰਨ ਦਾ ਖ਼ਿਆਲ ਆਉਂਦਾ ਹੈ। ਮੈਂ ਮੰਜੇ 'ਚੋਂ ਉਠਦਾ ਹਾਂ, ਬੈਠਕ ਦੀ ਬਾਰ 'ਚ ਆ ਜਾਂਦਾ ਹਾਂ। ਸਾਰੇ ਵਿਹੜੇ ਵਿੱਚ ਪੜਤਾਲੀਆ ਨਜ਼ਰ ਫੇਰੀ ਹੈ। ਇਧਰ ਕੋਈ ਨਹੀਂ ਆ ਰਿਹਾ। ਮੰਮੀ ਗੋਹੇ ਦਾ ਬੱਠਲ ਲੈ ਕੇ ਰੂੜੀ ਵੱਲ ਨੂੰ ਚਲੀ ਗਈ ਹੈ। ਮੈਂ ਫੁਰਤੀ ਨਾਲ ਅੰਦਰ ਆਉਂਦਾ ਹਾਂ। ਪ੍ਰੀਤੀ ਦੇ ਫ਼ੋਟੋ ਵਿਚਲੇ ਚਿਹਰੇ 'ਤੇ ਦੋ ਤਿੰਨ ਵਾਰ ਹੱਥ ਫੇਰਦਾ ਹਾਂ, ਫਿਰ ਉਸਦੀ ਫ਼ੋਟੋ ਨੂੰ ਚੁੰਮ ਲੈਂਦਾ ਹਾਂ। ਫ਼ੋਟੋ ਚੁੰਮਦਿਆਂ ਮੇਰਾ ਦਿਲ ਜ਼ੋਰ-ਜ਼ੋਰ ਦੀ ਧੜਕਿਆ ਹੈ। ਚਿਹਰੇ 'ਤੇ ਲਾਲੀ ਆ ਗਈ ਹੈ। ਪਿੰਡਾ ਭਖਣ ਲੱਗ ਪਿਆ ਹੈ। ਮੈਂ ਆਲ਼ੇ-ਦੁਆਲ਼ੇ ਨਿਗ੍ਹਾ ਮਾਰਦਾ ਹਾਂ ਜਿਵੇਂ ਕਿਸੇ ਦੇ ਵੇਖ ਲੈਣ ਤੋਂ ਡਰਦਾ ਹੋਵਾਂ। ਆਪਣੀ ਤਸੱਲੀ ਕਰਕੇ ਮੈਂ ਫਿਰ ਫ਼ੋਟੋ 'ਤੇ ਨਿਗ੍ਹਾ ਗੱਡ ਲਈ ਹੈ।

ਪ੍ਰੀਤੀ ਕਿਆਂ ਨਾਲ ਸਾਡੀ ਪੁਰਾਣੀ ਸਾਂਝ ਹੈ। ਖੇਤ ਇਕੱਠੇ ਹੋਣ ਕਰਕੇ ਬਾਪੂ ਹੋਰਾਂ ਦੀ ਪ੍ਰੀਤੀ ਦੇ ਪਿਤਾ ਨਾਲ ਖੇਤੀ-ਬਾੜੀ ਦੀ ਵਿੜ੍ਹੀ ਰਹੀ ਹੈ। ਉਹ ਸਾਡੇ ਸਕੇ ਨਹੀਂ ਪਰ ਬਾਪੂ ਹੋਰਾਂ ਦੀ ਸਾਂਝ ਕਰਕੇ ਸਾਡੇ ਸਕੇ ਤਾਏ ਚਾਚੇ ਹੋਰਾਂ ਨਲੋਂ ਵੱਧ ਆਉਂਣੀ-ਜਾਣੀ ਹੈ।

ਪ੍ਰੀਤੀ ਦੇ ਵਿਆਹ ਤੋਂ ਪਹਿਲਾਂ ਤਾਂ ਮੇਰਾ ਉਨ੍ਹਾਂ ਦੇ ਘਰ ਹਰ ਰੋਜ਼ ਦਾ ਗੇੜਾ ਸੀ। ਰੋਜ਼ ਦੀ ਆਉਂਣੀ-ਜਾਣੀ ਕਰਕੇ ਕੋਈ ਬਹਾਨਾ ਲੈਣ ਦੀ ਲੋੜ ਨਹੀਂ ਸੀ। ਮੈਂ ਪ੍ਰੀਤੀ ਨੂੰ ਆਪਣੀ ਭੈਣ ਵਾਂਗ ਹੀ ਤਾਂ ਸਮਝਦਾ ਸੀ। ਸਾਡੀ ਬੁੱਕਲ ਸਾਂਝੀ ਸੀ। ਮੈਂ ਉਸ ਨਾਲ ਹਰ ਵਿਸ਼ੇ 'ਤੇ ਹਰ ਗੱਲ ਕਰ ਲੈਂਦਾ ਸੀ। ਅਸੀਂ ਇਕੱਠੇ ਕਿਤੇ ਜਾ ਆ ਵੀ ਆਉਂਦੇ ਸੀ। ਪ੍ਰੀਤੀ ਕੀ ਰਿਸ਼ਤੇਦਾਰੀ 'ਚ ਵੀ ਮੈਂ ਕਿੰਨੀ ਵਾਰ ਉਹਨਾਂ ਨਾਲ ਵਿਆਹ ਸ਼ਾਦੀ

'ਤੇ ਗਿਆ ਹਾਂ। ਮੈਨੂੰ ਨਾਲ ਲੈ ਕੇ ਜਾਣ ਵਿੱਚ ਸਭ ਤੋਂ ਵੱਡਾ ਹੱਥ ਪ੍ਰੀਤੀ ਦਾ ਹੀ ਹੁੰਦਾ। ਉਹ ਸਭ ਨੂੰ ਜੱਜ ਵਾਂਗ ਫ਼ੈਸਲਾ ਸੁਣਾ ਦਿੰਦੀ, "ਦੀਪੀ ਵੀ ਨਾਲ ਜਾਊਗਾ।" ਜੇ ਮੈਂ ਆਨਾ-ਕਾਨੀ ਕਰਦਾ ਉਹ ਮੇਰੇ ਵੱਲ ਮੋਟੀਆਂ-ਮੋਟੀਆਂ ਅੱਖਾਂ ਕੱਢਦੀ ਧਮਕੀ ਦਿੰਦੀ, "ਜੇ ਨਾ ਗਿਆ ਦੇਖਲੈ ਫੇਰ.. .!" ਮੈਨੂੰ ਉਸਦਾ ਇਹ "ਦੇਖਲੈ ਫੇਰ" ਦੇਖਣ ਦਾ ਕਦੇ ਮੌਕਾ ਨਹੀਂ ਮਿਲਿਆ। ਮੈਂ ਹਮੇਸ਼ਾਂ ਉਸਦੀ ਇਸ ਧਮਕੀ ਤੋਂ ਡਰ ਜਾਂਦਾ 'ਤੇ ਨਾਲ ਤੁਰ ਪੈਂਦਾ।

ਜਦ ਕਦੀ ਮੈਂ ਦੁਪਹਿਰੇ ਉਨ੍ਹਾਂ ਦੇ ਘਰ ਹੁੰਦਾ ਤਾਂ ਕਈ ਵਾਰ ਅਸੀਂ ਇਕੱਠੇ ਹੀ ਇੱਕ ਮੰਜੇ 'ਤੇ ਪੈ ਜਾਂਦੇ। ਇਸ ਵਿੱਚ ਉਸਦੀ ਪਹਿਲ ਹੁੰਦੀ। ਮੇਰੇ ਮੰਜੇ ਵਿੱਚ ਪਏ ਦੇ ਉਹ ਨਾਲ ਆ ਕੇ ਪੈ ਜਾਂਦੀ। ਸੁੱਤੇ ਪਿਆਂ ਦੀਆਂ ਕਦੇ ਉਸਦੀਆਂ ਲੱਤਾਂ ਮੇਰੇ ਉਪਰ ਹੁੰਦੀਆਂ ਕਦੇ ਮੇਰੀਆਂ ਬਾਂਹਵਾਂ ਉਸ ਉਪਰ। ਪਰ ਜ਼ਿਆਦਾਤਰ ਉਸਦੀਆਂ ਲੱਤਾਂ ਬਾਂਹਾਂ ਹੀ ਮੇਰੇ ਉਪਰ ਜ਼ਿਆਦਾ ਟਿਕਦੀਆਂ। ਸਾਡੇ ਸਾਹ ਇੱਕ-ਦੂਜੇ 'ਚ ਗੁੱਥਮ-ਗੁੱਥਾ ਹੋਏ ਰਹਿੰਦੇ।

ਮੈਂ ਉਸ ਤੋਂ ਸਿਰਫ਼ ਚਾਰ ਸਾਲ ਛੋਟਾ ਹਾਂ। ਪਰ ਕਦੇ-ਕਦੇ ਉਹ ਮੇਰਾ ਸਿਰ ਆਪਣਿਆਂ ਪੱਟਾਂ ਉਪਰ ਰੱਖ ਕੇ ਇਸ ਤਰ੍ਹਾਂ ਫਰੋਲਦੀ ਜਿਵੇਂ ਮੈਂ ਉਸਦਾ ਕੋਈ ਨਿੱਕਾ ਬੱਚਾ ਹੋਵਾਂ। ਉਹ ਮੈਨੂੰ ਛੂਹ ਲੈਣ ਦੇ ਵੱਧ ਤੋਂ ਵੱਧ ਮੌਕੇ ਲੱਭਦੀ ਰਹਿੰਦੀ।

ਮੈਨੂੰ ਲੱਗਿਆ ਜਿਵੇਂ ਕਿਸੇ ਦੀ ਪੈੜ-ਚਾਲ ਕਮਰੇ ਵੱਲ ਆ ਰਹੀ ਹੋਵੇ। ਮੈਂ ਉਸਦੀ ਫ਼ੋਟੋ ਵਾਲੀ ਥਾਂ ਪੈੱਨ ਪਾ ਕੇ ਹੋਰ ਪੰਨੇ ਪਲਟ ਲਏ ਹਨ। ਮੰਮੀ ਅੰਦਰ ਆ ਗਈ ਹੈ।

"ਫ਼ੋਟੋਆਂ ਦੇਖਣ ਲੱਗ ਗਿਆ।" ਮੰਮੀ ਕਹਿੰਦੀ ਮੁਸਕਰਾ ਪਈ ਹੈ।

"ਹਾਂ" ਮੈਂ ਬਿਨਾਂ ਦੇਖੇ ਹੀ ਇੱਕ-ਇੱਕ ਪੰਨਾ ਅੱਗੇ ਪਲਟਣ ਲੱਗ ਪਿਆ ਹਾਂ। ਮੈਨੂੰ ਡਰ ਹੈ ਕਿਤੇ ਮੰਮੀ ਮੈਨੂੰ ਰੰਗੇ ਹੱਥੀਂ ਨਾ ਫੜ੍ਹ ਲਏ। ਜਦ ਮੰਮੀ ਬਾਹਰ ਚਲੀ ਗਈ ਹੈ ਫਿਰ ਓਹੀ ਪੰਨਾ ਕੱਢ ਲਿਆ ਹੈ। ਇੰਝ ਲਗਦਾ ਹੈ ਜਿਵੇਂ ਉਹ ਫ਼ੋਟੋ ਵਿੱਚੋਂ ਸਿੱਧੀ ਮੇਰੇ ਵੱਲ ਵੇਖ ਰਹੀ ਹੋਵੇ।

ਉਸ ਦਿਨ ਵੀ ਉਸਨੇ ਇਸੇ ਤਰ੍ਹਾਂ ਵੇਖਦੀ ਨੇ ਪੁੱਛਿਆ ਸੀ, "ਤੈਨੂੰ ਕਿਸੇ ਨਾਲ ਪਿਆਰ ਨੀ ਹੋਇਆ?"

"ਨਾਂਹ!" ਮੈਂ ਡੌਰੂ ਵਾਂਗ ਸਿਰ ਹਿਲਾ ਦਿੱਤਾ ਸੀ।

"ਕਿਉਂ..?" ਉਸਨੇ ਮੈਨੂੰ ਏਨੀ ਹੈਰਾਨੀ ਨਾਲ ਪੁੱਛਿਆ ਸੀ ਜਿਵੇਂ ਪੁੱਛ ਰਹੀ ਹੋਵੇ, "ਤੂੰ ਬਿਨਾਂ ਰੋਟੀ ਖਾਧੇ ਜਿਉਂ ਰਿਹਾ ਐ! ਕਿਉਂ..? "

"ਖੜ੍ਹਜਾ ਦੋ ਮਿੰਟ।" ਫਿਰ ਉਹ ਅੰਦਰ ਚਲੀ ਗਈ ਸੀ ਜਿਵੇਂ ਡਾਕਟਰ ਮਰੀਜ਼ ਨੂੰ, 'ਕੋਈ ਖ਼ਾਸ ਗੱਲ ਨਹੀਂ ਬਿਮਾਰੀ ਹੋ ਜਾਊ ਤੇਰੀ ਠੀਕ' ਕਹਿ ਕੇ ਅੰਦਰ ਦਵਾਈ ਲੈਣ ਚਲਾ ਜਾਂਦਾ ਹੈ।

ਜਦ ਉਹ ਬਾਹਰ ਆਈ ਉਸਦੇ ਹੱਥ ਇੱਕ ਪੇਜ਼ ਸੀ। ਉਸਨੇ ਬਿਨ੍ਹਾਂ ਕੁਝ ਬੋਲੇ ਪੇਜ਼ ਮੇਰੇ ਹੱਥਾਂ ਵਿੱਚ ਦੇ ਦਿੱਤਾ। ਮੈਂ ਪੜ੍ਹਿਆ। ਇਹ ਸਾਡੇ ਵਿਹੜੇ ਦੀਆਂ ਅੱਠ-ਦਸ ਕੁੜੀਆਂ ਦੇ ਨਾਂਵਾਂ ਦੀ ਲਿਸਟ ਸੀ, ਜੋ ਪ੍ਰੀਤੀ ਦੀਆਂ ਸਹੇਲੀਆਂ ਵੀ ਸਨ। ਇੱਕ ਖ਼ਾਸ ਗੱਲ! ਵਿੱਚ ਉਸਦਾ ਆਪਣਾ ਨਾਮ ਵੀ ਸੀ।

"ਇਹ ਕੀ ਐ? " ਮੈਨੂੰ ਕੋਈ ਸਮਝ ਨਹੀਂ ਲੱਗੀ ਸੀ।

"ਇਨ੍ਹਾਂ 'ਚੋਂ ਤੈਨੂੰ ਜਿਹੜੀ ਵੀ ਪਸੰਦ ਐ, ਉਸ ਉੱਤੇ ਗੋਲ ਚੱਕਰ ਲਗਾ ਦੇ। ਮੈਂ ਤੇਰੀ ਓਸੇ ਨਾਲ ਗੱਲ ਕਰਵਾ ਦਿਊਂ।"

ਮੈਂ ਹੈਰਾਨੀ ਨਾਲ ਉਸ ਵੱਲ ਵੇਖਿਆ, ਉਹ ਫਿਰ ਭੇਦ ਭਰਿਆ ਜਿਹਾ ਮੁਸਕਰਾ ਪਈ ਸੀ। ਮੈਂ ਦੋ ਤਿੰਨ ਵਾਰ ਪੇਜ਼ 'ਤੇ ਨਜ਼ਰ ਫੇਰੀ ਤੇ ਫਿਰ ਬਿਨਾਂ ਗੋਲ ਚੱਕਰ ਲਗਾਏ ਉਸਨੂੰ ਫੜਾ ਦਿੱਤਾ।

"ਮੈਨੂੰ ਨੀ ਪਤਾ ਲਾ ਕੇ ਦੇਹ। ਨਹੀਂ ਫੇਰ ਦੇਖਲੈ..!" ਉਸਨੇ ਮੈਨੂੰ ਓਹੀ ਧਮਕੀ ਦੇ ਕੇ ਪੇਜ਼ ਮੇਰੇ ਹੱਥਾਂ ਵਿੱਚ ਫੜਾ ਦਿੱਤਾ।

ਮੈਂ ਬਿਨਾਂ ਕਿਸੇ ਹੁਲਾਸ ਦੇ, ਵਿਹੜੇ ਵਿੱਚੋਂ ਸਭ ਤੋਂ ਸੋਹਣੀ ਕੁੜੀ 'ਤੇ ਚੱਕਰ ਵਾਹ ਕੇ ਉਸ ਨੂੰ ਪੇਜ਼, ਬੱਸ ਖਹਿੜਾ ਛੁਡਾਉਣ ਲਈ ਫੜਾ ਦਿੱਤਾ। ਪੇਜ਼ ਵੇਖਦਿਆਂ ਉਸਦੇ ਹੱਸਦੇ ਚਿਹਰੇ 'ਤੇ ਉਦਾਸੀ ਧੂੜੀ



ਗਈ। ਮੁਸਰਾਉਂਦੇ ਬੁੱਲ੍ਹ ਢਿੱਲੇ ਪੈ ਗਏ। ਅੱਖਾਂ ਡੁਬ-ਡੁਬਾ ਗਈਆਂ। ਫਿਰ ਉਹ ਚਿਹਰੇ 'ਤੇ ਬਨਾਉਟੀ ਖ਼ੁਸ਼ੀ ਦਾ ਲੇਪ ਦਿੰਦੀ ਬੋਲੀ, "ਮੈਂ ਤੇਰੀ ਇਹਦੇ ਨਾਲ ਜ਼ਰੂਰ ਗੱਲ ਕਰਵਾਊਂ!"

ਉਸ ਦਿਨ ਤੋਂ ਬਾਅਦ ਨਾ ਤਾਂ ਮੈਂ ਉਸ ਕੁੜੀ ਬਾਰੇ ਪ੍ਰੀਤੀ ਤੋਂ ਕੋਈ ਗੱਲ ਪੁੱਛੀ ਅਤੇ ਨਾ ਉਸਨੇ ਦੱਸੀ। ਸਾਡਾ ਉਸੇ ਤਰ੍ਹਾਂ ਫੇਰ ਚੱਲ ਪਿਆ।

ਜਦ ਮੈਨੂੰ ਉਸਦੀ ਫ਼ੋਟੋ ਵੇਖਦਿਆਂ ਉਸਦਾ ਅਸਲ ਚਿਹਰਾ ਖ਼ਿਆਲ ਆਉਂਦਾ ਹੈ ਤਾਂ ਮੇਰੇ ਅੰਦਰ ਕਾਹਲ ਭਾਂਬੜ ਵਾਂਗ ਮੱਚ ਪੈਂਦੀ ਹੈ। ਮੈਂ ਜਲਦੀ ਨਾਲ ਐਲਬੰਮ ਬੰਦ ਕਰਕੇ ਅਲਮਾਰੀ ਵਿੱਚ ਰੱਖ ਦਿੰਦਾ ਹਾਂ 'ਤੇ ਲੱਕੜ ਦੀ ਪੌੜੀ ਕੋਠੇ ਚੜ੍ਹ ਜਾਂਦਾ ਹਾਂ। ਸਾਡੇ ਘਰ ਦੇ ਪਿੱਛੇ ਜਿਸ ਘਰ ਦੀ ਪਿੱਠ ਲਗਦੀ ਹੈ, ਉਸ ਘਰ ਦੇ ਬਾਰ ਦੇ ਬਿਲਕੁਲ ਸਾਹਮਣੇ ਪ੍ਰੀਤੀ ਕਾ ਬਾਰ ਹੈ। ਜੇ ਪ੍ਰੀਤੀ ਕੇ ਜਾਣਾ ਹੋਵੇ ਤਾਂ ਸਾਡੇ ਘਰ ਦੇ ਪਿਛਲੇ ਘਰ ਦੀ ਪੌੜੀ ਉਤਰੋ 'ਤੇ ਉਸ ਘਰ 'ਚੋਂ ਨਿਕਲਦਿਆਂ ਸਾਹਮਣੇ ਪ੍ਰੀਤੀ ਕੇ ਘਰ ਵੜ ਜਾਓ। ਚਾਚੀ ਵੀ ਅੱਜ ਇਸੇ ਪੌੜੀ ਚੜ੍ਹ ਕੇ ਆਈ ਸੀ। ਮੇਰਾ ਮਨ ਤਾਂ ਓਦੋਂ ਹੀ ਪ੍ਰੀਤੀ ਨੂੰ ਵੇਖਣ ਲਈ ਤੜਫ਼ ਉਠਿਆ ਸੀ, ਜਦ ਚਾਚੀ ਨੇ ਆ ਕੇ ਦੱਸਿਆ ਸੀ ਕਿ ਪ੍ਰੀਤੀ ਅੱਜ ਹੀ ਸਹੁਰਿਆਂ ਤੋਂ ਆਈ ਹੈ।

ਮੈਂ ਸਾਹਮਣੇ ਦੇਖਦਾ ਹਾਂ, ਪ੍ਰੀਤੀ ਅੱਗ ਲਾਉਂਦੇ ਹੁਸਨ ਨਾਲ ਵਿਹੜੇ 'ਚ ਪੈਲਾਂ ਪਾਉਂਦੀ ਫਿਰਦੀ ਹੈ। ਕਾਸ਼! ਜੇ ਮੈਂ ਉਸ ਦਿਨ 'ਹਾਂ' ਕਰ ਦਿੰਦਾ! ਬਿਚਾਰੀ ਨੇ ਕਿੱਡਾ ਹਾਉਕਾ ਲਿਆ ਸੀ। ਸਾਰੀਆਂ ਰੀਝਾਂ ਦਿਲ ਵਿੱਚ ਹੀ ਦਬਾ ਕੇ ਤੁਰ ਗਈ। ਹਾਂ! ਓਦੋਂ ਤਾਂ ਮੈਂ ਖ਼ੁਦਗ਼ਰਜ਼ ਨਿਕਲਿਆ ਸੀ। ਆਪਣੀਆਂ ਰੀਝਾਂ ਪੂਰੀਆਂ ਕਰਨ ਲਈ ਪ੍ਰੀਤੀ ਦੀਆਂ ਰੀਝਾਂ ਦੀ ਕੁਰਬਾਨੀ ਲੈ ਲਈ। ਪਤਾ ਨਹੀਂ ਪ੍ਰੀਤੀ ਦਾ ਹੀ ਸਰਾਫ਼ ਮਾਰ ਗਿਆ ਸੀ, ਰੀਝਾਂ ਮੇਰੀਆਂ ਫਿਰ ਵੀ ਪੂਰੀਆਂ ਨਾ ਹੋ ਸਕੀਆਂ.. ..!

ਮੇਰੀ ਨਿਗ੍ਹਾ ਪ੍ਰੀਤੀ ਕੇ ਵਿਹੜੇ ਵਿੱਚ ਖੜ੍ਹੀ ਨਿੰਮ ਹੇਠ ਚਲੀ ਜਾਂਦੀ ਹੈ। ਪ੍ਰੀਤੀ 'ਤੇ ਰਾਜਵੀਰ ਉਸ ਦਿਨ ਇਸ ਨਿੰਮ ਥੱਲੇ ਹੀ ਬੈਠੀਆਂ ਸਨ। ਜਦ ਮੈਂ ਸ਼ਾਮ ਨੂੰ ਪ੍ਰੀਤੀ ਕੇ ਘਰ ਗਿਆ ਸੀ ਤਾਂ ਸਾਹਮਣੇ ਰਾਜਵੀਰ ਨੂੰ ਵੇਖ ਕੇ ਹੋਸ਼ ਗਵਾ ਬੈਠਾ ਸੀ। ਪਤਾ ਨਹੀਂ ਰੱਬ ਏਨੀ ਚਿੱਟੀ ਮਿੱਟੀ 'ਤੇ ਏਨੇ ਸੋਹਣੇ ਨੈਣ-ਨਕਸ਼ਾ ਦੇ ਸੰਚੇ ਕਿੱਥੋਂ ਲੈ ਆਉਂਦਾ ਹੈ! ਫਿਰ ਮੇਰੀ ਨਿਗ੍ਹਾ ਉਸਦੇ ਚਿਹਰੇ ਤੋਂ ਝੱਟ ਉਸਦੇ ਪੈਰਾਂ ਵੱਲ ਗਈ। ਇਹ ਮੈਨੂੰ ਸੋਹਣੇ ਪੈਰਾਂ ਦੇ ਸ਼ੌਕ ਕਰਕੇ ਹੈ ਕਿ ਮੈਂ ਹਰ ਕੁੜੀ ਦਾ ਚਿਹਰਾ ਵੇਖਣ ਤੋਂ ਝੱਟ ਬਾਅਦ ਉਸਦੇ ਪੈਰਾਂ ਵੱਲ ਵੇਖਦਾ ਹਾਂ। ਜੇ ਉਸਦੇ ਪੈਰ ਸੋਹਣੇ ਹਨ ਤਾਂ ਉਹ ਸੋਹਣੀ ਹੈ, ਜੇ ਪੈਰ ਗੰਦੇ ਹਨ ਤਾਂ ਸੋਹਣੀ ਨਹੀਂ ਹੈ। ਇਹ ਮੇਰਾ ਸੁੱਹਪਣ ਪਰਖਣ ਦਾ ਇੱਕ ਆਪਣਾ ਪੈਮਾਨਾ ਹੈ। ਜਦ ਕਦੇ ਮੈਂ ਕਿਸੇ ਦੇ ਬਹੁਤ ਸੋਹਣੇ ਪੈਰ ਵੇਖ ਲਵਾਂ ਤਾਂ ਮੇਰਾ ਮਨ ਮਸਤੇ ਬੋਤੇ ਵਾਂਗ ਮੈਥੋਂ ਮੁਹਾਰਾਂ ਛੁਡਾਉਣ ਲੱਗ ਜਾਂਦਾ ਹੈ। ਜੀਅ ਕਰਦਾ ਹੈ ਇਸ ਨੂੰ ਇਥੇ ਹੀ ਸੁੱਟ ਕੇ ਪੈਰ ਚੁੰਮਣ ਲੱਗ ਜਾਵਾਂ। ਰਾਜਵੀਰ ਦੇ ਪੈਰ ਏਨੇ ਸੋਹਣੇ ਵੀ ਨਹੀਂ ਸੀ ਕਿ ਮੇਰਾ ਮਨ ਬੇਕਾਬੂ ਹੋਇਆ ਮੁਹਾਰਾਂ ਛੁਡਾਉਂਦਾ ਫਿਰੇ। ਬੱਸ ਕੰਮ ਚਲਾਊ ਸੀ।

ਮੈਨੂੰ ਉਸ ਦਿਨ ਗੱਲਾਂ-ਗੱਲਾਂ ਤੋਂ ਪਤਾ ਲੱਗ ਗਿਆ ਸੀ ਕਿ ਰਾਜਵੀਰ ਪ੍ਰੀਤੀ ਦੇ ਮਾਮੇ ਦੀ ਕੁੜੀ ਹੈ। ਪਹਿਲਾਂ ਇਹ ਕਈ ਸਾਲ ਆਪਣੀ ਭੂਆ ਕੋਲ ਪੜ੍ਹਦੀ ਰਹੀ ਸੀ ਤੇ ਹੁਣ ਪ੍ਰੀਤੀ ਨਾਲ ਦਰੀਆਂ ਬੁਣਾਉਣ ਆਈ ਸੀ। 'ਦਰੀਆਂ ਬੁਣਦੀ-ਬੁਣਦੀ ਸ਼ਾਇਦ ਮੇਰੇ ਨਾਲ ਵੀ ਕੋਈ ਪਿਆਰ ਦੀ ਘੁੰਡੀ ਪਾ ਲਏ।' ਇਸੇ ਰੀਝ ਨੇ ਮੇਰੇ ਪ੍ਰੀਤੀ ਦੇ ਘਰ ਗੇੜੇ ਵਧਾ ਦਿੱਤੇ। ਗੇੜਿਆਂ ਦੇ ਨਾਲ-ਨਾਲ ਉਥੇ ਗੁਜ਼ਰਦੇ ਸਮੇਂ ਵਿੱਚ ਵੀ ਦੂਣਾ ਫ਼ਰਕ ਪੈ ਗਿਆ। ਪ੍ਰੀਤੀ ਤੇ ਰਾਜਵੀਰ ਦਰੀਆਂ ਬੁਣਦੀਆਂ ਰਹਿੰਦੀਆਂ 'ਤੇ ਮੈਂ ਰਾਜਵੀਰ ਨਾਲ ਪਿਆਰ ਦੀ ਬੁਣਤੀ ਬੁਣਨ ਦੇ ਚੱਕਰ ਵਿੱਚ ਓਥੇ ਬੈਠਾ ਰਹਿੰਦਾ। ਦੋਵੇਂ ਮੇਰੇ ਨਾਲ ਹੱਸਦੀਆਂ, ਗੱਲਾਂ ਮਾਰਦੀਆਂ, ਚੋਭਾਂ ਲਾਉਂਦੀਆਂ। ਮਾਂ ਘਰੋਂ ਦਿਨ-ਰਾਤ ਡੰਗਰਾਂ ਨਾਲ ਕੱਲੀ ਖਹਿਬੜਦੀ ਮੇਰੀ 'ਬੇੜੀ ਬਿਠਾਉਂਦੀ' ਰਹਿੰਦੀ। ਮੈਂ ਮਾਂ ਨੂੰ ਝਕਾਨੀ ਦੇ ਕੇ, ਆਪਣਾ 'ਬੇੜਾ' ਤਾਰਨ ਲਈ ਪ੍ਰੀਤੀ ਕੇ ਘਰ ਜਾ ਬੈਠਦਾ।

ਮੈਨੂੰ ਮਹਿਸੂਸ ਹੋਣ ਲੱਗ ਪਿਆ ਸੀ ਜਿਵੇਂ ਰਾਜਵੀਰ ਨਾਲ ਮੇਰੀ ਗੱਡੀ ਰਿੜ੍ਹਨ ਲੱਗ ਪਈ ਹੈ, ਬੱਸ ਥੋੜ੍ਹਾ ਜਿਹਾ ਠੁੰਮਣਾ ਹੋਰ ਲਾਉਣ ਦੀ ਲੋੜ ਹੈ ਜਿਸ ਨਾਲ ਸਾਡੀ ਗੱਡੀ ਟਾਪ ਗੇਅਰ ਵਿੱਚ ਪੈ ਜਾਵੇ। ਮੈਂ ਹਰ ਸਮੇਂ ਸਕੀਮਾਂ ਘੜਦਾ ਰਹਿੰਦਾ ਪਰ ਅਮਲ 'ਚ ਕੋਈ ਨਾ ਲਿਆਉਂਦਾ। ਫਿਰ ਮਨ 'ਚ ਆਈ 'ਕਿਉਂ

ਨਾ ਪ੍ਰੀਤੀ ਨੂੰ ਵਿੱਚ ਪਾ ਲਵਾਂ।' ਇੱਕ ਦਿਨ ਪੇਪਰ ਦੇਣ ਜਾਂਦੀ ਪ੍ਰੀਤੀ ਨੂੰ ਬੱਸ ਚੜ੍ਹਾਉਣ ਗਿਆ ਮੈਂ ਕਾਗ਼ਜ ਤੇ ਲਿਖ ਕੇ ਦੇ ਆਇਆ, 'ਮੈਂ ਰਾਜਵੀਰ ਨੂੰ ਬਹੁਤ ਚਾਹੁੰਦਾ ਹਾਂ ਪਰ ਮੂਹੋਂ ਉਸਨੂੰ ਕਹਿ ਨਹੀਂ ਸਕਦਾ। ਕਿਰਪਾ ਕਰਕੇ ਮੇਰੀ ਉਸ ਨਾਲ ਗੱਲ ਕਰਵਾ ਦਿਓ।'

ਦੀਪੀ।

"ਬੱਸ ਹੁਣ ਮਨ ਦੀਆਂ ਰੀਝਾਂ ਪੂਰੀਆਂ।" ਮੈਂ ਖ਼ੁਸ਼ੀ ਵਿੱਚ ਫੁੱਲਿਆ ਪ੍ਰੀਤੀ ਦੇ ਮੁੜ ਆਉਣ, ਆ ਕੇ ਰਾਜਵੀਰ ਨੂੰ ਦੱਸਣ ਤੱਕ ਦਾ ਸਮਾਂ ਉਂਗਲਾਂ ਤੇ ਭੰਨਦਾ ਵਾਪਸ ਪ੍ਰੀਤੀ ਕੇ ਘਰ ਆ ਗਿਆ। ਜਦ ਪ੍ਰੀਤੀ ਦੀ ਮੰਮੀ 'ਤੇ ਭਰਾ ਇਧਰ-ਉਧਰ ਹੋਏ ਤਾਂ ਰਾਜਵੀਰ ਮੇਰੇ ਕੋਲ ਆ ਬੈਠੀ। ਮਨ 'ਚ ਆਇਆ, 'ਪ੍ਰੀਤੀ ਨੂੰ ਕਹਿਣ ਦੀ ਕੀ ਲੋੜ ਸੀ, ਗੱਲ ਤਾਂ ਆਪਣੇ ਆਪ ਨੇੜੇ ਲੱਗੀ ਜਾਂਦੀ ਐ।'

"ਦੀਪੀ ਮੈਂ ਤੇਰੇ ਨਾਲ ਇੱਕ ਗੱਲ ਕਰਨੀ ਸੀ।"

"ਕਰੋ ਜੀ!" ਮੇਰੇ ਅੰਦਰ ਜਿੰਨਾ ਰਸ ਸੀ ਸਾਰਾ ਜ਼ੁਬਾਨ 'ਤੇ ਕੱਠਾ ਕਰ ਲਿਆਂਦਾ। ਮੈਨੂੰ ਕਾਹਲੀ ਸੀ ਕਿ ਛੇਤੀ ਕਹਿ ਦੇਵੇ, "ਮੈਂ ਤੈਨੂੰ ਪਿਆਰ ਕਰਦੀ ਆਂ!"

"ਗੁੱਸਾ ਤਾ ਨੀ ਮੰਨਦੇ।"

"ਲੈ! ਗੁੱਸੇ ਆਲੀ ਕਿਹੜੀ ਗੱਲ ਐ!" ਦਿਲ ਤਾਂ ਕਰਦਾ ਸੀ ਫ਼ਿਲਮੀਂ ਨਾਇਕਾਂ ਵਾਂਗ ਉਸਦਾ ਹੱਥ ਫੜ ਕੇ ਕਹਾਂ, "ਤੇਰੀ ਇਹ ਗੱਲ ਸੁਣਨ ਲਈ ਤਾਂ ਸਦੀਆਂ ਤੋਂ ਤੜਫ਼ ਰਿਹਾਂ। ਬੱਸ ਦੇਰ ਨਾ ਲਾ, ਛੇਤੀ ਬੋਲ ਮੇਰੀ ਸੱਜਣੀ!" ਪਰ ਐਨਾ ਹੌਸਲਾ ਕੀਹਦੇ ਦਿਲ 'ਚੋਂ ਚੋਰੀ ਕਰ ਕੇ ਲਿਆਉਂਦਾ? ਇਸ ਲਈ ਉਪਰਲੇ ਮੂੰਹ ਆਏ ਬੋਲ ਹੀ ਬੋਲ ਗਿਆ।

"ਪ੍ਰੀਤੀ ਤੇਰੇ ਨਾਲ ਪਿਆਰ ਕਰਦੀ ਐ। ਉਹ ਤੇਰੇ ਨਾਲ ਗੱਲ ਕਰਨ ਨੂੰ ਕਹਿੰਦੀ ਐ।" ਰਾਜਵੀਰ ਦੇ ਇਨ੍ਹਾਂ ਬੋਲਾਂ ਨੇ ਮੇਰੇ ਸਿਰ ਵਿੱਚ ਸੌ ਘੜਾ ਪਾਣੀ ਦਾ ਪਾ ਦਿੱਤਾ। ਮੈਂ ਗੁੰਮ-ਸੁੰਮ ਹੋ ਗਿਆ। ਸਿਰ ਚਕਰਾ ਗਿਆ। ਰਾਜਵੀਰ ਦੇ ਬੋਲ ਨਹੀਂ, ਜਿਵੇਂ ਤੋਪ ਦਾ ਗੋਲਾ ਮੇਰੇ ਕੰਨਾਂ ਕੋਲ ਆ ਕੇ ਅਚਨਚੇਤ ਫਟ ਗਿਆ ਹੋਵੇ। ਇਹ ਕੀ ਭਾਣਾ ਵਰਤ ਗਿਆ? ਉਸ ਨੂੰ ਤਾਂ ਮੈਂ ਆਪਣੀ ਭੈਣ ਸਮਝਿਆ ਸੀ। ਇਸ ਗੱਲ ਦਾ ਤਾਂ ਕਦੇ ਮੇਰੇ ਮਨ 'ਚ ਖ਼ਿਆਲ ਵੀ ਨਹੀਂ ਆਇਆ ਸੀ। ਇੰਝ ਉਹ ਕਿਵੇਂ ਕਹਿ ਸਕਦੀ ਐ? ਕਿੰਨਾ ਹੀ ਚਿਰ ਮੇਰੇ ਮੂੰਹੋਂ ਬੋਲ ਹੀ ਨਾ ਨਿਕਲਿਆ। ਫਿਰ ਮੈਂ ਸੁੱਕ ਗਏ ਸੰਘ ਨੂੰ ਥੁੱਕ ਨਾਲ ਤਰ ਕਰਦਿਆਂ ਏਨਾ ਹੀ ਕਹਿ ਸਕਿਆ, "ਮੈਂ ਆਪੇ ਕਰਲੂੰ ਗੱਲ!"

ਘਰ ਆ ਕੇ ਮੈਨੂੰ ਅੱਚਵੀ ਲੱਗੀ ਰਹੀ। ਪ੍ਰੀਤੀ ਦੇ ਅੰਦਰ ਬੈਠੀ ਇਕ ਹੋਰ ਪ੍ਰੀਤੀ ਮੈਨੂੰ ਹੌਲੀ-ਹੌਲੀ ਨਜ਼ਰ ਆਉਣ ਲੱਗ ਪਈ।

"ਭਾਬੀ ਨੇ ਕੰਮ ਗਾਲਤਾ।" ਸ਼ਬਦਾਂ ਦੇ ਮੈਨੂੰ ਅਸਲੀ ਅਰਥ ਸਮਝ ਆ ਗਏ। ਕਾਗ਼ਜ ਉਪਰ ਲਿਖੀ ਕੁੜੀਆਂ ਦੀ ਲਿਸਟ ਵਿੱਚੋਂ ਮੇਰੇ ਲਈ ਬਿਆਕੁਲ ਮਨ ਲੱਭ ਗਿਆ। ਮੇਰੇ ਨਾਲ ਜੁੜ ਕੇ ਪੈਂਦੀ, ਮੈਨੂੰ ਗੋਦੀ 'ਚ ਪਾ ਕੇ ਸਿਰ ਸਹਿਲਾਉਂਦੀ ਉਹ ਮੈਨੂੰ 'ਰਾਸ ਲੀਲਾ' ਕਹਾਣੀ ਦੀ ਨਾਇਕਾ ਜਾਪੀ।

ਮੈਂ ਦੋ ਦਿਨ ਉਨ੍ਹਾਂ ਦੇ ਘਰ ਨਾ ਗਿਆ। ਦਿਨ-ਰਾਤ ਮੈਨੂੰ ਉਦਾਸੀ ਨੇ ਗ਼ਲਬਾ ਮਾਰੀ ਰੱਖਿਆ। ਕਿੰਨਾ ਹੀ ਕੁਝ ਮੇਰੇ ਦਿਮਾਗ਼ ਵਿੱਚ ਉਲਝਦਾ-ਸੁਲਝਦਾ ਰਿਹਾ। ਅਖ਼ੀਰ ਤੀਜੇ ਦਿਨ ਸਵੇਰੇ ਮੈਂ ਮਨ ਨਾਲ ਕੋਈ ਫ਼ੈਸਲਾ ਕਰਕੇ ਉਨ੍ਹਾਂ ਦੇ ਘਰ ਜਾ ਵੜਿਆ। ਦੁਪਹਿਰੇ ਜਦੋਂ ਸਾਰੇ ਸੌਂ ਗਏ ਤਾਂ ਮੈਂ ਉਸਨੂੰ ਟੀ.ਵੀ. ਵਾਲੇ ਕਮਰੇ ਵਿੱਚ ਬੁਲਾ ਲਿਆ। ਉਹ ਮੈਥੋਂ ਅੱਖਾਂ ਜਿਹੀਆਂ ਚੁਰਾਉਂਦੀ ਮੇਰੇ ਕੋਲ ਆ ਬੈਠੀ। ਤੂੰ ਰਾਜਵੀਰ ਨੂੰ ਕੀ ਕਿਹਾ ਸੀ ਓਏ!" ਮੈਂ ਉਸ ਵੱਲ ਸਿੱਧਾ ਝਾਕਿਆ। ਉਹ ਕੁਝ ਨਹੀਂ ਬੋਲੀ ਉਂਝ ਉਸਦੇ ਬੁੱਲ੍ਹਾਂ 'ਤੇ ਕੋਈ ਬੋਲ ਆਉਂਦਾ-ਆਉਂਦਾ ਰੁਕ ਗਿਆ।

"ਤੂੰ ਸੱਚੀਓਂ ਕਿਹਾ ਸੀ ਇਹੇ।" ਮੈਂ ਉਸਨੂੰ ਫਿਰ ਉਲਟਾ ਕੇ ਪੁੱਛਿਆ।

"ਹਾਂ!" ਉਸਨੇ ਮੇਰੇ ਵੱਲ ਵੇਖ ਕੇ ਨੀਵੀਂ ਪਾ ਲਈ।

"ਇਹ ਕਿਮੇਂ ਹੋ ਸਕਦੈ!" ਮੇਰੇ ਬੋਲਾਂ ਵਿੱਚ ਸਖ਼ਤੀ ਸੀ।

ਉਹ ਮੇਰੇ ਹੋਰ ਨੇੜੇ ਆਈ। ਅਧੀਨਗੀ ਜਿਹੀ ਨਾਲ ਮੇਰੇ ਵੱਲ ਝਾਕੀ। ਫਿਰ ਉਸਦੀਆਂ ਅੱਖਾਂ



ਛਲਕੀਆਂ 'ਤੇ ਮੈਨੂੰ ਜ਼ੋਰ ਦੀ ਘੁੱਟ ਕੇ ਬਾਂਹਾਂ ਵਿੱਚ ਲੈ ਲਿਆ, "ਦੀਪੀ ਮੈਂ ਤੇਰੇ ਬਿਨਾਂ ਇੱਕ ਪਲ ਨਹੀਂ ਰਹਿ ਸਕਦੀ! ਮੈਨੂੰ ਚਾਹੇ ਮਾਰਦੇ, ਪਰ ਨਾਂਹ ਨਾ ਕਰੀਂ!" ਉਹ ਮੈਨੂੰ ਘੁੱਟੀਂ ਰੋਣ ਲੱਗ ਪਈ।

ਮੈਂ ਆਪਣੇ ਆਪ ਨੂੰ ਸੰਭਾਲਦਿਆਂ, ਉਸਦੀਆਂ ਬਾਂਹਾਂ ਆਪਣੇ ਨਾਲੋਂ ਵੱਖ ਕੀਤੀਆਂ। ਉਸਨੂੰ ਸਮਝਾਉਣ ਲੱਗ ਪਿਆ, "ਦੇਖ ਪ੍ਰੀਤੀ! ਮੈਂ ਤੈਨੂੰ ਆਪਣੀ ਭੈਣ ਸਮਝਿਐ, ਇਹ ਕਦੇ ਵੀ ਨੀ ਹੋ ਸਕਦਾ। ਨਾਲੇ ਮੈਂ ਤਾਂ ਰਾਜਵੀਰ ਨੂੰ ਪਿਆਰ ਕਰਦਾਂ। ਜੇ ਤੇਰੇ ਮਨ 'ਚ ਅਜਿਹੀ ਕੋਈ ਗੱਲ ਐ ਤਾਂ ਮੈਂ ਅੱਜ ਤੋਂ ਸੋਡੇ ਘਰ ਕਦੇ ਨੀ ਆਉਂਦਾ। ਮੈਂ ਉਸਨੂੰ ਕਹਿ ਕੇ ਤੁਰਨ ਲੱਗਿਆ ਤਾਂ ਉਸਨੇ ਮੇਰੀ ਬਾਂਹ ਫੜ ਲਈ।

"ਦੀਪੀ ਜਿਵੇਂ ਤੂੰ ਕਹੇਂਗਾ ਮੈਂ ਓਵੇਂ ਕਰੂੰ ਪਰ ਸਾਡੇ ਘਰ ਆਉਣੋ ਨਾ ਹਟੀਂ। ਜੇ ਮੈਥੋਂ ਕੋਈ ਭੁੱਲ ਹੋ ਗਈ ਐ ਤਾਂ ਮਾਫ਼ ਕਰਦੇ। ਮੈਂ ਅੱਜ ਤੋਂ ਤੇਰੀ ਭੈਣ ਬਣਕੇ ਰਹੂੰ।" ਉਹ ਮੇਰੇ ਅੱਗੇ ਹੱਥ ਜੋੜ ਕੇ ਖੜ੍ਹ ਗਈ।

ਅੱਜ ਮੈਨੂੰ ਖ਼ੁਦ 'ਤੇ ਪਛਤਾਵਾ ਹੋ ਰਿਹਾ ਹੈ ਕਿ ਮੈਂ ਉਹ ਮੌਕਾ ਕਿਉਂ ਖੁੰਝਾ ਦਿੱਤਾ ਸੀ। ਡੁੱਲ੍ਹੇ ਬੇਰਾਂ ਦਾ ਅਜੇ ਕੁਝ ਨਹੀਂ ਵਿਗੜਿਆ। ਹੁਣ ਮੈਂ ਸਭ ਰੀਝ ਪੂਰੀ ਕਰ ਲੈਣੀ ਹੈ। ਉਸਦੀ ਵੀ 'ਤੇ ਆਪਣੀ ਵੀ। ਮੈਂ ਜਲਦੀ ਨਾਲ ਉਠਦਾ ਹਾਂ। ਸੂਰਜ ਕਦੋਂ ਦਾ ਡੁੱਬ ਚੁੱਕਿਆ ਹੈ। ਪਿੰਡ ਦੇ ਘਰਾਂ 'ਚੋਂ ਉਠਿਆ ਧੂੰਆਂ ਬਨੇਰੇ ਟੱਪ ਕੇ ਸਿੱਧਾ ਅਸਮਾਨ ਵੱਲ ਤੁਰਿਆ ਜਾ ਰਿਹਾ ਹੈ। ਮੈਂ ਪੌੜੀ ਉਤਰ ਕੇ ਹੇਠਾਂ ਆਉਂਦਾ ਹਾਂ। ਫਲਾਇਟ ਖੁੰਝ ਜਾਣ ਦੇ ਡਰ ਵਾਂਗ ਮੇਰਾ ਮਨ ਕਾਹਲਾ ਪਿਆ ਹੋਇਆ ਹੈ ਕਿ ਕਿਤੇ ਮੌਕਾ ਹੱਥੋਂ ਨਾ ਨਿਕਲ ਜਾਵੇ। ਮੈਂ ਕਾਹਲੀ-ਕਾਹਲੀ ਮੱਝਾਂ ਨੂੰ ਕੱਖ ਪਾ ਕੇ ਅੰਦਰ ਸਵਾਤ ਵਿੱਚ ਬੰਨ੍ਹ ਦਿੰਦਾ ਹਾਂ। ਰੋਟੀ ਦੀਆਂ ਮੋਟੀਆਂ-ਮੋਟੀਆਂ ਬੁਰਕੀਆਂ ਨਿਗਲ ਕੇ ਪ੍ਰੀਤੀ ਕੇ ਘਰ ਨੂੰ ਚੱਲ ਪਿਆ ਹਾਂ। ਜਿਉਂ-ਜਿਉਂ ਪ੍ਰੀਤੀ ਕਾ ਘਰ ਨੇੜੇ ਆ ਰਿਹਾ ਹੈ ਮੇਰੇ ਦਿਲ ਦੀ ਧੜਕਣ ਤੇਜ਼-ਤੇਜ਼ ਹੁੰਦੀ ਜਾਂਦੀ ਹੈ। ਮਰਦੇ ਦੇ ਮੂੰਹ 'ਚ ਗੰਗਾ ਜਲ ਪਾਉਣ ਵਰਗੀ ਕਾਹਲ ਮੈਨੂੰ ਪ੍ਰੀਤੀ ਨੂੰ ਵੇਖ ਲੈਣ ਦੀ ਹੈ। ਪ੍ਰੀਤੀ ਨਾਲ ਉਸਦੇ ਵਿਆਹ ਤੋਂ ਪਹਿਲਾਂ ਹੋਈਆਂ ਸਭ ਗੱਲਾਂ, ਜਿਨ੍ਹਾਂ ਵੱਲ ਮੈਂ ਓਦੋਂ ਕੋਈ ਧਿਆਨ ਨਹੀਂ ਦਿੱਤਾ ਸੀ, ਹੁਣ ਦੁਬਾਰਾ ਕਰਨ ਨੂੰ ਦਿਲ ਕਰਦਾ ਹੈ।

ਕਈ ਵਾਰ ਪ੍ਰੀਤੀ ਮੈਨੂੰ ਅਖ਼ਬਾਰ ਉੱਤੇ ਹੀਰੋਇਨਾਂ ਦੀਆਂ ਅਧ-ਨੰਗੀਆਂ ਫ਼ੋਟੋਆਂ ਵਿਖਾਉਂਦੀ। ਉਹ ਮੇਰੇ ਅੱਗੇ ਅਖ਼ਬਾਰ ਕਰਦੀ ਕਹਿੰਦੀ, "ਓਏ ਦੀਪੀ! ਇਨ੍ਹਾਂ 'ਚੋਂ ਦੱਸ ਕੀਹਦੇ ਪੈਰ ਜ਼ਿਆਦਾ ਸੋਹਣੇ ਨੇ।"

ਹੀਰੋਇਨਾਂ ਦੇ ਸੋਹਣੇ ਪੈਰ ਦੇਖ ਕੇ ਮੇਰੇ ਵੀ ਮਨ 'ਚ ਕੋਈ ਮਿੱਠੀਆਂ-ਮਿੱਠੀਆਂ ਚੂੰਡੀਆਂ ਵੱਢਣ ਲੱਗ ਜਾਂਦਾ। ਮੈਂ ਕਿੰਨਾ ਹੀ ਚਿਰ ਹੀਰੋਇਨਾਂ ਦੇ ਸੋਹਣੇ ਪੈਰਾਂ 'ਤੇ ਨਿਗ੍ਹਾ ਗੱਡੀਂ ਲਾਲਾਂ ਡੇਗਦਾ ਰਹਿੰਦਾ। ਮੇਰੀ ਸਮਾਧੀ ਓਦੋਂ ਖੁਲ੍ਹਦੀ ਜਦ ਉਹ ਸਮੁੰਦਰੀ ਝੱਗ ਵਰਗੇ ਚਿੱਟੇ ਪੈਰ ਮੇਰੇ ਅੱਗੇ ਕਰਦੀ ਬੋਲ ਪੈਂਦੀ, "ਮੇਰੇ ਪੈਰ ਇਨ੍ਹਾਂ ਨਾਲੋਂ ਕਿੰਨੇ ਘੱਟ ਸੋਹਣੇ ਨੇ? " ਜੇ ਇਹ ਗੱਲਾਂ ਉਹ ਹੁਣ ਕਹੇ... ਤਾਂ ਮੈਂ.. ..ਹਾਏ.. .. .! ਬੱਸ!

ਹਾਏ ਪ੍ਰੀਤੀ! ਤੂੰ ਕਿੰਨੀ ਚੰਗੀ ਐ। ਤੂੰ ਆਪਣੀਆਂ ਰੀਝਾਂ ਨੂੰ ਮਾਰ ਕੇ ਮੇਰੀ ਖ਼ੁਸ਼ੀ ਵਿੱਚੋਂ ਹੀ ਆਪਣੀ ਖ਼ੁਸ਼ੀ ਲੱਭ ਲਈ ਸੀ। ਇਹ ਤਾਂ ਮੈਨੂੰ ਤੇਰੇ ਵਿਆਹ ਤੋਂ ਬਾਅਦ ਪਤਾ ਲੱਗਿਆ ਸੀ ਕਿ ਤੂੰ ਰਾਜਵੀਰ ਨੂੰ ਕਿਵੇਂ ਹੱਥ ਜੋੜ ਕੇ, ਵਾਸਤੇ ਪਾ ਕੇ, ਮੇਰੇ ਲਈ ਮਨਾਇਆ ਸੀ। ਮੈਂ ਇਸ ਸਮਝੋਤੇ ਨੂੰ ਹੀ ਪਿਆਰ ਸਮਝ ਬੈਠਿਆ ਸੀ। ਧੱਕੇ ਨਾਲ ਕੀਤੇ ਸਮਝੌਤੇ ਬਹੁਤਾ ਚਿਰ ਨਹੀਂ ਕੱਟਦੇ ਹੁੰਦੇ। ਤੇਰੇ ਵਿਆਹ ਤੋਂ ਬਾਅਦ ਹੀ ਮੈਨੂੰ ਪਤਾ ਲੱਗ ਗਿਆ ਸੀ ਕਿ ਰਾਜਵੀਰ ਕਿਸੇ ਹੋਰ ਨਾਲ ਵੀ ਪਿਆਰ ਹੁਲਾਰੇ ਲੈਂਦੀ ਫਿਰਦੀ ਹੈ। ਜਦ ਮੈਂ ਉਸਨੂੰ ਇਹ ਗੱਲ ਰੜਕਾਈ ਤਾਂ ਉਹ ਮੇਰੇ ਵੱਲ ਸਿੱਧੀ ਗੋਲੀ ਵਾਂਗ ਆਈ, ".. .ਤੂੰ ਮੇਰੇ ਕੀ ਲਾਇਕ ਐਂ ਵੇ। ਜਾਹ-ਜਾਹ ਤੇਰੇ ਵਰਗੇ ਵੀਹ ਦੇਖੇ ਨੇ।" ਫੇਰ ਮੇਰੀ ਹਾਲਤ ਤਾਂ ਜੂਏ ਦੀ ਇੱਕੋ ਬਾਜੀ 'ਚ ਸਭ ਕੁਝ ਹਾਰ ਗਏ ਜਵਾਰੀ ਵਾਂਗ ਹੋ ਗਈ ਸੀ। ਬੱਸ ਉਸ ਦਿਨ ਤੋਂ ਹੀ ਮੇਰੇ ਦਿਲ ਵਿੱਚ ਤੇਰਾ ਮੋਹ ਜਿਹਾ ਜਾਗ ਪਿਆ।

ਮੈਂ ਪ੍ਰੀਤੀ ਕੇ ਅੰਦਰ ਲੰਘ ਆਇਆ ਹਾਂ। ਪ੍ਰੀਤੀ ਸਾਹਮਣੇ ਮੰਜੇ ਤੇ ਬੈਠੀ ਕੋਈ ਕੋਟੀ ਉਧੇੜ ਰਹੀ ਹੈ। ਮੈਨੂੰ ਉਸਨੇ ਦੂਰੋਂ ਹੀ ਸਤਿ ਸ੍ਰੀ ਅਕਾਲ ਬੁਲਾਈ ਹੈ। ਮੈਨੂੰ ਉਸਦੇ ਬੋਲ ਨਹੀਂ ਸੁਣੇ ਸਿਰਫ਼ ਸਿਰ ਹਿਲਦਾ ਦਿਸਿਆ ਹੈ। ਮੈਂ ਵੀ ਉਸਨੂੰ ਜਵਾਬ ਵਿੱਚ ਸਿਰ ਹਿਲਾ ਕੇ ਉਸਦੇ ਮੰਜੇ 'ਤੇ ਹੀ ਜਾ ਬੈਠਿਆ ਹਾਂ।

ਉਹ ਮੈਨੂੰ ਕੁਝ ਕਹਿ ਰਹੀ ਹੈ ਪਰ ਮੇਰਾ ਉਸਦੀਆਂ ਗੱਲਾਂ ਵੱਲ ਕੋਈ ਧਿਆਨ ਨਹੀਂ ਹੈ, ਬੱਸ ਉਂਝ ਹੀ 'ਹੂ-ਹਾਂ' ਕਰੀ ਜਾ ਰਿਹਾ ਹਾਂ। ਮੇਰੇ ਸਭ ਖ਼ਿਆਲ ਤਾਂ ਉਸਦੇ ਪੱਛਮ ਉਧੇੜਦੇ ਹੱਥਾਂ 'ਤੇ ਕੇਂਦਰਿਤ ਹਨ। ਨਹੁੰ

ਵਧੇ ਹੋਏ। ਫਲੀਆਂ ਵਰਗੀਆਂ ਗੋਰੀਆਂ ਉਂਗਲਾਂ ਵਿੱਚ ਸੋਨੇ ਦੀਆਂ ਚਮਕ ਰਹੀਆਂ ਮੁੰਦਰੀਆਂ। ਜੇ ਇਹ ਹੱਥ ਮੇਰੇ ਪਿੰਡੇ 'ਤੇ ਫਿਰਨ.. .! ਹੱਥਾਂ ਤੋਂ ਤਿਲਕਦੀ ਮੇਰੀ ਨਿਗ੍ਹਾ ਉਸਦੇ ਪੈਰਾਂ ਵੱਲ ਚਲੀ ਜਾਂਦੀ ਹੈ, ਜਿਨ੍ਹਾਂ ਵੱਲ ਪਹਿਲਾਂ ਮੈਂ ਕਦੇ ਖ਼ਾਸ ਧਿਆਨ ਨਹੀਂ ਦਿੱਤਾ ਸੀ। ਹਾਏ ਰੱਬਾ! ਗੁਲਾਬੀ ਪੈਰ! ਵਧੇ ਹੋਏ ਨਹੁੰਆਂ 'ਤੇ ਹੱਥਾਂ ਨਾਲ ਦੀ ਚੈਰੀ ਕਲਰ ਦੀ ਨੇਲ ਪਾਲਿਸ਼!

"ਕਦੇ ਹੋਰ ਕੰਮ ਵੀ ਕਰ ਲਿਆ ਕਰ, ਹਰ ਵੇਲੇ ਅੱਡੀਆਂ ਕੂਚਦੀ ਰਹਿਣੀ ਐ।" ਮੈਨੂੰ ਪ੍ਰੀਤੀ ਦੀ ਮਾਂ ਦੀ ਇੱਕ ਸਾਲ ਪਹਿਲਾਂ ਕਹੀ ਗੱਲ ਚੇਤੇ ਆ ਜਾਂਦੀ ਹੈ।

"ਆਪਣੇ ਸ਼ੌਕ ਤਾਂ ਪੂਰੇ ਕਰ ਲੀਏ।" ਪ੍ਰੀਤੀ ਝਾਵੇਂ ਨਾਲ ਅੱਡੀਆਂ ਰਗੜਦੀ, ਮੇਰੇ ਵੱਲ ਵੇਖਦੀ ਹੱਸ ਪਈ ਸੀ। ਉਸਦੇ ਇਨ੍ਹਾਂ ਸ਼ਬਦਾਂ ਵਿੱਚ ਪਤਾ ਨਹੀਂ ਕਿੰਨਾ ਭੇਦ ਛੁਪਿਆ ਹੋਇਆ ਸੀ। ਕਿੰਨੀਆਂ ਰੀਝਾਂ ਅੰਗੜਾਈ ਭੰਨਦੀਆਂ ਮੇਰੀ ਅਕਲ ਦੇ ਬੂਹੇ ਖੜਕਾ ਰਹੀਆਂ ਸਨ ਪਰ ਮੈਂ ਘੂਕ ਸੁੱਤਾ ਪਿਆ ਸੀ।

"ਪ੍ਰੀਤੀ ਮੈਂ ਸਭ ਸ਼ੌਕ ਪੂਰੇ ਕਰੂੰਗਾ।" ਮੈਂ ਮਨ ਨਾਲ ਹੀ ਗੱਲ ਕਰਦਾ ਹਾਂ।

"ਓਏ..! ਦੀਪੀ..!" ਉਹ ਮੈਨੂੰ ਟਿਕ-ਟਿਕੀ ਲਾਈਂ ਬੈਠੇ ਨੂੰ ਗੋਡਾ ਫੜ੍ਹਕੇ ਹਲੂਣਦੀ ਹੈ। (ਅਸੀਂ ਹੁਣ ਤੱਕ ਇੱਕ-ਦੂਜੇ ਨੂੰ 'ਓਏ ਦੀਪੀ' 'ਓਏ ਪ੍ਰੀਤੀ' ਹੀ ਸੰਬੋਧਨ ਕਰਦੇ ਰਹੇ ਹਾਂ। ਭੈਣ ਜਾਂ ਭਾਈ ਸ਼ਬਦ ਅਸੀਂ ਕਦੇ ਨਹੀਂ ਲਗਾਇਆ ਸੀ) ਉਸਦੇ ਬੋਲ ਸੁਣ ਮੈਂ ਤ੍ਰਭਕ ਕੇ ਉਸ ਵੱਲ ਵੇਖਦਾ ਹਾਂ। ਮੈਨੂੰ ਲੱਗਿਆ ਹੈ ਜਿਵੇਂ ਉਸਨੇ 'ਓਏ ਦੀਪੀ' ਨਹੀਂ, 'ਓਏ ਯਾਰਾ' ਕਿਹਾ ਹੋਵੇ।

ਲਾਇਟ ਦੇ ਚਾਨਣੇ ਉਸਦਾ ਚਿਹਰਾ ਹੋਰ ਵੀ ਸੋਹਣਾ, ਸੰਧੂਰੀ ਅੰਬ ਵਰਗਾ ਲੱਗ ਰਿਹਾ ਹੈ। ਗੁਲਾਬੀ ਲਿਪਸਟਿਕ ਲੱਗੇ ਬੁੱਲ੍ਹ, ਗੁਲਾਬ ਦੀਆਂ ਪੱਤੀਆਂ ਨਾਲ ਇੱਕ-ਮਿੱਕ ਹੋਏ ਲਗਦੇ ਹਨ। ਮਨ ਸਾਰੀਆਂ ਮੁਹਾਰਾਂ ਤੋੜ ਕੇ, ਪ੍ਰੀਤੀ ਨੂੰ ਬਾਂਹਾਂ ਵਿੱਚ ਭਰ ਕੇ ਅੰਨੇ ਵਾਹ ਚੁੰਮਣ ਨੂੰ ਕਰਦਾ ਹੈ। ਪਰ ਮੈਂ ਆਪਣੇ ਮਨ ਨੂੰ ਨੱਥੋਂ ਫੜ੍ਹ ਕੇ ਰੋਕ ਰੱਖਿਆ ਹੈ।

ਸ਼ਾਮ ਨੂੰ ਰੋਟੀ ਟੁੱਕ ਤੋਂ ਵਿਹਲੇ ਹੋ ਕੇ ਅਸੀਂ ਅੰਦਰ ਬੈਠਕ ਵਿੱਚ ਆ ਗਏ ਹਾਂ। ਚਾਚੀ ਨੇ ਦੋ ਰਜਾਈਆਂ ਬੈੱਡ ਉਪਰ ਸੁੱਟ ਦਿੱਤੀਆਂ ਹਨ ਅਤੇ ਮੇਰਾ ਮੰਜਾ ਬੈੱਡ ਕੋਲ ਡਾਹ ਦਿੱਤਾ ਹੈ। ਪ੍ਰੀਤੀ ਨੇ ਟੀ.ਵੀ. ਦੀ ਸਵਿੱਚ ਦੱਬ ਦਿੱਤੀ ਹੈ। ਅਸੀਂ ਤਿੰਨੋਂ ਬੈੱਡਾਂ ਉਪਰ ਰਜਾਈਆਂ ਲਈਂ ਟੀ.ਵੀ. ਵੇਖਣ ਲੱਗ ਪਏ ਹਾਂ। ਪ੍ਰੀਤੀ ਸਾਡੇ ਦੋਵਾਂ ਦੇ ਵਿਚਕਾਰ ਬੈਠੀ ਹੈ। ਕੋਈ ਫ਼ਿਲਮੀਂ ਗਾਣਾ ਚੱਲ ਰਿਹਾ ਹੈ।

ਟਿਪ-ਟਿਪ ਵਰਸਾ ਪਾਨੀ, ਪਾਨੀ ਮੇਂ ਆਗ ਲਗੀ ਹੈ....।

ਹੀਰੋ 'ਤੇ ਹੀਰੋਇਨ ਮੀਂਹ ਵਿੱਚ ਭਿੱਜਦੇ ਇੱਕ-ਦੂਜੇ ਦੇ ਉਪਰ-ਹੇਠ ਹੋ ਰਹੇ ਹਨ। ਮੈਨੂੰ ਲਗਦਾ ਹੈ ਜਿਵੇਂ ਉਹ ਹੀਰੋਇਨ ਤੇ ਹੀਰੋ ਮੈਂ 'ਤੇ ਪ੍ਰੀਤੀ ਹੋਈਏ। ਮੈਂ ਆਪਣਾ ਸੱਜਾ ਪੈਰ ਖਿਸਕਾ ਕੇ ਪ੍ਰੀਤੀ ਦੇ ਪੈਰ 'ਤੇ ਰੱਖ ਲੈਂਦਾ ਹਾਂ। ਪੈਰ ਰੱਖਦਿਆਂ ਮੇਰੇ ਸਰੀਰ 'ਚ ਕੰਬਣੀ ਛਿੜ ਗਈ ਹੈ ਜਿਵੇਂ ਬਿਜਲੀ ਦਾ ਵੱਡਾ ਝਟਕਾ ਵੱਜਿਆ ਹੋਵੇ। ਪ੍ਰੀਤੀ ਨੇ ਕੋਈ ਪ੍ਰਤੀ-ਕਿਰਿਆ ਨਹੀਂ ਕੀਤੀ ਹੈ। ਜਦ ਮੈਂ ਉਸ ਵੱਲ ਵੇਖ ਕੇ ਮੁਸਕਰਾ ਪਿਆ ਹਾਂ ਤਾਂ ਉਹ ਵੀ ਮੇਰੇ ਵੱਲ ਵੇਖਦੀ ਮੁਸਕਰਾ ਪਈ ਹੈ।

ਘੰਟਾ ਟੀ.ਵੀ. ਵੇਖ ਕੇ ਅਸੀਂ ਗੱਲਾਂ ਮਾਰਨ ਲੱਗ ਪਏ। ਉਹ ਜ਼ਿਆਦਾ ਗੱਲਾਂ ਆਪਣੇ ਪ੍ਰਹੁਣੇ ਦੀਆਂ ਹੀ ਕਰ ਰਹੀ ਹੈ। ਮੈਨੂੰ ਉਸਦੇ ਪ੍ਰਹੁਣੇ ਬਾਰੇ ਗੱਲਾਂ ਸੁਣ ਕੇ ਖਿੱਝ ਚੜ੍ਹਦੀ ਹੈ। ਮੈਂ ਗੱਲ ਦਾ ਰੁੱਖ ਬਦਲਦਾ ਹਾਂ ਪਰ ਗੱਲ ਤਿਲਕਦੀ ਉਥੇ ਹੀ ਫੇਰ ਆ ਜਾਂਦੀ ਹੈ।

"ਚਾਚੀ ਮੈਨੂੰ ਮੰਜੇ 'ਤੇ ਨੀਂਦ ਨੀ ਆਉਂਦੀ।" ਪੈਣ ਲੱਗਿਆਂ ਮੇਰੇ ਮਨ 'ਚ ਸ਼ੈਤਾਨੀ ਆ ਜਾਂਦੀ ਹੈ। ਚਾਚੀ ਮੇਰਾ ਖ਼ਿਆਲ ਰੱਖਦੀ ਆਪ ਮੰਜੇ 'ਤੇ ਪੈ ਜਾਂਦੀ ਹੈ। ਮੈਂ 'ਤੇ ਪ੍ਰੀਤੀ ਬੈੱਡ 'ਤੇ ਪੈ ਜਾਂਦੇ ਹਾਂ।

ਮੈਨੂੰ ਨੀਂਦ ਨਹੀਂ ਆ ਰਹੀ ਹੈ। ਨਾਲੇ ਮੈਂ ਇਥੇ ਅੱਜ ਸੌਂਣ ਨਹੀਂ ਆਇਆ, ਕੁਝ ਪੂਰਾ ਕਰਨ ਆਇਆ ਹਾਂ, ਜਿਹੜਾ ਹੁਣ ਤੱਕ ਅਧੂਰਾ ਲਈਂ ਫਿਰਦਾ ਸੀ। ਮੈਂ ਚਾਹੁੰਦਾ ਹਾਂ ਪ੍ਰੀਤੀ ਪਹਿਲਾਂ ਵਾਂਗ ਮੇਰੇ ਉਪਰ ਆਪਣੀਆਂ ਲੱਤਾਂ ਜਾਂ ਬਾਂਹਾਂ ਰੱਖ ਲਏ ਪਰ ਉਹ ਤਾਂ ਆਪਣੀ ਰਜਾਈ 'ਚ ਸਿੱਧੀ ਅਹਿਲ ਪਈ ਹੈ। ਉਸਦੀ ਲੱਤ ਜਾਂ ਬਾਂਹ ਮੇਰੇ ਉਪਰ ਟਿਕ ਜਾਣ ਦੀ ਉਡੀਕ ਵਿੱਚ ਮੈਂ ਜਾਗ ਰਿਹਾ ਹਾਂ।

ਮੇਰੀ, ਪ੍ਰੀਤੀ ਪ੍ਰਤੀ ਇਹ ਖਿੱਚ ਵਿਆਹ ਤੋਂ ਪਹਿਲਾਂ ਨਹੀਂ ਸੀ। ਵਿਆਹ ਤੋਂ ਬਾਅਦ ਹੌਲੀ-ਹੌਲੀ



ਉੱਠੀ ਹੈ। ਜਦੋਂ ਪ੍ਰੀਤੀ ਦਾ ਵਿਆਹ ਹੋ ਗਿਆ 'ਤੇ ਰਾਜਵੀਰ ਮੈਨੂੰ 'ਚੱਲ ਪਰ੍ਹਾਂ' ਕਹਿ ਗਈ ਤਾਂ ਮੈਂ ਤਿੰਨ-ਚਾਰ ਕੁੜੀਆਂ ਨਾਲ ਹੋਰ ਜੁੜਿਆ ਪਰ ਹਰ ਇੱਕ ਦੇ ਬੇਢੱਬੇ, ਬਿਆਈਆਂ ਪਾਟੇ ਪੈਰ ਵੇਖ ਕੇ ਮੇਰੇ ਚੇਤਿਆਂ 'ਚ ਪ੍ਰੀਤੀ ਦੇ ਸੰਧੂਰੀ ਪੈਰ ਘੁੰਮ ਜਾਂਦੇ। ਮਨ ਸੋਚਦਾ, 'ਕਾਸ਼ ਉਹਦੇ ਪੈਰ ਜੇ ਪ੍ਰੀਤੀ ਦੇ ਪੈਰਾਂ ਵਰਗੇ ਹੋਣ!' ਪਰ ਮੇਰੀ ਇਹ ਰੀਝ, ਰੀਝ ਹੀ ਰਹੀ। ਪਹਿਲਾਂ ਮੇਰਾ ਰਿਸ਼ਤਾ ਉਸਦੇ ਪੈਰਾਂ ਪ੍ਰਤੀ ਹੀ ਬਦਲਿਆ, ਜਦ ਪ੍ਰੀਤੀ ਦੇ ਪੈਰ ਤੋਂ ਮਾਸ਼ੂਕ ਦੇ ਪੈਰ ਬਣ ਗਏ। ਪਹਿਲਾਂ-ਪਹਿਲਾਂ ਤਾਂ ਮੈਂ ਇਹ ਵਿਚਾਰ ਭੈੜੇ ਸਮਝ ਕੇ ਦਿਮਾਗ਼ 'ਚੋਂ ਛੰਡਦਾ ਵੀ ਰਿਹਾ। ਪਰ ਅਗਲੀ ਵਾਰ ਇਹ ਹੋਰ ਦਲੀਲਾਂ ਲੈ ਕੇ ਮੇਰੇ ਦਿਮਾਗ਼ ਵਿੱਚ ਆ ਉਤਰਦੇ। ਫਿਰ ਹੌਲੀ-ਹੌਲੀ ਇਹ ਮੈਨੂੰ ਚੰਗੇ-ਚੰਗੇ ਲੱਗਣ ਲੱਗ ਪਏ। ਮੇਰੇ ਅੰਦਰ ਇੱਕ ਰਿਸ਼ਤਾ ਮੁਰਝਾਉਂਦਾ ਗਿਆ, 'ਤੇ ਉਸੇ ਰੁੱਖ 'ਤੇ ਨਵੇਂ ਰਿਸ਼ਤੇ ਦੀਆਂ ਕਰੂੰਬਲਾਂ ਫੁੱਟਣ ਲੱਗ ਪਈਆਂ। ਪ੍ਰੀਤੀ ਦੀਆਂ ਪਹਿਲੀਆਂ ਗੱਲਾਂ ਹੁਣ ਮੇਰੇ ਮਨ 'ਚ ਹਰ ਰੋਜ਼ ਆ ਕੇ ਘੁੰਮੇਰੀਆਂ ਖਾਣ ਲੱਗ ਪੈਂਦੀਆਂ। ਹੁਣ ਤਾਂ ਮੈਂ ਉਸਦੀਆਂ ਗੁਲਾਬੀ ਅੱਡੀਆਂ ਮਨ ਹੀ ਮਨ ਕਈ ਵਾਰ ਚੁੰਮੀਆਂ ਹਨ। ਮੈਨੂੰ ਸੁਪਨੇ ਵੀ ਅਜਿਹੇ ਹੀ ਆਉਂਦੇ। ਕਦੇ ਮੈਂ ਉਸਦੇ ਗੁਲਾਬੀ ਪੈਰਾਂ 'ਚ ਝਾਂਜਰਾਂ ਪਾ ਰਿਹਾ ਹੁੰਦਾ 'ਤੇ ਕਦੇ ਨੇਲ ਪਾਲਿਸ਼ ਲਾ ਰਿਹਾ ਹੁੰਦਾ। ਉਹ ਹਰ ਰੋਜ਼ ਮੇਰੇ ਸੁਪਨੇ 'ਚ ਆਉਣ ਲੱਗ ਪਈ। ਉਸਦੀ ਪਹਿਲਾਂ ਕੀਤੀ ਹਰ ਹਰਕਤ ਮੈਨੂੰ ਠੀਕ ਜਾਪਣ ਲੱਗ ਪਈ। ਹੁਣ ਹਰ ਗੱਲ ਮੈਂ 'ਜੇ' ਤੇ ਲਿਆ ਖੜਾਉਂਦਾ, ਜੇ ਮੈਂ ਇੰਝ ਕਰ ਲੈਂਦਾ, ਜੇ ਇੰਝ ਹੋ ਜਾਂਦਾ! ਪਰ ਬੀਤਿਆ ਵੇਲਾ.. .. .!

ਬੀਤਿਆ ਵੇਲਾ ਮੈਂ ਦੁਬਾਰਾ ਮੋੜ ਲਿਆਉਣਾ ਹੈ। ਮੈਂ ਆਪਣੀਆਂ ਰੀਝਾਂ ਪੂਰੀਆਂ ਕਰਨੀਆਂ ਹਨ। ਇਹ ਸ਼ਾਇਦ ਪ੍ਰੀਤੀ ਵੀ ਚਾਹੁੰਦੀ ਹੋਵੇ। ਬੱਸ ਅੱਜ ਮੌਕਾ ਹੈ। ਸ਼ੁਰੂਆਤ ਕਰ ਦੇਵਾਂ।

ਮੈਂ ਮੱਲਕ ਦੇਣੇ ਬੈਠਾ ਹੋ ਜਾਂਦਾ ਹਾਂ। ਹਨੇਰੇ ਵਿੱਚ ਹੀ ਚਾਚੀ ਦੇ ਮੰਜੇ ਵੱਲ ਅਤੇ ਪ੍ਰੀਤੀ ਵੱਲ ਵੇਖਦਾ ਹਾਂ ਪਰ ਕੁਝ ਦਿਖਾਈ ਨਹੀਂ ਦਿੰਦਾ ਹੈ। ਫਿਰ ਮੈਂ ਪੋਲੇ ਪੈਰੀਂ ਬਾਰ ਕੋਲ ਆ ਜਾਂਦਾ ਹਾਂ। ਹੱਥਾਂ ਨਾਲ ਸਵਿੱਚ ਟੋਹਦਾ ਹਾਂ ਤੇ ਦੱਬ ਦਿੰਦਾ ਹਾਂ। ਲਾਇਟ ਜਗ ਪਈ ਹੈ। ਚਾਚੀ ਮੂੰਹ ਸਿਰ ਢਕੀ ਪਈ ਹੈ। ਪ੍ਰੀਤੀ ਦੀ ਇੱਕ ਲੱਤ ਰਜਾਈ ਤੋਂ ਬਾਹਰ ਝਾਕ ਰਹੀ ਹੈ। ਮੈਂ ਡਰਦਾ, ਧੜਕਦੇ ਦਿਲ ਨਾਲ ਪ੍ਰੀਤੀ ਕੋਲ ਜਾਂਦਾ ਹਾਂ। ਦੁੱਧ ਵਰਗੀ ਚਿੱਟੀ, ਗੋਲ ਪਿੰਜਣੀ ਵੇਖ ਕੇ ਮੇਰਾ ਦਿਲ ਹੋਰ ਗੇੜਾ ਖਾ ਗਿਆ ਹੈ। ਮੈਂ ਬਿਨ੍ਹਾਂ ਵਾਲਾਂ ਤੋਂ, ਰੇਸ਼ਮ ਵਰਗੀ ਪਿੰਜਣੀ ਤੇ ਹੱਥ ਫੇਰਦਾ ਪੈਰ ਤੱਕ ਲੈ ਆਉਂਦਾ ਹਾਂ। ਗੁਲਾਬੀ ਅੱਡੀ, ਰੂੰ ਵਰਗੀ ਚਿੱਟੀ ਪੈਰ ਦੀ ਤਲੀ। ਮੈਂ ਪਹਿਲਾਂ ਚਾਚੀ ਦੇ ਮੰਜੇ ਵੱਲ ਵੇਖਦਾ ਹਾਂ ਫਿਰ ਆਪਣਾ ਮੂੰਹ ਪੈਰ ਤੱਕ ਲੈ ਕੇ ਜਾਂਦਾ ਹਾਂ। ਇੱਕ ਲੰਬਾ ਚੁੰਮਣ ਉਸਦੀ ਤਲੀ ਤੇ ਦਿੰਦਾ ਹਾਂ। ਮੇਰੇ ਦਿਮਾਗ਼ ਦੀਆਂ ਘੰਟੀਆਂ ਖੜਕ ਗਈਆਂ ਹਨ। ਕੰਨਾਂ 'ਚੋਂ ਸੇਕ ਨਿਕਲਣ ਲੱਗ ਪਿਆ ਹੈ। ਵਾਲਾਂ ਦੇ ਰੋਮ ਸੇਹ ਦੇ ਤੱਕਲਿਆਂ ਵਾਂਗ ਖੜ੍ਹ ਗਏ ਹਨ। ਮੈਂ ਜਲਦੀ ਨਾਲ ਲਾਇਟ ਬੁਝਾ ਕੇ ਬੈੱਡ ਉਪਰ ਆ ਜਾਂਦਾ ਹਾਂ। ਹੁਣ ਮੈਥੋਂ ਹੋਰ ਸਬਰ ਨਹੀਂ ਹੋ ਰਿਹਾ ਹੈ। ਮੇਰਾ ਮਨ ਮੇਰੀਆਂ ਫੜੀਆਂ ਮੁਹਾਰਾਂ ਤੁੜਾ ਗਿਆ ਹੈ। ਬੇਕਾਬੂ ਹੋ ਗਿਆ ਹੈ। ਸੱਪ ਦੇ ਕੰਜ ਲਾਹੁਣ ਵਾਂਗ ਮੈਂ ਆਪਣੀ ਰਜਾਈ ਪਰ੍ਹਾਂ ਵਗਾਹ ਮਾਰਦਾ ਹਾਂ। ਮੇਰੇ ਸਾਰੇ ਸਰੀਰ 'ਚੋਂ ਹੀਟਰ ਵਾਂਗ ਸੇਕ ਮਾਰਨ ਲੱਗ ਪਿਆ ਹੈ। ਹੱਥ ਕੰਬ ਰਹੇ ਹਨ। ਮੈਂ ਪ੍ਰੀਤੀ ਦੀ ਰਜਾਈ ਵਿੱਚ ਵੜ ਜਾਂਦਾ ਹਾਂ। ਇੱਕ ਬਾਂਹ ਉਸਦੀ ਕਮਰ ਉਪਰੋਂ ਦੀ ਵਲ ਕੇ ਸਿਰ ਉਸਦੀਆਂ ਗਰਮ ਛਾਤੀਆਂ ਵਿਚਕਾਰ ਟਿਕਾ ਲੈਂਦਾ ਹਾਂ। ਅਚਾਨਕ ਪ੍ਰੀਤੀ ਨੂੰ ਜਾਗ ਆ ਗਈ ਹੈ, "ਦਬਾਅ ਆ ਗਿਆ ਦੀਪੀ? " ਉਹ ਮੈਨੂੰ ਪੁੱਛਦੀ ਮੇਰੇ ਮੱਥੇ 'ਤੇ ਹੱਥ ਫੇਰਦੀ ਹੈ।

"ਹਾਏ ਵੀਰੇ! ਤੈਨੂੰ ਐਨਾ ਬੁਖ਼ਾਰ!" ਪ੍ਰੀਤੀ ਦੇ ਇਹ ਬੋਲ ਸੁਣ ਕੇ ਮੈਂ ਬਰਫ਼ ਵਾਂਗ ਠੰਡਾ ਹੋ ਜਾਂਦਾ ਹਾਂ।

ਪਿੰਡ ਸਤੌਜ, ਡਾਕ. ਧਰਮਗੜ੍ਹ, ਜ਼ਿਲ੍ਹਾ ਸੰਗਰੂਰ 148028
ਮੋ.9592274200,9417241787

## ਕਹਾਣੀ/ ਕੁੜੀ / ਦਵਿੰਦਰ ਸਿੰਘ ਮਲਹਾਂਸ

ਕਲਯੁੱਗ ਏ ਕਲਯੁੱਗ। ਜੋ ਵੀ ਕਹਿ ਦੇਵੋ ਸਭ ਸੱਚ ਈ ਏ। ਪਰ ਇਹ ਸਭ ਕੁਝ ਅੱਖੀਂ ਦੇਖ ਲਿਆ। ਜਦੋਂ ਸੁਣਦੇ, ਪੜ੍ਹਦੇ ਆ ਬੜਾ ਚੰਗਾ ਲੱਗਦਾ, ਹੈਰਾਨੀ ਹੁੰਦੀ ਆ, ਜਦ ਖੁਦ ਨਾਲ ਵਾਪਰਦੀ ਏ, ਜਾਨ ਟੁੱਟਦੀ ਏ, ਅੱਗ ਲੱਗਣੀ ਨਿਕਲਦੀ ਵੀ ਨਹੀਂ। ਸਵੇਰ ਦੀਆਂ ਤਿੰਨ ਟੈਨਲ-ਥਰੀ ਖਾ ਲਈਆਂ। ਕੋਈ ਅਸਰ ਨਹੀਂ ਹੋਇਆ। ਜਾਣੀ ਸਿਰ ਫਟੀ ਜਾਂਦਾ। ਢਿੱਡ ਵਿਚੋਂ ਗੋਲੇ ਬਣ ਬਣ ਦਿਮਾਗ ਨੂੰ ਚੜ੍ਹੀ ਜਾਂਦੇ ਨੇ। ਸਿਰ ਦੀਆਂ ਨਾੜਾਂ ਵੀ ਕਿਰਲੀ ਦੀ ਕੱਟੀ ਪੂਛ ਵਾਂਗ ਤੜਫ ਰਹੀਆਂ ਨੇ। ਲੱਗਦਾ ਫੱਟਣਗੀਆਂ, ਪਰ ਕਦੋਂ?

ਪੂਰੇ ਪੈਂਤੀ ਸਾਲਾਂ ਬਾਅਦ ਰੱਬ ਨੇ ਮੇਰੀ ਸੁਣੀ ਸੀ। ਮੈਥੋਂ ਚਾਅ ਨਹੀਂ ਚੁੱਕਿਆ ਜਾਂਦਾ ਸੀ। ਮੇਰਾ ਧਰਤੀ 'ਤੇ ਪੈਰ ਨਹੀਂ ਲੱਗ ਰਿਹਾ ਸੀ। ਕਦੇ ਐਮਰਜੈਂਸੀ ਰੂਮ ਵਿਚ ਕਦੇ ਬਾਹਰ ਗੈਲਰੀ ਵਿਚ ਭੰਮੀਰੀ ਵਾਂਗ ਘੁੰਮ ਰਹੀ ਸੀ। ਗੁਰਜੀਤ ਨੂੰ ਅਜੇ ਹੋਸ਼ ਨਹੀਂ ਸੀ ਆਈ। ਮੈਨੂੰ ਯਕੀਨ ਨਹੀਂ ਆ ਰਿਹਾ ਸੀ ਕਿ ਮੁੰਡਾ ਏ ਜਾਂ ਕੁੜੀ। ਮੈਂ ਕਿੰਨੀ ਵਾਰ ਮੁੰਡੇ ਦਾ ਕੱਪੜਾ ਲਾਹ ਕੇ ਦੇਖ ਚੁੱਕੀ ਸੀ। ਬਿੰਦੇ ਝੱਟੇ ਮੁੰਡੇ ਦਾ ਕੱਪੜਾ ਲਾਹ ਲੈਂਦੀ। ਜਾਣੀ ਸਬਰ ਜਿਹਾ ਨਹੀਂ ਆਉਂਦਾ ਸੀ। ਜਾਣੀ ਯਕੀਨ ਆਉਂਦਾ ਈ ਨਹੀਂ ਸੀ। ਮੇਰੇ ਤੋਂ ਖ਼ੁਸ਼ੀ ਸਾਂਭੀ ਹੀ ਨਹੀਂ ਜਾਂਦੀ ਸੀ, ਮੇਰਾ ਜੀਅ ਕਰੇ ਬਾਜ਼ਾਰ ਵਿਚ ਨਿਕਲ ਕੇ ਉੱਚੀ ਉੱਚੀ ਰੌਲਾ ਪਾਵਾਂ। ਇੰਨੇ ਨੂੰ ਮੇਰਾ ਛੋਟਾ ਜਵਾਈ ਫ਼ੋਨ ਤੇ ਕਿਸੇ ਨੂੰ ਵਧਾਈ ਦਿੰਦਾ ਕਮਰੇ ਵਿਚ ਆਇਆ। ਮੈਂ ਉਸ ਤੋਂ ਸੈਲ ਫ਼ੋਨ ਲੈ ਕੇ ਆਪਣੀ ਬੜੀ ਬੇਟੀ ਬਲਜੀਤ ਨੂੰ ਸਭ ਤੋਂ ਪਹਿਲਾਂ ਖ਼ੁਸ਼ਖ਼ਬਰੀ ਦਿੱਤੀ ਸੀ, "ਪੁੱਤ ਬਲਜੀਤ ਤੂੰ ਮਾਸੀ ਬਣਗੀ ਤੇ ਮੈਂ ਨਾਨੀ, ਆਪਣੇ ਘਰੇ ਕਾਕਾ ਆਇਆ। ਜਮਾਂ ਈ ਤੇਰੇ ਅਰਗਾ। ਆਪਣੀ ਰੱਬ ਨੇ ਨੇੜੇ ਹੋ ਕੇ ਸੁਣੀ ਆ। ਅੱਜ ਤੇਰਾ ਭਾਪਾ ਜੀਂਦਾ ਹੁੰਦਾ, ਕਿੰਨਾ ਖ਼ੁਸ਼ ਹੁੰਦਾ। ਨਕਰਮਾਂ ਪਹਿਲਾਂ ਪੁੱਤ ਨੂੰ ਤਰਸਦਾ ਰਿਹਾ, ਫੇਰ ਦੋਹਤੇ ਨੂੰ ਤਰਸਦਾ ਈ ਚਲਾ ਗਿਆ।"

ਮੇਰਾ ਗਲਾ ਭਰ ਆਇਆ ਸੀ, "ਉਹਦੇ ਘਰ ਦੇਰ ਆ ਅੰਧੇਰ ਨਹੀਂ, ਪੁੱਤ ਤੇਰੀ ਕੁੱਖ ਨੂੰ ਵੀ ਭਾਗ ਲੱਗਣਗੇ, ਦਿਲ ਨਾ ਛੱਡੀ। ਉਹ 'ਤੇ ਭਰੋਸਾ ਰੱਖੀ। ਮੈਂ ਦੇਖਦੀ ਆ ਗੁਰਜੀਤੀ ਨੂੰ ਹੋਸ਼ ਆਈ ਏ ਕਿ ਨਹੀਂ, ਵੱਡਾ ਆਪਰੇਸ਼ਨ ਹੋਇਆ ਏ ਉਹਦਾ।"

ਵਿਚਾਰੀ ਬਲਜੀਤ, ਕਿੰਨਾ ਕੀਤਾ ਉਸਨੇ, ਸਾਡਾ, ਪਰ ਵਿਚਾਰੀ ਨੇ ਆਪ ਸੁੱਖ ਨਹੀਂ ਦੇਖਿਆ। ਰੱਬ ਦੇ ਘਰ ਕਾਹਦਾ ਘਾਟਾ ਇਕ ਜੀਅ ਇਹਨੂੰ ਵੀ ਦੇ ਦਿੰਦਾ। ਇਹਦੇ ਚਾਅ ਪੂਰੇ ਹੋ ਜਾਂਦੇ। ਜਦ ਗੁਰਜੀਤ ਦੇ ਘਰ ਦੂਜੀ ਕੁੜੀ ਛਿੰਦੀ ਹੋਈ ਆ ਗੁਰਜੀਤ ਕਹਿੰਦੀ, "ਇਹ ਮੇਰੇ ਹੀ ਹੋ ਜਾਂਦੀ ਮੈਨੂੰ ਤਾਂ ਇਹੀ ਮੁੰਡਿਆਂ ਵਰਗੀ ਆ।" ਪਰ ਪਤਾ ਨਹੀਂ ਉਹ ਡਾਢਾ ਕਿਹੜੇ ਰੰਗਾਂ ਦੇ ਵਿਚ ਖ਼ੁਸ਼ ਆ। ਇਹਦਾ ਪ੍ਰਾਹੁਣਾ ਜਗਦੇਵ ਸਿਉਂ ਬਥੇਰਾ ਕਰਦਾ ਸੀ ਇਹਦਾ, ਇਹਦਾ ਤਾਂ ਕਰਨਾ ਹੀ ਸੀ, ਮੇਰਾ ਇਹਦੇ ਭਾਪੇ ਦਾ ਵੀ ਬਹੁਤ ਕਰਦਾ ਸੀ। ਬੱਸ ਦਿਲ ਨੂੰ ਝੋਰਾ ਹੀ ਲਾ ਕੇ ਬਹਿ ਗਿਆ। ਫੇਰ ਰੋਜ਼ ਦਾਰੂ ਪੀਣ ਲੱਗ ਪਿਆ। ਜਿਹੜਾ ਕਦੇ ਦਾਰੂ ਪੀਣ ਵਾਲੇ ਦੇ ਨੇੜੇ ਨਹੀਂ ਜਾਂਦਾ ਸੀ। ਵਿਆਹ ਤੋਂ ਬਾਅਦ ਤਾਂ ਦਾਰੂ ਨੂੰ ਹੱਥ ਵੀ ਨਹੀਂ ਲਾਇਆ ਸੀ ਜਦੋਂ ਸਾਰੇ ਪਾਸਿਓਂ ਜਵਾਬ ਮਿਲ ਗਿਆ ਬਲਜੀਤ ਨੂੰ, ਬਈ ਬੱਚਾ ਹੋ ਹੀ ਨਹੀਂ ਸਕਦਾ ਅਖੇ ਬੱਚੇਦਾਨੀ ਨੇ ਗਰੋਅ ਨਹੀਂ ਕੀਤਾ। ਹੁਣ ਤਾਂ ਟੁੱਟ ਪੈਣੀਆਂ ਨਵੀਆਂ ਨਵੀਆਂ ਬਿਮਾਰੀਆਂ ਨੇ।

ਜਦੋਂ ਮੈਂ ਬਲਜੀਤ ਦਾ ਵਿਆਹ ਕੀਤਾ ਸੀ, ਕਹਿੰਦੀ, "ਬੇਬੇ ਤੇਰਾ ਜਵਾਈ ਦਿਲ ਦਾ ਬੜਾ ਚੰਗਾ ਏ, ਹੱਥਾਂ ਤੇ ਚੋਗ ਚੁਗਾਉਂਦਾ ਏ। ਬਥੇਰਾ ਪੈਸਾ, ਕੈਨੇਡਾ ਵਿਚ ਤੁਹਾਡੀ ਇਕ ਦਿਨ ਕੋਈ ਕਮੀ ਮਹਿਸੂਸ ਨਹੀਂ ਹੋਣ ਦਿੱਤੀ। ਤੁਹਾਡਾ ਅਪਲਾਈ ਵੀ ਕਰਤਾ।" ਪੰਜਾਂ ਸਾਲਾਂ ਬਾਅਦ ਬੜੀ ਮੁਸ਼ਕਿਲ ਨਾਲ ਸਾਡਾ ਕੇਸ ਸਿਰੇ ਲੱਗਿਆ ਸੀ, ਗੁਰਜੀਤ ਦੀ ਵੱਡੀ ਉਮਰ ਹੋਣ ਦੇ ਚੱਕਰ ਵਿਚ ਸਾਰਾ ਕੇਸ ਉਲਝ ਗਿਆ ਸੀ। ਜਿਸ ਦਿਨ ਵੀਜ਼ਾ ਮਿਲਿਆ, ਉਹ ਮਨਹੂਸ ਘੜੀ ਹੀ ਸੀ, ਮੈਂ ਤੇ ਬਲਜੀਤ ਦਾ ਭਾਪਾ ਵੀਜ਼ਾ ਲੈਣ ਗਏ, ਅੰਬੈਸੀ ਵਾਲਿਆ ਕਹਿ ਦਿੱਤਾ ਕਿ ਤੁਹਾਡਾ ਵੀਜ਼ਾ ਕੱਲ੍ਹ ਭੇਜ ਦਿੱਤਾ। ਬੱਸ ਇਹ ਖ਼ੁਸ਼ਖ਼ਬਰੀ ਇਸਦੇ ਭਾਪੇ



ਤੋਂ ਸੁਣੀ ਹੀ ਨਹੀਂ ਗਈ। ਹਾਰਟ ਅਟੈਕ ਹੋ ਕੇ ਉਥੇ ਈ ਪੂਰਾ ਹੋ ਗਿਆ। ਵੀਜ਼ਾ ਲੈਣ ਗਈ ਬੱਸ ਉਹਦੀ ਲਾਸ਼ ਲੈ ਕੇ ਘਰੇ ਆਈ ਸੀ। ਜਦੋਂ ਵਿਚਾਰੀ ਇਹ ਟਿਕਟ ਬਣਵਾ ਕੇ ਕੈਨੇਡਾ ਤੋਂ ਭੱਜੀ ਆਈ, ਮੈਨੂੰ ਕਹਿੰਦੀ, "ਮਾਂ ਮੈਨੂੰ ਲੱਗਦਾ ਮੈਂ ਗੁਨਾਹਗਾਰ ਆ, ਮੈਂ ਅਪਲਾਈ ਕੀਤਾ ਤਾਂ ਵੀਜ਼ਾ ਮਿਲਿਆ। ਜੇ ਵੀਜ਼ਾ ਮਿਲਿਆ ਤਾਂ ਭਾਪੇ ਨੂੰ ਕੁਝ ਹੋਇਆ।" ਮੈਂ ਸਮਝਾਇਆ , "ਪੁੱਤ ਹੀਲੇ ਰਿਜਕ ਬਹਾਨੇ ਮੌਤ। ਉਹਦਾ ਆਪਣੇ ਨਾਲ ਇੰਨਾ ਹੀ ਸੀ, ਚੰਦਰੇ ਨੇ ਆਪਣੇ ਨਾਲ ਕੈਨੇਡਾ ਨਹੀਂ ਦੇਖਣੀ ਸੀ।"

ਫੇਰ ਮੈਂ ਅਤੇ ਗੁਰਜੀਤ ਕੈਨੇਡਾ ਆਏ ਬਲਜੀਤ ਨੇ ਆਪਣੇ ਕੋਲ ਰੱਖਿਆ। ਫੇਰ ਚਾਰ ਪੰਜ ਮਹੀਨੇ ਬਾਅਦ ਬੇਸਮੈਂਟ ਵਿਚ ਮੂਵ ਹੋ ਗਏ। ਪ੍ਰਾਹੁਣਾਂ ਤਾਂ ਕਹਿੰਦਾ ਸੀ, "ਬੇਜੀ ਨਾਲ ਹੀ ਰਹੋ।" ਪ੍ਰਾਹੁਣੇ ਨੇ ਪਹਿਲਾਂ ਗੱਲ ਕੀਤੀ ਸੀ, ਕਿ ਗੁਰਜੀਤ ਦਾ ਰਿਸ਼ਤਾ ਉਹ ਉਸਦੇ ਮਾਮੇ ਦੇ ਮੁੰਡੇ ਨਾਲ ਕਰੇਗਾ, ਪਰ ਇਹ ਗੁਰਜੀਤ ਕਿਤੇ ਹੋਰ ਅੱਟੇ ਸੱਟੇ ਲਾਈ ਬੈਠੀ ਸੀ। ਬਲਜੀਤ ਦਾ ਪ੍ਰਾਹੁਣਾ ਤਾਂ ਜਮਾਂ ਈ ਟੁੱਟ ਕੇ ਬਹਿ ਗਿਆ। ਅਖੇ, "ਬੁੜੀ ਵਿਚੇ ਕੁੜੀ ਮੇਰੇ ਘਰ ਨਾ ਵੜਨ।" ਕਿੰਨਾ ਚਿਰ ਬਲਜੀਤ ਸਾਨੂੰ ਮਿਲਣ ਵੀ ਨਹੀਂ ਦਿੱਤੀ। ਫੇਰ ਅੱਗ ਲੱਗਣੀ ਦਾਰੂ ਪੀਣ ਲੱਗ ਪਿਆ, ਦਾਰੂ ਪੀਂਦੇ ਬਲਜੀਤ ਨੂੰ ਬਹੁਤ ਕੁੱਟਦਾ। ਅਖੇ, ਮੈਨੂੰ ਵਾਰਿਸ ਚਾਹੀਦਾ ਵਾਰਿਸ। ਜੇ ਵਾਰਿਸ ਨਹੀਂ ਪੈਦਾ ਕਰ ਸਕਦੀ ਤਾਂ ਤਲਾਕ ਦੇ। ਮੈਨੂੰ ਪਤਾ ਤੇਰੇ ਕੁਝ ਨਹੀਂ ਹੋਣਾ। ਕਦੇ ਬੰਜ਼ਰ ਜ਼ਮੀਨ ਵਿਚ ਫ਼ਸਲ ਹੋਈ ਆ। ਤੂੰ ਬੰਜ਼ਰ ਏ ਬੰਜ਼ਰ।" ਆਖਿਰ ਤਲਾਕ ਲੈ ਕੇ ਗੱਲ ਮੁੱਕੀ। ਰੋਂਦੀ ਕੁਰਲਾਉਂਦੀ ਬਲਜੀਤ ਮੇਰੇ ਕੋਲ ਆ ਗਈ। "ਮਾਂ ਮੇਰਾ ਸਭ ਕੁਝ ਖਤਮ ਹੋ ਗਿਆ। ਬੰਦਾ ਕਿਸ ਤੇ ਮਾਣ ਕਰੇ।" ਬਲਜੀਤ ਦੇ ਦਿਮਾਗ਼ 'ਤੇ ਅਸਰ ਪੈ ਗਿਆ। ਅਸਰ ਤਾਂ ਆਪੇ ਪੈਣਾ, ਕਿਥੇ ਰਾਣੀਆਂ ਵਰਗੀ, ਕਿਥੇ ਗੋਲੀ ਵੀ ਨਹੀਂ ਰਹੀ। ਬਸ ਵਿਚਾਰੀ ਡਿਪਰੈਸ਼ਨ ਦੀ ਮਰੀਜ਼ ਬਣ ਕੇ ਰਹਿ ਗਈ।

ਗੁਰਜੀਤੀ ਜਿੱਥੇ ਅੱਟੇ ਸੱਟੇ ਲਾਈ ਫਿਰਦੀ ਸੀ, ਉਥੇ ਈ ਵਿਆਹ ਕਰਵਾ ਆਈ। ਸਾਲ ਬਾਅਦ ਈ ਬੜੀ ਕੁੜੀ ਜੰਮੀ, ਫੇਰ ਗੁਰਜੀਤੀ ਦੀ ਸੱਸ ਨੇ ਸਾਫ਼ ਕਹਿ ਦਿੱਤਾ, "ਭਾਈ ਗੁਰਜੀਤ ਸਾਨੂੰ ਹੋਰ ਕੁੜੀ ਨਹੀਂ ਚਾਹੀਦੀ। ਫੇਰ ਇਹ ਓਹਰ ਪ੍ਰੋਹਰ ਕਰਨ ਲੱਗੀ। ਕਦੇ ਕਿਸੇ ਡਾਕਟਰ ਕੋਲ, ਕਦੇ ਕਿਸੇ ਸਿਆਣੇ ਕੋਲ। ਮੈਂ ਇਸਨੂੰ ਇੰਡੀਆ ਲੈ ਕੇ, ਚਲੀ ਗਈ। ਇਕ ਦਿਨ ਅਸੀਂ ਗੁਨੇਰਾ ਵਾਲੇ ਸੰਤਾਂ ਕੋਲ ਗਏ। ਸੰਤ ਬੇ ਔਲਾਦੇ ਨੂੰ ਫ਼ਲ ਪਾ ਰਹੇ ਸੀ। ਜਦੋਂ ਇਹਦੀ ਵਾਰੀ ਆਈ ਆਖਰੀ ਸੇਬ ਰਹਿ ਗਿਆ। ਸੰਤਾਂ ਨੇ ਫਰਮਾਇਆ, ਆਹ ਤਾਂ ਬਾਈ ਕੁੜੀ ਆ, ਜੇ ਕਿਸੇ ਨੇ ਲੈਣੀ ਆ। ਮੁੰਡੇ ਤਾਂ ਅੱਜ ਸਾਰੇ ਖਤਮ ਹੋ ਗਏ। ਗੁਰਜੀਤ ਨੇ ਫ਼ਲ ਪਵਾਉਣ ਲਈ ਝੋਲੀ ਅੱਗੇ ਕੀਤੀ, ਇਹ ਸੁਣ ਕੇ ਪਿਛੇ ਕਰ ਲਈ। "ਨਾ ਬਾਬਾ ਜੀ ਕੁੜੀ ਤਾਂ ਸੁੱਖ ਨਾਲ ਪਹਿਲਾਂ ਹੈਗੀ ਆ, ਹੁਣ ਤਾਂ ਮੁੰਡਾ ਚਾਹੀਦਾ।" ਬਾਬਾ ਜੀ ਨੇ ਮੁਸਕਰਾ ਕੇ ਸੰਗਤ ਨੂੰ ਫੁਰਮਾਇਆ ਹੋਰ ਹੈ ਭਾਈ ਕੋਈ ਕੁੜੀ ਦਾ ਚਾਹਵਾਨ, ਪਿਛੋਂ ਇਕ ਅਧਖੜ ਬੇਔਲਾਦ ਜ਼ਨਾਨੀ ਉੱਠੀ, "ਬਾਬਾ ਜੀ ਮੇਰੇ ਤੇ ਕਰੋ ਕਿਰਪਾ।" ਬਾਬਾ ਜੀ ਦੇ ਚਰਨੀ ਡਿੱਗ ਪਈ। ਫੇਰ ਉਹਦੇ ਹੋਈ ਕੁੜੀ। ਬਲਾ ਈ ਸੋਹਣੀ, ਬਾਬਾ ਜੀ ਵਾਂਗ ਈ ਨੂਰ ਡਿੱਗ ਡਿੱਗ ਪੈਂਦਾ ਸੀ। ਮੈਂ ਸੋਚਿਆ ਮਨਾਂ ਅੱਜ ਬਲਜੀਤ ਨਾਲ ਹੁੰਦੀ ਕਿਉਂ ਨਾ ਅੱਜ ਉਸਨੂੰ ਹੀ ਇਹ ਫ਼ਲ ਪਵਾ ਦਿੰਦੇ। ਪਰ ਕਿਸਮਤ?

ਫੇਰ ਮੈਂ ਲੁਧਿਆਣੇ ਇਕ ਸਿਆਣੇ ਦੇ ਇਸਨੂੰ ਲੈ ਗਈ, ਮੇਰੀ ਬੜੀ ਭਰਜਾਈ ਨੇ ਦੱਸਿਆ ਸੀ, "ਸਿਆਣਾ ਕਾਹਦਾ ਬੀਬੀ ਲਿਖ ਕੇ ਦਿੰਦਾ ਪੇਪਰ ਤੇ ਸ਼ਰਤੀਆਂ ਇਲਾਜ਼ ਆ।" ਪੁੱਛ ਪਛਾ ਕੇ ਰਿਕਸ਼ਾ ਕਰਕੇ ਉਥੇ ਪਹੁੰਚ ਗਏ। ਉਹ ਕਿੰਨਾ ਚਿਰ ਸੁਰਜੀਤ ਤੋਂ ਜਨਮ ਤਾਰੀਕ, ਕਦੇ ਨਾਂ, ਪੁੱਛ ਗਿੱਛ ਕਰਕੇ ਪੇਪਰ ਤੇ ਕੁਝ ਹਿਸਾਬ ਕਿਤਾਬ ਜਿਹਾ ਕਰਦਾ ਰਿਹਾ, ਫੇਰ ਛੋਟੇ ਨੀਲੇ ਰੰਗ ਦੇ ਪੇਪਰ ਤੇ ਲਿਖ 'ਤਾ 'ਕੁੜੀ ਨਹੀਂ ਮੁੰਡਾ' ਸੁਰਜੀਤ ਨੇ ਉਹਦੇ ਹੱਥ ਤੇ ਦੋ ਹਜ਼ਾਰ ਰੱਖਿਆ ਅਸੀਂ ਖ਼ੁਸ਼ੀ ਖ਼ੁਸ਼ੀ ਘਰੇ ਆ ਗਏ। ਇਨ੍ਹਾਂ ਨੇ ਉਸਦੇ ਯਕੀਨ ਤੇ ਫਿਰ ਚਾਨਸ ਲਿਆ। ਫੇਰ ਆਹ ਦੂਜੀ ਕੁੜੀ ਛਿੰਦੀ ਜੰਮੀ ਸੀ। ਗੁਰਜੀਤ ਕਹਿੰਦੀ, "ਬੀਬੀ ਆਪਣੇ ਕਰਮਾਂ ਵਿਚ ਮੁੰਡਾ ਕਿੱਥੇ? " ਮੈਂ ਕਿਹਾ, "ਦਿਲ ਨਹੀਂ ਛੱਡੀਦਾ ਰੱਬ ਭਲੀ ਕਰੂ ਭਾਈ। ਸਾਡੇ ਵੇਲੇ ਤਾਂ ਇੰਨੇ ਇਲਾਜ਼ ਨਹੀਂ ਸਨ, ਹੁਣ ਤਾਂ ਬਥੇਰੇ ਇਲਾਜ਼ ਨੇ।"

ਫੇਰ ਲੁਧਿਆਣੇ ਇੰਨਾ ਦੋਨਾਂ ਨੇ ਦਵਾਈ ਖਾਣੀ ਸ਼ੁਰੂ ਕਰ 'ਤੀ। ਪੂਰੇ ਤਿੰਨ ਮਹੀਨੇ ਦਵਾਈ ਖਾਧੀ। ਇਕ ਦਿਨ ਮੈਂ ਤੇ ਗੁਰਜੀਤ, ਗੁਰਿੰਦਰ ਸਿਹੁੰ ਤੋਂ ਚੋਰੀ, ਉਸੇ ਸਿਆਣੇ ਕੋਲ ਫੇਰ ਚਲੀਆਂ ਗਈਆਂ। ਮੈਂ

ਕਿਹਾ, "ਭਾਈ, ਤੂੰ ਤਾਂ ਦਿਨ ਦਿਹਾੜੇ ਹੀ ਠੱਗੀਆਂ ਮਾਰੀ ਜਾਨਾਂ। ਕਹਿ ਕੇ ਮੁਕਰ ਜਾਵੇ, ਮਰੇ ਤੇ ਮੁਕਰੇ ਦਾ ਕੀ ਹੁੰਦਾ ਏ। ਪਰ ਤੂੰ ਤਾਂ ਸਾਫ਼ ਕੋਰੇ ਪੇਪਰ ਤੇ ਲਿਖ ਕੇ ਦਿੰਦਾ। ਹੈ ਤੇਰੇ ਕੋਲ ਕੋਈ ਜਵਾਬ।"

ਪਹਿਲਾਂ ਤਾਂ ਹਰਾਮ ਦਾ ਮੁਸਕੜੀਆਂ ਹੱਸੇ, "ਬੇਬੇ ਜੀ, ਗੁੱਸਾ ਨਾ ਕਰੋ, ਗੱਲ ਦੱਸੋ ਕੀ ਆ।"

"ਵੇ ਗੱਲ ਸਵਾਹ ਤੇ ਖੇਹ ਤੂੰ ਲਿਖਕੇ ਦਿੱਤਾ ਮੁੰਡਾ, ਪਰ ਇਹਦੇ ਹੋਈ ਆ ਕੁੜੀ। ਇਹਦਾ ਘਰ ਤਬਾਹ ਹੋਣ ਤੇ ਆਇਆ। ਇਹਦੀ ਸੱਸ ਕਹਿੰਦੀ ਆ ਮੈਂ ਆਪਦੇ ਮੁੰਡੇ ਦਾ ਹੋਰ ਵਿਆਹ ਕਰੂੰ।"

ਗੁਰਜੀਤ ਨੇ ਪੇਪਰ ਉਹਦੇ ਅੱਗੇ ਕਰ ਦਿੱਤਾ, ਟੁੱਟ ਪੈਣਾ, ਕਹਿੰਦਾ, "ਬੇਬੇ ਜੀ ਮੈਂ ਤਾਂ ਲਿਖਿਆ ਸੀ ਕੁੜੀ ਹੋਵੇਗੀ। ਕੁੜੀ ਨਹੀਂ ਮੁੰਡਾ। ਇਹਦਾ ਮਤਲਬ ਐ ਮੁੰਡਾ ਨਹੀਂ ਹੋਵੇਗਾ ਕੁੜੀ ਹੋਵੇਗੀ। ਇੱਦਾਂ ਕਰੋ ਤੁਸੀਂ ਦੋ ਹਜ਼ਾਰ ਹੋਰ ਕੱਢੋ, ਆਪਾਂ ਫੇਰ ਦੇਖ ਲੈਨੇ ਆ।" ਮੈਂ ਉਹਦੀ ਮਾਂ ਭੈਣ ਇਕ ਕਰਕੇ ਆਈ। ਮੈਂ ਕਿਹਾ, "ਜੇ ਅਸਲੇ ਦਾ ਹੋਵੇਗਾ, ਮੁੜ ਦੁਕਾਨ ਨਹੀਂ ਖੋਲੇਗਾ। ਟੁੱਟ ਪੈਣਾ ਫੇਰ ਸਿੱਧਾ ਈ ਕਹਿੰਦਾ, "ਬੇਬੇ ਭੁੱਖੇ ਮਰਨ ਨਾਲੋਂ ਤਾਂ ਚੰਗਾ ਹਰਾਮ ਦਾ ਹੀ ਆ।"

ਸਾਰਾ ਕੁਝ ਡਾਕਟਰ ਦੇ ਕਹਿਣ ਮੁਤਾਬਕ ਕੀਤਾ ਫੇਰ ਪੰਜ ਮਹੀਨੇ ਬਾਅਦ ਕੈਨੇਡਾ ਆ ਗਏ। ਇੰਡੀਆ ਡਾਕਟਰਾਂ ਨੇ ਦੱਸ ਦਿੱਤਾ ਕਿ ਹੁਣ ਮੁੰਡਾ ਹੋਵੇਗਾ। ਮੈਂ ਜੀਤੀ ਨੂੰ ਪੰਜੀਰੀ ਰਲਾ ਕੇ ਦਿੱਤੀ ਇਹ ਨੱਕ ਬੁੱਲ ਮਾਰੇ ਪਰ ਮੈਂ ਲੜ ਲੜ ਖਿਲਾਈ, ਫੇਰ ਇਹ ਮੁੰਡਾ ਹੋਇਆ ਬੰਟੀ। ਮੈਨੂੰ ਕਈ ਵਾਰ ਬਲਜੀਤ ਦੇ ਭਾਪੇ ਵਰਗਾ ਮੜੰਗਾ ਪੈਂਦਾ, ਕਈ ਆਦਤਾਂ ਉਹਦੇ ਨਾਲ ਮਿਲਦੀਆਂ ਮੈਨੂੰ ਮਾਣਮੱਤੀ ਖ਼ੁਸ਼ੀ ਦਿੰਦੀਆਂ। ਮੈਂ ਚੌੜੀ ਹੋ ਜਾਂਦੀ, ਵਾਰ ਵਾਰ ਮੈਂ ਬਲਜੀਤ ਦੇ ਭਾਪੇ ਨੂੰ ਬੰਟੀ ਵਿਚੋਂ ਲੱਭਦੀ। ਮੈਂ ਸੋਚਦੀ ਵਧੀਆ ਜੈ ਵੱਢਾ ਦਾਦਕਿਆ 'ਤੇ ਨਹੀਂ ਗਿਆ। ਨਾਨਕਿਆ 'ਤੇ ਗਿਆ। ਇਹਦੇ ਦਾਦਕੇ ਤਾਂ ਇੰਡੀਆ ਹੀ ਸੀ। ਪੂਰੇ ਦੋ ਸਾਲ ਬਾਅਦ ਕਿਤੇ ਜਾ ਕੇ ਉਨ੍ਹਾਂ ਨੇ ਦੇਖਿਆ ਸੀ। ਪਹਿਲਾਂ ਰਾਜੀ ਸੀ ਪੂਰਾ ਗੋਲ ਮਟੋਲ ਜਿਹਾ, ਪਰ ਜਦੋਂ ਇੰਡੀਆ ਗਿਆ, ਪਤਾ ਨਹੀਂ ਜੈ ਵੱਢੀ ਕਿਹਦੀ ਨਜ਼ਰ ਖਾ ਗਈ, ਮੁੰਡਾ ਇਹੋ ਜਿਹਾ ਬੀਮਾਰ ਹੋਇਆ, ਮੁੜ ਕੇ ਤਾਬ ਨਹੀਂ ਆਇਆ, ਜਾਣੀ ਸੁੱਕ ਈ ਗਿਆ।

ਅੱਖ ਲਾਉਣ ਦੀ ਕੋਸ਼ਿਸ਼ ਕਰਦੀ ਆ, ਨੀਂਦ ਕਿਥੇ ਗੋਲੀਆਂ ਨੇ ਹੋਰ ਬੇਚੈਨੀ ਕਰਤੀ ਸਿਰ ਚੋਂ ਜਾਣੀ ਸੇਕ ਨਿਕਲਦਾ। ਇਕ ਆਹ ਪਿਸਾਬ ਨੇ ਹੋਰ ਤੰਗ ਕੀਤਾ ਪਿਆ। ਜੈਵੱਢਾ ਆਉਂਦਾ ਜਾਂਦਾ ਹੈ ਨੀ, ਜਾਣੀ ਜ਼ੋਰ ਜ਼ੋਰ ਜਿਹਾ ਪਿਆ ਰਹਿੰਦਾ। ਗੋਲੀਆਂ ਨੇ ਅੰਦਰ ਅੱਗ ਲਾਈ ਪਈ ਆ। ਖੜਕਾ ਜਿਹਾ ਹੋਇਆ, ਕਿਤੇ ਸਿਮਰਨ ਤਾਂ ਨਹੀਂ ਆ ਗਈ। ਇੰਨੀ ਰਾਤ ਹੋ ਗਈ ਸਿਮਰਨ ਕੰਮ ਤੋਂ ਵੀ ਨਹੀਂ ਆਈ। ਇਹ ਕੁੜੀ ਬਾਅਲੀ ਈ ਸਿਆਣੀ ਐ, ਨਾਲੇ ਵਿਚਾਰੀ ਇੰਨੀ ਵਧੀਆ ਪੜ੍ਹਾਈ ਕਰਦੀ ਆ, ਨਾਲੇ ਪਾਰਟ ਟਾਈਮ ਕੰਮ ਕਰਦੀ ਆ। ਇਹ ਛੋਟੀ ਛਿੰਦੀ ਵੀ ਆਪਣੀ ਮਾਂ ਨਾਲ ਬਥੇਰਾ ਹੱਥ ਵਟਾ ਦਿੰਦੀ ਆ। ਕੋਈ ਕੰਮ ਕਹਿ ਦੇਵੋ ਮੱਥੇ ਵੱਟ ਨਹੀਂ ਪਾਉਂਦੀ। 'ਗਰੈਮਾਂ ਗਰੈਮਾਂ' ਕਹਿੰਦੀ ਦਾ ਮੂੰਹ ਨਹੀਂ ਥੱਕਦਾ।

ਇਹੀ ਜੈਵੱਢਾ ਬੰਟੀ, ਬੱਸ ਮੇਰੇ ਲਾਡ ਪਿਆਰ ਨੇ ਲੈ ਲਿਆ। ਜੇ ਕਿਸੇ ਨੇ ਕੁਝ ਕਹਿਣਾ ਮੈਂ ਮੂਹਰੇ ਹੋ ਜਾਣਾ, ਨਾ ਵੇ ਨਿਆਣਾ ਕਹਿ ਕੇ ਮੈਂ ਹੀ ਝਮਲਾਇਆ। ਜੇ ਕੋਈ ਵੀ ਚੀਜ ਹੋਣੀ ਮੈਂ ਹੀ ਇਹਨੂੰ ਕੁੜੀਆਂ ਤੋਂ ਬਚਾ ਕੇ ਖਲਾਉਣੀ। ਬਈ ਮੇਰਾ ਪੁੱਤ ਖੁਸ਼ ਰਹੇ। ਮੈਂ ਤਾਂ ਕਦੇ ਇਹਨੂੰ ਦੋਹਤਾ ਸਮਝਿਆ ਨਹੀਂ, ਪੁੱਤ ਈ ਸਮਝਿਆ, ਪੁੱਤ ਨਾਲੋਂ ਵੀ ਵੱਧ। ਗੁਰਜੀਤ ਤਾਂ ਕੰਮ ਤੇ ਹੁੰਦੀ ਸੀ। ਬੱਸ ਮੈਂ ਹੀ ਇਹਨੂੰ ਨਲਾਉਣਾ ਧਲਾਉਣਾ, ਨਵੇਂ ਨਵੇਂ ਕੱਪੜੇ ਪਾਉਣੇ, ਚਾਈਂ ਚਾਈਂ ਜੂੜਾ ਕਰਨਾ। ਕਿੰਨੇ ਲੰਮੇ ਵਾਲ਼ ਹੋ ਗਏ ਸੀ। ਗੁਰਜੀਤ ਨੂੰ ਜੂੜਾ ਕਰਨਾ ਘੱਟ ਆਉਂਦਾ ਸੀ। ਉਸਨੇ ਕਈ ਵਾਰ ਗੁੱਤ ਕਰ ਦੇਣੀ ਮੈਂ ਉਹਦੇ ਨਾਲ ਲੜਨਾ, "ਨੀ ਮਸਾਂ ਸੁੱਖਾਂ ਸੁੱਖ ਸੁੱਖ ਮੁੰਡਾ ਲਿਆ ਤੂੰ ਇਹਦਾ ਕੀ ਜਲੂਸ ਕੱਢੀ ਜਾਨੀ ਆ। ਮੁੜ ਕੇ ਨਾ ਮੇਰੇ ਪੁੱਤ ਦੇ ਗੁੱਤ ਕਰੀਂ। ਇਹ ਤਾਂ ਮੇਰਾ ਸਰਦਾਰ ਪੁੱਤ ਏ।"

ਜਦੋਂ ਸਕੂਲ ਜਾਣ ਲੱਗਿਆ, ਇਕ ਦਿਨ ਕਹਿੰਦਾ, "ਗਰੈਮਾਂ ਮੈਨੂੰ ਗੋਰਿਆਂ ਦੇ ਬੱਚੇ ਛੇੜਦੇ ਨੇ ਬਈ ਤੇਰੇ ਲੌਂਗ ਹੇਅਰ ਨੇ ਤੂੰ ਕੁੜੀ ਆ।"

"ਮੈਂ ਜੈ ਵੱਢਿਆਂ ਨੂੰ ਦੱਸੂ ਪਤਾ , ਜਿਹੜਾ ਮੇਰੇ ਪੁੱਤ ਨੂੰ ਆਏਂ ਕਹੂ।" ਮੈਂ ਇਸਨੂੰ ਸਮਝਾਇਆ ਸੀ। ਸਿਮਰਨ ਇਹਨੂੰ ਬਹੁਤ ਪੜ੍ਹਾਉਂਦੀ। ਪੜ੍ਹਾਈ ਨੂੰ ਵਧੀਆ ਚੱਲ ਪਿਆ ਸੀ। ਗਾਣੇ ਗਾਉਣ ਦਾ ਬਹੁਤ



ਸ਼ੌਕੀਨ ਸੀ ਪਹਿਲਾਂ ਤੋਂ ਈ। ਪਹਿਲਾਂ ਪੰਜਾਬੀ ਸੁਣਦਾ ਸੀ ਫੇਰ ਅੰਗਰੇਜ਼ੀ ਸੁਣਨ ਲੱਗ ਪਿਆ। ਫੇਰ ਇਕ ਦਿਨ ਕਹਿੰਦਾ, "ਗਰੈਮਾਂ ਮੈਂ ਮਿਊਜ਼ਿਕ ਦੀਆਂ ਕਲਾਸਾਂ ਲੈਣੀਆਂ ਨੇ, ਡੈਡ ਮੰਨਦਾ ਨਹੀਂ, ਮੰਮੀ ਵੀ ਨਹੀਂ ਮੰਨਦੀ।' ਮੈਂ ਧਰਵਾਸ ਦਿੱਤਾ, "ਕੋਈ ਨੀ ਪੁੱਤ। ਮੈਂ ਕਹਿ ਦੂੰ ਉਹਨਾਂ ਨੂੰ।" ਫੇਰ ਮਿਊਜ਼ਿਕ ਸਿੱਖਣ ਲਾ ਦਿੱਤਾ। ਅਜੇ ਗੁਰਿੰਦਰ ਸਿਹੁੰ ਕਹਿੰਦਾ ਸੀ ਕੋਈ "ਗੇਮ ਬਗੈਰਾ ਲੈ ਲਾ।" ਫੇਰ ਰੰਗ ਬਿਰੰਗੇ ਗੂੜੇ ਲਾਲ ਕੱਪੜੇ ਆਪਣੀ ਮਰਜ਼ੀ ਨਾਲ ਖਰੀਦਣ ਲੱਗ ਪਿਆ।

ਅਖੇ, "ਗਰੈਮਾਂ ਮੈਂ ਪੌਪ ਮਿਊਜ਼ਿਕ ਸਿਖ ਰਿਹਾ ਹਾਂ।" ਅਜੀਬੋ ਗਰੀਬ ਤੇਜ਼ ਤੇਜ਼ ਹੱਥ ਮਾਰਨ ਸਿੱਖ ਗਿਆ। ਘਰੇ ਉੱਚੀ ਉੱਚੀ ਅੰਗਰੇਜ਼ੀ ਗਾਣੇ ਲਾ ਕੇ ਲੱਗਿਆ ਰਹਿੰਦਾ। ਮੇਰੇ ਤੋਂ ਹੁਣ ਉਹਦੀਆਂ ਹਰਕਤਾਂ ਹਜ਼ਮ ਨਾ ਹੁੰਦੀਆਂ। ਗੁਰਿੰਦਰ ਸਿਹੁੰ ਵੀ ਬਹੁਤ ਗੁੱਸੇ ਹੋਣ ਲੱਗ ਪਿਆ। ਪਿਓ ਪੁੱਤ ਇਕ ਦੂਜੇ ਨੂੰ ਨਾ ਸੁਖਾਂਦੇ। ਆਪਣੇ ਪਿਉ ਦੇ ਸਾਹਮਣੇ ਨਾ ਹੁੰਦਾ। ਹੋਰ ਕਿਸੇ ਨੂੰ ਗੌਲਦਾ ਨਹੀਂ। ਫੇਰ ਰਾਤਾਂ ਨੂੰ ਲੇਟ ਆਉਣ ਲੱਗ ਪਿਆ। ਫੇਰ ਕਈ ਰਾਤਾਂ ਘਰੇ ਨਾ ਆਉਂਦਾ, ਕਿੰਨੇ ਦਿਨ ਬਾਅਦ ਆਇਆ।

ਮੈਂ ਪੁੱਛਿਆ , "ਪੁੱਤ ਕਿਥੇ ਸੀ? "

"ਗਰੈਮਾਂ ਮੈਂ ਪ੍ਰੋਗਰਾਮ ਦੇਣ ਗਿਆ ਸੀ।"

"ਪ੍ਰੋਗਰਾਮ ਕਾਹਦਾ? ਮੈਨੂੰ ਸਮਝ ਨਾ ਪਿਆ।

"ਗਰੈਮਾਂ ਮੈਂ ਮਿਊਜ਼ਿਕ ਪਾਰਟੀ ਅਟੈਂਡ ਕਰ ਲਈ ਆ। ਚੰਗੇ ਪੈਸੇ ਬਣਦੇ ਆ।"

"ਪਰ ਤੂੰ ਆ ਕੀ ਬਣਿਆ ਫਿਰਦਾ, ਗੁੱਤ ਕਰਕੇ ਰਬੜ ਪਾਈ ਫਿਰਦਾ? " ਜਾਣੀ ਮੇਰੇ ਅੰਦਰੋਂ ਹਿਲ ਗਿਆ ਸੀ।

"ਗਰੈਮਾਂ ਮੈਂ ਕੁੜੀ ਦੀ ਅਵਾਜ਼ 'ਚ ਗਾਇਆ ਸੀ।"

"ਹੁਣ ਤਾਂ ਜੂੜਾ ਕਰ ਲੈ ਟੁੱਟ ਪੈਣਿਆਂ, ਹੁਣ ਤਾਂ ਨੀ ਤੂੰ ਗਾਉਣ ਲੱਗਿਆ ਹੋਇਆ।"

"ਯਾ ਗਰੈਮਾਂ ਆਈ ਨੋ।" ਕਹਿ ਕੇ ਬਾਹਰ ਨਿਕਲ ਗਿਆ। ਫੇਰ ਕਿੰਨੇ ਦਿਨ ਵਾਪਸ ਈ ਨਹੀਂ ਆਇਆ। ਗੁਰਜੀਤ ਦਾ ਰੋ ਰੋ ਕੇ ਬੁਰਾ ਹਾਲ , ਗੁਰਿੰਦਰ ਵਾਰ ਵਾਰ ਉਸਦੇ ਸੈਲ ਤੇ ਫੋਨ ਲਾ ਰਿਹਾ ਸੀ, ਪਰ ਉਸਦਾ ਫੋਨ ਬੰਦ ਪਿਆ ਸੀ।

ਮੈਂ ਗੁਰਿੰਦਰ ਸਿਹੁੰ ਨੂੰ ਡਰਦੀ ਦੱਸ ਵੀ ਨਾ ਸਕਦੀ ਕਿ ਉਹ ਆਇਆ ਵੀ ਕਿਸ ਭੇਸ ਵਿਚ ਸੀ। ਫੇਰ ਅੱਜ ਸਵੇਰੇ ਫੋਨ ਆਇਆ, "ਗੈਰਮਾਂ ਮੈਂ ਠੀਕ ਆ, ਨਿਊਯਾਰਕ ਗਿਆ ਹੋਇਆ, ਮੈਂ ਆਪਣਾ ਸੈਕਸ ਚੇਜ਼ ਕਰਾ ਲਿਆ।"

ਮੇਰੇ ਮੂੰਹੋਂ ਨਿਕਲਿਆ , "ਵੇ ਕੀ ਕਹਿੰਨਾ? " ਮੈਂ ਹੁਣ ਕੁੜੀ ਬਣ ਗਿਆ।" ਕਹਿ ਕੇ ਬੇਸ਼ਰਮ ਜਿਹਾ ਹੱਸਿਆ। ਮੇਰੇ ਹੱਥੋਂ ਫੋਨ ਦਾ ਰਸੀਵਰ ਛੁੱਟ ਗਿਆ।

## ਪਾਠਕਾਂ , ਲੇਖਕਾਂ ਲਈ ਸੂਚਨਾ

'ਕਹਾਣੀ ਧਾਰਾ' ਨੂੰ ਪੜਚੋਲ ਲਈ ਦੋ ਪੁਸਤਕਾਂ ਭੇਜੀਆਂ ਜਾਣ।

ਵਿਦੇਸ਼ੀ ਪਾਠਕਾਂ ਨੂੰ ਬੇਨਤੀ ਹੈ ਕਿ ਚਿੱਠੀ ਵਿਚ ਵਿਦੇਸ਼ੀ ਕਰੰਸੀ ਪਾ ਕੇ ਨਾ ਭੇਜੀ ਜਾਵੇ। ਇਹ ਗੈਰ ਕਾਨੂੰਨੀ ਹੈ ਅਤੇ ਡਾਕ ਵਿਭਾਗ ਇਸ ਨੂੰ ਆਪਣੇ ਕਬਜੇ ਵਿਚ ਲੈ ਲੈਂਦਾ ਹੈ। ਪਾਠਕਾਂ ਨੂੰ ਲੱਗਦਾ ਹੈ ਕਿ ਅਸੀਂ ਕਰੰਸੀ ਦੱਬ ਲਈ ਹੈ।

ਇਸ ਅੰਕ ਤੋਂ ਅਸੀਂ ਉਨ੍ਹਾਂ ਪਾਠਕਾਂ ਨੂੰ ਪਰਚਾ ਬੰਦ ਕਰ ਰਹੇ ਹਾਂ ਜਿਨ੍ਹਾਂ ਦਾ ਚੰਦਾ ਮੁੱਕ ਗਿਆ ਹੈ ਜਾਂ ਜਿਨ੍ਹਾਂ ਨੇ ਲਾਰਾ ਲਾ ਕੇ ਚੰਦਾ ਭੇਜਿਆ ਹੀ ਨਹੀਂ।

ਇਸ ਅੰਕ ਤੋਂ ਅਸੀਂ ਉਹ ਪਰਚੇ ਵੀ ਬੰਦ ਕਰ ਰਹੇ ਹਾਂ ਜਿਨ੍ਹਾਂ ਨੇ ਇਕ ਵਾਰ ਵੀ ਹੁੰਗਾਰਾ ਨਹੀਂ ਭਰਿਆ।

## ਕਹਾਣੀ / ਸੁੱਕੀਆਂ ਜੜ੍ਹਾਂ / ਸਿਮਰਜੀਤ ਕੌਰ

ਚੰਗਾ ਮੂੰਹ ਹਨੇਰਾ ਸੀ ਜਦੋਂ ਸਾਰਿਆਂ ਨੂੰ ਅਲਵਿਦਾ ਆਖ ਵਸਨੀਕ ਘਰੋਂ ਤੁਰ ਗਿਆ ਸੀ। ਉਹਦੇ ਜਾਣ ਮਗਰੋਂ ਵਸਨ ਸਿੰਘ ਦੀ ਹਾਲਤ ਅਚਾਨਕ ਕੁਝ ਚੋਖੀਂਉ ਹੀ ਖਜ਼ਕ ਗਈ ਸੀ। ਪਿਆਰ ਕੌਰ ਨੂੰ ਉਹਦੀ ਵਿਗੜਦੀ ਹਾਲਤ ਦਾ ਕੋਈ ਅੰਦਾਜਾ ਨਹੀਂ ਸੀ ਹੋਇਆ। ਉਹ ਵੇਹੜੇ ਵਿਚ ਤੁਰੀ ਫਿਰਦੀ ਰੋਜ ਵਾਂਗ ਆਪਦੇ ਆਪ ਨਾਲ ਹੀ ਗੱਲਾਂ ਕਰੀ ਜਾਂਦੀ ਸੀ। "ਕੇਹੀ ਸੜੀ ਕਿਸਮਤ ਏ ਮੇਰੀ ਤੇ ਮੈਥੋਂ ਸੜੀ ਤੇਰੀ ਏ ਬੰਦਿਆ। ਤੇਰਾ ਦੁੱਖ ਮੈਥੋਂ ਵੀ ਚੋਖਾ ਵੱਡਾ ਏ ਜੇ ਮੈਂ ਜਿਉਂਦੀ ਨਹੀਂ ਤੁਰੀ ਫ਼ਿਰਦੀ ਤੇ ਤੂੰ ਕਿਹੜਾ ਜਿਉਂਦਾ ਫ਼ਿਰਦਾ ਏਂ ਅਜਿਹੇ ਦੁੱਖ ਤਾਂ ਚਟਾਨ ਜਿੱਡੇ ਹਿਰਦਿਆਂ ਨੂੰ ਵੀ ਪਿਘਲਾ ਦੇਂਦੇ ਨੇ ਪਰ ਤੂੰ, ਸਾਰੀ ਉਮਰ ਤੂੰ ਮੈਨੂੰ ਤਪਾ ਕੇ ਰੱਖਿਆ ਏ, ਤੈਨੂੰ ਵੀ ਕੀ ਦੋਸ਼ ਦਿਆ ਧੁਰੋਂ ਹੀ ਮਾੜੇ ਲੇਖ ਜੋ ਲਿਖਾ ਕੇ ਲਿਆਈ ਸਾਂ। ਜੇ ਮੈਂ ਕਰਮਾਂ ਮਾਰੀ ਨਾ ਹੁੰਦੀ ਤੇ ਜੰਮਦੀ ਹੀ ਨਾ ਮਰ ਜਾਂਦੀ। ਭਰਾਵਾਂ ਨੂੰ ਮੌਤ ਆ ਗਈ। ਕਰਤਾਰੋ ਭੈਣ ਨੂੰ ਵਸਦੀ ਰਸਦੀ ਨੂੰ ਡਾਹਡਾ ਲੈ ਗਿਆ। ਜੇ ਉਹੀਉ ਜਿਉਂਦੀ ਹੁੰਦੀ ਤੇ ਮੈਂ ਇਸ ਬੁਰਛ ਦੀਆਂ ਦੱਬਾਂ ਖਾਣੋ ਬੱਚ ਜਾਂਦੀ। ਮੇਰੀ ਨਿੱਕੀ ਜਿਹੀ ਉਮਰ ਇਸ ਬੰਦੇ ਨੇ ਰੋਲ ਛੱਡੀ। ਕੋਈ ਧੀ ਪੁੱਤਰ ਜੰਮ ਪੈਂਦਾ ਉਹਦੇ ਅੱਗੇ ਹੀ ਦਿਲ ਫਰੋਲ ਬਹਿੰਦੀ ਦੋ ਘੜੀਆਂ ਕਦੀ। ਰੱਬ ਵੀ ਥੱਲੇ ਉੱਤਰ ਕੇ ਨਿਤਰਿਆ ਏ ਮੇਰੇ ਕਰਮਾਂ ਨਾਲ।

ਇਹ ਆਦਤ ਉਹਦੀ ਅੱਜ ਦੀ ਹੀ ਨਹੀਂ ਸੀ ਸਗੋਂ ਨਿੱਤ ਹੀ ਉਹ ਚੁੱਲ੍ਹਾ ਚੌਂਕਾ ਸਾਂਭਦੀ ਤੁਰੀ ਫ਼ਿਰਦੀ ਆਪਣੇ ਆਪ ਨਾਲ ਗੱਲਾਂ ਕਰਦੀ ਰਹਿੰਦੀ ਤੇ ਰੋਜ ਉਹਦੀਆਂ ਆਪਣੇ ਆਪ ਨਾਲ ਕੀਤੀਆਂ ਗੱਲਾਂ ਵਿਚ ਸਰਦਾਰ ਪ੍ਰਤੀ ਗੁੱਸਾ ਹੁੰਦਾ। ਉਹਦੀ ਜ਼ਿੰਦਗੀ ਗਾਲਣ ਦਾ ਗਿਲਾ ਹੁੰਦਾ ਪਰ ਅੱਜ ਉਹਦੀਆਂ ਗੱਲਾਂ ਵਿਚ ਇਕ ਦਰਦ ਵੀ ਸੀ ਸਰਦਾਰ ਲਈ।

ਸਰਦਾਰ ਲਈ ਕੜਾਹ ਬਨਾਉਣ ਲਈ ਚੁੱਲ੍ਹੇ ਤੇ ਰੱਖਿਆ ਆਟਾ ਕੁਝ ਚੌਖਾ ਹੀ ਭੁੱਜ ਗਿਆ ਸੀ। ਸਰਦਾਰ ਨੂੰ ਨਿੱਕੇ ਹੁੰਦੇ ਨੂੰ ਹੀ ਆਦਤ ਸੀ ਚੋਂਦੇ ਚੋਂਦੇ ਦੇਸੀ ਘਿਉ ਦਾ ਕੜਾਹ ਖਾਣ ਦੀ। ਸ਼ੈਦ ਹੀ ਕੋਈ ਦਿਨ ਉਹਨੇ ਖਾਲੀ ਟਪਾਇਆ ਹੋਵੇ। ਉਜਾੜੇ ਦੇ ਦਿਨਾਂ ਵਿਚ ਵੀ ਉਹਦੇ ਹਮਸਾਏ ਮੁਸਲਮਾਨ ਸੰਗੀ ਸਾਥੀ ਉਹਨੂੰ ਸੱਚੇ ਸੌਦੇ ਗੁਰਦੁਆਰੇ ਜਿਥੇ ਉਹ ਠਹਿਰੇ ਹੋਏ ਸਨ ਦੇਸੀ ਘਿਉ ਦਾ ਕੜਾਹ ਬਿਨਾ ਨਾਗਾ ਪਹੁੰਚਾ ਜਾਂਦੇ। ਇਥੋਂ ਤਕ ਕਿ ਜਿੱਦਨ ਪਿਆਰੋ ਦੇ ਪਿਉ ਦਾ ਸੰਸਕਾਰ ਕਰਕੇ ਆ ਕੇ ਵੀ ਲੌਢੇ ਵੇਲੇ ਸਰਦਾਰ ਨੇ ਲਾਗਣਾਂ ਤੋਂ ਕੁੜ੍ਹ ਵਿਚ ਇਕ ਵੱਖਰਾ ਚੁੱਲ੍ਹਾ ਧਰਾ ਕੇ ਉਥੇ ਹੀ ਬਨਵਾ ਕੇ ਉਥੇ ਹੀ ਬਹਿ ਕੇ ਖਾ ਲਿਆ ਸੀ ਤੇ ਲਾਗਣਾਂ ਦੇ ਕਿਹੜੇ ਮੂੰਹ ਫੜੇ ਜਾਂਦੇ ਨੇ, ਉਹਨਾਂ ਪਹਿਲਾਂ ਸਰਦਾਰਨੀ ਪਿਆਰ ਕੌਰ ਨੂੰ ਦੱਸਿਆ ਤੇ ਮੁੜ ਸਾਰੇ ਪਿੰਡ ਵਿਚ ਵੀ ਡੌਂਡੀ ਪਿੱਟ ਦਿੱਤੀ।

ਸਰਦਾਰ ਦੀ ਇਕ ਆਦਤ ਸੀ ਬਈ ਕੀ ਮਜਾਲ ਕੜਾਹ ਬਨਾਉਣ ਮਗਰੋਂ ਦੂਜਾ ਵੀ ਕੋਈ ਰਤਾ ਸਵਾਦ ਵੇਖ ਲਵੇ ਖਲਾ ਖਲੋਤਾ ਹੀ ਸਾਹ ਪੀ ਜਾਂਦਾ। ਜੇ ਰਤੀ ਮਾਸਾ ਪਿਆਰੋ ਨੇ ਪਲੇਟ ਵਿਚ ਪਾ ਬਹਿਣਾ ਨਾਲ ਹੀ ਸਰਦਾਰ ਨੇ ਬੋਲ ਪੈਣਾ 'ਆਪਣਾ ਅਡਰਾ ਬਣਾ ਲਿਆ ਕਰ ਮੈਂ ਹਿੱਸਾ ਵੰਡਾਇਆ ਨਹੀਂ ਜਰ ਸਕਦਾ।"

ਪਿਆਰੋ ਤਿੰਨ ਚਾਰ ਵਾਰ ਕਦੇ ਅੰਦਰ ਕਦੇ ਫਿਰ ਬਾਹਰ ਮੁੜ ਆਉਂਦੀ। ਪਤਾ ਨਹੀਂ ਕੀ ਭੁੱਲ ਗਈ ਸੀ ਅੰਦਰ। ਚੁੱਲ੍ਹੇ ਕੋਲ ਆਈ ਤੇ ਆਟਾ ਲਾਲ ਹੁੰਦਾ ਵੇਖ ਕੇ ਚੇਤਾ ਆਇਆ ਕਿ ਉਹ ਖੰਡ ਲਿਆਉਣੀ ਭੁੱਲ ਗਈ ਸੀ। ਅੱਗ ਵੀ ਆਪਣੇ ਜੌਹਰ ਵਿਖਾ ਕੇ ਮੱਠੀ ਪੈ ਗਈ ਸੀ। ਉਹਨੂੰ ਅੱਜ ਖੁਸ਼ਬੂ ਵੀ ਨਹੀਂ ਆਈ ਸੀ ਆਟਾ ਭੁੱਜਣ ਦੀ। ਜਦੋਂ ਬੰਦੇ ਦੀ ਦਿਮਾਗੀ ਸ਼ਕਤੀ ਭੰਬਲ ਭੁਸਿਆਂ ਵਿਚ ਪਈ ਹੋਵੇ ਉਦੋਂ ਫਿਰ ਮੁੜ ਸਾਰੀਆਂ ਤਾਕਤਾਂ ਮੂਲੋਂ ਹੀ ਮਰ ਜਾਂਦੀਆਂ ਨੇ। ਕੜਾਹੀ ਦੇ ਥੱਲੇ ਨਾਲ ਲੱਗੇ ਚੌਖੇ ਲਾਲ ਹੋਏ ਆਟੇ ਨੂੰ ਸਿੱਪੀ ਨਾਲ ਉਤਾਂਹ ਹੇਠਾਂ ਪਲਟਾ ਗਈ। ਸੜ ਜਾਏ ਚੇਤਾ ਕਿਰੇ ਕੇਹੀ ਮੱਤ ਮਾਰੀ ਗਈ ਏ ਮੇਰੀ।"

ਕਾਹਲੀ ਨਾਲ ਅੰਦਰੋਂ ਖੰਡ ਲੈਣ ਤੁਰ ਗਈ। ਭੜੋਲੀ ਦਾ ਟੱਕਣ ਚੁੱਕ ਕੇ ਵਿਚੋਂ ਖੰਡ ਵਾਲਾ ਡੱਬਾ ਲੱਭਣ ਲਗਦੀ ਹੈ। ਬਿਨਾਂ ਨਜ਼ਰ ਮਾਰਿਆ ਹੱਥ ਦੀ ਮਦਦ ਨਾਲ ਉਹ ਲੂਣ ਵਾਲਾ ਡੱਬਾ ਲੈ ਕੇ ਕਾਹਲੀ ਨਾਲ ਚੌਂਕੇ ਵਲ ਨੂੰ ਆਉਂਦੀ ਹੈ। ਚੌਂਕੇ ਦੀ ਕੰਧ ਨਾਲ ਉੱਗੀ ਬੇਰੀ ਹੇਠੋਂ ਲੰਘਣ ਲੱਗਿਆਂ ਇੱਟ ਨਾਲ ਠੁੱਡਾ ਵੱਜ ਕੇ ਉਥੋਂ



ਡਿਗਣੋ ਡਰਦੀ ਬੇਰੀ ਨੂੰ ਹੱਥ ਪਾ ਬਹਿੰਦੀ ਹੈ ਬੁਰੀ ਤਰ੍ਹਾਂ ਹੱਥ ਕੰਡਿਆਂ ਨਾਲ ਵਿਝ ਜਾਂਦਾ ਹੈ। ਇਕੋ ਵਾਰ ਘੰਮ ਘੰਮ ਕਰਦੇ ਅੱਥਰੂ ਆ ਸਿਰ ਉੱਤੇ ਲਏ ਲੀੜੇ ਨੂੰ ਭਿਉਂ ਦੇਂਦੇ ਨੇ। ਹੱਥ ਚੋਂ ਸੂਲਾਂ ਖਿਚਦੀ ਉਹ ਦਿਨ ਚੇਤੇ ਕਰਦੀ ਹੈ ਜਦ ਉਹਨੇ ਇਕ ਦਿਨ ਸਰਦਾਰ ਨੂੰ ਬੇਰੀ ਵੱਢਣ ਲਈ ਆਖਿਆ ਸੀ। "ਬੇਰੀ ਘਰ ਚੰਗੀ ਨਹੀਂ ਹੁੰਦੀ ਆਂਹਦੇ ਨੇ ਬੰਦੇ ਦੀ ਪੱਗ ਲਾਹੁੰਦੀ ਏ।" ਇਹਨੀਂ ਗੱਲ ਮੂੰਹੋਂ ਕੱਢਣ ਦੀ ਦੇਰ ਸੀ ਬੱਸ ਉਹਦੇ ਭਾਅ ਦੀ ਬਣ ਗਈ ਸੀ। ਆਪਣੇ ਪਿਉ ਦੇ ਸਾਹਮਣੇ ਹੀ ਵੱਸਨ ਸਿੰਘ ਉਹਨੂੰ ਟੁੱਟ ਕੇ ਪੈ ਗਿਆ ਸੀ। ਵੇਂਹਦੀ ਨ੍ਹੀਂ ਇਕ ਸਾਲ ਦੀ ਉਮਰੇ ਹੀ ਬੇਰੀ ਨੂੰ ਕਿੰਨਾ ਫ਼ਲ ਲਗ ਪਿਐ ਤੂੰ ਕੀ ਜਾਣੇ ਇਹ ਗੱਲਾਂ। ਪੱਗ ਲਾਹੁੰਦੀ ਤੇ ਤੂੰ ਫ਼ਿਰਦੀ ਸੈਂ ਜੀਤੇ ਵੱਲ ਜਾਣਾ ਸੀ ਤੂੰ ... ਤੇ ਘੱਲਾਂ ਤੈਨੂੰ।"

ਬਾਪੂ ਵੀ ਕੋਲੋਂ ਬੋਲ ਪਿਆ ਸੀ, "ਮੈਂ ਆਹਨਾਂ ਆਹ ਨੂੜ ਕੇ ਰੱਖੋ ਇਹਨੂੰ। ਇਹਦੀਆਂ ਟਾਹਣੀਆਂ ਵੇਖਾਂ ਕਿਵੇਂ ਕੰਧੋਂ ਪਾਰ ਵੀ ਫ਼ੈਲਰੀ ਜਾਂਦੀਆਂ ਨੇ। ਦੜਵੱਟ ਸਭੋ ਕੁਝ ਅੰਦਰ ਪਾ ਲਿਆ। ਮਰਜੇ ਮਾਂ ਜੇ ਪਿਆਰੋ ਕੁਸਕੀ ਵੀ ਹੋਵੇ। ਪੋਟਾ ਘੁੱਟੀ ਬੈਠੀ ਸੀ। ਪੋਟੇ ਵਿਚ ਕੰਡੇ ਦੀ ਪੀੜ ਉਹਨੂੰ ਕੁਝ ਜਿਆਦਾ ਹੀ ਹੋਣ ਲੱਗ ਪਈ ਸੀ। ਪਰ ਵਧੇਰੇ ਪੀੜਤ ਉਹਨੂੰ ਉਹ ਗੱਲਾਂ ਕਰ ਰਹੀਆਂ ਸਨ ਜੋ ਤਹਿ ਦਰ ਤਹਿ ਚੇਤੇ ਵਿਚ ਜੰਮੀਆਂ ਪਈਆਂ ਸਨ ਤੇ ਲੱਗਦਾ ਸੀ ਕਿ ਕਿਸੇ ਫੋੜੇ ਤੇ ਜੰਮੇ ਖੰਰੀਂਡ ਵਾਂਗੂ ਲਹਿ ਰਹੀਆਂ ਸਨ।

"ਜੇ ਤੈਨੂੰ ਮੈਂ ਨਾ ਲਿਆਉਂਦਾ ਤੇ ਤੈਨੂੰ ਤੇ ਤੇਰੇ ਮੁਜਾਰਿਆਂ ਹੀ ਖਾ ਜਾਣਾ ਸੀ। ਉਧਾਲ ਕੇ ਲੈ ਜਾਣਾ ਸੀ। ਤੈਨੂੰ ਤੇ ਜ਼ਮੀਨ ਸਣੇ ਹੀ ਫੱਖ ਜਾਣਾ ਸੀ। ਜਿਹੜੀ ਤਿੰਗੜੀ ਫ਼ਿਰਦੀ ਸੈਂ ਉਦੋਂ ਕਾਲੂ ਲੰਬੜਦਾਰ ਦੇ ਮੁੰਡੇ ਜੀਤੇ ਮਗਰ। ਓਏ ਉਹਨੇ ਤੇ ਤੈਨੂੰ ਫੰਡਰ ਨੂੰ ਚਾਰ ਦਿਨ ਨਹੀਂ ਸੀ ਰੱਖਣਾ। ਜੁੱਤੀਆਂ ਮਾਰ ਕੇ ਤੈਨੂੰ ਬਾਹਰ ਧੱਕ ਆਉਣਾ ਸੀ ਤੇ ਤੇਰੇ ਮਗਰ ਕਿਸੇ ਕੰਜ਼ਰ ਨੇ ਵਾਟ ਵੀ ਨਹੀਂ ਸੀ ਵਾਹੁਣੀ ਜਾ ਕੇ ਤੇ ਨਾਲੇ ਤੇਰਾ ਪਿਉ ਮੇਰੇ ਘਰ ਹੀ ਚਾਰ ਦਿਨ ਜਿਉਂ ਗਿਆ ਸ਼ਾਨ ਨਾਲ। ਉੱਥੇ ਹੁੰਦਾ ਤਾਂ ਉਹਨੇ ਵੀ ਮਰਨ ਤੋਂ ਪਹਿਲਾਂ ਮੁਸਲਮਾਨ ਅਖਵਾ ਕੇ ਮਰਨਾ ਸੀ। ਕਿੰਨ੍ਹਾ ਰੁੰਨੀ ਸਾਂ ਮੈਂ ਇਹ ਗੱਲਾਂ ਸੁਣਕੇ ਪਤਾ ਨਹੀਂ ਮੈਂ ਵੀ ਜੋ ਮੂੰਹ ਆਇਆ ਉਹੀ ਬੋਲੀ ਗਈ ਸਾਂ। ਇਮਾਨ ਵਾਲੇ ਨੂੰ ਮੁਸਲਮਾਨ ਕਿਹਾ ਜਾਂਦਾ ਹੈ, ਸਰਦਾਰਾ। ਇਮਾਨ ਤੋਂ ਬਗੈਰ ਸਭ ਕਾਫ਼ਰ ਨੇ। ਜੇ ਕਿਤੇ ਆਹ ਰੌਲੇ ਗੌਲੇ ਨਾ ਹੋਏ ਹੁੰਦੇ ਮੈਂ ਵੀ ਕਿਸੇ ਸਿਆਣੇ ਬੰਦੇ ਦੇ ਲੜ ਲੱਗੀ ਹੁੰਦੀ। ਤੂੰ ਬੁਰਛ ਵੇਂਹਦਾ ਸੈਂ ਮੇਰੇ ਜੋਗਾ। ਭੈਣ ਮੇਰੀ ਤੇਰੇ ਦੁਖੋਂ ਤੜਪ ਕੇ ਮਰ ਗਈ। ਪਿਉ ਸਾਡੇ ਨੂੰ ਲੱਭ ਪਿਆ ਤੂੰ ਇਕ ਜਵਾਈ ਥਿੱਤਾ। ਖੌਰੇ ਕੀ 'ਮੀਰੇ ਦੀ ਗੰਢੀ ਲੱਭ ਲਈ ਸੀ ਉਸ ਜੋ ਤੇਰੇ ਮਰਗ ਮਗਰ ਤੁਰਿਆ ਫਿਰਦਾ ਸੀ। ਜੀਤ ਦਾ ਪਿਉ ਮਰ ਲੱਥਾ ਤਰਲੇ ਕਰ ਕਰ ਕੇ ਮੇਰੇ ਪਿਉ ਦੇ ਮੇਰੇ ਰਿਸ਼ਤੇ ਵਾਸਤੇ। ਤੇਰੀ ਜ਼ਮੀਨ ਦੀ ਅੱਗ ਠੰਢੀ ਹੁੰਦੀ ਤਾਂ ਹਿਉ ਸੀ। ਹੋਰ ਸਾਡਾ ਤੇ ਪਿਉ ਧੀ ਦਾ ਜਿਹੜਾ ਫ਼ਿਕਰ ਤੈਨੂੰ ਹੈ ਸੀ ਉਹ ਪਤਾ ਹੀ ਏ ਮੈਨੂੰ। ਇਹਨਾਂ ਗੱਲਾਂ ਨੇ ਕਿਵੇਂ ਸੱਤੀਂ ਕਪੜੀਂ ਭਾਂਬੜ ਹੀ ਮਚਾ ਦਿੱਤੇ ਸਨ। ਤੜਪ ਤੜਪ ਕੇ ਪਿਆ ਸੀ ਸਰਦਾਰ। "ਇਸ ਔਂਤਰਿਆ ਨੱਖਤਰਿਆਂ ਦੀ ਜ਼ਮੀਨ ਨੇ ਮੈਨੂੰ ਵੀ ਦੁਨੀਆਂ ਤੋਂ ਔਂਤਰਾ ਹੀ ਬਣਾ ਕੇ ਘੱਲਣੈ। ਤੇਰੇ ਨਾਲ ਵਿਆਹ ਕਰਾਉਣ ਪਿਛੇ ਮੈਂ ਆਪਣੇ ਮਾਂ ਪਿਉ ਤੇ ਭੈਣ ਭਰਾਵਾਂ ਨਾਲ ਮੂੰਹ ਮੋਟਾ ਕੀਤੀ ਰੱਖਿਆ। ਮਜਹਬਨ ਜਿਹੀ ਭੈੜੀ ਬੂਥੀ ਵਾਲੀ ਦੀ ਬੂਥੀ ਅਜੇ ਸਿੱਧੀ ਨਹੀਂ ਹੋਈ। ਬਹੂੰ ਬਹੂੰ ਕਰਨੋਂ ਕਿਤੇ ਖਲੋਂਦੀਉ ਹੀ ਨਹੀਂ। ਤੈਨੂੰ ਤੇ ਹਸਾਨ ਮੰਨਣਾਂ ਚਾਹੀਦਾ ਏ ਮੇਰਾ ਅੱਗਾਂ ਲੱਗੀਆਂ 'ਚੋਂ ਕੱਢ ਲਿਆਇਆ ਤੈਨੂੰ।

ਚੁੱਲ੍ਹੇ 'ਤੇ ਰੱਖਿਆ ਆਟਾ ਸੜ੍ਹ ਕੇ ਕੋਲੇ ਹੋ ਗਿਆ ਸੀ। ਉਹਨੇ ਅਬੜਵਾਹੇ ਸੜਦੀ ਬਲਦੀ ਕੜਾਹੀ ਨੂੰ ਦੋਹਾਂ ਕੁੰਡਿਆਂ ਤੋਂ ਫੜਕੇ ਥੱਲੇ ਰੱਖ ਦਿੱਤਾ। ਇਸਨੇ ਜ਼ਿੰਦਗੀ, ਇਸ ਸੜਦੀ ਬਲਦੀ ਕੜਾਹੀ ਵਾਂਗ ਲੂਹ ਸੁੱਟੀ। ਮੇਰੇ ਪਿਉ ਕਮਲੇ ਨੇ ਇਹਦੀ ਚੌਧਰ ਵੇਖੀ, ਏਦ੍ਹੀ ਡਾਹਡ ਵੇਖੀ, ਪਰ ਇਹ ਨਾ ਜਾਤਾ ਇਹ ਸੂਲੀ ਤੇ ਚਾਹੜ ਕੇ ਮਾਰੇਗਾ ਮੈਨੂੰ ਮੇਰਾ ਏਧਰ ਨਾ ਕੋਈ ਤਾਇਆ, ਨਾ ਚਾਚਾ, ਨਾ ਭਾਈ ਨਾ ਬੰਧੂ। ਸਾਰਾ ਕੁਣਬਾ ਮੁਸਲਮਾਨ ਹੋ ਗਿਆ। ਮੈਂ ਇੱਧਰ ਆ ਗਈ ਆਹ ਔਂਤਰੇ ਗਡੇਡੂ ਜਿਹੇ ਲੋਕਾਂ ਵਿਚ। ਜਿਹਨਾਂ ਨੂੰ ਨਾ ਗੱਲ ਆਉਂਦੀ ਨਾ ਕੱਥ। ਕਿਵੇਂ ਜ਼ਨਾਨੀ ਨਾਲ ਕੂਣਾ ਏ। ਉਹੀ ਮੱਤ ਏਹਨੇ ਲਈ ਏਧਰ ਆ ਕੇ, ਇਹਨਾਂ ਨੂੰ ਨਾ ਮਿਲਣ ਵਰਤਣ ਦਾ ਪਤਾ। ਚੰਗਾ ਭਲਾ ਭਾਈਚਾਰਾ ਸੀ ਉੱਧਰ। ਇਕ ਦੂਜੇ ਦੇ ਘਰ ਖਾਣਾ ਪੀਣਾ ਵਿਆਹਾਂ ਵੇਲੇ ਰਾਤਾਂ ਇਕ ਦੂਜੇ ਦੇ ਘਰੀਂ ਰਹਿਣਾ, ਮਹੀਨਾਂ-ਮਹੀਨਾਂ ਰਲ ਬਹਿ ਗੀਤ ਗਾਉਣੇ। ਕਿੱਡਾ ਮੋਹ ਸੀ ਸਾਡਾ। ਤਾਬੋ, ਸ਼ਾਹੀਨ, ਨਿਆਮਤੇ ਤੇ ਨੂਰੀ ਭਾਵੇਂ ਵੱਡੀ ਉਮਰ ਦੀਆਂ ਸੀ ਸਾਰਿਆਂ ਨਾਲੋਂ ਜਿਆਦਾ ਮੇਰੇ

ਨਾਲ ਸੰਦੇਹ ਕਰਦੀਆਂ ਹੁੰਦੀਆਂ ਸਨ। ਬਾਪੂ ਨੂੰ ਕਿੰਨਾ ਮਾਣ ਹੁੰਦਾ ਸੀ ਨੂਰੀ ਦੇ ਪਿਉ ਚਾਚੇ ਹਸਨੇ 'ਤੇ। ਪਿੰਡ ਵਿਚ ਕਿਸੇ ਹੋਰ ਦੀਆਂ ਮੱਝਾਂ ਨਹੀਂ ਸੀ ਏਨੀਆਂ ਪਲੀਆਂ ਹੁੰਦੀਆਂ ਜਿਨ੍ਹੀਆਂ ਸਾਡੀਆਂ ਪਲੀਆਂ ਹੋਈਆਂ ਸਨ। ਇਹ ਚਾਚੇ ਹਸਨੇ ਦੀ ਮੇਹਰਬਾਨੀ ਸੀ ਤੇ ਫੇਰ ਉਹ ਲੁਸ ਲੁਸ ਕਰਦੀਆਂ ਲਵੇਰੀਆਂ ਥੱਲਿਉ ਵੀਹ ਵੀਹ ਸੇਰ ਦੇ ਦੋਹਣੇ ਦੁੱਧ ਦੇ ਚੋ ਚੋ ਕੇ ਲਿਆਉਂਦਾ। ਫੇਰ ਭੈਣ ਨੇ ਸ਼ੌਰੇ ਕੀ ਆਖਿਆ ਸੀ ਕੁਝ ਦਿਨ ਮਗਰੋਂ ਹੀ ਬਾਪੂ ਨੇ ਕੋਲੋਂ ਖਰਚਾ ਲਾ ਕੇ ਨੂਰੀ ਦਾ ਵਿਆਹ ਰਚਾ ਦਿੱਤਾ ਸੀ। ਸਾਰੇ ਪਿੰਡ ਦੇ ਮੁਜਾਰੇ ਹੈਰਾਨ ਰਹਿ ਗਏ ਸਨ ਏਨੀ ਸ਼ਾਨੋ ਸ਼ੌਕਤ ਵੇਖ ਕੇ। ਧਨ ਧਨ ਕਰ ਉਠੇ ਸਨ ਜਿਵੇਂ ਮੁਜਾਰੇ ਦੀ ਧੀ ਨਹੀਂ ਜੱਟ ਦੀ ਧੀ ਦਾ ਵਿਆਹ ਹੋਇਆ ਹੋਵੇ ਤੇ ਫਿਰ ਨੂਰੀ ਨੂੰ ਤੋਰ ਕੇ ਉਸੇ ਰਾਤ ਚਾਚੇ ਹਸਨੇ ਤੇ ਬਾਪੂ ਵਿੱਚ ਬੜੀ ਦੇਰ ਤਕ ਗੱਲਾਂ ਹੋਈਆਂ ਸਨ। ਹਸਨਾ ਘੜੀ ਮੁੜੀ ਮਾਫ਼ੀ ਮੰਗੀ ਜਾਂਦਾ ਸੀ ਤੇ ਅਗਲੇ ਦਿਨ ਸਵੇਰੇ ਹੀ ਵਾੜੇ 'ਚੋਂ ਸਾਮਾਨ ਚੁੱਕ ਕੇ ਤੁਰ ਗਿਆ ਸੀ। ਮੇਰੇ ਪੁੱਛਣ ਤੇ ਬਾਪੂ ਜੀ ਨੇ ਦੱਸਿਆ ਸੀ ਹਸਨਾ ਆਂਹਦਾ ਏ ਨੂਰੀ ਤੁਰ ਗਈ ਏ। ਹੁਣ ਸਾਡਾ ਵੀ ਏਥੇ ਦਿਲ ਨਹੀਂ ਲੱਗਣਾ। ਸ਼ਾਮੀ ਦੁੱਧ ਚੋ ਕੇ ਰੱਖਣ ਆਏ ਫੱਤੂ ਨੇ ਬਾਪੂ ਨੂੰ ਦਸਿਆ ਸੀ, "ਹਸਨਾ ਤੁਰਨ ਲੱਗਾ ਮੱਝਾਂ ਦੇ ਗਲ ਲੱਗ ਲੱਗ ਰੋਇਆ ਸੀ। ਬਾਪੂ ਵੀ ਸੋਗੀ ਹਾਲਤ ਵਿਚ ਪਿਆ ਸੀ ਮਸਾਂ ਹੀ ਸੰਘੋ ਥੱਲੇ ਦੋ ਗਰਾਹੀਆਂ ਲੰਘਾਈਆਂ ਸਨ।

ਵੱਡੀ ਭੈਣ ਨੇ ਅਸਲੋਂ ਓਦਣ ਹੀ ਮੰਜਾ ਮੱਲ ਲਿਆ ਸੀ ਜਿੱਦਣ ਬੈਠਕ ਕੋਲੋਂ ਲੰਘਦਿਆਂ ਉਹਨੇ ਨੂਰੀ ਦੇ ਰੋਂਦੇ ਬੋਲ ਸੁਣੇ ਸਨ। ਸਰਦਾਰ ਤੇਰੀ ਅਮਾਨਤ ਨੂੰ ਬੜੀ ਹਿਫ਼ਾਜ਼ਤ ਨਾਲ ਪਾਲਾਂਗੀ।" ਤੇ ਬੱਸ ਇਹੀ ਬੋਲ ਉਹਦੇ ਹੱਡਾਂ ਵਿਚ ਦਰਦ ਬਣ ਕੇ ਬਹਿ ਗਏ ਸਨ। ਉਹ ਮੰਜੇ ਤੋਂ ਦੁਬਾਰਾ ਉਠ ਨਹੀਂ ਸੀ ਸਕੀ। ਬਡੇਡਰਿਆਂ ਵਾਂਗ ਛਤ ਵੱਲ ਨਜ਼ਰਾਂ ਟਿਕਾਈ ਇਕੋ ਹੀ ਇਹੋ ਬੋਲ ਅਲਾਪਦੀ ਰਹਿੰਦੀ, 'ਸਰਦਾਰਾ ਤੇਰੀ ਅਮਾਨਤ ਨੂੰ ਬੜੀ ਹਿਫ਼ਾਜ਼ਤ ਨਾਲ ਪਾਲਾਂਗੀ, ਸਰਦਾਰ ਨੇ ਬਥੇਰੀਆਂ ਦਵਾਈਆਂ ਝਾੜੇ, ਫਾਂਡੇ ਕਰਵਾਏ, ਪਰ ਕਿਸੇ ਭੋਰਾ ਅਸਰ ਨਾ ਕੀਤਾ ਮਾਂ ਦੇ ਮਰਨ ਤੋਂ ਬਾਅਦ ਭੈਣ ਹੀ ਤੇ ਸੀ ਮੇਰੀ ਸਭੋ ਕੁਝ। ਅਜੇ ਭੈਣ ਦਾ ਸਤਾਰਵਾਂ ਵੀ ਨਹੀਂ ਸੀ ਹੋਇਆ ਕਿ ਰੌਲੇ ਪੈ ਗਏ। ਸਰਦਾਰ ਨੇ ਹਸਨੇ ਨੂੰ ਮੁੜ ਸੱਦ ਲਿਆਂਦਾ ਸੀ ਤੇ ਘਰ ਦੀਆਂ ਚਾਬੀਆਂ ਦੇਂਦਿਆਂ ਆਖਿਆ ਸੀ ਹਸਨਿਆ ਚਾਰ ਦਿਨਾਂ ਦੇ ਰੌਲੇ ਗੌਲੇ ਨੇ, ਠੰਡ ਠੰਡੋਰਾ ਹੋ ਗਿਆ ਤੇ ਮੁੜ ਆਵਾਂਗੇ।"

ਉਸ ਵੇਲੇ ਘਰੋਂ ਲਿਆਂਦੀ ਸੋਨੇ ਤੇ ਪੈਸਿਆਂ ਵਾਲੀ ਬੁਚਕੀ ਨੇ ਏਧਰ ਆ ਕੇ ਕਿਨੇ ਕੰਮ ਸਾਰੇ ਸਨ। ਤੁਰਨ ਲੱਗਿਆਂ ਸਾਰਿਆਂ ਦੇ ਹੌਕੇ ਨਹੀਂ ਸਨ ਸੁਣੇ ਜਾਂਦੇ ਚਾਚੀ ਖੁਰਸ਼ੀਦ ਨੇ ਗਾਲਾਂ ਕੱਢ ਕੱਢ ਕੇ ਕੁੱਖਾਂ ਹੀ ਕੱਢ ਦਿੱਤੀਆਂ ਸਨ, "ਕੱਖ ਕੰਡਾ ਨਾ ਰਹੇ ਨਹਿਰੂ ਤੇ ਜਿਨਾਹ ਤੁਹਾਡਾ। ਔਂਤਰੇ ਹੀ ਜਾਓ ਦੁਨੀਆਂ ਤੋਂ, ਬੀਅ ਪਾਣ ਜੋਗਾ ਨਾ ਰਹੇ ਕੋਈ ਤੁਹਾਡਾ ਤੁਸੀਂ ਅੱਜ ਨੌਹਾਂ ਨਾਲੋਂ ਮਾਸ ਨਿਖੇੜਨ ਲੱਗੇ ਹੋ। ਸਾਰਾ ਪਿੰਡ ਦੁਆਲੇ ਝੁਰਮਟ ਪਾਈ ਨੌਂ ਗਜੀਏ ਪੀਰ ਦੀ ਦਰਗਾਹ ਤੋਂ ਮੱਥਾਂ ਟਿਕਾ ਕੇ ਸਾਨੂੰ ਸੱਚੇ ਸੌਦੇ ਗੁਰਦੁਆਰੇ ਛੱਡ ਗਿਆ ਸੀ। ਜਿਉਂਦੇ ਵਸਦੇ ਰਹਿਣ ਮੁਸਲਮਾਨ ਭਰਾ ਜਿਹੜੇ ਸਾਨੂੰ ਰੋਟੀਆਂ ਵੀ ਦੇ ਜਾਂਦੇ ਤੇ ਦੁੱਧ ਦੇ ਦੋਹਣੇ ਵੀ। ਸਾਡੀ ਹਿਫ਼ਾਜ਼ਤ ਵਿਚ ਉਹਨਾਂ ਕਰਮਾਂ ਵਾਲਿਆਂ ਕੋਈ ਕਸਰ ਨਹੀਂ ਛੱਡੀ ਸੀ। ਮੈਂ ਪਹਿਲੀ ਵਾਰੀ ਰੋਟੀ ਪਕਾਉਣੀ ਵੀ ਉਥੇ ਹੀ ਸਿਖੀ ਸਾਂ। ਛੇਤੀਂਉ ਹੀ ਰੇਲ ਗੱਡੀਆਂ ਸਾਨੂੰ ਅੰਬਰਸਰ ਕੈਂਪ ਵਿਚ ਲਿਆ ਸੁੱਟਿਆ ਸੀ। ਕਿਵੇਂ ਰੁਲਦੇ ਖੁਲਦੇ ਇਧਰ ਦਨੌਲੀ ਪਿੰਡ ਸਰਦਾਰ ਦੀ ਮਾਸੀ ਦੀ ਧੀ ਸਿੰਦੋ ਕੋਲ ਆ ਅਪੜੇ ਸਾਂ। ਸਰਦਾਰ ਦੇ ਦੂਜੇ ਭਰਾ ਕਿਸੇ ਹੋਰ ਪਿੰਡ ਡੇਰਾ ਲਾਈ ਬੈਠੇ ਸਨ। ਦਨੌਲੀ ਵਾਲੀ ਸਿੰਦੋ ਕਿੰਨੀ ਦੁਖੀ ਹੁੰਦੀ ਹੋਰ ਕੁਝ ਨਾ ਭਾਲਦਾ ਤੇ ਬਾਲਾਂ ਨੂੰ ਹੀ ਕੁੱਟੀ ਜਾਂਦੀ। ਛੇਤੀਉ ਹੀ ਜਦੋਂ ਤਬੇਡੀ ਆ ਕੇ ਬੈਠੇ ਸਰਦਾਰ ਨੇ ਕਿਵੇਂ ਸੋਨਾ ਵੇਚ ਕੇ ਕਣਕ ਦਾ ਕੁਸਕ ਲਾ ਦਿੱਤਾ ਸੀ ਤੇ ਮੱਝ ਵੀ ਮੁੱਲ ਲੈ ਆਂਦੀ ਸੀ। ਉਹਨੀਂ ਦਿਨੀਂ ਲੋਕੀ ਛੋਲਿਆਂ ਦੀ ਰੋਟੀ ਨੂੰ ਵੀ ਤਰਸਦੇ ਸਾਡੇ ਘਰ ਕਣਕ ਦੀ ਰੋਟੀ ਪਕਦੀ। ਲੋਕੀ ਸਰਦਾਰ ਕੋਲੋਂ ਬਿਆਜੀ ਪੈਸੇ ਮੰਗਣ ਆਉਂਦੇ।

ਉਸ ਵੇਲੇ ਕੋਈ ਹਾਲ ਹੋਇਆ ਸੀ ਤੱਤੜੀ ਖ਼ਲਕਤ ਦਾ। ਨਿੱਤ ਨਵੀਂ ਕਾਰ ਹੋਈ ਸੁਣਦੇ ਤੇ ਆਖੀਦਾ ਕੁੱਤੇ ਦੀ ਜ਼ਿੰਦਗੀ ਚੰਗੀ, ਭਲਾ ਬੰਦਾ ਬਨਣ ਖੁਣੋਂ ਕੀ ਥੁੜਿਆ ਸੀ। ਪਰ ਜਿਹੜੀ ਜ਼ਿੰਦਗੀ ਮੈਂ ਹੰਢਾਈ ਏ ਉਹਨੂੰ ਕਿਹਦੇ ਵਰਗੀ ਆਖਾਂ। ਕੇਡਾ ਚੰਗਾ ਹੁੰਦਾ ਜੇ ਕਿਤੇ ਮੈਂ ਵੀ ਉਸੇ ਅੱਗ ਵਿਚ ਝੁਲਸ ਜਾਂਦੀ ਇਕੋ ਵਾਰ ਸੜ ਕੇ ਸੁਆਹ ਹੋ ਜਾਂਦੀ ਰੋਜ ਦੇ ਧੁਖਣ ਨਾਲੋਂ। ਰਤੀ ਕੁ ਜਿੰਨੀ ਉਮਰੇ ਇਸ ਬੰਦੇ ਨਾਲ ਮੇਰੇ ਪਿਉ ਨੇ ਵਿਆਹ



ਚਲਾਅ ਦਿੱਤਾ ਜੇ ਵੱਡੀ ਭੈਣ ਨਾ ਮਰਦੀ ਮੇਰੀ ਜ਼ਿੰਦਗੀ ਹੋਰ ਹੁੰਦੀ। ਕਿੰਨੀ ਵਾਰ ਜੀਤੇ ਦਾ ਪਿਉ ਸਾਕ ਮੰਗਣ ਆਇਆ ਸੀ ਬਾਪੂ ਤੋਂ। ਬਾਪੂ ਨੇ ਨੱਕ ਤੇ ਹੀ ਨਹੀਂ ਸੀ ਧਰਿਆ।

ਅੱਗ ਬੁੱਝ ਕੇ ਸੁਆਹ ਹੋ ਚੁੱਕੀ ਸੀ। ਪਰ ਪਿਆਰੋ ਤੇ ਖੌਰੇ ਕਿਹੜੀਆਂ ਪੌਣਾਂ ਵਿਚ ਫਿਰਦੀ ਸੀ। ਉੱਠ ਵੇ ਮਨਾਂ ਕਿਉਂ ਐਵੇਂ ਭੁੱਜਦਾ ਫਿਰਨੈ। ਹੁਣੇ ਉੱਠ ਪਿਆ ਤੇ ਉਠਦਿਆਂ ਹੀ ਕੜਾਹ ਦਾ ਲੂਕਾ ਲੱਗ ਜਾਣੈ। ਮੈਨੂੰ ਸਮਝ ਨਹੀਂ ਆਈ ਅੱਜ ਕਿਹੜਾ ਵੇਲਾ ਹੋ ਗਿਐ। ਅਜੇ ਸਰਦਾਰ ਬਿਸਤਰੇ ਚੋਂ ਨਿਕਲਕੇ ਨਹੀਂ ਆਇਆ। ਤਾਂ ਹਿਉਂ ਖਿਚਵੇਂ ਸਾਹਾਂ ਚੋਂ ਬੜੀ ਔਖ ਨਾਲ ਨਿਕਲੀ ਆਵਾਜ਼ ਸੁਣਦੀ ਹੈ, 'ਪਿਆ ...ਰੋ।' ਇਹਦੇ ਗੱਜਣ ਦੀ ਆਵਾਜ਼ ਤੇ ਦੁਆਲੇ ਦੇ ਚਹੁੰ ਘਰਾਂ ਵਿਚ ਜਾਂਦੀ ਏ ਇਹ ਤੇ ਕਦੀ ਇਹਨੀ ਹੌਲੀ ਕੂੰਦਾ ਈ ਨਹੀਂ ਖੈਰੀਂ ਮੈਰੀ ਹੋਵੇ ਸਹੀ। ਅੰਦਰ ਜਾ ਕੇ ਸਰਦਾਰ ਦੇ ਮੰਜੇ ਦੀ ਬਾਹੀ ਫੜ ਕੇ ਆਵਾਜ਼ ਮਾਰਦੀ ਹੈ ਕੀ ਆਖਿਆ ਜੇ, ਵਸਨੀਕ ਤੁਰ ਗਿਆ ਏ, ਮੈਨੂੰ ਹੁਣ ਵੀ ਉਹਦੇ ਪੈਰਾਂ ਦਾ ਖੜਕਾ ਆਪਣੇ ਸੀਨੇ 'ਚੋਂ ਸੁਣਦਾ ਏ", ਪਿਆਰੋ ਉਹਦੀ ਗੱਲ ਸੁਣਦੀ ਹੋਈ ਪਰਾਂਹ ਕਮਰੇ ਦੀ ਗੁੱਠੇ ਖਲਾ ਕੀਤਾ ਨਵਾਰੀ ਮੰਜਾ ਸਰਦਾਰ ਦੇ ਮੰਜੇ ਕੋਲ ਡਾਹ ਕੇ ਬਹਿ ਜਾਂਦੀ ਹੈ। ਉਹਦੀਆਂ ਮੀਟੀਆਂ ਹੋਈਆਂ ਅੱਖਾਂ ਵੱਲ ਵੇਂਹਦੀ ਹੈ, "ਵਸਨੀਕ ਏਹਦਾ ਲੱਕ ਤੋੜ ਗਿਆ ਏ, ਕਿੱਡਾ ਚਾਂਈ ਰੱਜਦਾ ਸੀ। ਜਿਨੀਂ ਦਿਨੀਂ ਉਹ ਏਥੇ ਸੀ ਉਨ੍ਹੀਂ ਦਿਨ ਜਿਵੇਂ ਵਸਨੀਕ ਹੀ ਇਹਦੀ ਦੁਨੀਆਂ ਸੀ। ਹੋਰ ਦੁਨੀਆਂ ਨੂੰ ਤੇ ਏਹਨੇ ਜਿਵੇਂ ਵਿਸਾਰ ਹੀ ਛੱਡਿਆ ਸੀ। ਨਿੱਤ ਦਿਹਾੜੇ ਉਹਨੂੰ ਆਪਣੀਆਂ ਪੈਲੀਆਂ ਤੇ ਨਾਲ ਲੈ ਕੇ ਜਾਣਾ। ਫੇਰ ਨੂਰੀ ਨੇ ਨਾਂ ਕਿੱਡਾ ਮਿਲਵਾਂ ਰੱਖਿਆ ਸੀ ਵਸਨੀਕ। ਧਨ ਸੀ ਭਾਈ ਨੂਰੀ ਜਿਹਨੇ ਉਜੜਣ ਮਗਰੋਂ ਵੀ ਸਰਦਾਰ ਦੀ ਪੂਰੀ ਖੋਜ ਖ਼ਬਰ ਰੱਖੀ। ਰੱਖਦੀ ਵੀ ਕਿਉਂ ਨਾ। ਮੇਰੇ ਨਾਲੋਂ ਤੇ ਹਰ ਪਾਸਿਉ ਚੰਗੀ ਸੀ ਜਿਹਨੇ ਏਡਾ ਪੁੱਤ ਜੰਮ... ਅੱਜ ਦੂਹਰਾ ਕਰਕੇ ਵਗਾ ਗਿਐ। ਕਿੰਨੇ ਤਰਲੇ ਕੀਤੇ ਸਨ ਸਰਦਾਰ ਨੇ ਉਹਦੇ ਕੁਝ ਦਿਨ ਹੋਰ ਠਹਿਰ ਜਾਣ ਲਈ। ਫੇਰ ਆਉਣ ਲਈ ਕਹਿ ਕੇ ਚਲਾ ਗਿਆ ਸੀ ਉਂਝ ਹੁਣ ਮੋਹ ਤੇ ਉਹ ਵੀ ਸਾਨੂੰ ਬੜਾ ਕਰਨ ਲੱਗ ਪਿਆ ਸੀ। ਪਰ ਉਹ ਤੇ ਆਪਣੀ ਮਰੀ ਮਾਂ ਦਾ ਸੁਪਨਾ ਪੂਰਾ ਕਰਨ ਆਇਆ ਸੀ। ਜੋ ਮਰਨ ਤੋਂ ਪਹਿਲਾਂ ਭਾਰਤ ਨਾ ਆ ਸਕੀ ਤੇ ਇਹ ਜਿਮੇਂਵਾਰੀ ਪੁੱਤਰ ਨੂੰ ਸੌਂਪ ਗਈ।

ਵਸਨੀਕ ਦੇ ਆਉਣ ਤੇ ਸਰਦਾਰ ਨੇ ਕਿੰਨਾ ਲੁਕੋ ਰਖਿਆ ਸੀ। ਅਖੇ ਹਸਨੇ ਦਾ ਦੋਹਤਰਾ ਆਇਆ ਏ। ਜਿਹੜਾ ਤੁਹਾਡੇ ਡੰਗਰ ਸਾਂਭਿਆ ਕਰਦਾ ਸੀ ਤੇ ਨੂਰੀ ਦਾ ਨਾਂ ਹੀ ਨਹੀਂ ਸੀ ਲਿਆ। ਭਲਾ ਰੂਹ ਵਿਚ ਵਸੇ ਲੋਕ ਵੀ ਕਦੇ ਖ਼ਾਰਜ ਹੋਏ ਨੇ ਜ਼ਿੰਦਗੀ ਚੋਂ ਫਿਰ ਬੰਦਾ ਭਾਵੇਂ ਜ਼ਨਾਨੀ ਤੋਂ ਕਿੰਨਾਂ ਲੁਕਾ ਲਵੇ ਉਹ ਤਾਂ ਕੁਦਰਤੀਂ ਸੁੰਘ ਕੇ ਵੀ ਉਹਦੇ ਸੰਬੰਧਾਂ ਦਾ ਪਤਾ ਕੱਢ ਲੈਂਦੀ ਹੈ। ਤਾਂਹਿਉ ਤਾਂ ਪਿਆਰੋ ਨੇ ਪੇਟੀ ਵਿਚ ਕਪੜਿਆਂ ਦੀ ਤਹਿ ਹੇਠ ਲੁਕਾ ਕੇ ਰੱਖੇ ਛਿੱਕੂ ਵਿਚੋਂ ਲਾਲ ਪੋਟਲੀ ਵਿਚ ਪਏ ਗਹਿਣਿਆਂ 'ਚੋਂ ਕੈਂਠਾ ਕੱਢਕੇ ਸੌਗਾਤ ਵੱਜੋਂ ਵਸਨੀਕ ਨੂੰ ਜਾਂਦੀ ਵਾਰ ਦੇਂਦਿਆ ਆਖਿਆ ਸੀ, "ਆਪਦੀ ਵਹੁਟੀ ਨੂੰ ਪਾਵੀਂ ਤੇ ਉਹਨੂੰ ਆਖੀਂ ਇਹਨੂੰ ਸਾਂਭ ਕੇ ਰੱਖੇ ਤੇ ਫਿਰ ਆਪਣੀ ਨੂੰਹ ਨੂੰ ਪਾਵੇਂ।" ਜੇ ਨੂਰੀ ਜਿਉਂਦੀ ਹੁੰਦੀ ਫਿਰ ਮੈਨੂੰ ਕੋਈ ਫ਼ਿਕਰ ਨਹੀਂ ਸੀ ਉਹਨੇ ਦਿਲ ਵਿਚ ਹੀ ਆਖਿਆ ਸੀ।

ਸਰਦਾਰ ਨੇ ਫਿਰ ਦਿਲ ਵਿਨ੍ਹਵੀਂ ਆਵਾਜ਼ ਮਾਰੀ ਸੀ 'ਪਿਆਰ...ਰੋ!!"

ਨਾਲ ਦੇ ਮੰਜੇ ਤੇ ਬੈਠੀ ਪਿਆਰੋ ਬਿਨਾ ਕੁਝ ਸੁਣੇ ਹੀ ਬੋਲ ਪਈ ਸੀ। ਜਦ ਪੈਲੀ 'ਤੇ ਕੋਈ ਕਬਜ਼ਾ ਕਰ ਲਵੇ ਤੇ ਬਸ਼ੱਕ ਹੱਥੀ ਪਾਇਆ ਹੋਇਆ ਬੀਅ ਵੀ ਪੱਕ ਕੇ ਫ਼ਸਲ ਬਣ ਤਿਆਰ ਖੜਾ ਹੋਵੇ ਤੇ ਮਾਲਕ ਨੂੰ ਹੱਕ ਨਹੀਂ ਹੁੰਦਾ ਵੱਢਣ ਦਾ।" ਤਰਲੋਮੱਛੀ ਹੁੰਦਾ ਸਰਦਾਰ ਤੜਪ ਕੇ ਬੋਲਿਆ ਸੀ, "ਮੈਂ ਇਕੱਲਾ ਰਹਿ ਗਿਆ ਪਿਆਰੋ ਕਿਧਰੇ ਗੁਆਚ ਗਿਆਂ ਮੈਂ ਏਥੇ ਕੈਮ ਨਹੀਂ।" ਪੈਰਾਂ ਦੀਆਂ ਤਲੀਆਂ ਚੱਸਦੀ ਪਿਆਰੋ ਆਖ ਰਹੀ ਸੀ, ਜਿਹੜਾ ਬੰਦਾ ਜਿਥੇ ਆਪਣੇ ਆਪ ਨੂੰ ਕੈਮ ਸਮਝੇ ਉਹਦੀਆਂ ਜੜ੍ਹਾਂ ਵੀ ਉਥੇ ਹੋਣ ਇਹ ਜ਼ਰੂਰੀ ਨਹੀਂ ਹੁੰਦਾ ਸਰਦਾਰਾ। *

Add.D/o S. Mohinder Singh Cheema, V.P.O. Gumthala Garhu,
Near Pehowa, Distt. Kurukshetra, Mob. 8295559711

ਅੰਗਰੇਜ਼ੀ ਤੋਂ ਅਨੁਵਾਦ / **ਪੱਚੀ ਚੌਂਕਾ ਡੇਢ ਸੌ**/ ਓਮ ਪ੍ਰਕਾਸ਼ ਵਾਲਮੀਕੀ

**ਅਨੁਵਾਦ : ਹਰਦੀਪ ਕੌਰ**

ਨਿੱਤ ਦੀਆਂ ਤੰਗੀਆਂ-ਤੁਰਸ਼ੀਆਂ ਦੇ ਹਨ੍ਹੇਰੇ ਵਿਚੋਂ ਸੁਦੀਪ ਨੇ ਇਕ ਆਸ ਦੀ ਕਿਰਨ ਦੇਖਦਿਆਂ ਆਪਣੀ ਪਹਿਲੀ ਤਨਖ਼ਾਹ ਹੱਥ ਵਿਚ ਫੜੀ। ਉਹਨੂੰ ਇੰਝ ਲੱਗ ਰਿਹਾ ਸੀ ਜਿਵੇਂ ਉਹ ਸੰਘਣੀਆਂ ਕੰਡਿਆਲੀਆਂ ਝਾੜੀਆਂ ਵਿਚੋਂ ਨਿਕਲ ਕੇ ਸੁਖਾਵਾ ਸਾਹ ਲੈ ਰਿਹਾ ਹੋਵੇ। ਨੋਟਾਂ ਦਾ ਨਿੱਘ ਉਹਦੀ ਨਸ ਨਸ ਤੱਕ ਪਹੁੰਚ ਰਿਹਾ ਸੀ। ਉਹਨੇ ਪਹਿਲੀ ਵਾਰੀ ਐਨਾ ਪੈਸਾ ਦੇਖਿਆ ਸੀ।

ਉਹ ਵਰਤਮਾਨ 'ਚ ਜਿਉਣਾ ਚਾਹੁੰਦਾ ਸੀ। ਪਰ ਉਹਦਾ ਅਤੀਤ ਉਹਦਾ ਪਿੱਛਾ ਨਾ ਛੱਡਦਾ। ਹਰ ਪਲ ਉਹਦਾ ਅਤੀਤ ਤੇ ਵਰਤਮਾਨ ਆਪਸ ਵਿਚ ਕਸ਼ਮ-ਕਸ਼ ਕਰਦੇ ਰਹਿੰਦੇ। ਤੰਗੀਆਂ-ਤੁਰਸ਼ੀਆਂ ਉਹਨੂੰ ਹਰ ਪਲ ਧੋਖਾ ਦਿੰਦੀਆਂ। ਤਾਂ ਵੀ ਉਹ ਉਹਨਾਂ ਤੋਂ ਬਚਣ ਦੀ ਕੋਸ਼ਿਸ਼ ਕਰਦਾ ਰਹਿੰਦਾ। ਭੱਜ ਨੱਠ ਕਰਨ ਤੇ ਇਕ ਛੋਟੀ ਮੋਟੀ ਨੌਕਰੀ ਉਸ ਲਈ ਅਸਮਾਨ ਤੋਂ ਤਾਰੇ ਤੋੜਨ ਬਰਾਬਰ ਸੀ।

ਨਵੀਂ ਨਵੀਂ ਨੌਕਰੀ 'ਚ ਛੁੱਟੀ ਲੈਣਾ ਬਹੁਤ ਔਖਾ ਸੀ। ਉਹਨੂੰ ਛੁੱਟੀ ਬੜੀ ਮੁਸ਼ਕਲ ਮਿਲਦੀ ਸੀ। ਐਤਵਾਰ ਕੰਮ ਕਰਨ ਬਦਲੇ ਉਹਨੂੰ ਦੋ ਛੁੱਟੀਆਂ ਮਿਲ ਜਾਂਦੀਆਂ ਸਨ। ਉਹ ਆਪਣੀ ਪਹਿਲੀ ਤਨਖਾਹ ਦੀ ਖੁਸ਼ੀ ਆਪਣੇ ਮਾਪਿਆਂ ਨਾਲ ਵੰਡਣੀ ਚਾਹੁੰਦਾ ਸੀ।

ਇਹਦੇ 'ਚ ਕੋਈ ਸ਼ੱਕ ਨਹੀਂ ਸੀ ਕਿ ਸਕੂਲ ਜਾਣ ਤੇ ਨੌਕਰੀ ਲੱਗਣ ਵਾਲੇ ਦਿਨਾਂ ਵਿਚ ਜਿਹੜੀ ਇਕ ਖੱਡ ਸੀ ਉਹਨੂੰ ਉਹ ਭਰ ਨਹੀਂ ਸਕਦਾ ਸੀ ਪ੍ਰੰਤੂ ਉਸ ਖੱਡ ਵਿਚਲੇ ਦਰਦ ਨੂੰ ਉਹ ਤਸੱਲੀ ਦੇ ਕੇ ਕੁਝ ਘੱਟ ਕਰ ਲੈਂਦਾ ਸੀ। ਪੀੜ ਨੂੰ ਦੂਜਿਆਂ ਨਾਲ ਸਾਂਝੀ ਕਰਕੇ ਹੋਰ ਘਟਾ ਸਕਦਾ ਸੀ। ਇਨ੍ਹਾਂ ਪਲਾਂ ਦੀ ਉਡੀਕ 'ਚ ਉਹਨੇ ਬਹੁਤ ਲੰਮਾ ਸਫ਼ਰ ਕੀਤਾ ਸੀ ਜਿਹਦੇ 'ਚ ਨਾ ਦਿਨ-ਰਾਤ ਸੀ ਨਾ ਚੜ੍ਹੀ ਲਹਿੰਦੀ 'ਚ ਕੋਈ ਅੰਤਰ। ਸ਼ਹਿਰ ਤੋਂ ਪਿੰਡ ਤੀਕ ਪਹੁੰਚਣ ਲਈ ਤਕਰੀਬਨ ਢਾਈ ਘੰਟੇ ਲੱਗ ਜਾਂਦੇ ਸਨ। ਇਸ ਲਈ ਉਹ ਸਵੇਰ ਹੁੰਦਿਆਂ ਹੀ ਤੁਰ ਪਿਆ ਸੀ। ਜਿਵੇਂ ਹੀ ਉਹ ਬੱਸ ਅੱਡੇ ਪਹੁੰਚਿਆ ਉਹਨੂੰ ਬੱਸ ਮਿਲ ਗਈ। ਬਸ ਵਿਚ ਬਹੁਤ ਭੀੜ ਸੀ। ਬਹੁਤ ਮੁਸ਼ਕਲ ਨਾਲ ਉਸਨੂੰ ਬੈਠਣ ਲਈ ਥਾਂ ਮਿਲ ਗਈ।

ਕੰਡਕਟਰ ਕਿਸੇ ਸਵਾਰੀ ਨਾਲ ਔਖਾ ਹੋ ਗਿਆ, "ਕੇਹਦਾ ਸਮਾਨ ਆ ਬਈ? " ਰੁਕ ਕੇ ਫਿਰ ਬੋਲਿਆ, "ਚੁੱਕ ਓਏ ਇਥੋਂ ਸਮਾਨ, ਐਵੇਂ ਵਾਧੂ ਰਸਤਾ ਰੋਕਿਆ... ਚੁੱਕ ਕੇ ਛੱਤ 'ਤੇ ਰੱਖ ਦੇ।" ਕੰਡਕਟਰ ਨੇ ਬੜੀ ਤਲਖ਼ੀ ਨਾਲ ਉੱਚੀ 'ਵਾਜ਼ 'ਚ ਕਿਹਾ।

ਇਕ ਮਾੜਚੂ ਜਿਹੇ ਪੇਂਡੂ ਨੇ ਮਸਾਂ ਹੀ ਕਿਹਾ, "ਇਹ ਮੇਰਾ ਆ ਜੀ।" ਕੰਡਕਟਰ ਨੇ ਉਹਦੀ ਸ਼ਕਲ ਤੇ ਘਸੀ ਜਿਹੀ ਸੂਰਤ ਦੇਖ ਕੇ ਉੱਚੀ ਆਵਾਜ਼ 'ਚ ਫਿਰ ਕਿਹਾ, "ਜੇ ਇਹ ਤੇਰਾ ਆ ਤਾਂ ਆਪਣੇ ਕੋਲ ਰੱਖ, ਰਸਤੇ ਵਿਚ ਕਿਉਂ ਰੱਖਿਆ, ਚੱਕ ਐਥੋਂ।"

ਸਵਾਰੀ ਨੇ ਅਰਜ਼ ਕੀਤੀ, "ਸਾਹਬ ! ਮੈਂ ਨੇੜੇ ਈ ਉਤਰ ਜਾਣੈ।"

ਜਦੋਂ ਵੀ ਸੁਦੀਪ ਕਿਸੇ ਨੂੰ ਥੋੜੀ ਜਿਹੀ ਵੀ ਸਹਾਇਤਾ ਲਈ ਲੇਲੜੀਆਂ ਕੱਢਦਿਆਂ ਦੇਖਦਾ .... ਉਹਦੀਆਂ ਅੱਖਾਂ ਅੱਗੇ ਉਹਦਾ ਆਪਣਾ ਬਾਪ ਆ ਜਾਂਦਾ। ਉਹਦਾ ਪੂਰਾ ਸਰੀਰ ਜਿਵੇਂ ਚੀਰਿਆਂ ਜਾਂਦਾ ਇੰਝ ਲਗਦਾ ਜਿਵੇਂ ਉਹਦੇ ਸਰੀਰ ਤੇ ਕੋਈ ਆਰੀ ਚਲਾ ਰਿਹਾ ਹੋਵੇ।

ਉਹਨੇ ਕੰਡਕਟਰ ਵੱਲ ਦੇਖਿਆ, ਲੱਗਾ ਜਿਵੇਂ ਕੋਈ ਜੰਗਲੀ ਰਿੱਛ ਆਪਣਾ ਰਸਤਾ ਧੱਕੇ ਨਾਲ ਬੱਸ ਵਿਚ ਲੱਭ ਰਿਹਾ ਹੋਵੇ। ਉਹ ਆਪਣੀ ਨਾਲ ਦੀ ਸਵਾਰੀ ਵੱਲ ਬੜੀ ਹਿਕਾਰਤ ਨਾਲ ਦੇਖ ਰਿਹਾ ਸੀ। ਪਰ ਉਸਨੂੰ ਕੋਈ ਫ਼ਰਕ ਨਹੀਂ ਪੈ ਰਿਹਾ ਸੀ। ਉਹ ਆਪਣੀ ਦੁਨੀਆਂ ਵਿਚ ਗੁਆਚਿਆਂ ਹੋਇਆ ਸੀ। ਸੁਦੀਪ ਅਜੇ ਵੀ ਉਸ ਸਵਾਰੀ ਵੱਲ ਦੇਖ ਰਿਹਾ ਸੀ ਜੋ ਆਪਣੀ ਬੇਇੱਜ਼ਤੀ ਦੇ ਅਹਿਸਾਸ ਤੋਂ ਬਾਹਰ ਨਹੀਂ ਆਇਆ ਸੀ।

ਉਹਨੂੰ ਆਪਣੇ ਪਿਤਾ ਦੀ ਸ਼ਕਲ ਮਨ ਵਿਚ ਆਉਣ ਲੱਗੀ... ਆਪਣੇ ਆਪ ਨੂੰ ਸਕੂਲ 'ਚ ਦਾਖਲ



ਕਰਾਉਣ ਦੀ ਘਟਨਾ ਉਹਨੂੰ ਝੰਜੋੜ ਰਹੀ ਸੀ। ਉਹਨਾਂ ਦੀ ਬਸਤੀ ਦਾ ਕੋਈ ਵੀ ਨਿਆਣਾ ਸਕੂਲ ਨਹੀਂ ਜਾਂਦਾ ਸੀ। ਕਿਸੇ ਨੂੰ ਵੀ ਪਤਾ ਨਹੀਂ ਸੀ ਕਿ ਉਹਦੇ ਪਿਤਾ ਦੇ ਮਨ 'ਚ ਉਹਨੂੰ ਪੜ੍ਹਾਉਣ ਦਾ ਖਿਆਲ ਕਿੰਝ ਆਇਆ, ਜਦ ਕਿ ਪੂਰੀ ਬਸਤੀ 'ਚੋਂ ਕਿਸੇ ਦਾ ਧਿਆਨ ਪੜ੍ਹਨ ਵੱਲ ਨਹੀਂ ਸੀ।

ਪਿਤਾ ਜੀ ਲੰਮੀਆਂ ਪੁਲਾਂਘਾ ਪੁੱਟਦੇ ਤੁਰ ਰਹੇ ਸਨ। ਉਹਨੂੰ ਆਪਣੇ ਪਿਤਾ ਨਾਲ ਚੱਲਣ ਲਈ ਕਦੀ ਕਦੀ ਭੱਜਣਾ ਪੈਂਦਾ... ਉਸ ਵੇਲੇ ਉਹਨੇ ਫਟੀ ਪੁਰਾਣੀ ਘਸਮੈਲੀ ਜਿਹੇ ਰੰਗ ਦੀ ਲਾਈਨਾਂ ਵਾਲੀ ਕਮੀਜ਼ ਤੇ ਢਿੱਲੀ ਜਿਹੀ ਨਿੱਕਰ ਪਾਈ ਸੀ, ਜਿਹਨੂੰ ਵਾਰ ਵਾਰ ਉਪਰ ਖਿਚਣਾ ਪੈਂਦਾ ਸੀ।

ਜਦੋਂ ਉਹ ਸਕੂਲ ਦੇ ਵਰਾਂਡੇ ਵਿਚ ਪਹੁੰਚੇ ਤਾਂ ਪਿਤਾ ਜੀ ਥੋੜਾ ਝਿਜਕਣ ਲੱਗੇ। ਫਿਰ ਉਹ ਅੱਗੇ ਵੱਧ ਕੇ ਇਕ ਇਕ ਕਮਰੇ ਵਿਚ ਝਾਕਣ ਲੱਗੇ। ਹਰ ਕਮਰੇ ਵਿਚ ਬਹੁਤ ਹਨ੍ਹੇਰਾ ਸੀ ਪਰ ਬੱਚੇ ਉੱਥੇ ਪੜ੍ਹ ਰਹੇ ਸਨ। ਮਾਸਟਰ ਉੱਥੇ ਬੈਠੇ ਜਾਂ ਤਾਂ ਬੀੜ੍ਹੀਆਂ ਪੀ ਰਹੇ ਸਨ ਤੇ ਜਾਂ ਨਿੱਸਲ ਦੇਹ ਨਾਲ ਸੁਸਤਾ ਰਹੇ ਸਨ। ਪਿਤਾ ਮਾਸਟਰ ਫੂਲ ਸਿੰਘ ਨੂੰ ਲੱਭ ਰਹੇ ਸਨ। ਦੋ ਤਿੰਨ ਕਮਰਿਆਂ 'ਚ ਝਾਤੀ ਮਾਰਨ ਪਿਛੋਂ ਉਹ ਇਕ ਛੋਟੇ ਜਿਹੇ ਕਮਰੇ ਵੱਲ ਮੁੜੇ। ਇਸ ਕਮਰੇ ਵਿਚ ਬਾਕੀ ਕਮਰਿਆਂ ਨਾਲੋਂ ਜਿਆਦਾ 'ਨ੍ਹੇਰਾ ਸੀ। ਮਾਸਟਰ ਫੂਲ ਸਿੰਘ ਇਥੇ ਬੈਠੇ ਬੀੜ੍ਹੀ ਪੀ ਰਹੇ ਸਨ।

ਪਿਤਾ ਜੀ ਨੂੰ ਦੇਖ ਕੇ ਮਾਸਟਰ ਫੂਲ ਸਿੰਘ ਬਾਹਰ ਆ ਗਏ। ਮਾਸਟਰ ਜੀ ਦੇ ਨੇੜੇ ਆਉਣ ਤੇ ਪਿਤਾ ਜਾ ਨੇ ਤਰਲਾ ਕੀਤਾ,

"ਮਾਸਟਰ ਜੀ ! ਕ੍ਰਿਪਾ ਕਰਕੇ ਇਸ ਬੱਚੇ ਨੂੰ ਆਪਣੀ ਛੱਤਰ ਛਾਇਆ ਹੇਠ ਰੱਖ ਲਓ... ਜੇਕਰ ਇਹ ਦੋ-ਚਾਰ ਅੱਖਰ ਤੁਹਾਥੋਂ ਪੜ੍ਹ ਗਿਆ ਤਾਂ ਇਹ ਬੰਦਾ ਬਣ ਜਾਵੇਗਾ... ਸਾਡੀ ਬਾਕੀ ਜੂਨ ਵੀ ਸੁਧਰ ਜਾਊ।"

ਸੁਦੀਪ ਉਸ ਭਿਖਾਰੀਆਂ ਵਾਂਗ ਲੇਲੜੀਆਂ ਕੱਢਦੇ ਆਪਣੇ ਪਿਤਾ ਜੀ ਦੇ ਬਿੰਬ ਨੂੰ ਕਦੇ ਵੀ ਆਪਣੀ ਯਾਦ ਵਿਚੋਂ ਮਿਟਾ ਨਾ ਸਕਿਆ। ਉਹ ਉਥੇ ਸਿਰ ਝੁਕਾਈ ਬਾਹਾਂ ਪਿੱਛੇ ਨੂੰ ਮੋੜੀ ਹੱਥਾਂ ਦੀਆਂ ਉਂਗਲੀਆਂ ਮਰੋੜਦਾ ਖੜਾ ਰਿਹਾ। ਮਾਸਟਰ ਫੂਲ ਸਿੰਘ ਬੀੜੀ ਦਾ ਕਸ਼ ਲੈਂਦਿਆਂ ਪਿਤਾ ਜੀ ਨੂੰ ਨਾਲ ਲੈ ਕੇ ਸਕੂਲ ਮੁੱਖੀ ਦੇ ਕਮਰੇ 'ਚ ਚਲੇ ਗਿਆ।

ਸੁਦੀਪ ਦਾ ਸਕੂਲ 'ਚ ਦਾਖਲਾ ਹੋ ਗਿਆ। ਪਿਤਾ ਜੀ ਬਹੁਤ ਖੁਸ਼ ਸਨ। ਉਸੇ ਤਰ੍ਹਾਂ ਦਾ ਬੇਨਤੀ ਨੁਮਾ ਅਹਿਸਾਸ ਉਸਦੀ ਆਪਣੀ ਖੁਸ਼ੀ ਵਿਚੋਂ ਵੀ ਝਲਕ ਰਿਹਾ ਸੀ। ਪਿਤਾ ਜੀ ਵਾਰ ਵਾਰ ਫੂਲ ਸਿੰਘ ਅੱਗੇ ਝੁਕ ਕੇ ਉਸਦਾ ਧੰਨਵਾਦ ਕਰ ਰਹੇ ਸਨ। ਡੱਕੇ-ਡੋਲੇ ਖਾਂਦੀ ਬੱਸ ਰੀਂਘ ਰਹੀ ਸੀ। ਨਾਲ ਬੈਠੀਆਂ ਸਵਾਰੀਆਂ ਆਪਣੀਆਂ ਬੀੜੀਆਂ ਸਿਗਰਟਾਂ ਦਾ ਧੂੰਆਂ ਇੰਝ ਛੱਡ ਰਹੀਆਂ ਸਨ ਜਿਵੇਂ ਉਹ ਆਪਣੇ ਸਾਰੇ ਦੁੱਖ ਤੇ ਚਿੰਤਾਵਾਂ ਹਵਾ ਵਿਚ ਧੂੰਏਂ ਨਾਲ ਉੜਾ ਰਹੇ ਹੋਣ। ਉਹਨੇ ਬੱਸ ਦਾ ਸ਼ੀਸ਼ਾ ਥੋੜਾ ਜਿਹਾ ਸਰਕਾਇਆ। ਠੰਡੀ ਹਵਾ ਦਾ ਬੁੱਲਾ ਅੰਦਰ ਆ ਵੜਿਆ।

... ਸਕੂਲ ਦੇ ਦਿਨ ਹੌਲੀ ਹੌਲੀ ਸਰਕਣ ਲੱਗੇ। ਜਦੋਂ ਉਹ ਦੂਜੀ ਜਮਾਤ 'ਚ ਪਹੁੰਚਿਆ ਤਾਂ ਉਹ ਸਕੂਲ ਦੇ ਹੁਸ਼ਿਆਰ ਬੱਚਿਆਂ ਵਿਚ ਗਿਣਿਆ ਜਾਣ ਲੱਗਾ। ਅਨੇਕਾਂ ਘਰੇਲੂ ਬੇੜੀਆਂ ਦੇ ਹੁੰਦਿਆਂ ਅਤੇ ਵਿਤਕਰੇ ਭਰੇ ਮਾਹੌਲ ਦੇ ਹੁੰਦਿਆਂ ਵੀ ਉਹ ਪੂਰੇ ਮਨ ਨਾਲ ਸਕੂਲ ਜਾਂਦਾ। ਉਹ ਬਾਕੀ ਵਿਸ਼ਿਆ 'ਚ ਸਧਾਰਨ ਵਿਦਿਆਰਥੀ ਸੀ ਪਰ ਹਿਸਾਬ ਵਿਚ ਉਹਦੀ ਰੁਚੀ ਵਧੇਰੇ ਸੀ।

ਮਾਸਟਰ ਸ਼ਿਵਨਰਾਇਣ ਮਿਸ਼ਰਾ ਨੇ ਚੌਥੀ ਜਮਾਤ ਦੇ ਬੱਚਿਆਂ ਨੂੰ ਪੰਦਰਾਂ ਤੱਕ ਪਹਾੜੇ ਚੇਤੇ ਕਰਨ ਨੂੰ ਕਿਹਾ। ਪਰ ਸੁਦੀਪ ਨੂੰ ਪਹਿਲਾਂ ਹੀ ਪੱਚੀ ਤੱਕ ਪਹਾੜੇ ਆਉਂਦੇ ਸਨ। ਜਿਵੇਂ ਹੀ ਉਹ ਘਰ ਪਹੁੰਚਿਆ ਪੱਚੀ ਦਾ ਪਹਾੜਾ ਚੇਤੇ ਕਰਨ ਲੱਗਾ, "ਪੱਚੀ ਏਕਮ ਪੱਚੀ, ... ਪੱਚੀ ਦੂਣਾ ਪੰਜਾਹ, ਪੱਚੀ ਤੀਆ ਪੰਜੱਤਰ , ਪੱਚੀ ਚੌਕਾ ਸੌ...।"

ਪਿਤਾ ਥੱਕਿਆ ਟੁੱਟਿਆ ਘਰ ਆਇਆ। ਜਦੋਂ ਉਸਨੇ ਸੁਦੀਪ ਨੂੰ ਪੱਚੀ ਦਾ ਪਹਾੜਾ ਚੇਤੇ ਕਰਦਿਆਂ ਸੁਣਿਆ ਤਾਂ ਉਹਦੀ ਥਕਾਵਟ ਲੱਥਦੀ ਮਹਿਸੂਸ ਹੋਈ ਤੇ ਉਹ ਸੁਦੀਪ ਦੇ ਨੇੜੇ ਬੈਠ ਗਿਆ। ਉਹਨੂੰ ਖੁਦ ਵੀਹ ਤੋਂ ਅੱਗੇ ਗਿਣਤੀ ਨਹੀਂ ਆਉਂਦੀ ਸੀ ਪਰ ਪੱਚੀ ਦਾ ਪਹਾੜਾ ਤਾਂ ਉਸ ਲਈ ਸਭ ਤੋਂ ਜ਼ਰੂਰੀ ਸੀ।

ਜਿਹਦੇ ਬਾਰੇ ਉਹ ਕਈ ਲੋਕਾਂ ਨਾਲ ਗੱਲ ਵੀ ਕਰ ਚੁੱਕਾ ਸੀ। ਜਿਵੇਂ ਹੀ ਉਹ ਪੱਚੀ ਦੇ ਪਹਾੜੇ ਦਾ ਜ਼ਿਕਰ ਕਰਦਾ ਉਸਦੇ ਚਿਹਰੇ ਤੇ ਇਕ ਅਜੀਬ ਜਿਹੀ ਚਮਕ ਆ ਜਾਂਦੀ।

ਸੁਦੀਪ ਨੇ ਆਪਣਾ ਪੱਚੀ ਦਾ ਪਹਾੜਾ ਦੁਹਰਾਇਆ। ਜਿਵੇਂ ਹੀ ਉਹਨੇ ਕਿਹਾ, "ਪੱਚੀ ਚੌਕਾ ਸੌ…. ਤਾਂ ਉਸਦੇ ਪਿਤਾ ਨੇ ਉਸਨੂੰ ਟੋਕਦਿਆ ਕਿਹਾ, "ਨਹੀਂ ਪੁੱਤਰਾਂ ! ਪੱਚੀ ਚੌਕਾ ਇਕ ਸੌ ਪੰਜਾਹ ਹੁੰਦੇ ਨੇ।'

ਸੁਦੀਪ ਨੇ ਆਪਣੇ ਪਿਤਾ ਵੱਲ ਬੜੀ ਹੈਰਾਨੀ ਨਾਲ ਦੇਖਿਆ। ਆਪਣੇ ਪਿਤਾ ਨੂੰ ਸਮਝਾਉਂਦਿਆਂ ਸੁਦੀਪ ਨੇ ਕਿਹਾ, "ਨਹੀਂ ਪਿਤਾ ਜੀ ਪੱਚੀ ਚੌਕਾ ਸੌ ਹੁੰਦੇ ਨੇ… ਦੇਖੋ ਤਾਂ ਇਹ ਸਾਡੀ ਹਿਸਾਬ ਦੀ ਕਿਤਾਬ ਵਿਚ ਲਿਖਿਆ ਹੈ।"

"ਤੂੰ ਮੈਨੂੰ ਆਪਣੀ ਕਿਤਾਬ ਕਿਓ ਦਿਖਾ ਰਿਹਾ ਏ? ਮੈਨੂੰ ਤਾਂ ਇਕ ਅੱਖਰ ਵੀ ਨਹੀਂ ਪੜ੍ਹਨਾ ਆਉਂਦਾ। ਮੈਂ ਤਾਂ ਕੋਰਾ ਅਨਪੜ੍ਹ ਹਾਂ। ਪਰ ਮੈਨੂੰ ਐਨਾ ਪਤਾ ਹੈ ਕਿ ਪੱਚੀ ਚੌਕਾ ਇਕ ਸੋ ਪੰਜਾਹ ਹੁੰਦੇ ਨੇ।" ਪਿਤਾ ਨੇ ਸਹਿਜਤਾ ਨਾਲ ਕਿਹਾ। ਸੁਦੀਪ ਨੇ ਦ੍ਰਿੜਤਾ ਨਾਲ ਕਿਹਾ, "ਕਿਤਾਬ ਵਿਚ ਸਾਫ਼ ਸਾਫ਼ ਲਿਖਿਆ ਹੈ ਕਿ ਪੱਚੀ ਚੌਕਾ ਸੌ ….।"

"ਇਹ ਤਾਂ ਹੋ ਹੀ ਨਹੀਂ ਸਕਦਾ, ਤੇਰੀ ਕਿਤਾਬ 'ਚ ਗ਼ਲਤ ਲਿਖਿਆ ਹੋਵੇਗਾ… ਜਾਂ ਤੂੰ ਇਹ ਸੋਚਦਾ ਏਂ ਕਿ ਚੌਧਰੀ ਝੂਠ ਬੋਲਦਾ ਹੈ। ਹਾਂ… ਚੌਧਰੀ ਜੀ ਏਸ ਕਿਤਾਬੀ ਮੁਕਾਬਲੇ 'ਚ ਕਿਤੇ ਉਪਰ ਨੇ… ਉਹਨਾਂ ਕੋਲ ਐਨੀਆਂ ਭਾਰੀਆਂ-ਭਾਰੀਆਂ ਕਿਤਾਬਾਂ ਹਨ ਉਹ ਤੁਹਾਡਾ ਮੁੱਖੀ… ਮਾਸਟਰ ਵੀ ਚੌਧਰੀ ਜੀ ਦੇ ਪੈਰੀਂ ਪੈਂਦਾ ਹੈ। ਫਿਰ ਉਹ ਕਿਵੇਂ ਗ਼ਲਤੀ ਕਰ ਸਦਦਾ ਏ? ਆਪਣੇ ਮਾਸਟਰ ਨੂੰ ਕਹਿਣਾ ਕਿ ਸਹੀ ਪੜ੍ਹਾਇਆ ਕਰਨ…।" ਪਿਤਾ ਨੇ ਨਰਾਜਗੀ ਨਾਲ ਕਿਹਾ।

"ਕਿਤਾਬ 'ਚ ਗ਼ਲਤ ਨ੍ਹੀਂ ਲਿਖਿਆ, ਪਿਤਾ ਜੀ।" ਸੁਦੀਪ ਰੋਣ ਹੀ ਵਾਲੀ ਸੀ।

"ਤੂੰ ਅਜੇ ਬੱਚਾ ਏ ਪੁੱਤਰਾ ! ਤੈਨੂੰ ਕੀ ਪਤਾ ਦੁਨੀਆਂ ਦਾਰੀ ਦਾ? ਇਹ ਤਾਂ ਦਸ ਸਾਲ ਪਹਿਲਾਂ ਦੀ ਗੱਲ ਹੈ। ਤੇਰੇ ਜਨਮ ਤੋਂ ਪਹਿਲਾਂ ਤੇਰੀ ਮਾਂ ਬਿਮਾਰ ਹੋ ਗਈ ਸੀ। ਉਹਦੇ ਬਚਣ ਦੀ ਕੋਈ ਆਸ ਨਹੀਂ ਸੀ। ਸ਼ਹਿਰ ਦੇ ਵੱਡੇ ਵੱਡੇ ਡਾਕਟਰਾਂ ਨੇ ਉਹਦਾ ਇਲਾਜ਼ ਕੀਤਾ। ਸਾਰੇ ਇਲਾਜ਼ ਦਾ ਖਰਚਾ ਚੌਧਰੀ ਨੇ ਦਿੱਤਾ। ਪੂਰੇ ਸੌ ਰੁਪਏ ਲੱਗੇ… ਵੱਡਾ ਨੀਲਾ ਨੋਟ। ਡਾਕਟਰ ਦੀ ਫੀਸ, ਦਵਾਈਆਂ ਸਭ ਮਿਲਾ ਕੇ ਸੌ ਰੁਪਏ। ਚਾਰ ਮਹੀਨਿਆਂ ਬਾਅਦ ਜਦੋਂ ਤੇਰੀ ਮਾਤਾ ਠੀਕ ਹੋ ਗਈ ਚੱਲਣ ਫਿਰਨ ਲੱਗ ਗਈ ਤਾਂ ਮੈਂ ਚੌਧਰੀ ਜੀ ਕੋਲ ਗਿਆ। ਪ੍ਰਣਾਮ ਕਹਿੰਦਿਆਂ ਮੈਂ ਉਹਨਾਂ ਨੂੰ ਕਿਹਾ, "ਚੌਧਰੀ ਜੀ, ਮੈਂ ਇਕ ਗਰੀਬ ਆਦਮੀ ਹਾਂ। ਤੁਹਾਡੀ ਕ੍ਰਿਪਾ ਨਾਲ ਮੇਰੀ ਘਰਵਾਲੀ ਦੀ ਜਾਨ ਬਚੀ ਹੈ। ਨਹੀਂ ਤਾਂ ਮੇਰੇ ਬੱਚੇ ਰੁਲ਼ ਜਾਣੇ ਸੀ। ਤੁਸੀਂ ਮੈਨੂੰ ਸੌ ਰੁਪਇਆ ਦਿੱਤਾ। ਕ੍ਰਿਪਾ ਕਰਕੇ ਮੈਨੂੰ ਦੱਸੋ ਕਿ ਤੁਹਾਨੂੰ ਕਿੰਨਾ ਪੈਸਾ ਮੋੜਨਾ ਪਵੇਗਾ। ਮੈਂ ਸਾਰਾ ਕਰਜ਼ਾ ਕਿਸ਼ਤਾਂ ਵਿਚ ਮੋੜ ਦੇਵਾਂਗਾ। ਮੈਂ ਸਾਰਾ ਪੈਸਾ ਇਕੱਠਾ ਵਾਪਸ ਨਹੀਂ ਕਰ ਸਕਦਾ।"

ਚੌਧਰੀ ਜੀ ਨੇ ਕਿਹਾ, "ਮੈਂ ਤੇਰਾ ਮੁਸੀਬਤ ਵੇਲੇ ਸਾਥ ਦਿੱਤਾ। ਹੁਣ ਇਮਾਨਦਾਰੀ ਨਾਲ ਸਾਰਾ ਪੈਸਾ ਮੋੜ ਦੇ। ਸੌ ਰੁਪਏ ਉੱਤੇ ਪੱਚੀ ਰੁਪਏ ਵਿਆਜ ਹੈ। ਚਾਰ ਮਹੀਨੇ ਬੀਤ ਗਏ ਹਨ। ਤੇ ਕੁਲ ਮਿਲਾ ਕੇ ਵਿਆਜ ਹੋ ਗਿਆ ਪੱਚੀ ਚੌਕਾ ਇਕ ਸੌ ਪੰਜਾਹ। ਤੂੰ ਮੇਰਾ ਆਪਣਾ ਬੰਦਾ ਹੈਂ, ਮੈਂ ਤੈਨੂੰ ਵਾਧੂ ਖਰਚਾ ਨਹੀਂ ਪਾਵਾਂਗਾ। ਇਕ ਸੌ ਪੰਜਾਹ ਵਿਚੋਂ ਵੀਹ ਘਟਾ ਲੈ ਤੇ ਬਾਕੀ ਬਚੇ 130 ਰੁਪਏ ਚਾਰ ਮਹੀਨਿਆਂ ਦਾ ਵਿਆਜ਼ ਪਾ ਕੇ ਹੋ ਗਿਆ ਇਕ ਸੌ ਤੀਹ… ਮੂਲ ਧਨ ਤੂੰ ਜਦੋਂ ਚਾਹੇਂ ਮੋੜ ਸਕਦਾ ਏਂ। ਮਹੀਨਾ ਦਰ ਮਹੀਨਾ ਵਿਆਜ ਮੋੜੀ ਜਾ।" ਕੁਝ ਰੁਕ ਕੇ

"ਹੁਣ ਦੱਸ ਪੁੱਤਰ !, ਪੱਚੀ ਚੌਕਾ ਡੇਢ ਸੌ ਨਹੀਂ ਹੋਏ? ਚੌਧਰੀ ਇਕ ਦਿਆਲੂ ਤੇ ਇੱਜ਼ਤਦਾਰ ਆਦਮੀ ਹੈ। ਉਸਨੇ ਮੇਰੇ ਕਰਜ਼ੇ ਵਿਚੋਂ ਵੀਹ ਰੁਪਏ ਘਟਾ ਦਿੱਤੇ। ਅੱਜ ਕੱਲ ਪੈਸਾ ਕੌਣ ਛੱਡਦਾ ਹੈ? ਤੂੰ ਮਾਸਟਰ ਸ਼ਿਵ ਨਰਾਇਣ ਦੇ ਪਿਤਾ ਮਿਸ਼ਰਾ ਜੀ ਦੀ ਹੀ ਗੱਲ ਲੈ ਲਾ… ਉਹ ਤਾਂ ਇਕ ਪੈਸਾ ਵੀ ਨਹੀਂ ਛੱਡਦਾ, ਸਗੋਂ ਉਹ ਤੁਹਾਡੇ ਤੋਂ ਬਗਾਰ ਵੀ ਕਰਾਉਂਦੇ ਨੇ, ਪੂਰੇ ਦਿਨ ਦੀ ਸਖ਼ਤ ਮਿਹਨਤ ਤੁਹਾਨੂੰ ਪੂਰੀ ਤਰ੍ਹਾਂ ਥਕਾ ਦਿੰਦੀ ਹੈ। ਪੈਸੇ ਲਈ ਸਭ ਕੁਝ ਕਰਨਾ ਪੈਂਦਾ ਹੈ। ਤੁਹਾਨੂੰ ਗਾਲਾਂ ਵੀ ਖਾਣੀਆਂ ਪੈਂਦੀਆਂ ਹਨ। ਉਹ ਇੰਝ ਗਾਲਾਂ ਕੱਢਦਾ ਹੈ ਜਿਵੇਂ ਕੋਈ ਮੰਤਰ ਪੜ੍ਹਦਾ ਹੋਵੇ।"



ਸੁਦੀਪ ਨੇ ਫਿਰ ਪੱਚੀ ਦਾ ਪਹਾੜਾ ਦੁਹਰਾਇਆ… ਪੱਚੀ ਏਕਮ ਪੱਚੀ… ਪੱਚੀ ਦੂਣੀ ਪੰਜਾਹ… ਪੱਚੀ ਤੀਆ ਪਜੱਤਰ… ਪੱਚੀ ਚੌਕਾ ਇਕ ਸੌ ਪੰਜਾਹ…।"

ਅਗਲੇ ਦਿਨ ਮਾਸਟਰ ਸ਼ਿਵ ਨਰਾਇਣ ਮਿਸ਼ਰਾ ਨੇ ਸੁਦੀਪ ਨੂੰ ਪੱਚੀ ਦਾ ਪਹਾੜਾ ਸੁਣਾਉਣ ਲਈ ਕਿਹਾ। ਸੁਦੀਪ ਖੜ੍ਹਾ ਹੋਇਆ ਤੇ ਬੜੇ ਜੋਸ਼ ਨਾਲ ਪਹਾੜਾ ਸੁਣਾਉਣ ਲੱਗਾ, "ਪੱਚੀ ਏਕਮ 25, ਪੱਚੀ ਦੂਣੀ ਪੰਜਾਹ, 25 ਤੀਆ ਪਜੱਤਰ, ਪੱਚੀ ਚੌਕੇ ਇਕ ਸੌ ਪੰਜਾਹ !"

ਮਾਸਟਰ ਜੀ ਨੇ ਉਸਨੂੰ ਵਿਚੋਂ ਹੀ ਟੋਕਿਆ, "ਪੰਚੀ ਚੌਕਾ ਸੌ ਹੁੰਦੇ ਨੇ।"

ਅਧਿਆਪਕ ਦੇ ਟੋਕਣ ਤੇ ਸੁਦੀਪ ਇਕ ਦਮ ਚੁੱਪ ਹੋ ਗਿਆ ਤੇ ਆਪਣੇ ਅਧਿਆਪਕ ਦੇ ਮੂੰਹ ਵੱਲ ਵੇਖਣ ਲੱਗ ਪਿਆ।

ਮਾਸਟਰ ਸ਼ਿਵਨਰਾਇਣ ਮਿਸ਼ਰਾ ਕੁਰਸੀ 'ਤੇ ਬੈਠੇ ਸਨ। ਆਪਣੀ ਬੀੜੀ ਪੀਂਦਿਆਂ ਉਸਨੇ ਕਿਹਾ, "ਓਏ ਚੂਹੜੇ ਦਿਆ ਅੱਗੇ ਨਹੀਂ ਬੋਲਦਾ? ਭੁੱਲ ਗਿਆ ਅੱਗੋ ਤੈਨੂੰ? " ਸੁਦੀਪ ਨੇ ਫਿਰ ਪਹਾੜਾ ਸ਼ੁਰੂ ਕੀਤਾ ਉਸਨੇ ਫਿਰ ਕੁਦਰਤੀ ਉਹੀ ਕਿਹਾ, "ਪੱਚੀ ਚੌਕਾ ਇਕ ਸੌ ਪੰਜਾਹ।"

ਮਾਸਟਰ ਸ਼ਿਵ ਨਰਾਇਣ ਮਿਸ਼ਰਾ ਨੇ ਉਸਨੂੰ ਝਿੜਕਿਆ, "ਓਏ ਉੱਲੂ ਦੇ ਪੱਠਿਆ, ਪੱਚੀ ਚੌਕਾ ਇਕ ਸੌ ਪੰਜਾਹ ਨਹੀਂ ਸੌ ਹੁੰਦੇ ਨੇ।"

ਸੁਦੀਪ ਨੇ ਡਰਦਿਆਂ ਕਿਹਾ, "ਜਨਾਬ ! ਪਿਤਾ ਜੀ ਤਾਂ ਕਹਿੰਦੇ ਨੇ ਪੱਚੀ ਚੌਕਾ ਇਕ ਸੌ ਪੰਜਾਹ ਹੁੰਦੇ ਨੇ।"

ਮਾਸਟਰ ਸ਼ਿਵ ਨਰਾਇਣ ਆਪੇ ਤੋਂ ਬਾਹਰ ਹੋ ਗਿਆ ਤੇ ਸੁਦੀਪ ਦੇ ਇਕ ਥੱਪੜ ਮਾਰਦਿਆਂ ਕਿਹਾ, "ਜੇ ਤੇਰਾ ਪਿਓ ਐਨਾ ਹੀ ਗਿਆਨੀ ਆ ਤਾਂ ਸਾਲਿਆ ਏਥੇ ਕੀ ਝੱਖ ਮਾਰਨ ਆਉਂਦਾ ਆ ਤੂੰ? ਤੈਨੂੰ ਪੜਨ ਦੀ ਕੀ ਲੋੜ ਆ, ਗੰਦੀ ਨਾਲੀ ਦੇ ਕੀੜੇ… ਤੇਰਾ ਦਿਮਾਗ਼ ਗੰਦ ਨਾਲ ਭਰਿਆ ਹੋਇਆ ਆ। ਚਲ ਇਧਰ ਆ ਕੇ ਠੀਕ ਢੰਗ ਨਾਲ ਬੋਲ, 'ਪੱਚੀ ਚੌਕਾ ਸੌ।' ਤੇਰੀ ਥੋੜੀ ਜਿਹੀ ਤਰੀਫ਼ ਕੀ ਹੋ ਗਈ ਕਿ ਤੇਰੇ ਤਾਂ ਪੈਰ ਹੀ ਧਰਤੀ 'ਤੇ ਨਹੀਂ ਲੱਗਦੇ। ਉਪਰੋਂ ਤੂੰ ਮੇਰਾ ਨਾਲ ਬਹਿਸ ਕਰ ਰਿਹਾ ਏ, ਜਵਾਬ ਦਿੰਦਾ ਅੱਗੋਂ।"

ਸੁਦੀਪ ਨੇ ਹਟਕੋਰੇ ਲੈਂਦਿਆਂ ਕਿਹਾ, " ਪੱਚੀ ਚੌਕਾ ਸੌ ਤੇ ਸਾਰਾ ਪਹਾੜਾ ਇਕੋ ਸਾਹੇ ਸੁਣਾ ਦਿੱਤਾ।

ਉਸ ਦਿਨ ਦੀ ਘਟਨਾ ਨੇ ਉਹਦੇ ਮਨ 'ਚ ਇਕ ਗੰਢ ਜਿਹੀ ਬੰਨ ਦਿੱਤੀ, ਜੇ ਮਾਸਟਰ ਜੀ ਸਹੀ ਨੇ ਤਾਂ ਪਿਤਾ ਜੀ ਕਿਉਂ ਗ਼ਲਤ ਨੇ? ਪਿਤਾ ਜੀ ਕਹਿੰਦੇ ਨੇ ਚੌਧਰੀ ਬੜਾ ਵੱਡਾ ਆਦਮੀ ਹੈ। ਉਹ ਝੂਠ ਨਹੀਂ ਬੋਲਦਾ। ਉਸਦੇ ਮਨ ਅੰਦਰ ਤੂਫ਼ਾਨ ਉੱਠਣ ਲੱਗਾ।

ਇਨ੍ਹਾਂ ਗੱਲਾਂ ਨੇ ਉਹਦੇ ਹਿਰਦੇ 'ਤੇ ਝਰੀਟ ਜਿਹੀ ਵਾਹ ਦਿੱਤੀ ਜੋ ਸਮਾਂ ਬੀਤਣ ਨਾਲ ਹੋਰ ਡੂੰਘੀ ਹੋ ਰਹੀ ਸੀ। ਇਹ ਕਿਹਾ ਜਾਂਦਾ ਹੈ ਕਿ , "ਦਿਮਾਗ਼ 'ਚ ਬੱਝੀ ਗੰਢ ਔਖੀ ਹੀ ਖੁੱਲ੍ਹਦੀ ਹੈ।" ਦਿਨ ਰਾਤ ਉਸਦੇ ਦਿਮਾਗ਼ ਵਿਚ ਇਹੀ ਵਿਚਾਰ ਰਹਿੰਦਾ ਕਿ ਪੱਚੀ ਚੌਕਾ ਇਕ ਸੌ ਪੰਜਾਹ ਕਿੰਝ ਹੋਏ। ਬਚਪਨ 'ਚ ਘਟੀ ਇਸ ਛੋਟੀ ਜਿਹੀ ਘਟਨਾ ਨੇ ਉਹਦੇ ਮਨ ਅੰਦਰ ਬਹੁਤ ਵੱਡੀ ਉਲਝਣ ਪਾ ਦਿੱਤੀ ਸੀ। ਜਦੋਂ ਵੀ ਕਿਤੇ 'ਪੱਚੀ' ਲਿਖਦਾ ਤਾਂ ਉਹ ਸਿਰਫ਼ ਪੱਚੀ ਚੌਕਾ ਇਕ ਸੌ ਪੰਜਾਹ ਸੋਚਦਾ। ਇਸਦੇ ਨਾਲ ਹੀ ਉਸਦੇ ਪਿਤਾ ਜੀ ਦਾ ਨੂਰ ਨਾਲ ਭਰਿਆ ਚਿਹਰਾ ਤੇ ਮਾਸਟਰ ਜੀ ਦਾ ਗੁੱਸੇ ਨਾਲ ਭਰਿਆ ਗਾਲ੍ਹਾਂ ਕੱਢਦਾ ਹੋਇਆ ਚਿਹਰਾ ਵੀ ਘੁੰਮਣ ਲੱਗਦਾ। ਦੋਹਾਂ ਚਿਹਰਿਆਂ ਦੇ ਨਾਲ ਨਾਲ ਪੱਚੀ ਚੌਕਾ ਇਕ ਸੌ ਪੰਜਾਹ ਦੀ ਸਤਰ ਉਹਨੂੰ ਹਰ ਵੇਲੇ ਘੇਰਾ ਪਾਈ ਰੱਖਦੀ। ਜਿਵੇਂ ਜਿਵੇਂ ਉਹ ਵੱਡਾ ਹੋਇਆ ਉਸਨੂੰ ਅਨੇਕਾਂ ਸਵਾਲ ਤੰਗ ਕਰਨ ਲੱਗੇ। ਮਨ ਵਿਚ ਬੱਝੀ ਗੰਢ ਹੋਰ ਪੀਡੀ ਹੋਣ ਲੱਗਦੀ।

ਪਿੰਡ 'ਚ ਰੁਕਣ ਤੋਂ ਪਹਿਲਾਂ ਬੱਸ ਅੱਗੇ ਇਕ ਖੱਡਾ ਆਉਂਦਾ ਹੈ ਤਾਂ ਅਚਾਨਿਕ ਬਰੇਕ ਲੱਗਣ ਨਾਲ ਸਾਰੀਆਂ ਸਵਾਰੀਆਂ ਨੂੰ ਇਕ ਝਟਕਾ ਜਿਹਾ ਲੱਗਦਾ। ਕਈ ਲੋਕ ਤਾਂ ਡਿੱਗਣੋ ਵੀ ਬਚਦੇ। ਝਟਕਾ ਲੱਗਦੇ ਹੀ ਸੋਚਾਂ ਵਿਚ ਗੁਆਚਿਆ ਸੁਦੀਪ ਵੀ ਹੋਸ਼ ਵਿਚ ਆ ਜਾਂਦਾ। ਉਸਨੇ ਆਪਣੀ ਜੇਬ ਫਰੋਲੀ ਤਨਖ਼ਾਹ ਉਵੇਂ ਹੀ ਪਈ ਸੀ।

ਪਿੰਡ ਬਾਹਰ ਹੀ ਬੱਸ ਰੁਕ ਗਈ। ਜਿਥੇ ਬੱਸ ਰੁਕੀ ਉਥੇ ਕੁਝ ਕੁ ਦੁਕਾਨਾਂ ਪਾਨ-ਬੀੜੀ ਵਾਲਿਆਂ ਦੀਆਂ ਸਨ। ਇਕ ਰੁੱਖ ਦੇ ਨਾਲ ਬਦਰੂ ਨਾਈ ਦੀ ਬੇਰੰਗੇ ਜਿਹੇ ਸ਼ੀਸ਼ੇ ਤੇ ਪੁਰਾਣੇ ਕੁਰਸੀ ਮੇਜ਼ ਵਾਲੀ ਫੜ੍ਹੀ ਸੀ, ਥੋੜ੍ਹੀ ਦੂਰ ਮੋਚੀ ਸੀ, ਤੇ ਇਕ ਫ਼ਲ ਵੇਚਣ ਵਾਲਾ ਸੇਬ, ਕੇਲੇ ਵੇਚ ਰਿਹਾ ਸੀ।

ਬੱਸ ਤੋਂ ਉਤਰ ਕੇ ਸੁਦੀਪ ਨੇ ਆਲਾ ਦੁਆਲਾ ਦੇਖਿਆ ਪਰ ਉਥੇ ਏਨੀ ਭੀੜ੍ਹ ਨਹੀਂ ਸੀ। ਕੁਝ ਕੁ ਲੋਕ ਹੀ ਬੈਠੇ ਦਿਖਾਈ ਦੇ ਰਹੇ ਸਨ। ਉਹ ਸਿੱਧਾ ਘਰ ਵੱਲ ਤੁਰ ਪਿਆ। ਪਿੰਡ ਦੇ ਪੱਛਮ ਵਿਚ ਤੀਹ-ਚਾਲੀ ਘਰਾਂ ਦੀ ਬਸਤੀ 'ਚ ਉਸਦਾ ਘਰ ਸੀ।

ਦੁਪਹਿਰ ਹੋਣ ਵਾਲੀ ਸੀ, ਸੂਰਜ ਦੀ ਟਿੱਕੀ ਸਿਰ ਉਪਰ ਸੀ। ਉਹ ਤੇਜੀ ਨਾਲ ਚੱਲਣ ਲੱਗਾ। ਉਹ ਲਗਭਗ ਇਕ ਮਹੀਨੇ ਬਾਅਦ ਘਰ ਵਾਪਸ ਆ ਰਿਹਾ ਸੀ। ਇਨ੍ਹਾਂ ਗਲੀਆਂ 'ਚ ਬਚਪਨ 'ਚ ਗੁਜਾਰੇ ਦਿਨ ਚੇਤੇ ਆ ਰਹੇ ਸਨ। ਉਸਨੇ ਅਜਿਹਾ ਪਹਿਲਾਂ ਕਦੇ ਵੀ ਮਹਿਸੂਸ ਨਹੀਂ ਕੀਤਾ। ਉਸਦਾ ਮਨ ਇਕ ਅਜੀਬ ਜਿਹੀ ਖੁਸ਼ੀ ਨਾਲ ਭਰਿਆ ਹੋਇਆ ਸੀ। ਉਸਦਾ ਆਪਣਾ ਪਿੰਡ, ਆਪਣੀਆਂ ਗਲੀਆਂ, ਆਪਣੇ ਲੋਕ। ਅੰਦਰੋਂ ਅੰਦਰ ਮੁਸਕਰਾਉਂਦਿਆਂ ਹੋਇਆ ਉਹਨੇ ਇਕ ਚਿੱਕੜ ਨਾਲ ਭਰਿਆ ਨਾਲਾ ਪਾਰ ਕੀਤਾ ਤੇ ਆਪਣੀ ਬਸਤੀ ਵੱਲ ਤੁਰ ਪਿਆ। ਬਸਤੀ ਤੇ ਪਿੰਡ ਦੇ ਵਿਚਾਲੇ ਇਕ ਛੱਪੜ ਸੀ ਜਿਸ 'ਚ ਬਹੁਤ ਸਾਰੀਆਂ ਖੁੰਭਾਂ ਉੱਗੀਆਂ ਹੋਈਆਂ ਸਨ।

ਉਹਨੂੰ ਖੁੰਭਾਂ ਦੇ ਨੀਲੇ ਫੁੱਲ ਬਹੁਤ ਚੰਗੇ ਲੱਗੇ। ਕੁਝ ਹੋਰ ਫੁੱਲ ਵੀ ਦਿਖ ਰਹੇ ਸਨ। ਉਹ ਉਸ ਟੋਬੇ ਦੇ ਕੰਢੇ ਕੰਢੇ ਚੱਲਣ ਲੱਗਾ। ਉਹਦੇ ਪਿਤਾ ਵਿਹੜੇ 'ਚ ਮੰਜੇ ਦੀ ਦੌਣ ਕਸ ਰਹੇ ਸਨ। ਜਿਵੇਂ ਹੀ ਉਨ੍ਹਾਂ ਸੁਦੀਪ ਨੂੰ ਦੇਖਿਆ ਤਾਂ ਉਹ ਖੁਸ਼ੀ ਨਾਲ ਉਛਲ ਪਏ।

"ਅਚਾਨਕ ਆ ਗਿਆ ....! ਕੀ ਗੱਲ ਹੋਈ...? ਲੱਗਦਾ ਤੈਨੂੰ ਸ਼ਹਿਰ 'ਚ ਰਹਿਣਾ ਪਸੰਦ ਨਹੀਂ ..।"

"ਨਹੀਂ ਨਹੀਂ... ਅਜਿਹੀ ਕੋਈ ਗੱਲ ਨ੍ਹੀਂ। ਮੈਂ ਤਾਂ ਵੈਸੇ ਹੀ ਆਇਆ ਹਾਂ।" ਸੁਦੀਪ ਨੇ ਕਿਹਾ।

ਆਪਣੀ ਤਨਖਾਹ ਆਪਣੇ ਪਿਤਾ ਦੇ ਹੱਥ 'ਤੇ ਰੱਖਦਿਆਂ ਉਸਨੇ ਆਪਣੇ ਪਿਤਾ ਨੂੰ ਮੱਥਾ ਟੇਕਿਆ। ਪਿਤਾ ਜੀ ਨੂੰ ਬਹੁਤ ਖੁਸ਼ੀ ਹੋਈ। ਪੈਸੇ ਹੱਥ ਵਿਚ ਫ਼ੜਦਿਆਂ ਉਹਨਾਂ ਨੇ ਮੱਥੇ ਨਾਲ ਉਹ ਪੈਸੇ ਲਗਾਏ ਜਿਵੇਂ ਕਿ ਉਸਨੂੰ ਭਗਵਾਨ ਦਾ ਪ੍ਰਸਾਦ ਮਿਲਿਆ ਹੋਵੇ। ਉਹ ਮੂੰਹ ਵਿਚ ਕੁਝ ਬੁੜਬੁੜਾਇਆ ਫਿਰ ਉਹਨਾਂ ਨੇ ਸੁਦੀਪ ਦੀ ਮਾਤਾ ਨੂੰ ਬੁਲਾਇਆ, "ਦੀਪੇ ਦੀ ਮਾਂ, ਇਧਰ ਆ ਕੇ ਆਪਣੇ ਲਾਡਲੇ ਪੁੱਤ ਦੀ ਤਨਖਾਹ ਲੈ ਲਾ।"

ਮਾਂ ਆਈ ਉਹਨੇ ਆਪਣੀ ਚੁੰਨੀ ਦਾ ਪੱਲਾ ਠੀਕ ਕਰਦਿਆਂ ਪੈਸੇ ਫੜ੍ਹੇ ਤੇ ਸੁਦੀਪ ਨੂੰ ਆਪਣੇ ਗਲ ਨਾਲ ਲਗਾ ਲਿਆ। ਉਸ ਸਮੇਂ ਇੰਝ ਲੱਗ ਰਿਹਾ ਸੀ ਜਿਵੇਂ ਸਾਰੇ ਘਰ ਵਿਚ ਖੁਸ਼ੀਆਂ ਦੀ ਬਰਸਾਤ ਹੋ ਰਹੀ ਹੋਵੇ।

ਸੁਦੀਪ ਸਾਰਿਆਂ ਦੇ ਖਿੜ੍ਹੇ ਹੋਏ ਚਿਹਰੇ ਦੇਖ ਰਿਹਾ ਸੀ। ਸਭ ਖੁਸ਼ ਸਨ। ਬਾਹਰੋਂ ਤਾਂ ਉਹ ਵੀ ਹੱਸ ਰਿਹਾ ਸੀ ਪਰ ਅੰਦਰ ਉਸ ਦੇ ਕੁਝ ਅਜੀਬ ਜਿਹੀ ਉਥਲ ਪੁਥਲ ਸੀ। ਉਹ ਚਿੰਤਤ ਸੀ।

ਉਸਨੇ ਆਪਣੀ ਮਾਂ ਨੂੰ ਕਿਹਾ, "ਮਾਤਾ ਜੀ ਇਧਰ ਆਓ ਮੇਰੇ ਕੋਲ ਬੈਠੋ।" ਉਸਨੇ ਆਪਣੀ ਮਾਂ ਕੋਲੋਂ ਥੋੜ੍ਹੇ ਪੈਸੇ ਫੜੇ ਤੇ ਆਪਣੇ ਪਿਤਾ ਨੂੰ ਬੜੇ ਉਦਾਸ ਲਹਿਜੇ ਨਾਲ ਕਿਹਾ, "ਪਿਤਾ ਜੀ ਮੈਂ ਤੁਹਾਨੂੰ ਕੁਝ ਕਹਿਣਾ ਚਾਹੁੰਦਾ ਹਾਂ।" ਪਿਤਾ ਜੀ ਨੇ ਉਸ ਵੱਲ ਬੜੇ ਧਿਆਨ ਨਾਲ ਦੇਖਿਆ। ਥੋੜ੍ਹੀ ਦੇਰ ਪਹਿਲਾਂ ਪਸਰੀ ਖੁਸ਼ੀਂ ਦੀ ਲਹਿਰ ਤੇ ਉਦਾਸੀ ਦੀ ਪਰਤ ਜਿਹੀ ਚੜ੍ਹ ਗਈ। ਅਨੇਕਾਂ ਸ਼ੰਕੇ ਉਹਦੇ ਮਨ 'ਚ ਫਿਰਨ ਲੱਗੇ। ਉਹ ਬੇਚੈਨ ਜਿਹਾ ਹੋ ਗਿਆ। ਸੁਦੀਪ ਨੇ ਚਾਰ ਢੇਰੀਆਂ ਪੱਚੀ ਪੱਚੀ ਰੁਪਏ ਦੀਆਂ ਲਗਾ ਦਿੱਤੀਆਂ ਤੇ ਆਪਣੇ ਪਿਤਾ ਨੂੰ ਕਿਹਾ ਕਿ ਇਹਨਾਂ ਨੂੰ ਗਿਣੋ।

ਪਿਤਾ ਜੀ ਨੇ ਸੁਦੀਪ ਵੱਲ ਦੇਖਿਆ ਉਹਨੂੰ ਕੁਝ ਸਮਝ ਨਹੀਂ ਆ ਰਹੀ ਸੀ। ਕੁਝ ਕਹਿਣ ਤੋਂ ਅਸਮਰੱਥ ਜਿਹਾ ਹੋ ਕੇ ਪਿਤਾ ਨੇ ਕਿਹਾ, "ਮੈਨੂੰ ਤਾਂ ਵੀਹ ਤੋਂ ਵੱਧ ਗਿਣਤੀ ਹੀ ਨਹੀਂ ਆਉਂਦੀ। ਤੂੰ ਆਪੇ ਗਿਣ ਕੇ ਮੈਨੂੰ ਦੱਸ ਦੇ।"

ਸੁਦੀਪ ਨੇ ਬੜੇ ਪਿਆਰ ਨਾਲ ਕਿਹਾ, "ਇੱਥੇ ਪੱਚੀ ਪੱਚੀ ਦੀਆਂ ਚਾਰ ਢੇਰੀਆਂ ਹਨ ਚਲੋ ਹੁਣ



ਇਹਨਾਂ ਨੂੰ ਇਕੱਠਿਆ ਗਿਣੀਏ ਤਾਂ ਚਾਰ ਢੇਰੀਆਂ ਦਾ ਮਤਲਬ ਪੱਚੀ ਚੌਕੇ....." ਕੁਝ ਪਲਾਂ ਲਈ ਸੁਦੀਪ ਚੁੱਪ ਕਰ ਗਿਆ ਤੇ ਆਪਣੇ ਪਿਤਾ ਵੱਲ ਵੇਖਣ ਲੱਗਾ।

"ਚਲੋ ਹੁਣ ਦੇਖਦੇ ਹਾਂ ਪੱਚੀ ਚੌਕਾ ਸੌ ਹੁੰਦੇ ਨੇ ਜਾਂ ਇਕ ਸੌ ਪੰਜਾਹ...।"

ਥੋੜ੍ਹਾ ਪਿੱਛੇ ਹੋ ਕੇ ਉਹ ਸੁਦੀਪ ਵੱਲ ਵੇਖਣ ਲੱਗਾ। ਚੌਧਰੀ ਦਾ ਚਿਹਰਾ ਉਸ ਦੀਆਂ ਅੱਖਾਂ ਅੱਗੇ ਘੁੰਮਣ ਲੱਗਾ। ਤੀਹ-ਪੈਂਤੀ ਸਾਲ ਪਹਿਲੀ ਦੀ ਘਟਨਾ ਉਸ ਦੀਆਂ ਅੱਖਾਂ ਅੱਗੇ ਘੁੰਮਣ ਲੱਗੀ। ਉਹੀ ਘਟਨਾ ਜੋ ਸੁਦੀਪ ਕਈ ਲੋਕਾਂ ਨਾਲ ਸਾਂਝੀ ਕਰ ਚੁੱਕਿਆ ਸੀ, ਕਿਸੇ ਨੂੰ ਨਹੀਂ ਪਤਾ ਕਿ ਕਿੰਨੀ ਵਾਰ ਸੁਦੀਪ ਹੁਣ ਇਕ ਨਵੇਂ ਤਰੀਕੇ ਨਾਲ ਉਹੀ ਘਟਨਾ ਦੁਹਰਾ ਰਿਹਾ ਸੀ। ਸੁਦੀਪ ਉੱਚੀ ਉੱਚੀ ਪੈਸੇ ਗਿਣਨ ਲੱਗਾ। ਜਿਵੇਂ ਹੀ ਉਹ ਸੌ ਤੇ ਪਹੁੰਚਿਆ ਤੇ ਰੁਕ ਕੇ ਕਹਿਣ ਲੱਗਾ, "ਦੇਖੋ ਪੱਚੀ ਚੌਕਾ ਸੌ ਹੁੰਦੇ ਨੇ ਨਾ ਕਿ ਇਕ ਸੌ ਪੰਜਾਹ!!"

ਪਿਤਾ ਨੇ ਉਸਦੇ ਹੱਥੋਂ ਪੈਸੇ ਇੰਝ ਖੋਹੇ ਜਿਵੇਂ ਉਹ ਉਹਨੂੰ ਮੂਰਖ ਬਣਾਉਣ ਦੀ ਕੋਸ਼ਿਸ਼ ਕਰ ਰਿਹਾ ਹੋਵੇ। ਉਸ ਨੇ ਗਿਣਨ ਦੀ ਕੋਸ਼ਿਸ਼ ਕੀਤੀ ਪਰ ਵੀਹ ਤੇ ਆ ਕੇ ਰੁਕ ਗਿਆ। ਸੁਦੀਪ ਨੇ ਉਸਦੀ ਮਦਦ ਕੀਤੀ। ਜਦੋਂ ਉਹ ਸੌ ਤੱਕ ਪਹੁੰਚੇ ਤਾਂ ਉਹ ਆਪਣੇ ਪਿਤਾ ਵੱਲ ਵੇਖਣ ਲੱਗਾ। ਉਹਨੂੰ ਅਜੇ ਵੀ ਯਕੀਨ ਨਹੀਂ ਹੋ ਰਿਹਾ ਸੀ। ਉਹਨੇ ਫਿਰ ਗਿਣਨਾ ਸ਼ੁਰੂ ਕੀਤਾ। ਤੇ ਫਿਰ ਵੀਹ ਤੇ ਆ ਕੇ ਰੁਕ ਗਏ। ਉਹ ਨੋਟਾਂ ਨੂੰ ਉਲਟਾ ਸਿੱਧਾ ਕਰਕੇ ਦੇਖਣ ਲੱਗੇ ਕਿ ਕਿਤੇ ਨੋਟ ਤਾਂ ਘੱਟ ਨਹੀਂ। ਸੁਦੀਪ ਨੇ ਫਿਰ ਪੈਸੇ ਗਿਣੇ ਤੇ ਆਪਣੇ ਪਿਤਾ ਨੂੰ ਦਿਖਾਏ। ਪਰ ਪਿਤਾ ਨੂੰ ਅਜੇ ਵੀ ਯਕੀਨ ਨਹੀਂ ਸੀ ਆ ਰਿਹਾ। ਸੁਦੀਪ ਨੇ ਉਹਨਾਂ ਦਾ ਹਰ ਸ਼ੱਕ ਦੂਰ ਕਰਨ ਦੀ ਬਹੁਤ ਕੋਸ਼ਿਸ਼ ਕੀਤੀ। ਅਖਰਕਾਰ ਪਿਤਾ ਨੂੰ ਸੁਦੀਪ ਤੇ ਯਕੀਨ ਕਰਨਾ ਹੀ ਪਿਆ। ਸੁਦੀਪ ਸਹੀ ਸੀ ਕਿ ਪੱਚੀ ਚੌਕਾ ਸੌ ਹੀ ਹੁੰਦੇ ਨੇ। ਸੱਚ ਤੇ ਝੂਠ ਸਭ ਦੇ ਸਾਹਮਣੇ ਸੀ।

ਇੰਝ ਲੱਗਾ ਜਿਵੇਂ ਸਾਰੀਆਂ ਪੁਰਾਣੀਆਂ ਗੱਲਾਂ ਪਿਤਾ ਦਾ ਦਿਲ ਪਸੀਜ ਰਹੀਆਂ ਹੋਣ। ਜੋ ਪੈਂਤੀ ਚਾਲੀ ਸਾਲ ਤੋਂ ਆਪਣੇ ਮਨ ਵਿਚ ਵਸਾਏ ਸੇਠ ਜੀ ਦੀਆਂ ਸਿਫ਼ਤਾ ਕਰਦਾ ਰਹਿੰਦਾ ਸੀ। ਅਚਾਨਕ ਸ਼ੀਸ਼ੇ ਵਾਂਗ ਟੁੱਟ ਕੇ ਅੰਦਰ ਹੀ ਕਿਤੇ ਖਿੱਲਰ ਗਏ। ਇਕ ਅਜੀਬ ਜਿਹਾ ਮਾਹੌਲ ਉਹਦੀਆਂ ਅੱਖਾਂ ਅੱਗੇ ਆ ਗਿਆ। ਜਿਹੜਾ ਹਾਰ ਵਾਲਾ ਨਹੀਂ ਸਗੋਂ ਵਿਸ਼ਵਾਸ ਟੁੱਟਣ ਦਾ ਕਿਹਾ ਜਾ ਸਕਦਾ ਹੈ।

ਆਪਣੀ ਧੋਤੀ ਨਾਲ ਉਸਨੇ ਆਪਣੀਆਂ ਅੱਖਾਂ ਤੋਂ ਮਿੱਟੀ ਸਾਫ਼ ਕਰਦਿਆ ਡੂੰਘਾ ਸਾਹ ਲਿਆ। ਉਹਨੇ ਸੁਦੀਪ ਨੂੰ ਪੈਸੇ ਵਾਪਸ ਕਰ ਦਿੱਤੇ। ਉਹਦੇ ਚਿਹਰੇ ਦੀਆਂ ਕੰਧਾਂ ਤੋਂ ਨਫਰਤ ਤੇ ਗੁੱਸੇ ਦੀ ਗਰਦ ਡਿੱਗਣ ਲੱਗ ਪਈ , "... ਰੱਬ ਕਰੇ ਚੌਧਰੀ ਦੀ ਜ਼ੁਬਾਨ ਸੜ ਜਾਵੇ... ਉਹ ਗੂੰਗਾ ਹੋ ਜਾਵੇ... ਉਹਨੂੰ ਪਾਣੀ ਦਾ ਤੁਪਾਕਾ ਪਿਆਉਣ ਵਾਲਾ ਨਾ ਮਿਲੇ।"

ਦਲਿਤ ਮੁੱਦਿਆਂ 'ਤੇ ਵਿਗਿਆਨਕ ਦ੍ਰਿਸ਼ਟੀ ਨਾਲ ਗੰਭੀਰਤਾ ਨਾਲ ਗੱਲ ਕਰਨ ਵਾਲੇ ਡਾ. ਰੌਣਕੀ ਰਾਮ ਦੀ ਨਵੀਂ ਪੁਸਤਕ ਜਿਸ ਵਿਚ ਪੰਜਾਬ ਦੇ ਦਲਿਤਾਂ ਦੀ ਪਛਾਣ ਦੇ ਮੁੱਦੇ ਵਿਆਪਕ ਪੱਧਰ ਤੇ ਪਹਿਲੀ ਵਾਰ ਪੁਸਤਕ ਰੂਪ ਵਿਚ ਆਏ ਹਨ !




ਦਲਿਤ ਪਛਾਣ ਮੁਕਤੀ ਅਤੇ ਸ਼ਕਤੀਕਰਨ
ਡਾ. ਰੌਣਕੀ ਰਾਮ
ਪ੍ਰਕਾਸ਼ਕ ਪਬਲੀਕੇਸ਼ਨ ਬਿਊਰੋ,
ਪੰਜਾਬੀ ਯੂਨੀਵਰਸਿਟੀ, ਪਟਿਆਲਾ
ਮੁੱਲ 300 ਰੁਪਏ

## ਸ੍ਵੈ ਜੀਵਨੀ-2/ **ਚਾਕੂ ਖੁੰਢਾ ਏ** /ਸਰੂਪ ਸਿਆਲਵੀ

'ਚਾਕੂ ਖੁੰਢਾ ਏ' ਵਾਲੀ ਘਟਨਾ ਸਨ 1967 ਵਿਚ ਪਤਾ ਨਹੀਂ ਕਿਸ ਮਿਤੀ ਨੂੰ ਵਾਪਰੀ ਸੀ। ਉਦੋਂ ਮੇਰੀ ਧਾਰਮਿਕ ਬਿਰਤੀ ਸੀ ਜਿਹੜੀ ਕਿ ਬਾਅਦ ਵਿਚ ਬਦਲ ਗਈ ਸੀ। ਇਸ ਲਈ ਮੈਂ ਆਪਣੀ ਸਿਮਰਤੀ ਵਿਚੋਂ ਵਾਪਰੀਆਂ ਘਟਨਾਵਾਂ ਨੂੰ ਮਨਫੀ ਕਰ ਦਿੱਤਾ ਸੀ। ਖ਼ਾਰਜ ਕਰ ਦਿੱਤਾ ਸੀ। ਮੈਂ ਤਾਂ ਜਿਵੇਂ ਇਹਨਾਂ ਤੋਂ ਮਸਾਂ ਖਹਿੜਾ ਛੁਡਾਇਆ ਸੀ।

ਪਰ ਜਦ ਮੈਂ ਸ੍ਵੈ ਜੀਵਨੀ ਲਿਖਣ ਲੱਗਿਆ ਤਾਂ ਮੈਨੂੰ ਪਤਾ ਨਹੀਂ ਸੀ ਲੱਗ ਰਿਹਾ ਕਿ ਮੇਰੇ ਜੀਵਨ ਦੀ ਨਿਰਾਰਥਕਤਾ ਜਿਹੜੀ ਮੈਨੂੰ ਇਸ ਕਦਰ ਤੰਗ, ਪਰੇਸ਼ਾਨ ਕਰਨ ਲੱਗ ਪੈਂਦੀ ਏ ਕਿ ਮੈਂ ਡਿਪਰੈਸ਼ਨ ਵਿਚ ਚਲਿਆ ਜਾਂਦਾ ਹਾਂ। ਮੈਨੂੰ ਜੀਵਨ ਜਿਉਣ ਦਾ ਕੋਈ ਮਕਸਦ ਨਜ਼ਰ ਨਹੀਂ ਆਉਂਦਾ ਤੇ ਮੈਂ ਆਪਣੇ ਆਪ ਤੋਂ ਡਰਨ ਲੱਗ ਪੈਂਦਾ ਹਾਂ... ਕਿ ਜੋ ਮੈਂ ਉੱਚੀ ਇਮਾਰਤ 'ਤੇ ਚੜ੍ਹ ਗਿਆ, ਕਿਤੇ ਮੈਥੋਂ ਉਪਰੋਂ ਛਾਲ ਹੀ ਨਾ ਮਾਰ ਹੋ ਜਾਵੇ। ਕਿਤੇ ਮੇਰਾ ਸਾਈਕਲ ਸਕੂਟਰ ਸਾਹਮਣੇ ਆਉਂਦੀ ਬੱਸ ਕਾਰ ਵਿਚ ਹੀ ਨਾ ਜਾ ਵੱਜੇ।

ਤਾਂ ਫਿਰ ਮੈਂ ਜੀਵਨ ਵਿਚ ਪੈਦਾ ਹੁੰਦੀ ਨਿਰਾਰਥਕਤਾ ਦੇ ਕਾਰਨਾਂ ਨੂੰ ਲੱਭਣ ਦੀ ਕੋਸ਼ਿਸ਼ ਕਰਦਾ ਹਾਂ। ਮੈਂ ਦਿਮਾਗ਼ 'ਤੇ ਭਾਰ ਪਾਉਂਦਾ ਹਾਂ, ਯਾਦਦਾਸ਼ਤ ਨੂੰ ਕੁਰੇਦਦਾ ਹਾਂ। ਉਂਞ ਵੀ ਮੇਰਾ ਸੁਭਾ ਭੁਲੱਕੜ ਜਿਹਾ ਹੈ। ਮੈਨੂੰ ਉਦੋਂ ਵਾਪਰੀਆਂ ਘਟਨਾਵਾਂ ਇਨ ਬਿਨ ਯਾਦ ਨਹੀਂ ਆਉਂਦੀਆਂ। ਉਦੋਂ ਦੀ ਲਿਖੀ ਡਾਇਰੀ ਦੀ ਬਹੁਤ ਮੋਟੀ ਹੋ ਗਈ ਫਾਈਲ ਮੈਂ ਬੇਕਾਰ ਸਮਝ ਕੇ ਨਸ਼ਟ ਕਰ ਦਿੱਤੀ ਸੀ। ਇਕ ਦਿਨ ਕਿਤਾਬਾਂ ਵਿਚੋਂ ਮੈਨੂੰ ਸਨ 1968 ਦੀ ਲਿਖੀ ਡਾਇਰੀ ਮਿਲੀ। ਇਸਦੀ ਸਾਂਭ ਸੰਭਾਲ ਨਾ ਹੋਣ ਕਰਕੇ ਇਸਦੇ ਮਿਤੀ 1/1/68 ਤੋਂ 2/3/68 ਤੱਕ ਵਰਕੇ ਫਟਦੇ ਚਲੇ ਗਏ ਸਨ। ਇਹ ਮਿਤੀ 3/3/1968 ਤੋਂ ਸ਼ੁਰੂ ਹੁੰਦੀ ਹੈ। ਮੈਂ ਪੜ੍ਹਕੇ ਵੇਖੀ, ਇਹ ਮੇਰੀ ਉਦੋਂ ਦੀ ਮਾਨਸਿਕ ਅਵਸਥਾ ਨੂੰ ਸਮਝਣ ਲਈ ਮਹੱਤਵਪੂਰਨ ਦਸਤਾਵੇਜ਼ ਹੈ। ਮੈਂ ਝੱਟ ਇਸ ਫਟ ਰਹੀ ਡਾਇਰੀ 'ਤੇ ਟਾਈਟਲ ਚੜ੍ਹਾਇਆ ਤੇ ਇਸਨੂੰ ਵਿਚੋਂ ਵਿਚੋਂ ਪੜ੍ਹਨ ਲੱਗਿਆ, "ਹਮ ਇਸ ਦੁਨੀਆਂ ਸੇ ਚਲੇ ਜਾ ਰਹੇ ਹੈਂ। ਅਕੇਲੇ ਆਏ ਥੇ ਅਕੇਲੇ ਜਾ ਰਹੇ ਹੈਂ।"

ਮੈਂ ਇਸ ਗੀਤ ਨੂੰ ਡਾਇਰੀ ਵਿਚੋਂ ਪੂਰਾ ਪੜ੍ਹਦਾ ਹਾਂ। ਉਦੋਂ ਇਹ ਗੀਤ ਮੇਰੇ ਜ਼ੁਬਾਨੀ ਯਾਦ ਸੀ। ਤੇ ਇਸਨੂੰ ਗੁਣ ਗੁਣਾਉਂਦਾ ਰਹਿੰਦਾ ਸਾਂ। ਉਸ ਦਿਨ ਵੀ ਮੈਂ ਇਸ ਗੀਤ ਨੂੰ ਗੁਣ ਗੁਣਾਉਂਦਾ ਜਾ ਰਿਹਾ ਸਾਂ। ਚੰਡੀਗੜ੍ਹੋਂ ਬੱਸ ਚੱਲ ਕੇ ਕਾਲਕਾ ਬੱਸ ਅੱਡੇ 'ਤੇ ਜਾ ਖੜ੍ਹੀ। ਮੈਂ ਬੱਸ ਵਿਚੋਂ ਉਤਰਕੇ ਬਾਜ਼ਾਰ ਵਿਚ ਨੂੰ ਤੁਰੇ ਜਾਂਦਿਆਂ ਇਕ ਦੁਕਾਨ ਤੋਂ ਇਕ ਚਾਕੂ ਖਰੀਦਿਆ। ਮੈਂ ਸ਼ਿਮਲੇ ਜਾਣ ਵਾਲੀ ਸੜਕ 'ਤੇ ਗੰਭੀਰ ਮੁਦਰਾ ਵਿਚ ਤੁਰਿਆ ਜਾ ਰਿਹਾ ਸਾਂ। ਸੜਕ ਦੇ ਦੋਹਾਂ ਪਾਸਿਆਂ ਦੀਆਂ ਸ਼ਿਵਾਲਿਕ ਦੀਆਂ ਉੱਚੀਆਂ ਪਹਾੜੀਆਂ 'ਤੇ ਹਨੇਰਾ ਪਸਰ ਰਿਹਾ ਸੀ। ਅੱਗੇ ਜਾ ਕੇ ਸੜਕ ਕਿਨਾਰੇ ਇਕ ਉੱਚੀ ਜਿਹੀ ਪਹਾੜੀ ਦੇਖਕੇ ਹਨੇਰੇ ਵਿਚ ਮੈਂ ਇਸ 'ਤੇ ਚੜ੍ਹਨ ਲੱਗਿਆ। ਸਿਖਰ ਉੱਤੇ ਚੜ੍ਹਕੇ ਮੈਂ ਆਲੇ ਦੁਆਲੇ ਦੇਖਿਆ, ਚੌਂਹੀ ਪਾਸੀਂ ਸੁੰਨ ਸਾਨ ਸੀ।

ਮੈਂ ਜੇਬ ਵਿਚੋਂ ਚਾਕੂ ਕੱਢਿਆ ਕੁੜਤੇ ਦਾ ਪੱਲਾ ਚੁੱਕ ਕੇ ਛਾਤੀ ਦੇ ਖੱਬੇ ਪਾਸੇ ਜ਼ੋਰ ਜ਼ੋਰ ਨਾਲ ਮਾਰਨ ਲੱਗਿਆ। ਪਰ ਇਹ ਕੀ? ਮੈਂ ਦੇਖਿਆ, 'ਚਾਕੂ ਖੁੰਢਾ ਏ' ਇਹ ਚਮੜੀ ਦੇ ਥੱਲੇ ਨਹੀਂ ਸੀ ਖੁੱਭ ਰਿਹਾ। ਮੇਰੇ ਮਨ ਵਿਚ ਤੁਰੰਤ ਆਇਆ। ਉੱਚੀ ਪਹਾੜੀ ਤੋਂ ਛਾਲ ਮਾਰ ਦਵਾਂ। ਛਾਲ ਸੰਘਣੇ ਦਰਖਤਾਂ ਵਿਚ ਵੱਜਣੀ ਸੀ। ਸੋਚਿਆ ਦਰਖਤਾਂ ਵਿਚ ਫਸ ਜਾਵਾਂਗਾ। ਇਸ ਲਟਕਣ ਭਟਕਣ ਤੋਂ ਤਾਂ ਛੁਟਕਾਰਾ ਪਾਉਣਾ ਚਾਹੁੰਦਾ ਸਾਂ, ਫਿਰ ਉਹੀ।

ਉਸ ਵੇਲੇ ਮਨ ਵਿਚ ਕੁਝ ਹੋਰ ਨਹੀਂ ਸੀ ਆ ਰਿਹਾ। ਮੈਂ ਹੌਲੀ ਹੌਲੀ ਪਹਾੜੀ ਤੋਂ ਉਤਰਿਆ ਤੇ ਬਾਜ਼ਾਰ ਵਿਚ ਨੂੰ ਤੁਰਦਾ ਤੁਰਦਾ ਕਾਲਕਾ ਰੇਲਵੇ ਸਟੇਸ਼ਨ ਤੇ ਪਹੁੰਚ ਗਿਆ। ਮਨੀਮਾਜਰਾ ਦੀ ਟਿਕਟ ਲੈ ਕੇ ਟਰੇਨ ਵਿਚ ਬਹਿ ਗਿਆ। ਅਚਾਨਕ ਸਿਗਨਲ ਨਾ ਡਾਊਨ ਹੋਣ ਕਰਕੇ ਟਰੇਨ ਰੁਕ ਗਈ। ਮੈਂ ਦੇਖਿਆ ਟਰੇਨ ਮਾੜੀ ਵਾਲੇ ਟਾਊਨ ਕੋਲ ਆ ਕੇ ਰੁਕੀ ਸੀ। ਮੈਂ ਥੱਲੇ ਉਤਰਿਆ ਤੇ ਸੜਕ 'ਤੇ ਮਨੀ ਮਾਜਰੇ ਵੱਲ ਤੁਰਨ ਲਗਿਆ। ਅਜ ਕਲ੍ਹ ਉਥੇ ਮਾਡਰਨ ਕੰਪਲੈਕਸ ਬਣਿਆ ਹੈ ਪਰ ਉਦੋਂ ਇਹ ਥਾਂ ਵਿਰਾਨ ਪਈ ਹੋਣ ਕਰਕੇ ਕੁੱਤਿਆਂ ਦਾ ਵਾਸਾ ਸੀ। ਭੌਂਕਦੇ ਕੁੱਤੇ ਮੇਰੇ ਮਗਰ ਪੈ ਗਏ ਸਨ। ਮੈਂ ਸੜਕ ਕਿਨਾਰੇ ਰੁੱਖ ਤੋਂ ਇਕ ਡੰਡਾ ਤੋੜਿਆ ਤੇ ਭੌਂਕਦੇ ਕੁੱਤਿਆਂ ਨੂੰ



ਡਰਾਉਂਦਾ ਮਾੜੀ ਵਾਲੇ ਟਾਊਨ ਵਿਚ ਆਪਣੇ ਰਿਸ਼ਤੇਦਾਰਾਂ ਦੇ ਘਰ ਰਾਤ ਕੱਟੀ।

ਇਹ ਮੈਨੂੰ ਬਾਅਦ ਵਿਚ ਸੁਝਿਆ ਕਿ ਜਿਹੜਾ ਕੰਮ ਪਹਾੜੀ 'ਤੇ ਚੜ੍ਹਕੇ ਨਹੀਂ ਕਰ ਸਕਿਆ ਸਾਂ। ਉਹ ਕੰਮ ਸੁੰਨ ਸਾਨ ਥਾਂ 'ਤੇ ਭੌਂਕਦੇ ਹੋਏ ਕੁੱਤੇ ਕਰ ਸਕਦੇ ਸਨ। ਇਹ ਵੀ ਮੈਨੂੰ ਬਾਦ ਵਿਚ ਪਤਾ ਲੱਗਿਆ ਕਿ ਜਿਵੇਂ ਮੇਰੀ ਜੇਬ ਵਿਚ ਪਿਆ 'ਚਾਕੂ ਖੁੰਢਾ ਏ' ਇਸ ਦੇ ਨਾਲ ਨਾਲ ਮੇਰੇ ਦਿਮਾਗ ਵਿਚ ਪਿਆ ਮੇਰੀ ਸੋਚ ਸਮਝ ਦਾ 'ਚਾਕੂ ਵੀ ਖੁੰਢਾ ਏ'।

ਮੈਂ ਸੋਚਣ ਲਗਦਾ ਹਾਂ ਕਿ ਮੇਰੀ ਇਹ ਬਿਰਤੀ ਬਣੀ ਕਿਵੇਂ? ਜਦ ਮੈਨੂੰ ਸੋਝੀ ਆਈ ਤਾਂ ਜਿਹੜੀਆਂ ਮੇਰੇ ਕੰਨਾਂ ਵਿਚ ਆਵਾਜ਼ਾਂ ਪਈਆਂ, ਉਹ ਬਾਈ ਜੀ ਰਾਹੀਂ ਸੁਣਾਈਆਂ ਜਾਂਦੀਆਂ ਮਹਾਂ ਭਾਰਤ ਦੀਆਂ ਕਹਾਣੀਆਂ ਦੀਆਂ ਸਨ। ਮੈਨੂੰ ਉਹ ਕਹਾਣੀਆਂ ਸੁਣਨ ਦਾ ਕੰਨ ਰਸ, ਚਸਕਾ ਪੈ ਗਿਆ ਸੀ। ਬਾਈ ਜੀ ਨੇ ਮੈਨੂੰ ਘਰੇ ਪੰਜਾਬੀ ਪੜ੍ਹਨੀ ਤੇ ਲਿਖਣੀ ਸਿਖਾ ਦਿੱਤੀ ਸੀ। ਤੇ ਮੈਂ ਸਕੂਲ ਜਾਣ ਦੀ ਉਮਰ ਤੋਂ ਪਹਿਲਾਂ ਹੀ ਘਰ ਵਿਚ ਰੱਖਿਆ ਮਹਾਂ ਭਾਰਤ ਬਾਈ ਜੀ ਤੇ ਉਸਦੇ ਕੋਲ ਬੈਠਣ ਵਾਲਿਆਂ ਨੂੰ ਪੜ੍ਹਕੇ ਸੁਣਾਉਣ ਲੱਗ ਪਿਆ ਸਾਂ। ਮੈਂ ਪੰਜਵੀਂ ਜਮਾਤ ਵਿਚ ਪੜ੍ਹਦਾ ਸਾਂ, ਸਾਡੇ ਪਿੰਡ ਭ੍ਰਮਣ ਕਰਦੇ ਹੋਏ ਵਿਨੋਬਾ ਭਾਵੇ ਆਏ, ਮੈਂ ਉਹਨਾਂ ਦੀ ਲਿਖੀ ਪੁਸਤਕ 'ਗੀਤਾ ਪ੍ਰਵਚਨ' ਖਰੀਦ ਲਈ ਸੀ। ਗੀਤਾ ਪ੍ਰਵਚਨ ਪੜ੍ਹਦਿਆਂ ਮੇਰੇ ਮਨ 'ਤੇ ਗੀਤਾ ਦੇ 'ਕਰਮ ਯੋਗ ਦਾ ਬਹੁਤ ਗਹਿਰਾ ਅਸਰ ਹੋ ਗਿਆ ਸੀ। ਮੈਂ ਕਰਦਾ ਤਾਂ ਕੁਝ ਨਹੀਂ ਸਾਂ, ਪਰ ਹਰ ਸ਼ਾਮ ਭਗਵਾਨ ਅੱਗੇ ਪ੍ਰਾਰਥਨਾ ਕਰਕੇ, ਕੀਤੇ ਕਰਮਾਂ ਦਾ ਫ਼ਲ' ਕ੍ਰਿਸ਼ਨ ਅਰਪਣ ਪ੍ਰਸ਼ਤ' ਕਰ ਦਿੰਦਾ ਸਾਂ।

'ਗੀਤਾ ਵਿਚ ਭਗਵਾਨ ਕ੍ਰਿਸ਼ਨ ਅਰਜਣ ਨੂੰ ਕਹਿੰਦੇ ਹਨ, "ਹੇ ਅਰਜਣ! ਕਰਨ ਕਰਾਉਣ ਵਾਲਾ ਤਾਂ ਮੈਂ ਹਾਂ, ਤੂੰ ਤਾਂ ਇਸਦਾ ਸਬਬ ਬਣ ਜਾ। ਮੇਰੇ ਮੂੰਹ ਵਿਚ ਵੇਖ? " ਕ੍ਰਿਸ਼ਨ ਨੇ ਅਰਜਣ ਨੂੰ ਆਪਣਾ ਵਿਰਾਟ ਰੂਪ ਦਿਖਾਇਆ ਤੇ ਕਿਹਾ, "ਹੇ ਅਰਜਣ! ਇਹ ਸੈਨਾ ਤਾਂ ਮਰੀ ਪਈ ਹੈ। ਤੈਨੂੰ ਤਾਂ ਕੇਵਲ ਸ਼ੁਹਰਤ ਤੇ ਵਡਿਆਈ ਦੇਣੀ ਹੈ।" (ਡਾਇਰੀ ਮਿਤੀ 3/3/68)

'ਚੰਗਾ ਮਾੜਾ, ਅੱਛਾ ਬੁਰਾ, ਮੈਂ ਕੁਝ ਨਹੀਂ ਕੀਤਾ। ਜੋ ਕੁਝ ਮੈਂ ਕੀਤਾ, ਉਹ ਪਹਿਲਾਂ ਹੀ ਹੋਇਆ ਪਿਆ ਸੀ। ਇਸ ਲਈ ਮੈਂ ਇਸਦਾ ਕਰਮ ਫ਼ਲ ... ਕ੍ਰਿਸ਼ਨ ਅਰਪਣ ਪ੍ਰਸਤ ਕਰਦਾ ਹਾਂ।' (ਡਾਇਰੀ ਮਿਤੀ 4/3/68)

ਮੈਂ ਉਦੋਂ ਗੀਤਾ ਦੇ 'ਕਰਮ ਯੋਗ' ਦੇ ਸਿਧਾਂਤ ਨੂੰ ਮੰਨਦਾ ਸਾਂ। ਭਾਵ ਕਰਮ ਕਰਕੇ ਫ਼ਲ ਭਗਵਾਨ ਨੂੰ ਸੌਂਪ ਦੇਣਾ। ਗੀਤਾ ਵਿਚ ਕ੍ਰਿਸ਼ਨ ਭਗਵਾਨ ਵਿਸ਼ਨੂੰ ਦਾ ਅਵਤਾਰ ਹੈ। ਜਦ ਹੁਣ ਮੈਂ ਵਿਚਾਰ ਕਰਦਾ ਹਾਂ ਕਿ ਉਦੋਂ ਮੈਂ ਬੇਰੋਜ਼ਗਾਰ ਸਾਂ, ਕੰਮ ਤਾਂ ਕੁਝ ਕਰਦਾ ਨਹੀਂ ਸਾਂ। ਪਰ ਸ਼ਾਮ ਨੂੰ ਅਰਦਾਸ ਕਰਕੇ ਕਿਹੜੇ ਕਰਮਾਂ ਦਾ ਫ਼ਲ ਭਗਵਾਨ ਨੂੰ ਸੌਂਪ ਦਿੰਦਾ ਸਾਂ।

ਮੈਂ ਡਾਇਰੀ ਅੱਗੇ ਪੜ੍ਹਦਾ ਹਾਂ, 'ਵੱਡੇ ਵੱਡੇ ਹੋ ਕੇ ਬਹੁਤ ਕੁਝ ਕਰਕੇ ਚਲੇ ਗਏ। ਪਰ ਸਮੇਂ ਦੀ ਤੇਜ ਚਾਲ ਨੇ ਸਭ ਕੁਝ ਹੂੰਝ ਦਿੱਤਾ, ਮੇਟ ਦਿੱਤਾ। ਇਸ ਲਈ ਤੂੰ ਸਭ ਕੁਝ ਉਸਨੂੰ ਅਰਪਣ ਕਰਕੇ ਛੁੱਟੀ ਪਾ। ਤੈਥੋਂ ਨਹੀਂ ਇਹ ਸੰਸਾਰ ਦਾ ਬੋਝ ਚੁੱਕਿਆ ਜਾਣਾ। ਮੇਰਾ ਆਖਿਰੀ ਫੈਸਲਾ ਇਹੀ ਹੈ... ਕਿ ਤੂੰ ਛਾਲ ਮਾਰ ਦੇ। ਯਾਦ ਰੱਖ ਤੇਰਾ ਜੀਣਾ, ਤੇਰੇ ਮਰਨ ਨਾਲੋਂ ਵੱਧ ਖਤਰਨਾਕ ਹੋਵੇਗਾ। ਫੇਰ ਜੀਣ ਦਾ ਕੀ ਫਾਇਦਾ? ' (ਡਾਇਰੀ 18/3/68)

ਇਹੀ ਨਹੀਂ, ਨਹਿਰ ਵਿਚ ਛਾਲ ਮਾਰਨ ਸਬੰਧੀ ਡਾਇਰੀ ਵਿਚ ਮੈਂ ਇਕ ਗੀਤ ਵੀ ਲਿਖਿਆ ਸੀ।

'ਖਾਲੀ ਹਾਥ ਹੂੰ ਚਲਾ ਜਹਾਂ ਸੇ, ਰਹੀ ਨਾ ਕੋਈ ਨਿਸ਼ਾਨੀ।
ਕਲ ਕੋ ਮੇਰਾ ਸਾਥੀ ਹੋਗਾ, ਭਾਖੜਾ ਨਹਿਰ ਕਾ ਪਾਨੀ।'

ਹੁਣ ਮੈਂ ਇਸ ਗੀਤ ਨੂੰ ਡਾਇਰੀ ਵਿਚੋਂ ਪੜ੍ਹਕੇ ਕੰਬ ਜਾਂਦਾ ਹਾਂ। ਜਦੋਂ ਮੈਂ ਇਹ ਗੀਤ ਲਿਖਿਆ ਉਦੋਂ ਮੇਰੀ ਕੀ ਮਾਨਸਿਕ ਦਸ਼ਾ ਹੋਵੇਗੀ? ਤੇ ਮੈਂ 'ਭਾਖੜਾ ਨਹਿਰ ਵਿਚ ਛਾਲ ਮਾਰਨ' ਦੇ ਵਿਚਾਰ ਨੂੰ ਸਿਰ ਤੇ ਚੁੱਕੀਂ ਕਿਵੇਂ ਜਿਉਂਦਾ ਹੋਵਾਂਗਾ। ਜਦ ਮੈਂ ਅਗਲੇ ਦਿਨਾਂ ਦੀ ਡਾਇਰੀ ਪੜ੍ਹਦਾ ਹਾਂ ਤਾਂ ਮੈਨੂੰ 'ਨਹਿਰ ਵਿਚ ਛਾਲ ਮਾਰਨ ਦਾ ਪ੍ਰੋਗਰਾਮ ਬਣਾਉਣ ਵਾਲੀ ਤੇ ਨਹਿਰ ਵਿਚ ਛਾਲ ਨਾ ਮਾਰ ਸਕਣ ਦੇ ਦੁੱਖ ਤੇ ਕਸ਼ਟ ਵਾਲੀਆਂ ਘਟਨਾਵਾਂ ਲਿਖੀਆਂ ਮਿਲਦੀਆਂ ਹਨ। ਜਿਨ੍ਹਾਂ ਨੂੰ ਪੜ੍ਹਕੇ ਮੇਰਾ ਦਿਲ ਦਹਿਲ ਜਾਂਦਾ ਹੈ।

ਉਦੋਂ ਕੁ ਜੇ ਮੈਨੂੰ ਜ਼ਿਲ੍ਹਾ ਸਿੱਖਿਆ ਅਫ਼ਸਰ ਰੋਪੜ ਦੇ ਦਫ਼ਤਰ ਵਿਚ ਕਲਰਕ ਦੀ ਨੌਕਰੀ ਮਿਲ ਗਈ ਸੀ। ਭਾਵੇਂ ਮੈਂ ਛੇ ਮਹੀਨੇ ਦੇ ਅਧਾਰ 'ਤੇ ਐਡਹਾਕ ਸਰਵਿਸ ਕਰਦਾ ਸਾਂ, ਪਰ ਮੈਂ ਡਾਇਰੀ ਪੜ੍ਹਕੇ ਹੈਰਾਨ ਹੁੰਦਾ ਹਾਂ ਕਿ ਉਦੋਂ ਦੀ ਲਿਖੀ ਡਾਇਰੀ ਅਨੁਸਾਰ ਵਿਵਹਾਰਕ ਜੀਵਨ 'ਤੇ 'ਗੀਤਾ ਦੇ ਕਰਮਯੋਗ' ਕਾਰਨ ਪੈਦਾ ਹੋਈ ਢਾਹੂ

ਮਾਨਸਿਕਤਾ ਦਾ ਅਸਰ ਨਹੀਂ ਸੀ।

ਅਜਿਹਾ ਦਫ਼ਤਰ ਵਿਚ ਵਾਪਰੀ ਇਕ ਘਟਨਾ ਤੋਂ ਵੀ ਪ੍ਰਗਟ ਹੁੰਦਾ ਹੈ। ਇਕ ਦਿਨ ਇਕ ਗੁਆਚੀ ਹੋਈ ਫਾਈਲ ਮੈਂ ਸਾਰਾ ਦਿਨ ਅਮਲਾ ਸ਼ਾਖਾ ਦੇ ਕਲਰਕਾਂ ਦੀਆਂ ਅਲਮਾਰੀਆਂ ਵਿਚੋਂ ਲੱਭਦਾ ਰਿਹਾ। ਸੁਪਰਡੰਟ, ਕੀਮਤ ਰਾਏ ਗੁਪਤਾ ਕਹਿੰਦਾ, "ਅੱਜ ਤਾਂ ਸਰਕਾਰ ਨੂੰ ਤੈਨੂੰ ਇਕ ਫਾਈਲ ਲੱਭਣ ਲਈ ਦਿਹਾੜੀ ਦੇਣੀ ਪਵੇਗੀ।" ਮੈਂ ਅਲਮਾਰੀ ਬੰਦ ਕਰਕੇ ਕਿਹਾ, "ਗੁਪਤਾ ਸਾਹਿਬ, ਦਿਹਾੜੀ ਤੁਸੀਂ ਪਲਿਓਂ ਦੇਣੀ ਏ?" ਮੈਂ ਦੇਖਦਾ ਰਹਿੰਦਾ ਸਾਂ, ਅਧਿਆਪਕਾਂ ਦੀਆਂ ਬਦਲੀਆਂ ਨਿਯੁਕਤੀਆਂ ਤੇ ਹੋਰ ਕੰਮ ਕਰਵਾਉਣ ਦੀਆਂ ਕਿੰਨੀਆਂ ਸੌਦੇ ਬਾਜੀਆਂ ਮੇਰੇ ਸਾਹਮਣੇ ਹੁੰਦੀਆਂ ਰਹਿੰਦੀਆਂ ਸਨ। ਮਾਸਟਰ ਕੇਡਰ ਦੀ ਅਸਾਮੀ ਤੇ ਨਿਯੁਕਤ ਹੋਣ ਤੋਂ ਪਹਿਲਾਂ ਦੀ ਦਫ਼ਤਰਾਂ ਤੇ ਸਕੂਲਾਂ ਵਿਚ ਕੀਤੀ ਕਲਰਕ ਦੀ ਨੌਕਰੀ ਮੈਂ ਰੋਹਬ-ਦਾਬ ਨਾਲ ਹੀ ਕੀਤੀ। ਨੀਵਾਂ ਨਾ ਹੋਣ ਦੀ ਆਦਤ ਕਰਕੇ ਮੈਨੂੰ ਕਈ ਵਾਰੀ ਸਮੱਸਿਆਵਾਂ ਦਾ ਸਾਹਮਣਾ ਵੀ ਕਰਨਾ ਪੈਂਦਾ ਰਿਹਾ।

ਮੇਰਾ ਸ਼ੁਰੂ ਤੋਂ ਹੀ ਅਜਿਹਾ ਸੁਭਾਅ ਬਣ ਗਿਆ ਸੀ। ਇਹ ਉਦੋਂ ਦੀ ਲਿਖੀ ਡਾਇਰੀ ਤੋਂ ਵੀ ਪ੍ਰਤੀਤ ਹੁੰਦਾ ਹੈ।

"ਯਾਰ ਤੂੰ ਸਮਝ ਲੈ, ਤੂੰ ਆਪਣੇ ਬਾਰੇ ਲੋਕਾਂ ਨਾਲੋਂ ਵੱਧ ਜਾਣਦਾ ਏਂ। ਸਮਝਦਾ ਏਂ। ਇਸ ਲਈ ਆਪਣੇ ਗੁਣਾਂ ਤੇ ਅਵਗੁਣਾਂ ਦਾ ਅੰਦਾਜ਼ਾ ਆਪ ਲਾਇਆ ਕਰ। ਮਤਲਬ ਕਿ ਜੇ ਤੈਨੂੰ ਲੋਕ ਚੰਗਾ ਕਹਿਣ ਜਾਂ ਤੇਰਾ ਮਾਣ ਕਰਨ, ਇਸਦਾ ਭਾਵ ਇਹ ਨਹੀਂ ਕਿ ਤੂੰ ਚੰਗਾ ਏਂ। ਜਦ ਕਿ ਆਪਣੇ ਚੰਗੇ ਜਾਂ ਮਾੜੇ ਹੋਣ ਬਾਰੇ ਤੂੰ ਖੁਦ ਭਲੀ ਭਾਂਤ ਜਾਣਦਾ ਏਂ।" ਡਾਇਰੀ 21/3/68)

'ਮਨ ਲਓ ਤੂੰ ਅਯੋਗ ਤਰੀਕੇ ਨਾਲ ਪੈਸੇ ਕਮਾਉਂਦਾ ਏਂ। ਤੇਰੇ ਦੋਸਤ, ਸੰਬੰਧੀ ਤੈਨੂੰ ਚੰਗਾ ਕਹਿਣਗੇ। ਇਸੇ ਤਰ੍ਹਾਂ ਜੇ ਤੂੰ ਦਫ਼ਤਰ ਦਾ ਕੰਮ ਨਾ ਕੀਤਾ, ਤੇ ਇਕ ਛੋਟਾ ਜਿਹਾ ਅਫ਼ਸਰ ਦਾ ਕੰਮ ਕਰ ਦਿੱਤਾ, ਅਫ਼ਸਰ ਖ਼ੁਸ਼ ਹੋ ਜਾਵੇਗਾ। ਪਰ ਕੀ ਤੂੰ ਇਹ ਚੰਗਾ ਕੀਤਾ? ਭਾਵ ਲੋਕਾਂ ਦੇ ਚੰਗਾ ਜਾ ਬੁਰਾ ਕਹਿਣ 'ਤੇ ਤੈਨੂੰ ਆਪਣੇ ਆਪ ਨੂੰ ਸਫ਼ਲ ਜਾਂ ਅਸਫ਼ਲ ਨਹੀਂ ਸਮਝਣਾ ਚਾਹੀਦਾ। ਤੂੰ ਆਪਣੇ ਬਾਰੇ ਲੋਕਾਂ ਨਾਲੋਂ ਵੱਧ ਜਾਣਦਾ ਏਂ।- ਡਾਇਰੀ

ਹੁਣ ਮੈਂ ਆਪਣੀ ਡਾਇਰੀ ਪੜ੍ਹਕੇ ਹੈਰਾਨ ਹੁੰਦਾ ਹਾਂ।

ਮਿਤੀ 10/3/68 ਨੂੰ ਆਪਣੇ ਕਰਮਾ ਦਾ ਫ਼ਲ ਕ੍ਰਿਸ਼ਨ ਅਰਪਣ ਕਰਕੇ, ਆਪਣੇ ਸਰੀਰ ਨੂੰ ਵੀ ਕ੍ਰਿਸ਼ਨ ਅਰਪਣ ਕਰਨਾ ਚਾਹੁੰਦਾ ਹਾਂ। ਮਿਤੀ 24/3/68 ਦੀ ਲਿਖੀ ਡਾਇਰੀ ਅਨੁਸਾਰ ਜੀਵਨ ਦੀ ਪ੍ਰਾਪਤੀ ਮਨੁੱਖ ਦੀ ਸਥਿਰਤਾ ਨੂੰ ਮੰਨਦਾ ਹਾਂ। ਕੰਮ ਹੀ ਪੂਜਾ ਹੈ ਤੇ ਕਿਸੇ ਦਾ ਦਿਲ ਨਾ ਦੁਖਾਉਣ ਦੇ ਅਸੂਲ ਅਨੁਸਾਰ ਜੀਵਨ ਜਿਉਂਦੇ ਜਾਣ ਨੂੰ ਹੀ ਪ੍ਰਾਪਤੀ ਮੰਨਦਾ ਹਾਂ।

ਹੁਣ ਮੈਨੂੰ ਮਰਨ ਮਰਨ ਕਰਦਿਆਂ ਜਾਪਦਾ ਹੈ ਜਿਵੇਂ ਮੇਰੇ ਮਰੇ ਹੋਏ ਵੱਡੇ ਭਰਾ ਰੂਪ ਦੀ ਸਿਆਣਿਆਂ ਦੇ ਕਥਨ ਅਨੁਸਾਰ ਆਤਮਾ ਮੇਰੇ ਵਿਚ ਪ੍ਰਵੇਸ਼ ਕਰ ਗਈ ਹੋਵੇ। ਤੇ ਇਹ ਜੀਵਨ ਨਾ ਜਿਉਣ ਤੇ ਜੀਵਨ ਜਿਉਣ ਦੀ ... ਰੂਪ ਤੇ ਸਰੂਪ ਦੀ ਆਪਸੀ ਟੱਕਰ ਹੋਵੇ। ਤੇ ਮੇਰਾ ਮਨ... ਜੀਵਨ ਨਾ ਜਿਉਣ ਤੇ ਜੀਵਨ ਜਿਉਣ ਦੀ ਆਪਸੀ ਟੱਕਰ ਲਈ ਉਹਨਾਂ ਦੋਹਾਂ ਲਈ ਯੁੱਧ ਦਾ ਮੈਦਾਨ ਹੋਵੇ। ਤੇ ਸਿਆਲਵੀ ਰੂਪ ਤੇ ਸਰੂਪ ਦੇ ਆਪਸੀ ਟੱਕਰਾ ਦਾ ਕਲਾਤਮਕ ਚਿਤਰਣ ਕਰੀ ਜਾ ਰਿਹਾ ਹੋਵੇ।

"ਕੋਈ ਸ਼ੌਕ ਨਹੀਂ ਸੀ, ਕੋਈ ਚਾਹ ਨਹੀਂ ਸੀ।

ਕੋਈ ਕੋਸ਼ਿਸ਼ ਵੀ ਨਹੀਂ ਸੀ ਚਾਹੁੰਦਾ ਵੀ ਨਹੀਂ ਸੀ।

ਅੱਜ ਫੇਰ ਕਾਂਤਾ ਗੁਪਤਾ, ਕੁੜੀ ਬਾਰੇ ਮੇਰੇ ਮਨ ਵਿਚ ਉਲਾਰ ਖਿਆਲ ਆਏ। ਤੇ ਮਨ ਵਿਚ ਉਠਦੀਆਂ ਤਰੰਗਾਂ ਨੂੰ ਕਿਨਾਰਾ ਮਿਲ ਗਿਆ।

(ਡਾਇਰੀ 27/3/68)

ਮੇਰੀ ਅਤੇ ਟਾਈਪਿਸਟ ਕਾਂਤਾ ਗੁਪਤਾ ਦੀ ਸੀਟ, ਡੀ.ਈ.ਓ. ਦਫ਼ਤਰ ਦੀ ਜਨਰਲ ਬ੍ਰਾਂਚ ਦੇ ਕਮਰੇ ਵਿਚ ਅਖੀਰ 'ਤੇ ਆਹਮੋ ਸਾਹਮਣੇ ਸੀ। ਗੁਪਤਾ ਦਾ ਰੰਗ ਰਤਾ ਸਾਂਵਲਾ ਨਕਸ਼ ਮੋਟੇ, ਕੱਦ ਦਰਮਿਆਨਾ ਸੀ। ਉਹ ਉਸਦੇ ਨਾਲ ਦੀਆਂ ਸੀਟਾਂ 'ਤੇ ਬਹਿੰਦੇ ਕਲਰਕਾਂ ਤੋਂ ਦੂਸਰੇ ਪਾਸੇ ਦੀ ਖੱਬੀ ਅੱਖ ਮੇਰੇ ਵੱਲ ਦੇਖਕੇ ਦੱਬਦੀ ਰਹਿੰਦੀ ਸੀ। ਇਕ ਦਿਨ ਉਹ ਆਪਣੀ ਲਿਖੀ ਡਾਇਰੀ ਮੈਨੂੰ ਦੇਣ ਲੱਗੀ। ਪਰ ਏਨੇ ਨੂੰ ਖਾਣਾ ਖਾ ਕੇ ਕਮਰੇ ਵਿਚ ਦਾਖਲ ਹੋਏ ਕਲਰਕਾਂ ਨੂੰ ਦੇਖਕੇ ਲੁਕੋ ਲਈ ਸੀ।

ਇਕ ਦਿਨ ਸ਼ਾਮ ਲਾਲ ਆਡੀਟਰ ਨੇ ਮੈਨੂੰ 'ਕੱਲੇ ਨੂੰ ਬੁਲਾਕੇ ਪੁੱਛਿਆ, "ਤੇਰਾ ਕਾਂਤਾ ਗੁਪਤਾ ਨਾਲ



ਵਿਆਹ ਕਰਵਾ ਦੇਵਾਂ।" ਉਦੋਂ ਕਲਰਕ ਤੇ ਜੇ. ਬੀ. ਟੀ. ਅਧਿਆਪਕ ਦਾ ਗਰੇਡ ਬਰਾਬਰ ਹੁੰਦਾ ਸੀ। ਇਸ ਲਈ ਕਈ ਸਕੂਲਾਂ ਦੀਆਂ ਮੁਖ ਅਧਿਆਪਕਾਵਾਂ ਨੇ, ਜੇ. ਬੀ. ਟੀ ਅਧਿਆਪਕਾਵਾਂ ਦੇ ਵਿਚ ਪੈ ਕੇ ਵਿਆਹ ਡੀ. ਈ. ਓ ਦਫਤਰ ਦੇ ਉਹਨਾਂ ਤੋਂ ਵੱਧ ਉਮਰ ਦੇ ਕਲਰਕਾਂ ਨਾਲ ਕਰਵਾ ਦਿਤੇ ਸਨ। ਫਿਰ ਮੈਂ ਤੇ ਕਾਂਤਾ ਗੁਪਤਾ ਤਾਂ ਦੋਵੇਂ ਕਲਰਕ ਦੀ ਅਸਾਮੀ ਤੇ ਕੰਮ ਕਰਦੇ ਸਾਂ। ਤੇ ਹਮ ਉਪਰ ਸਾਂ।

ਪਰ ਕਾਂਤਾ ਗੁਪਤਾ ਨਾਲ ਵਿਆਹ ਕਰਵਾਉਣ ਬਾਰੇ ਪੁੱਛਣ ਤੇ ਮੈਂ ਹੜ ਬੜਾ ਗਿਆ। ਮੇਰੇ ਕੋਲੋਂ ਸ਼ਾਮ ਲਾਲ ਆਡੀਟਰ ਨੂੰ ਕਹਿ ਹੋ ਗਿਆ, "ਮੈਂ ਅਜੇ ਵਿਆਹ ਨਹੀਂ ਕਰਵਾਉਣਾ।"

ਸ਼ਾਇਦ ਮੇਰੀਆਂ ਅੱਖਾਂ ਅੱਗੇ ਕਾਂਤਾ ਗੁਪਤਾ ਦੀ ਉੱਚੀ ਜਾਤ ਤੇ ਮੇਰਾ ਛੇ ਖਣਾਂ ਦੀ ਧੂੰਆਂਖੀ ਛੱਤ ਵਾਲਾ ਹਨੇਰਾ ਕੋਠਾ, ਜਿਸ ਦੇ ਅੱਗੇ ਢਾਈ ਖਣਾਂ ਦੇ ਵਰਾਂਡੇ ਵਿਚ ਇਕ ਪਾਸੇ ਚੁੱਲ੍ਹਾ ਤੇ ਦੂਸਰੇ ਪਾਸੇ ਘੜੇ, ਮਟਕੇ ਪਏ ਸਨ। ਘੁੰਮ ਗਿਆ ਹੋਵੇ। ਇਸ ਕੱਚੇ ਕੋਠੇ ਦਾ ਵਰਣਨ ਮੈਂ ਆਪਣੀ 'ਵਖਰੇਵਾਂ' ਕਹਾਣੀ ਵਿਚ ਕੀਤਾ ਹੈ।

ਉਸ ਦਿਨ ਗੁਪਤਾ ਟਾਈਪਿਸਟ ਛੁੱਟੀ ਤੇ ਸੀ। ਹੈੱਡ ਕਲਰਕ, ਰਾਮ ਪ੍ਰਕਾਸ਼ ਕਹਿਣ ਲੱਗਿਆ, "ਕਲ ਸਰੂਪ ਸਿੰਘ, ਕਾਂਤਾ ਗੁਪਤਾ ਦੇ ਸਾਹਮਣੇ ਪੈਂਟ ਦੀ ਜਿੱਪ ਖੋਲ੍ਹੀ ਬੈਠਾ ਸੀ।" ਸੁਣ ਕੇ ਮੇਰੇ ਤਾਂ ਹੋਸ਼ ਉਡ ਗਏ। ਸ਼ਾਮ ਲਾਲ ਆਡੀਟਰ ਨੇ ਝੱਟ ਕਿਹਾ, "ਓ ਇਹ ਮੁੰਡਾ ਨਹੀਂ ਇਹੋ ਜਿਹਾ।" ਅਲਖਧਾਰੀ ਲਾਲ ਸ਼ਰਮਾ ਤੇਜੀ ਨਾਲ ਬੋਲਿਆ, "ਇਹ ਤਾਂ ਸੋਹਣੀਆਂ ਸੋਹਣੀਆਂ ਮਾਸਟਰਨੀਆਂ ਵੱਲ ਅੱਖ ਚੁੱਕ ਕੇ ਨੀ ਦੇਖਦਾ, ਨੀਵੀਂ ਪਾਈ ਬੈਠਾ ਰਹਿੰਦਾ।"

ਭਾਵੇਂ ਮੇਰੀ ਡਾਇਰੀ ਵਿਚ ਸੁਹਣੀਆਂ ਕੁੜੀਆਂ ਐਕਟਰੈੱਸਾਂ ਦੀਆਂ ਫੋਟੋਆਂ ਰੱਖੀਆਂ ਹੋਈਆਂ ਸਨ। ਪਰ ਇਸਤਰੀ ਪ੍ਰਤੀ ਮੇਰੀ ਅਜਿਹੀ ਸੋਚ ਬਣ ਗਈ ਸੀ, ਇਸਤਰੀ ਮਨ-ਮੋਹਣੀ ਹੈ, ਛਲਾਵਾ ਹੈ। ਬਾਈ ਜੀ ਇਕ ਕਥਾ ਸੁਣਾਉਂਦੇ ਹੁੰਦੇ ਸਨ। ਜਦ ਦੇਵਤਿਆਂ ਤੇ ਦੈਂਤਾ ਨੇ, ਸ਼ੇਸ਼ ਨਾਗ ਦੀ ਨੇਤੀ ਬਣਾ ਕੇ ਸੁਮੇਰ ਪਰਬਤ ਨਾਲ ਸਮੁੰਦਰ ਰਿੜਕਿਆ ਤਾਂ ਉਸ ਵਿਚੋਂ ਹੋਰ ਵਸਤਾਂ ਦੇ ਨਾਲ ਅੰਮ੍ਰਿਤ ਵੀ ਨਿਕਲਿਆ। ਰਾਖ਼ਸ ਅੰਮ੍ਰਿਤ ਦਾ ਘੜਾ ਚੁੱਕ ਕੇ ਭੱਜ ਗਏ ਤੇ ਅੰਮ੍ਰਿਤ ਪੀਣ ਦੀ ਤਿਆਰੀ ਕਰਨ ਲੱਗੇ। ਵਿਸ਼ਨੂੰ ਭਗਵਾਨ ਨੇ ਸੋਚਿਆ ਕਿ ਜੇ ਦੈਂਤਾਂ ਨੇ ਅੰਮ੍ਰਿਤ ਪੀ ਲਿਆ ਤਾਂ ਉਹ ਅਮਰ ਹੋ ਜਾਣਗੇ ਤੇ ਦੇਵਤਿਆਂ ਤੋਂ ਸਵਰਗ ਖੋਹ ਲੈਣਗੇ। ਵਿਸ਼ਨੂੰ ਨੇ ਮੋਹਣੀ ਦਾ ਅਵਤਾਰ ਧਾਰਿਆ। ਉਸਦੇ ਮਹੀਨ ਵਸਤਰਾਂ ਵਿਚੋਂ ਉਹਦਾ ਅੰਗ ਅੰਗ ਝਾਤੀਆਂ ਮਾਰ ਰਿਹਾ ਸੀ। ਰਾਖ਼ਸ ਅੰਗ ਪ੍ਰਦਰਸ਼ਨ ਕਰ ਰਹੀ ਮੋਹਣੀ ਅਵਤਾਰ ਵੱਲ ਮੋਹਿਤ ਹੋ ਕੇ ਉਹਦਾ ਨ੍ਰਿਤ ਦੇਖਣ ਵਿਚ ਲੀਨ ਹੋ ਗਏ। ਤੇ ਮੋਹਣੀ ਔਰਤ ਬਣੇ ਵਿਸ਼ਨੂੰ ਨੇ ਅੰਮ੍ਰਿਤ ਦਾ ਘੜਾ ਚੁੱਕ ਕੇ ਦੇਵਤਿਆਂ ਨੂੰ ਲਿਆ ਫੜਾਇਆ। ਦੇਵਤੇ ਅੰਮ੍ਰਿਤ ਪੀ ਕੇ ਅਮਰ ਹੋ ਗਏ।

ਇਸਤਰੀ ਮਾਇਆ ਹੈ, ਮੋਹਣੀ ਹੈ, ਅਰਜਣ ਦੇਵ ਲੋਕ ਵਿਚ ਇੰਦਰ ਦੇਵ ਨੂੰ ਮਿਲਣ ਗਿਆ। ਤਾਂ ਦੇਵ ਲੋਕ ਦੀ ਅਤਿਅੰਤ ਸੁੰਦਰ ਅਪੱਸਰਾ, ਉਰਵਸ਼ੀ ਅਰਜਣ ਨੂੰ ਮੋਹਿਤ ਕਰ ਲਈ ਨੱਚਦੀ ਗਾਉਂਦੀ ਇਕਾਂਤ ਵਿਚ ਉਹਨੂੰ ਮਿਲਣ ਚਲੀ ਗਈ ਤੇ ਅਰਜਣ ਨੂੰ ਉਸ ਨਾਲ ਸਹਿਵਾਸ ਕਰਨ ਲਈ ਉਕਸਾਉਣ ਲੱਗੀ। ਪਰ ਅਰਜਣ ਨੇ ਉਸ ਨਾਲ ਸਹਿਵਾਸ ਨਹੀਂ ਕੀਤਾ, ਇਕ ਸਾਲ ਲਈ ਹੀਜੜਾ ਬਣਨ ਦਾ ਸ੍ਰਾਪ ਪ੍ਰਵਾਨ ਕਰ ਲਿਆ।

ਮੈਂ ਸੋਚਦਾ ਹਾਂ ਕਿ ਆਤਮ-ਹੱਤਿਆ ਕਰਨ ਦੇ ਵਿਚਾਰਾਂ ਦੇ ਨਾਲ ਇਸਤਰੀ ਖਿਚ ਦਾ ਮੇਰਾ 'ਚਾਕੂ ਵੀ ਖੁੰਢਾ ਈ ਏ' ਮੈਂ ਅਖ਼ਬਾਰਾਂ ਨੂੰ ਛੇਤੀ ਪੜ੍ਹਨ ਨਿਪਟਾਉਣ ਲਈ ਖੇਡਾਂ ਵਾਲਾ ਪੰਨਾ ਪਲਟਣ ਦੇ ਨਾਲ ਨਾਲ ਮਨੋਰੰਜਨ ਫਿਲਮਾਂ ਵਾਲਾ ਪੰਨਾ ਵੀ ਪਲਟਣ ਲੱਗਦਾ ਹਾਂ। ਪਰ ਫੇਰ ਸੁਚੇਤ ਹੁੰਦਿਆਂ ਸੋਚਦਾ ਹਾਂ ਕਿ ਖ਼ੂਬਸੂਰਤ ਇਸਤਰੀਆਂ ਨੂੰ ਦੇਖਣ ਤੇ ਮਨੋਰੰਜਨ ਖ਼ਬਰਾਂ ਪੜ੍ਹਕੇ ਤਾਜਾ ਦਮ ਹੁੰਦਿਆਂ ਵਧ ਸਮੇਂ ਤੱਕ ਪੜ੍ਹਿਆ ਜਾ ਸਕਦਾ ਹੈ। ਭਾਵ ਇਸਤਰੀਆਂ ਪ੍ਰਤੀ ਖਿੱਚ ਮਹਿਸੂਸ ਕਰਨ ਲਈ ਮੈਨੂੰ ਸੁਚੇਤ ਹੋਣਾ ਪੈਂਦਾ ਹੈ, ਨਹੀਂ ਤਾਂ ਮੈਂ ਅਵੇਸਲਾ ਹੋ ਜਾਂਦਾ ਹਾਂ।

ਪਰ ਰੀਟਾਇਰਮੈਂਟ ਦੇ ਨੇੜੇ ਪੁੱਜੇ ਹੈਡ ਕਲਰਕ ਰਾਮ ਪ੍ਰਕਾਸ਼ ਬਾਰੇ ਉਦੋਂ ਕਿਹਾ ਨਹੀਂ ਜਾ ਸਕਦਾ ਸੀ ਕਿ ਇਸਤਰੀਆਂ ਪ੍ਰਤੀ ਖਿਚ ਦਾ ਉਸਦਾ, 'ਚਾਕੂ ਖੁੰਢਾ ਏ' ਉਦੋਂ ਅੱਠਵੀਂ ਜਮਾਤ, ਮਿਡਲ ਦੀ ਪ੍ਰੀਖਿਆ, ਸਿੱਖਿਆ ਮਹਿਕਮੇ ਜ਼ਿਲ੍ਹਾ ਸਿੱਖਿਆ ਅਫ਼ਸਰ ਰਾਹੀਂ ਲਈ ਜਾਂਦੀ ਸੀ। ਅੱਠਵੀਂ ਦਾ ਨਤੀਜਾ ਤਿਆਰ ਕਰਨ ਵਾਲੀ 'ਪ੍ਰੀਖਿਆ ਸ਼ਾਖਾ ਦਾ ਬੰਦ ਕਮਰਾ, 'ਸੀਕਰੇਸੀ ਰੂਮ' ਬਣ ਜਾਂਦਾ ਸੀ। ਉਸ ਸਾਲ ਰਾਮ ਪ੍ਰਕਾਸ਼ ਹੈੱਡ ਕਲਰਕ ਪ੍ਰੀਖਿਆ ਸ਼ਾਖਾ ਦਾ ਮੁਖੀ ਸੀ ਤੇ ਉਹਨੇ ਕਾਂਤਾ ਗੁਪਤਾ ਦੀ ਬਦਲੀ ਜਨਰਲ ਬ੍ਰਾਂਚ ਤੋਂ ਆਪਣੇ ਕੋਲ 'ਪ੍ਰੀਖਿਆ

ਸ਼ਾਖਾ’ ਵਿਚ ਕਰਵਾ ਲਈ ਸੀ।

ਮੈਂ ਇਕ ਦਿਨ ਡੀ. ਈ. ਓ. ਸਾਹਿਬ ਮਿਸ ਸੀ. ਆਈ. ਸਿੰਘ ਦੇ ਦਫ਼ਤਰ ਕਿਸੇ ਫਾਈਲ ’ਤੇ ਸਾਈਨ ਕਰਵਾਉਣ ਲਈ ਗਿਆ ਸੀ। ਅੱਗੇ ਮਿਸ. ਸੀ. ਆਈ. ਸਿੰਘ ਹੈਡ ਕਲਰਕ, ਰਾਮ ਪ੍ਰਕਾਸ਼ ਨੂੰ ਡਾਂਟ ਰਹੀ ਸੀ। ਝਾੜਾਂ ਪਾ ਰਹੀ ਸੀ। “ਓਏ ਏ ਏ ਇਹ ਤੇਰੀਆਂ ਬੇਟੀਆਂ ਵਰਗੀ ਨੀ ਹੈਗੀ? ਕਰਾਂ ਤੈਨੂੰ ਹੁਣੇ ਸਸਪੈਂਡ?? ਮਾਰਾਂ ਤੇਰੇ ਛਿੱਤਰ??? ” ਰਾਮ ਪ੍ਰਕਾਸ਼ ਉਹਦੇ ਪੈਰੀਂ ਹੱਥ ਲਾਉਂਦਾ ਗਿੜ ਗਿੜਾ ਰਿਹਾ ਸੀ। ਕਾਂਤਾ ਗੁਪਤਾ ਡੁਸਕਦੀ ਹਟਕੋਰੇ ਭਰਦੀ ਰਾਮ ਪ੍ਰਕਾਸ਼ ਰਾਹੀਂ ਕੀਤੀ ਛੇੜ ਛਾੜ ਬਾਰੇ ਦੱਸ ਰਹੀ ਸੀ।

‘ਇਨਸਾਨ ਕੇਵਲ ਸਮੇਂ ਦੀ ਪੇਸ਼ਕਸ਼ ਹੈ, ਇਨਸਾਨ ਸਮਝਦਾਰ ਨਹੀਂ, ਮੂਰਖ ਨਹੀਂ, ਗੱਲ ਕੀ ਕੁੱਝ ਵੀ ਨਹੀਂ। ਬੱਸ ਇਨਸਾਨ ਉਹੀ ਹੈ, ਜਿਵੇਂ ਸਮਾਂ ਉਸਨੂੰ ਪੇਸ਼ ਕਰਦਾ ਹੈ। ਸਮਾਂ ਉਹਨੂੰ ਕਦੇ ਸਮਝਦਾਰ, ਕਦੇ ਮੂਰਖ ਬਣਾ ਕੇ ਪੇਸ਼ ਕਰਦਾ ਹੈ। ਜਦ ਸਮਾਂ ਉਹਨੂੰ ਸਮਝਦਾਰ ਬਣਾ ਕੇ ਪੇਸ਼ ਕਰਦਾ ਹੈ, ਉਹ ਖੁਸ਼ ਤੇ ਜਦ ਮੂਰਖ ਬਣਾ ਕੇ ਪੇਸ਼ ਕਰਦਾ ਹੈ, ਉਹ ਦੁਖੀ ਹੋ ਜਾਂਦਾ ਹੈ।” (ਡਾਇਰੀ 29/3/68)

ਭਵਿੱਖ ਦਾ ਅੰਦਾਜ਼ਾ ਨਹੀਂ ਲਗਾਇਆ ਜਾ ਸਕਦਾ ਆਉਣ ਵਾਲੇ ਸਮੇਂ ਵਿਚ ਹਵਾ ਪਤਾ ਨਹੀਂ ਕਿਧਰ ਦੀ ਚੱਲ ਜਾਵੇ। ਦੇਖੀ ਜਾਵੇਗੀ ਸਮਾਂ ਮੈਨੂੰ ਕਿਵੇਂ ਪੇਸ਼ ਕਰਦਾ ਹੈ।” (ਡਾਇਰੀ 4/4/68)

‘ਅੱਜ ਬਹੁਤ ਦਿਨਾਂ ਤੋਂ ਬਾਅਦ ਮਾਮੂਲੀ ਜਿਹਾ ਮਨ ਸਥਿਰ ਹੋਇਆ ਹੈ। ਮੈਂ ਪ੍ਰਾਰਥਨਾ ਕੀਤੀ।”

‘ਮੈਂ ਏਨਾ ਅਪ ਸੈੱਟ ਹੋ ਗਿਆ ਹਾਂ, ਹੋਰ ਤਾਂ ਹੋਰ ਡਾਇਰੀ ਲਿਖਣੀ ਵੀ ਮੁਸ਼ਕਲ ਹੋ ਗਈ ਹੈ। ਭਾਵੇਂ ਮੈਂ ਚਾਰ ਕੁ ਵਜੇ ਐਤਵਾਰ ਨੂੰ ਜਾਣ ਲਈ ਤਿਆਰ ਹੋ ਰਿਹਾ ਹਾਂ। ਪਰ ਹੋਣਾਂ ਅਜੇ ਪਤਾ ਨਹੀਂ ਕੀ ਹੈ?

ਅੱਛਾ ਜੋ ਉਹਨੂੰ ਮਨਜ਼ੂਰ। ਸਾਇਦ ਮੇਰੇ ਵਲੋਂ ਇਹ ਆਖਰੀ ਦਿਨ ਦੀ ਡਾਈਰੀ ਹੋਵੇ।’ (ਡਾਇਰੀ7/4/68)

ਮੈਂ ਰੋਪੜ ਦਾ ਨੰਗਲ ਚੌਂਕ ਪਾਰ ਕਰਕੇ ਨਹਿਰ ਦੀ ਪਟੜੀ ਚੜ੍ਹ ਗਿਆ ਸਾਂ। ਪੁਲ ਕੋਲ ਪੁੱਜਿਆ। ਮੈਂ ਦੇਖਿਆ ਉਥੇ ਪਾਣੀ ਉਚੇ ਥਾਂ ਤੋਂ ਡਿਗਕੇ ਘੁੰਮਣ ਘੇਰੀ , ਕੌਤੂਹਲ ਮਚਾ ਰਿਹਾ ਸੀ। ਇਹੀ ਘੁੰਮਣਘੇਰੀ ਇਹੀ ਕੌਤੂਹਲ ਤਾਂ ਮੇਰੇ ਮਨ ਵਿਚ ਸੀ। ਜਿਸ ਤੋਂ ਮੈਂ ਛੁਟਕਾਰਾ ਪਾਉਣਾ ਚਾਹੁੰਦਾ ਸੀ। ਜੇ ਮੈਂ ਸ਼ਾਂਤ ਨਹਿਰ ਤੇ ਜਾਂਦਾ ਮਨ ਦੀ ਸ਼ਾਂਤੀ ਲਈ ਸ਼ਾਇਦ ਛਾਲ ਮਾਰ ਦਿੰਦਾ।

ਇਸ ਤੋਂ ਅਗਲੇ ਦਿਨਾਂ ਦੀ ਡਾਇਰੀ ਛਾਲ ਨਾ ਮਾਰ ਸਕਣ ਦੇ ਦੁੱਖ ਦਰਦ ਨਾਲ ਭਰੀ ਪਈ ਹੈ।

ਹੁਣ ਵੀ ਕਿਸੇ ਕੰਮ ਗਿਆ। ਜਦ ਮੈਂ ਨੰਗਲ ਚੌਂਕ ਪਾਰ ਕਰਕੇ ਭਾਖੜਾ ਨਹਿਰ ਦਾ ਪੁਲ ਪਾਰ ਕਰਨ ਲਗਦਾ ਹਾਂ ਤਾਂ ਮਿਤੀ 7-4-68 ਦੀ ਡਾਇਰੀ ਲਿਖਣ ਘਰੋਂ ਤੁਰਨ ਦੀਆਂ ਘਟਨਾਵਾਂ ਮੇਰੀਆਂ ਅੱਖਾਂ ਅੱਗੇ ਘੁੰਮ ਜਾਂਦੀਆਂ ਹਨ। ਤੇ ਮੈਂ ਜੀਵਨ ਵਿਚ ਵਾਪਰੀਆਂ ਲੰਮੇ ਸਮੇਂ ਲਈ ਡਿਪਰੈਸ਼ਨ ਵਿਚ ਰਹਿਣ ਦੀਆਂ ਵਿਸ਼ੇਸ਼ ਘਟਨਾਵਾਂ ’ਤੇ ਨਜ਼ਰ ਮਾਰਦਿਆਂ ਆਪਣੇ ਆਪ ਨੂੰ ਪੁੱਛਦਾ ਹਾਂ ਕਿ ਤੇਰੀ ਸੋਚ ਸਮਝ ਦਾ ‘ਚਾਕੂ ਖੁੰਢਾ ਈ ਰਿਹਾ’ ਤਾਂ ਹੀ ਫਿਰਦਾ ਏਂ ਜੇ ‘ਚਾਕੂ ਖੁੰਢਾ ਏ’ । ਮੋਬਾ. 98881-29977

## ‘ਕਹਾਣੀ ਧਾਰਾ’ ਬਾਰੇ ਜਾਣਕਾਰੀ

| | |
|---|---|
| 1. ਪ੍ਰਕਾਸ਼ਨ ਸਥਾਨ | ਪਿੰਡ ਧਰਮ ਪੁਰਾ, ਡਾਕ ਘਰ ਖਾਂਬਰਾ, ਜਿਲ੍ਹਾ ਜਲੰਧਰ |
| 2. ਪ੍ਰਕਾਸ਼ਨ ਕਾਲ | ਤ੍ਰੈ-ਮਾਸਿਕ |
| 3. ਛਾਪਕ, ਪ੍ਰਕਾਸ਼ਕ ਤੇ ਮਾਲਕ | ਸੁਖਵਿੰਦਰ |
| 4. ਕੌਮੀਅਤ | ਭਾਰਤੀ |
| 5. ਪਤਾ | ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ |
| 6. ਸੰਪਾਦਕ | ਭਗਵੰਤ ਰਸੂਲਪੁਰੀ |
| 7. ਕੌਮੀਅਤ | ਭਾਰਤੀ |
| 8. ਪਤਾ | ਪਿੰਡ ਧਰਮਪੁਰਾ, ਡਾਕ. ਖਾਂਬਰਾ, ਜਿਲ੍ਹਾ ਜਲੰਧਰ ਪੰਜਾਬ। |

ਮੈਂ ਸੁਖਵਿੰਦਰ ਐਲਾਨ ਕਰਦਾ ਹਾਂ ਕਿ ਉਪਰੋਕਤ ਵੇਰਵਾ ਮੇਰੇ ਗਿਆਨ ਤੇ ਵਿਸ਼ਵਾਸ਼ ਅਨੁਸਾਰ ਸਹੀ ਹੈ।

ਮਿਤੀ. 5 ਅਪ੍ਰੈਲ, 2012 ਦਸਤਖਤ

ਸੁਖਵਿੰਦਰ, ਪ੍ਰਕਾਸ਼ਕ



## ‘ਮੇਰੀਆਂ ਕਹਾਣੀਆਂ ’ਚ ਸਮਲਿੰਗੀ ਸੰਬੰਧਾਂ ਦੀ ਗੱਲ ਆਈ ਹੈ’ -ਮੇਜਰ ਮਾਂਗਟ

- ਡਾ: ਅੰਮ੍ਰਿਤਪਾਲ ਕੌਰ

**? ਸਭ ਤੋਂ ਪਹਿਲਾਂ ਆਪਣੇ ਪਰਿਵਾਰਕ ਪਿਛੋਕੜ ਬਾਰੇ ਦੱਸੋ?**

ਮੇਰਾ ਪਿੰਡ ਜ਼ਿਲਾ ਲੁਧਿਆਣਾ ਵਿੱਚ ‘ਕੁੱਬਾ’ਹੈ। ਅਸੀਂ ਤਿੰਨ ਭਰਾ ਹਾਂ ਤੇ ਮੈਂ ਸਭ ਤੋਂ ਵੱਡਾ ਹਾਂ। 1990 ਵਿੱਚ ਮੈਂ ਵਿਆਹ ਕਰਵਾ ਕੇ ਕੈਨੇਡਾ ਆ ਗਿਆ ਸੀ। ਮੇਰੀ ਪਤਨੀ ਦਾ ਨਾਂ ਰਸ਼ਪਿੰਦਰ ਹੈ ਅਤੇ ਤਿੰਨ ਬੱਚੇ ਹਨ। ਇੱਕ ਬੇਟਾ ਤੇ ਦੋ ਬੇਟੀਆਂ। ਮੇਰੇ ਦਾਦਾ ਜੀ ਸ: ਭਾਨ ਸਿੰਘ ਤੇ ਪਿਤਾ ਸ: ਸ਼ੇਰ ਸਿੰਘ ਆਰਮੀ ‘ਚ ਰਹੇ ਨੇ। ਤੇ ਬਾਅਦ ’ਚ ਖੇਤੀ ਤੇ ਬਾਗਬਾਨੀ ਵੀ ਕਰਦੇ ਸੀ। ਪਿਤਾ ਦਾ ਨਾਂ ਸ਼ੇਰ ਸਿੰਘ ਤੇ ਮਾਤਾ ਦਾ ਨਾਂ ਹਰਭਜਨ ਕੌਰ ਹੈ।

**? ਸਾਹਿਤਕ ਚਿਣਗ ਕਿਵੇਂ ਲੱਗੀ?**

ਸਾਡੇ ਘਰ ਵਿੱਚ ਮੇਰੇ ਤੋਂ ਪਹਿਲਾ ਮੇਰੇ ਤਾਇਆ ਜੀ ਸ਼ਾਇਰ ਸਨ, ਜਿਨ੍ਹਾਂ ਦਾ 1947 ਦੇ ਦੰਗਿਆਂ ਵੇਲੇ ਕਤਲ ਹੋ ਗਿਆ ਸੀ। ਉਨ੍ਹਾਂ ਦੀ ਇੱਕੋ ਇੱਕ ਪੁਸਤਕ ‘ਸਰਹੰਦ ਕੰਢੇ’ ਮੇਰੇ ਦਾਦਾ ਜੀ ਹਮੇਸ਼ਾਂ ਨਾਲ ਰੱਖਦੇ ਸਨ। ਘਰ ਵਿੱਚ ਸਾਹਿਤਕਾਰਾਂ ਦਾ ਵੀ ਆਉਣਾ ਜਾਣਾ ਸੀ। ਪੰਜ ਮਾਰਚ ਨੂੰ ਤਾਇਆ ਮੋਹਣ ਸਿੰਘ ਦੀ ਯਾਦ ਮਨਾਈ ਜਾਂਦੀ ਤੇ ਸਾਹਿਤਕ ਸਮਾਗਮ ਹੁੰਦਾ ਜਿਸ ਵਿੱਚ ਮੈਂ ਵੀ ਕੋਈ ਗੀਤ ਜਾਂ ਕਵਿਤਾ ਪੜ੍ਹਦਾ। ਘਰੇ ਪੁਸਤਕਾਂ ਪੜ੍ਹਨ ਦਾ ਰੁਝਾਨ ਵੀ ਸੀ। ਇਸ ਸਭ ਕਾਸੇ ਤੋਂ ਇਲਾਵਾ ਮੈਂ ਬੇਹੱਦ ਸੰਗਾਊ ਅਤੇ ਅੰਤਰਮੁਖੀ ਹੋਣ ਕਰਕੇ ਦਿਲ ਦੀਆਂ ਗੱਲਾਂ ਦਿਲ ‘ਚ ਹੀ ਰੱਖਦਾ ਰਹਿੰਦਾ। ਮੈਂ ਸੋਚਦਾ ਤਾਂ ਰਹਿੰਦਾ ਪਰ ਬੋਲਦਾ ਬਹੁਤ ਘੱਟ। ਫੇਰ ਮੇਰਾ ਇਹ ਹੀ ਅਣਕਿਹਾ ਰਚਨਾਵਾਂ ਦੇ ਰੂਪ ਵਿੱਚ ਬਾਹਰ ਆਉਣ ਲੱਗਿਆ।

**? ਪਰਦੇਸੀ ਧਰਤੀ ਤੇ ਆਉਣ ਦਾ ਸਬੱਬ ਕਿਵੇਂ ਬਣਿਆ?**

15 ਨਵੰਬਰ 1989 ਨੂੰ ਮੇਰਾ ਕੈਨੇਡਾ ਰਹਿੰਦੀ ਰਸ਼ਪਿੰਦਰ ਨਾਲ ਵਿਆਹ ਹੋ ਗਿਆ। ਉਸ ਨੇ ਮੈਨੂੰ ਸਪੌਂਸਰ ਕੀਤਾ ਤੇ ਮੈਂ ਪੱਕੇ ਤੌਰ ਮਈ 1990 ਵਿੱਚ ਕੈਨੇਡਾ ਪਹੁੰਚ ਗਿਆ।

**? ਸਾਹਿਤਕ ਕਿਰਤ ਲਈ ਕੀ ਵਿਸ਼ੇਸ਼ ਸਮੇਂ ਤੇ ਸਥਾਨ ਦੀ ਲੋੜ ਹੁੰਦੀ ਹੈ?**

- ਨਹੀਂ ਜੀ ਅਜਿਹੀ ਤਾਂ ਕੋਈ ਗੱਲ ਨਹੀਂ ਹੁੰਦੀ। ਹਾਂ ਇਹ ਜ਼ਰੂਰ ਹੈ ਕਿ ਲਿਖਣ ਲਈ ਤੁਹਾਡੇ ਕੋਲ ਸਮਾਂ ਹੋਵੇ। ਉਸ ਵਕਤ ਤੁਹਾਡਾ ਮਨ ਹੋਰ ਉਲਝਣਾਂ ਤੋਂ ਮੁਕਤ ਹੋਵੇ। ਅਜਿਹਾ ਕਰਨ ਲਈ ਸ਼ਾਂਤ ਮਾਹੌਲ ਵੀ ਹੋਣਾ ਚਾਹੀਦਾ ਹੈ। ਰੌਲੇ ਰੱਪੇ ਅਤੇ ਅਸ਼ਾਂਤ ਮਾਹੌਲ ਵਿੱਚ ਮਨ ਦੀ ਇਕਾਗਰਤਾ ਨਹੀਂ ਬਣਦੀ। ਬਾਕੀ ਜਗਾ ਤਾਂ ਕੋਈ ਵੀ ਹੋਵੇ, ਜਾਂ ਸਮਾਂ ਕੋਈ ਵੀ ਹੋਵੇ, ਇਸ ਨਾਲ ਕੋਈ ਫ਼ਰਕ ਨਹੀਂ ਪੈਂਦਾ। ਮੈਂ ਕੰਮ ਤੇ, ਬੱਸ ‘ਚ ਸਫਰ ਕਰਦਿਆਂ, ਸਵੇਰ ਨੂੰ ਅੱਧੀ ਰਾਤ ਨੂੰ ਕੰਪਿਊਟਰ ਤੇ, ਪੇਪਰ ਤੇ, ਕਿਸੇ ਵੀ ਮਾਹੌਲ ’ਚ ਲਿਖ ਸਕਦਾ ਹਾਂ ਬ ਸ਼ਰਤੇ ਕਿ ਸ਼ਾਂਤ ਮਾਹੌਲ ਹੋਵੇ, ਸਮਾਂ ਹੋਵੇ ਤੇ ਕਹਿਣ ਲਈ ਕੋਈ ਗੱਲ ਹੋਵੇ।

**? ਤੁਸੀ ਸਾਹਿਤ ਦੇ ਕਈ ( ਗੀਤ, ਕਹਾਣੀ, ਨਾਟਕ ) ਰੂਪਾਂ ਤੇ ਕਲਾ ਅਜ਼ਮਾਈ ਹੈ। ਕਿਸ ਵਿਧਾ ਰਾਹੀਂ ਤੁਸੀਂ ਵਧੇਰੇ ਸਤੁਸ਼ਟੀ ਮਹਿਸੂਸ ਕਰਦੇ ਹੋ?**

- ਮੈਂ ਸ਼ੁਰੂਆਤ ਗੀਤਾਂ ਤੋਂ ਕੀਤੀ ਫੇਰ ਕਵਿਤਾਵਾਂ ਤੇ ਗ਼ਜ਼ਲਾਂ ਵੀ ਲਿਖੀਆ। ਬਾਅਦ ਵਿੱਚ ਮੇਰਾ ਰੁਝਾਨ ਕਹਾਣੀ ਵਲ ਹੋ ਗਿਆ। ਇਸਦੇ ਨਾਲ ਨਾਲ ਮੈਂ ਵਾਰਤਕ ਵੀ ਲਿਖੀ। ‘ਸੱਚ ਦੀ ਆਵਾਜ਼’ ਤੇ ‘ਦਰਿਆ ਚੋਂ ਦਿਸਦਾ ਚੰਨ’ ਮੇਰੀਆਂ ਕਾਵਿ ਪੁਸਤਕਾਂ ਹਨ। ਇੱਕ ਮੁਲਾਕਾਤਾਂ ਦੀ ਪੁਸਤਕ ‘ਆਹਮਣੇ ਸਾਹਮਣੇ’ ਵੀ ਹੈ। ਕੁੱਝ ਕੁ ਨਾਟਕ ਵੀ ਲਿਖੇ ਹਨ ਜਿਨ੍ਹਾਂ ਦਾ ਮੰਚਨ ਵੀ ਹੁੰਦਾ ਰਿਹਾ ਹੈ। ਇਸ ਦੇ ਨਾਲ ਨਾਲ ਹੋਰ ਵਿਸ਼ਿਆਂ ਤੇ ਲੇਖ ਜਾਂ ਸਫ਼ਰਨਾਮੇ ਦੇ ਅੰਸ਼ ਵੀ ਛਪਦੇ ਰਹਿੰਦੇ ਹਨ। ਪਰ ਮੇਰੀ ਪਛਾਣ ਇੱਕ ਕਹਾਣੀਕਾਰ ਦੇ ਤੌਰ ਤੇ ਵਧੇਰੇ ਹੈ। ਹੁਣ ਮੈਂ ਇੱਕ ਨਾਵਲ ਤੇ ਵੀ ਹੱਥ ਅਜ਼ਮਾਈ ਕਰ ਰਿਹਾ ਹਾਂ ਪਰ ਮੈਨੂੰ ਮਹਿਸੂਸ ਇਹ ਹੀ ਹੁੰਦਾ ਹੈ ਕਿ ਮੇਰ ਮਨ ਦੀ ਸੰਤੁਸ਼ਟੀ ਇੱਕ ਚੰਗੀ ਕਹਾਣੀ ਲਿਖ ਕੇ ਹੀ ਹੁੰਦੀ ਹੈ।

**? ਸੁਲਗਦੇ ਰਿਸ਼ਤੇ ਅਤੇ ਪਛਤਾਵਾ ਤੁਸੀਂ ਦੋ ਫਿਲਮਾਂ ਦੀ ਸਕ੍ਰਿਪਟ ਵੀ ਲਿਖੀ ਹੈ ਕੀ ਇਹ ਸਾਹਿਤਕ ਸਿਰਜਣਾ ਨਾਲੋਂ ਵੱਖਰਾ ਧੁਰਾ ਨਹੀਂ ਹੈ?**

ਹਾਂ ਜੀ ਹੈ ਤਾਂ ਸਈ। ਦਰਅਸਲ ਮੈਂ ਤਿੰਨ ਫਿਲਮਾਂ ਦੀਆਂ ਸਕ੍ਰਿਪਟਾਂ ਲਿਖੀਆਂ ਨੇ ਤੀਸਰੀ ਫਿਲਮ ਸੀ 'ਦੌੜ'। ਇਹ ਹੈ ਤਾਂ ਸਾਹਿਤ ਨਾਲੋਂ ਵੱਖਰੀ ਵਿਧਾ, ਪਰ ਲੇਖਕ ਲਈ ਉਸ ਦੇ ਲਿਖਣ ਦਾ ਉਦੇਸ਼ ਤਾਂ ਉਹ ਹੀ ਹੁੰਦਾ ਹੈ। ਸਾਹਿਤ ਨਾਲੋਂ ਫਿਲਮ ਦਾ ਫਰਕ ਸਿਰਫ ਏਸ ਗੱਲ ਵਿੱਚ ਹੈ ਕਿ ਸਾਹਿਤਕ ਰਚਨਾ ਪੂਰਨ ਰੂਪ ਵਿੱਚ ਲੇਖਕ ਦੀ ਹੁੰਦੀ ਹੈ ਜਦ ਕਿ ਫਿਲਮ ਵਿੱਚ ਪ੍ਰੋਡਿਊਸਰ ਆਪਣੀ ਇੱਛਾ ਅਨੁਸਾਰ ਲਿਖਵਾਉਂਦਾ ਹੈ ਤੇ ਨਿਰਦੇਸ਼ਕ ਆਪਣੀ ਮਰਜ਼ੀ ਅਨੁਸਾਰ ਫੇਰ ਬਦਲ ਕਰਕੇ ਫਿਲਮਾਉਂਦਾ ਹੈ। ਅਦਾਕਾਰ ਵੀ ਆਪਣੀ ਬੌਡੀ ਲੈਂਗੂਏਜ਼ ਨਾਲ ਕਈ ਵਾਰ ਅਰਥਾਂ ਦਾ ਰੂਪ ਹੀ ਬਦਲ ਦਿੰਦੇ ਹਨ। ਸਕਰੀਨ ਤੱਕ ਪਹੁੰਚਦੀ ਲੇਖਕ ਦੀ ਲਿਖਤ ਆਪਣਾ ਕਾਫੀ ਰੂਪ ਬਦਲ ਚੁੱਕੀ ਹੁੰਦੀ ਹੈ। ਲੇਖਕ ਚਾਹੁੰਦਾ ਹੋਇਆ ਵੀ ਆਪਣੀ ਮੌਲਕਤਾ ਕਾਇਮ ਨਹੀਂ ਰੱਖ ਸਕਦਾ। ਇਸੇ ਕਰਕੇ ਇਹ ਸਹਿਤ ਨਾਲੋਂ ਵੱਖਰੀ ਗੱਲ ਹੈ।

**? ਪਰਵਾਸੀ ਪੰਜਾਬੀ ਬਜ਼ੁਰਗ ਜੋੜੇ ਜਿਹੜੇ ਆਪਣੇ ਧੀਆਂ ਪੁੱਤਰਾਂ ਕੋਲ ਰਹਿ ਰਹੇ ਹਨ, ਇਕੱਲਤਾ ਦਾ ਸੰਤਾਪ ਭੋਗਦੇ ਹਨ। ਉਨ੍ਹਾਂ ਬਾਰੇ ਤੁਹਾਡਾ ਕੀ ਵਿਚਾਰ ਹੈ? ਕੀ ਅਜਿਹੇ ਜੋੜਿਆਂ ਨੂੰ ਵਾਪਿਸ ਆਪਣੀ ਧਰਤੀ ਤੇ ਚਲੇ ਜਾਣਾ ਚਾਹੀਦਾ ਹੈ ਜਾਂ ਫਿਰ ਪਰਵਾਸ ਧਾਰਨ ਕਰਨਾ ਹੀ ਨਹੀਂ ਚਾਹੀਦਾ?**

-ਪਰਵਾਸ ਭੋਗ ਰਹੇ ਬਜ਼ੁਰਗ ਪਰਵਾਸੀ ਜੋੜੇ, ਆਪਣਾ ਸਾਰਾ ਜੀਵਨ ਆਪਣੀ ਧਰਤੀ ਤੇ ਵਿਹਾ ਚੁੱਕੇ ਹੁੰਦੇ ਨੇ। ਉਹ ਮਾਹੌਲ, ਪਹਿਨਣ ਖਾਣ ਪੀਣ ਉਨ੍ਹਾਂ ਦੇ ਧੁਰ ਅੰਦਰ ਤੱਕ ਲਹਿ ਚੁੱਕਾ ਹੁੰਦਾ ਹੈ। ਉਹ ਕਿਸੇ ਮਜ਼ਬੂਰੀ ਵਸ ਆਪਣੇ ਬੱਚਿਆਂ ਕੋਲ ਆ ਤਾਂ ਜਾਂਦੇ ਹਨ ਪਰ ਨਵੇਂ ਮਾਹੌਲ ਵਿੱਚ ਸਮਾਂ ਨਹੀਂ ਸਕਦੇ। ਜਦੋਂ ਉਹ ਆਪਣੀ ਭੂਮੀ ਦਾ ਉਦਰੇਵਾਂ ਭੋਗਦੇ ਹਨ, ਤਾਂ ਉਨ੍ਹਾਂ ਨੂੰ ਆਪਣੀ ਹੋਂਦ ਖੁਰਦੀ ਜਾਪਦੀ ਹੈ। ਉਹ ਪਰਿਵਾਰਕ ਮੁਖੀ ਹੋਣ ਦਾ ਤਾਜ਼ ਗੁਆ ਕੇ ਧੀਆਂ ਪੁੱਤਰਾਂ ਤੇ ਨਿਰਭਰ ਬਣੇ ਸਿਰਫ ਬੱਚੇ ਸੰਭਾਲਕ ਬਣ ਕੇ ਰਹਿ ਜਾਂਦੇ ਹਨ। ਏਥੋਂ ਤੱਕ ਕੇ ਇਸ ਮਾਨਸਿਕ ਪੀੜ ਪ੍ਰਤੀ ਕੋਈ ਸ਼ਿਕਵਾ ਵੀ ਨਹੀਂ ਕਰ ਸਕਦੇ। ਬੱਸ ਝੂਰਦੇ ਰਹਿੰਦੇ ਹਨ। ਉਹ ਪਰਿਵਾਰ ਤੋਂ ਬਿਨਾ ਵੀ ਨਹੀਂ ਰਹਿ ਸਕਦੇ ਤੇ ਆਪਣੀ ਮਿੱਟੀ ਤੋਂ ਬਿਨਾ ਵੀ ਨਹੀਂ। ਮੈਂ ਇਹ ਤਾਂ ਨਹੀਂ ਕਹਾਂਗਾ ਕਿ ਉਨ੍ਹਾਂ ਨੂੰ ਪਰਵਾਸ ਨਹੀਂ ਧਾਰਨ ਕਰਨਾ ਚਾਹੀਦਾ ਹਾਂ ਉਨ੍ਹਾਂ ਨੂੰ ਆਪਣੇ ਵਿਚਾਰਾਂ ਵਿੱਚ ਤਬਦੀਲੀ ਲਿਆਉਂਦੇ ਹੋਏ ਨਵੀਆਂ ਸਥਿਤੀਆਂ ਦਾ ਮੁਕਾਬਲਾ ਕਰਨਾ ਵੀ ਸਿੱਖਣਾ ਪਵੇਗਾ। ਉਧਰ ਬੱਚਿਆਂ ਨੂੰ ਵੀ ਉਨ੍ਹਾਂ ਦੀ ਮਾਨਸਿਕ ਸਥਿਤੀ ਸਮਝਦੇ ਹੋਏ ਉਨ੍ਹਾਂ ਵਾਪਿਸ ਧਰਤੀ ਤੇ ਵਾਰ ਵਾਰ ਭੇਜਦੇ ਰਹਿਣਾ ਚਾਹੀਦਾ ਹੈ ਤਾਂ ਕਿ ਉਹ ਆਪਣੀ ਮਿੱਟੀ ਦਾ ਉਦਰੇਵਾਂ ਮਹਿਸੂਸ ਨਾ ਕਰਨ। ਪਰਵਾਸ ਤਾਂ ਮਨੁੱਖ ਆਦਿ ਕਾਲ ਤੋਂ ਹੀ ਕਰਦਾ ਆਇਆ ਹੈ। ਪੰਜਾਬ ਦੀ ਧਰਤੀ ਤੇ ਵੀ ਕਦੇ ਆਰੀਅਨ ਕਬੀਲੇ ਇਸੇ ਤਰ੍ਹਾਂ ਹੀ ਆਏ ਸਨ। ਜੇਕਰ ਮਨੁੱਖ ਪਰਵਾਸ ਨਹੀਂ ਕਰੇਗਾ ਤਾਂ ਜੀਵਨ ਦੀ ਗਤੀ ਹੀ ਰੁਕ ਜਾਵੇਗੀ। ਜਦ ਕਿ ਗਤੀਸ਼ੀਲ ਰਹਿਣਾ ਹੀ ਕੁਦਰਤ ਦਾ ਨਿਯਮ ਹੈ।

**? ਪਰਵਾਸੀ ਪੰਜਾਬੀ ਦੰਪਤੀ ਜੋੜੇ ਤਿੜਕ ਰਹੇ ਹਨ, ਇਸ ਤਿੜਕਣ ਵਿੱਚ ਬੱਚਿਆਂ ਦਾ ਭਵਿੱਖ ਧੁਦਲਾ ਹੋ ਰਿਹਾ ਹੈ? ਰਿਸ਼ਤਿਆਂ ਦੇ ਤਿੜਕਣ ਨੂੰ ਕਿਵੇਂ ਠੱਲਿਆ ਜਾ ਸਕਦਾ ਹੈ?**

- ਸਮਾਜ ਵਿੱਚ ਰਹਿੰਦਿਆਂ ਵਿਆਹੁਤਾ ਜੀਵਨ ਬਹੁਤ ਹੀ ਮਹੱਤਵ ਪੂਰਨ ਹੈ। ਪਰ ਅਫ਼ਸੋਸ ਅਸੀਂ ਇਸਦਾ ਵੀ ਵਿਉਪਾਰੀਕਰਨ ਕਰ ਲਿਆ। ਜੇ ਰਿਸ਼ਤਾ ਕੈਨੇਡਾ ਵਾਲਾ ਮਿਲਦਾ ਹੋਵੇ ਤਾਂ ਉਮਰ , ਯੋਗਤਾ ਵਿਚਾਰਧਾਰਾ ਨੂੰ ਬਿਲਕੁੱਲ ਹੀ ਦੇਖਿਆ ਨਹੀਂ ਜਾਂਦਾ। ਮਕਸਦ ਤਾਂ ਸਿਰਫ ਕੈਨੇਡਾ ਨਿਕਲਣਾ ਹੁੰਦਾ ਹੈ। ਏਥੇ ਆਉਣ ਸਾਰ ਉਹ ਰਿਸ਼ਤੇ ਤਿੜਕ ਜਾਂਦੇ ਹਨ। ਦੂਸਰਾ ਕਾਰਨ ਹੈ ਔਰਤਾਂ ਦੀ ਆਜ਼ਾਦੀ। ਕਹਿਣ ਨੂੰ ਤਾਂ ਅਸੀਂ ਸਾਰੇ ਹੀ ਔਰਤਾਂ ਦੀ ਆਜ਼ਾਦੀ ਦੇ ਹੱਕ ਵਿੱਚ ਹਾਂ ਪਰ ਪ੍ਰੈਕਟੀਕਲੀ ਨਹੀਂ। ਕੈਨੇਡਾ ਵਿੱਚ ਔਰਤ ਮਰਦ ਦੇ ਬਰਾਬਰ ਕੰਮ ਕਰਦੀ ਹੈ, ਬੱਚੇ ਪਾਲਦੀ ਹੈ ਤੇ ਬਰਾਬਰ ਦੀ ਧਿਰ ਹੈ। ਪਰ ਜਦੋਂ ਉਹ ਬਰਾਬਰ ਦੇ ਹੱਕ ਮੰਗਦੀ ਹੈ ਤਾਂ ਫੇਰ ਲੜਾਈ ਸ਼ੁਰੂ ਹੋ ਕੇ ਕੁੱਟ ਮਾਰ ਤੱਕ ਤੇ ਪੁਲੀਸ ਤੱਕ ਹੁੰਦੀ ਹੋਈ ਤਲਾਕ ਤੱਕ ਜਾ ਪਹੁੰਚਦੀ ਹੈ। ਬੱਚੇ ਰੁਲ਼ ਜਾਂਦੇ ਹਨ। ਇਸਦਾ ਹੱਲ ਲਾਲਚ ਧੋਖੇ ਅਧੀਨ ਹੋ ਰਹੇ ਵਿਆਹਾਂ ਨੂੰ ਰੋਕਣਾ ਹੋਵੇਗਾ ਤੇ ਮਰਦਾ ਨੂੰ ਕੈਨੇਡਾ ਦਾ ਕਾਨੂੰਨ ਸਮਝਦੇ ਹੋਏ ਆਪਣੀ ਸੋਚ ਵੀ ਬਦਲਣੀ ਹੋਵੇਗੀ। ਇਸ ਵਿੱਚ ਮਾਪਿਆਂ ਨੂੰ ਆਪਣਾ ਫਰਜ਼ ਪਛਾਨਣਾ ਪਵੇਗਾ ਨਾ ਕਿ ਉਹ ਆਪਣੇ ਮੁੰਡੇ ਕੁੜੀਆਂ ਨੂੰ ਕੈਨੇਡਾ ਦੇ ਚੁਬਾਰੇ ਚੜ੍ਹਨ ਲਈ ਪੌੜੀਆਂ ਬਣਾ ਕੇ ਹੀ ਵਰਤਦੇ ਰਹਿਣ।

**? ਪਰਵਾਸ ਧਾਰਨ ਕਰ ਚੁੱਕੀ ਤੀਜੀ ਪੀੜ੍ਹੀ ( ਉਥੋਂ ਦੀ ਜੰਮਪਲ਼ ) ਅੰਤਰਰਾਸ਼ਟਰੀ ਵਿਆਹ ਸੰਬੰਧਾਂ ਨੂੰ ਤਰਜ਼ੀਹ ਦੇ ਰਹੀ ਹੈ? ਇਸ ਬਾਰੇ ਤੁਹਾਡਾ ਕੀ ਵਿਚਾਰ ਹੈ?**



ਮੈਨੂੰ ਤਾਂ ਇਸ ਵਿੱਚ ਕੋਈ ਮਾੜੀ ਗੱਲ ਨਹੀਂ ਜਾਪਦੀ। ਇਹ ਗਲੋਬਲਾਈਜੇਸ਼ਨ ਦਾ ਸਮਾਂ ਹੈ। ਤੁਸੀਂ ਮਨੁੱਖ ਨੂੰ ਜਾਤਾਂ ਪਾਤਾਂ ਧਰਮਾਂ ਦੇ ਜਾਂ ਦੇਸ਼ਾਂ ਦੇ ਆਧਾਰ ਤੇ ਵੰਡ ਕੇ ਨਹੀਂ ਦੇਖ ਸਕਦੇ। ਇਨਸਾਨ ਚੰਗੇ ਜਾਂ ਮਾੜੇ ਹੁੰਦੇ ਹਨ। ਦੂਸਰੀਆਂ ਕੌਮਾਂ ਵਿੱਚ ਵੀ ਵਥੇਰੇ ਚੰਗੇ ਇਨਸਾਨ ਹਨ। ਕੈਨੇਡਾ ਇੱਕ ਬਹੁਸਭਿਅਕ ਮੁਲਕ ਹੈ। ਇੱਕ ਕਲਾਸ ਵਿੱਚ ਪੂਰੇ ਸੰਸਾਰ ਨਾਲ ਸੰਬੰਧਤ ਕੌਮਾਂ ਦੇ ਵਿਦਿਆਰਥੀ ਹੁੰਦੇ ਹਨ ਜੇ ਤੁਹਾਡਾ ਬੱਚਾ ਕਿਸੇ ਸਾਥੀ ਨੂੰ ਬਹੁਤ ਪਸੰਦ ਕਰਦਾ ਹੈ, ਦੋਹਾਂ ਦੇ ਖਿਆਲ ਅਤੇ ਸ਼ੌਂਕ ਵੀ ਮਿਲਦੇ ਹਨ ਤਾਂ ਮਾਪਿਆਂ ਨੂੰ ਇਸ ਸ਼ਾਦੀ ਨੂੰ ਪ੍ਰਵਾਨ ਕਰ ਲੈਣਾ ਚਾਹੀਦਾ ਹੈ। ਏਹੋ ਆਉਣ ਵਾਲੇ ਸਮੇ ਦੀ ਮੰਗ ਹੈ। ਅਗਰ ਅਜਿਹਾ ਨਹੀਂ ਕਰਾਂਗੇ ਤਾਂ ਆਪਣੇ ਬੱਚੇ ਖੋਅ ਬੈਠਾਂਗੇ।

**? ਪਰਵਾਸੀ ਪੰਜਾਬੀ ਨਸਲੀ ਵਿਤਕਰੇ ਦਾ ਸ਼ਿਕਾਰ ਹਨ? ਤੁਹਾਡੀਆਂ ਕਈ ਕਹਾਣੀਆਂ ਇਸ ਸਮੱਸਿਆ ਵਲ ਇਸ਼ਾਰਾ ਕਰਦੀਆਂ ਹਨ? ਇਸ ਸਮੱਸਿਆ ਤੋਂ ਨਿਜ਼ਾਤ ਪਾਉਣ ਲਈ ਪ੍ਰਦੇਸੀ ਧਰਤੀ ਤੇ ਕੀ ਉਪਰਾਲੇ ਕੀਤੇ ਜਾ ਰਹੇ ਹਨ?**

ਡਾ: ਅਮ੍ਰਿਤਪਾਲ ਜੀ ਹੁਣ ਪਹਿਲਾਂ ਵਾਲੀਆਂ ਗੱਲਾਂ ਨਹੀਂ ਰਹੀਆਂ। ਨਸਲੀ ਵਿਤਕਰਾ ਜੇ ਹੈ ਵੀ ਤਾਂ ਹੁਣ ਬਹੁਤ ਲੁਕਵੇਂ ਰੂਪ ਵਿੱਚ ਹੈ। ਦਿਨੋ ਦਿਨ ਨਵੇਂ ਕਾਨੂੰਨ ਬਣ ਰਹੇ ਹਨ ਤੇ ਲੋਕ ਜਾਗ੍ਰਿਤ ਹੋ ਰਹੇ ਨੇ। ਜੇ ਫੇਰ ਵੀ ਕਿਤੇ ਅਜਿਹਾ ਹੋ ਜਾਵੇ ਤਾਂ ਲੇਬਰ ਕੋਰਟ ਹੈ ਤੇ ਦੂਸਰੀਆਂ ਅਦਾਲਤਾਂ ਹਨ। ਪਹਿਲਾਂ ਅਜਿਹਾ ਨਹੀਂ ਸੀ ਹੁੰਦਾ। ਪਰ ਹੁਣ ਤੁਸੀਂ ਪੰਜਾਬ ਵਿੱਚ ਦੇਖੋਂ ਜਿਨਾਂ ਨਸਲੀ ਵਿਤਕਰਾ ਏਥੇ ਹੈ ਦੁਨੀਆਂ 'ਚ ਹੋਰ ਕਿਤੇ ਨਹੀਂ। ਅਸੀਂ ਜਾਤਾਂ ਪਾਤਾਂ ਬਣਾ ਰੱਖੀਆਂ ਨੇ। ਨੀਵੀਂ ਜਾਤ ਨੂੰ ਬਰਾਬਰ ਤੱਕ ਨਹੀਂ ਬੈਠਣ ਦਿੰਦੇ। ਅੰਤਰ ਜਾਤੀ ਵਿਆਹ ਸ਼ਾਦੀ ਨਹੀਂ ਕਰ ਸਕਦੇ। ਸਾਡੇ ਤਾਂ ਅਜੇ ਫੇਰ ਮਿਹਨਤ ਮਜ਼ਦੂਰੀ ਕਰਨ ਗਏ ਲੋਕ ਮੈਂਬਰ ਪਾਰਲੀਮੈਂਟ ਜਾਂ ਪ੍ਰੀਮੀਅਰ ਬਣ ਜਾਂਦੇ ਹਨ ਪਰ ਬਿਹਾਰ ਤੋਂ ਮਜ਼ਦੂਰੀ ਕਰਨ ਆਇਆ ਭਈਆ ਪੰਜਾਬ ਦੇ ਪਿੰਡ ਦਾ ਅਜੇ ਵੀ ਸਰਪੰਚ ਨਹੀਂ ਬਣ ਸਕਦਾ। ਲੋਕਾਂ ਨੂੰ ਹੋਰ ਜਾਗ੍ਰਿਤ ਕਰਨ ਦੀ ਜ਼ਰੂਰਤ ਹੈ। ਅਸੀਂ ਸੰਘਰਸ਼ ਕਰਕੇ ਹੀ ਇਹ ਕਨੂੰਨ ਲਾਗੂ ਕਰਵਾਏ ਨੇ ਜੋ ਹਰ ਜਗਾ ਹੀ ਬਣਨੇ ਤੇ ਲਾਗੂ ਹੋਣੇ ਚਾਹੀਦੇ ਨੇ। ਅੱਜ ਅਸੀਂ ਵੀ ਉਨੇ ਹੀ ਕੈਨੇਡੀਅਨ ਹਾਂ ਜਿਨੇ ਦੂਸਰੇ ਗੋਰੇ ਲੋਕ। ਤੇ ਏਥੇ ਸਭ ਨੂੰ ਬਰਾਬਰ ਦੇ ਹੱਕ ਨੇ। ਜਿੱਥੇ ਅਜੇ ਵੀ ਕਿਤੇ ਫਰਕ ਹੈ ਤਾਂ ਉਹ ਹੱਕ ਅਸੀਂ ਸੰਘਰਸ਼ ਕਰਕੇ, ਲੈ ਕੇ ਰਹਾਂਗੇ।

**? ਪੀੜ੍ਹੀ ਪਾੜਾ ਭਾਵੇਂ ਹਰੇਕ ਸਮਾਜ-ਸੱਭਿਆਚਾਰ ਵਿੱਚ ਉਭਰਦਾ ਹੈ ਪਰੰਤੂ ਪਰਵਾਸੀ ਪੰਜਾਬੀ ਇਸ ਨੂੰ ਵੱਡੇ ਪੱਧਰ ਤੇ ਆਪਣੀ ਮਾਨਸਿਕਤਾ ਤੇ ਹੰਢਾ ਰਹੇ ਹਨ? ਇਹ ਪਾੜਾ ਦਿਨ-ਬ-ਦਿਨ ਵਧ ਰਿਹਾ ਹੈ। ਜੇਕਰ ਇਸ ਪੀੜ੍ਹੀ ਪਾੜੇ ਨੂੰ ਠੱਲ੍ਹ ਨਾ ਪਾਈ ਤਾਂ ਬਿਦੇਸ਼ਾਂ ਵਿੱਚ ਪੰਜਾਬੀ ਸੱਭਿਆਚਾਰ ਦੀ ਹੋਂਦ ਨੂੰ ਖਤਰਾ ਹੈ। ਇਸ ਖਤਰੇ ਤੋਂ ਬਚਣ ਲਈ ਕੀ ਉਪਰਾਲੇ ਕਰਨ ਦੀ ਲੋੜ ਹੈ?**

ਪੀੜ੍ਹੀ ਪਾੜਾ ਹੋਣਾ ਇੱਕ ਕੁਦਰਤੀ ਗੱਲ ਹੈ। ਪਿਤਾ ਪੁੱਤਰ ਦੀ ਸੋਚ ਵਿੱਚ ਹਮੇਸ਼ਾਂ ਫਰਕ ਬਣਿਆ ਰਹਿੰਦਾ ਹੈ। ਤੇ ਹਰ ਵੀਹ ਸਾਲ ਬਾਅਦ ਪੁਰਾਣੀ ਸੋਚ ਨੂੰ ਨਕਾਰਿਆ ਜਾਣ ਲੱਗ ਪੈਂਦਾ ਹੈ। ਇਹ ਮਨੁੱਖੀ ਸੋਚ ਦੇ ਵਿਕਾਸ ਦੀ ਨਿਸ਼ਾਨੀ ਵੀ ਹੈ। ਅਜਿਹਾ ਕੇਵਲ ਕੈਨੇਡਾ ਵਿੱਚ ਹੀ ਨਹੀਂ ਭਾਰਤ ਵਿੱਚ ਵੀ ਹੈ। ਕੈਨੇਡਾ ਵਿੱਚ ਜੋ ਸਮੱਸਿਆਂ ਹੈ ਪੀੜ੍ਹੀ ਪਾੜੇ ਨਾਲੋਂ ਵਧੇਰ ਸੱਭਿਆਚਾਰਕ ਟਕਰਾ ਦੀ ਹੈ। ਭਾਰਤ ਤੋਂ ਆਏ ਮਾਪੇ ਜਾਂ ਦਾਦੇ ਦਾਦੀਆਂ ਆਪਣਾ ਵਤਨੀ ਸੱਭਿਆਚਾਰ ਨਾਲ ਲੈ ਕੇ ਆਂਉਦੇ ਹਨ, ਪਰ ਏਥੇ ਜੰਮੀ ਪਲ਼ੀ ਤੇ ਪ੍ਰਵਾਨ ਚੜ੍ਹੀ ਪੀੜੀ ਜੋ ਕੇ ਕੈਨੇਡੀਅਨ ਹੈ ਪੱਛਮੀਂ ਸੱਭਿਆਚਾਰ ਨੂੰ ਹੀ ਆਪਣਾ ਸੱਭਿਆਚਾਰ ਸਮਝਦੀ ਹੈ ਇਸ ਨੂੰ ਓਸੇ ਰੂਪ ਵਿੱਚ ਅਪਨਾਉਣ ਲਈ ਤਿਆਰ ਨਹੀਂ। ਪਹਿਲੀ ਪੀੜ੍ਹੀ ਸਰੀਰਕ ਤੌਰ 'ਤੇ ਭਾਵੇਂ ਕੈਨੇਡਾ ਰਹਿੰਦੀ ਹੈ, ਸੁੱਖ ਸਹੂਲਤਾਂ ਵੀ ਏਥੋਂ ਦੀਆਂ ਮਾਣਦੀ ਹੈ ਪਰ ਸੋਚਦੀ ਹਮੇਸ਼ਾਂ ਭਾਰਤੀ ਸੱਭਿਆਚਾਰ ਅਨੁਸਾਰ ਹੀ ਹੈ। ਜਦੋਂ ਅਸੀਂ ਕਿਸੇ ਦੇਸ਼ ਦੀ ਨਾਗਰਿਕਤਾ ਛੱਡ ਕੇ ਕਿਸੇ ਦੂਸਰੇ ਮੁਲਕ ਨੂੰ ਅਪਣਾ ਲੈਂਦੇ ਹਾਂ ਤਾਂ ਇਹ ਕੁਦਰਤੀ ਹੈ ਕਿ ਤੀਸਰੀ ਪੀੜ੍ਹੀ ਤੱਕ ਪਹੁੰਚਦਿਆਂ ਅਸੀਂ ਸਭ ਕੁੱਝ ਗੁਆ ਕੇ, ਉਸ ਮੁਲਕ ਨੂੰ ਪੂਰਨ ਤੌਰ ਤੇ ਅਪਣਾ ਚੁੱਕੇ ਹੁੰਦੇ ਹਾਂ। ਇਹ ਪ੍ਰਕਿਰਿਆ ਕੁਦਰਤੀ ਹੈ ਇਸ ਨੂੰ ਰੋਕਿਆ ਨਹੀਂ ਜਾ ਸਕਦਾ । ਸਾਨੂੰ ਮੁਲਕ ਛੱਡਣ ਲੱਗਿਆਂ ਇਸ ਸਾਰੇ ਪੱਖ ਸੋਚਣੇ ਚਾਹੀਦੇ ਹਨ। ਬਾਕੀ ਮੈਂ ਮਹਿਸੂਸ ਕਰਦਾ ਹਾਂ ਕਿ ਪੰਜਾਬੀ ਸੱਭਿਆਚਾਰ ਨੂੰ ਕੈਨੇਡਾ ਨਾਲੋਂ ਵੱਧ ਅੱਜ ਕੱਲ ਪੰਜਾਬ ਵਿੱਚ ਵਧੇਰੇ ਖਤਰਾ ਹੈ।

ਜਿੱਥੇ ਪਹਿਰਾਵਾ, ਭਾਸ਼ਾ, ਕਦਰਾਂ ਕੀਮਤਾਂ ਸਾਰਾ ਕੁੱਝ ਤਾਂ ਹੀ ਗੁਆਚਦਾ ਜਾ ਰਿਹਾ ਹੈ। ਕੈਨੇਡਾ ਦੇ ਬੱਚੇ ਤਾਂ ਪੰਜਾਬੀ ਸਕੂਲਾਂ ਵਿੱਚ ਜਾ ਰਹੇ ਹਨ ਪਰ ਪੰਜਾਬੀਆਂ ਦੇ ਬੱਚੇ ਹੁਣ ਅੰਗਰੇਜ਼ੀ ਸਕੂਲਾਂ ਚ ਜਾਣ ਨੂੰ ਮਾਣ ਸਮਝਦੇ ਨੇ। ਇਸ ਸੰਬੰਧੀ ਸਾਨੂੰ ਬਹੁਤ ਸਾਰੇ ਉਪਰਾਲੇ ਕਰਨ ਦੀ ਜ਼ਰੂਰਤ ਹੈ।

**? ਤੁਹਾਡੀਆਂ ਕਹਾਣੀਆਂ ਵਿੱਚ ਲੈਸਬੀਅਨ ਸੰਬੰਧ ਵੀ ਦਿਖਾਈ ਦਿੰਦੇ ਹਨ? ਕੀ ਇਹ ਯੂਰਪੀਅਨ ਸੋਚ ਦੀ ਦੇਣ ਨਹੀਂ? ਕੀ ਇਹ ਸੰਸਕ੍ਰਿਤੀ ਦੇ ਖ਼ਿਲਾਫ਼ ਜਾਣ ਵਾਲੀ ਸੋਚ ਨਹੀਂ ਜਾਂ ਤੁਸੀਂ ਸੋਚਦੇ ਹੋ ਕਿ ਔਰਤ ਵਿਚਲਾ ਮਰਦ ਕਦੇ ਕਦੇ ਡੌਮੀਨੇਟਿੰਗ ਹੋ ਕੇ ਉੱਤਰ ਆਉਂਦਾ ਹੈ। ਮੈਨੂੰ ਤਾਂ ਅਜਿਹੇ ਸੰਬੰਧ ਹੀਣ ਭਾਵਨਾ ਨਾਲ ਜੁੜੇ ਪ੍ਰਤੀਤ ਹੁੰਦੇ ਹਨ।**

ਹਾਂ ਜੀ ਮੇਰੀਆਂ ਇੱਕ ਦੋ ਕਹਾਣੀਆਂ ਵਿੱਚ ਸਮਲਿੰਗੀ ਸੰਬੰਧਾਂ ਦੀ ਗੱਲ ਆਈ ਹੈ। ਸਾਹਿਤ ਸਮਾਜ ਦਾ ਸ਼ੀਸ਼ਾ ਹੁੰਦਾ ਹੈ ਲੇਖਕ ਨੇ ਉਹ ਤੱਥ ਵੀ ਉਭਾਰਨੇ ਹੁੰਦੇ ਨੇ ਜਿਨਾਂ ਕਰਕੇ ਇਹ ਗੈਰ-ਸਮਾਜਿਕ ਵਰਤਾਰਾ ਪੈਦਾ ਹੁੰਦਾ ਹੈ। ਇਹ ਪੱਛਮੀ ਸੋਚ ਦੀ ਦੇਣ ਨਹੀਂ ਬਲਕਿ ਭਾਰਤ ਵਿੱਚ ਵੀ ਸਮਲਿੰਗੀ ਰਿਸ਼ਤੇ ਪੈਦਾ ਹੁੰਦੇ ਰਹੇ ਨੇ ਪਰ ਅਸੀਂ ਪਰਵਾਨ ਨਹੀਂ ਕਰਦੇ ਤੇ ਇਹ ਲੁਕਵੇਂ ਰੂਪ ਵਿੱਚ ਹੀ ਰਹਿੰਦੇ ਨੇ। ਅਜਿਹਾ ਤਾਂ ਵੀ ਹੁੰਦਾ ਹੈ ਕਿ ਜਦੋਂ ਰੁੱਤ ਸਿਰ ਸਰੀਰਕ ਜ਼ਰੂਰਤ ਪੂਰੀ ਨਹੀਂ ਹੁੰਦੀ ਜਾਂ ਮਰਦ ਔਰਤ ਵਿਆਹ ਸੰਬੰਧ ਏਸ ਪੱਧਰ ਤੱਕ ਨਿੱਘਰ ਜਾਣ ਕਿ ਵਿਰੋਧੀ ਲਿੰਗ ਤੋਂ ਹੀ ਭੈਅ ਆਉਣ ਲੱਗ ਜਾਵੇ। ਬਾਕੀ ਡਾਕਟਰੀ ਕਥਨ ਅਨੁਸਾਰ ਇਹ ਤੁਹਾਡੇ ਹਾਰਮੋਨਜ਼ ਵਿੱਚ ਵਿਗਾੜ ਪੈਦਾ ਹੋਣ ਨਾਲ ਵੀ ਹੁੰਦਾ ਹੈ। ਸਾਡੇ ਟੋਰਾਂਟੋ ਵਿੱਚ ਗੇਅ ਲੈਸਬੀਅਨ ਪਰੇਡਾਂ ਵਿੱਚ ਅਜਿਹੇ ਲੱਖਾਂ ਜੋੜੇ ਹਰ ਸਾਲ ਸਾਮਲ ਹੁੰਦੇ ਹਨ। ਤੇ ਇਹ ਗਿਣਤੀ ਵਧਦੀ ਹੀ ਜਾ ਰਹੀ ਹੈ। ਸਰਕਾਰ ਨੂੰ ਸਮਲਿੰਗੀ ਜੋੜਿਆਂ ਨੂੰ ਕਾਨੂੰਨੀ ਵਿਆਹ ਦਾ ਹੱਕ ਵੀ ਦੇਣਾ ਪਿਆ। ਹੁਣ ਇਹਨਾਂ ਕੋਲ ਦੰਪਤੀ ਜੋੜਿਆਂ ਵਾਂਗ ਸਾਰੇ ਅਧਿਕਾਰ ਹੀ ਹਨ। ਇਹ ਮਹਾਂਮਾਰੀ ਕਦੇ ਭਾਰਤ ਵਿੱਚ ਵੀ ਫੈਲ ਸਕਦੀ ਹੈ। ਇੱਕ ਲੇਖਕ ਹੋਣ ਦੇ ਨਾਤੇ ਸਾਡਾ ਫਰਜ਼ ਹੈ ਕਿ ਉਨ੍ਹਾਂ ਵਰਤਾਰਿਆਂ ਨੂੰ ਉਭਾਰੀਏ ਜਿਨਾਂ ਕਰਕੇ ਇਹ ਹਾਲਾਤ ਪੈਦਾ ਹੋ ਰਹੇ ਨੇ ਕੀ ਸਾਡੀ ਵਿਆਹ ਸੰਸਥਾ ਫੇਲ ਹੋ ਚੁੱਕੀ ਹੈ? ਅਜਿਹੇ ਲੋਕਾਂ ਵਿੱਚ ਭਾਵੇਂ ਹੀਣ ਭਾਵਨਾ ਹੀ ਹੋਵੇ ਪਰ ਉਨ੍ਹਾਂ ਦੀ ਮਾਨਸਿਕਤਾ ਨੂੰ ਜਾਨਣਾ ਵੀ ਬਹੁਤ ਜ਼ਰੂਰੀ ਹੈ। ਮੈਂ ਇਸ ਨੂੰ ਭਾਵੇਂ ਗੈਰ-ਕੁਦਰਤੀ ਵਰਤਾਰਾ ਸਮਝਦਾ ਹਾਂ ਪਰ ਜੇ ਡਾਕਟਰ ਕਿਸੇ ਬਿਮਾਰੀ ਨੂੰ ਹੱਥ ਹੀ ਨਾ ਪਾਵੇ ਤਾਂ ਉਸਦਾ ਇਲਾਜ਼ ਵੀ ਸੰਭਵ ਨਹੀਂ।

**? 'ਤਾਂਡਵ' ਕਹਾਣੀ ਤੁਹਾਡੀ ਕਹਾਣੀ ਕਲਾ ਦੀ ਸ਼ਿਖਰ ਆਖੀ ਜਾ ਸਕਦੀ ਹੈ। ਇਸ ਕਹਾਣੀ ਦੇ ਪਾਤਰਾਂ ਨੂੰ ਤੁਸੀਂ ਕਦੇ ਮਿਲੇ ਹੋਂ ਜਾਂ ਫਿਰ?**

ਤੁਹਾਡਾ ਧੰਨਵਾਦ ਅੰਮ੍ਰਿਤਪਾਲ ਜੀ ਕਿ ਤੁਸੀਂ 'ਤਾਂਡਵ' ਕਹਾਣੀ ਨੂੰ ਚੰਗੀ ਕਹਾਣੀ ਮੰਨਿਆ ਤੇ ਮੇਰੀ ਕਹਾਣੀ ਕਲਾ ਦੀ ਸ਼ਿਖਰ ਆਖਿਆ। ਇਹ ਮਾਨਸਿਕ ਗੁੰਝਲਾਂ ਦੀ ਕਹਾਣੀ ਹੈ। ਹਰ ਇਨਸਾਨ ਦੇ ਮਨ ਵਿੱਚ ਇੱਕ ਅਜਿਹਾ ਕੋਨਾ ਵੀ ਹੁੰਦਾ ਹੈ ਜੋ ਉਸ ਤੋਂ ਬਗੈਰ ਹੋਰ ਕੋਈ ਵੀ ਨਹੀਂ ਜਾਣਦਾ ਹੁੰਦਾ। ਪਰ ਲੇਖਕ ਜਦੋਂ ਇਨ੍ਹਾਂ ਪਾਤਰਾਂ ਨੂੰ ਮਿਲਦਾ ਤਾਂ ਅਜਿਹੀਆਂ ਵਿਰਲਾਂ ਵੀ ਲੱਭਦਾ ਹੈ ਜਿਨਾਂ ਰਾਹੀ ਉੱਤਰ ਕੇ ਪਾਤਰ ਦੇ ਮਨ ਦੀ ਉਸ ਅਵਸਥਾ ਨੂੰ ਜਾਣਿਆ ਜਾ ਸਕੇ। ਅਪਰਾਧੀ ਸਮਝੇ ਜਾਣ ਵਾਲੇ ਲੋਕਾਂ ਦੀ ਇਹ ਮਾਨਸਿਕਤਾ ਕਿਵੇਂ ਬਣਦੀ ਹੈ, ਇਸ ਮਨੋਵਿਗਿਆਨ ਨੂੰ ਪ੍ਰਗਟਾਉਣ ਲਈ ਉਨਾਂ ਪਾਤਰਾਂ ਨੂੰ ਮਿਲਣਾ ਤੇ ਧੁਰ ਅੰਦਰ ਸਮਝ ਕੇ ਫੇਰ ਉਸ ਗੱਲਬਾਤ ਨੂੰ ਕਲਾ ਜਾ ਜਾਮਾ ਪਹਿਨਾਉਣਾ ਹੁੰਦਾ ਹੈ। ਇਹ ਕਹਾਣੀ ਲਿਖਣ ਵੇਲੇ ਵੀ ਇਸੇ ਤਰ੍ਹਾਂ ਹੋਇਆ। ਜਿਸ ਵਿੱਚ ਯਥਾਰਥ, ਇੱਛਤ ਯਥਾਰਥ ਤੇ ਕਲਪਣਾ ਦਾ ਸੁਮੇਲ ਵੀ ਹੈ ਤਾਂ ਕਿ ਉਸ ਘਟਨਾ ਨੂੰ ਇੱਕ ਸਾਹਿਤਕ ਕਲਾ ਕ੍ਰਿਤੀ ਵਿੱਚ ਬਦਲਿਆ ਜਾ ਸਕੇ।

**? ਇੱਕ ਲੇਖਕ ਲਈ ਪਾਠਕ ਅਤੇ ਆਲੋਚਕ ਦਾ ਮਹੱਤਵ ਬਹੁਤ ਹੁੰਦਾ ਹੈ? ਤੁਸੀਂ ਇਸ ਬਾਰੇ ਕੀ ਕਹੋਂਗੇ?**

ਹਾਂ ਜੀ ਇਹ ਬਿਲਕੁੱਲ ਸੱਚ ਹੈ। ਪਾਠਕ ਹੀ ਇੱਕ ਲੇਖਕ ਨੂੰ ਬੁਲੰਦੀਆਂ ਤੇ ਪਹੰਚਾਂਦੇ ਹਨ ਤੇ ਜਦੋਂ ਉਹ ਚੰਗਾ ਨਹੀਂ ਲਿਖਦਾ ਤਾਂ ਅਰਸ਼ ਤੋਂ ਫਰਸ਼ ਤੇ ਵੀ ਉਤਾਰ ਦਿੰਦੇ ਹਨ। ਇੱਕ ਲੇਖਕ ਲਈ ਪਾਠਕਾਂ ਦੀ ਨਜ਼ਰ ਵਿੱਚ ਪ੍ਰਵਾਨ ਚੜਨਾ ਬਹੁਤ ਵੱਡੀ ਗੱਲ ਹੁੰਦੀ ਹੈ। ਅਸਲ ਵਿੱਚ ਲੇਖਕ ਲਿਖਦਾ ਵੀ ਆਪਣੇ ਪਾਠਕਾਂ ਲਈ ਹੀ ਹੁੰਦਾ ਹੈ। ਜਿੱਥੋਂ ਤੱਕ ਅਲੋਚਨਾ ਦਾ ਸੰਬੰਧ ਹੈ ਇਹ ਤਾਂ ਦੋ ਧਾਰੀ ਤਲਵਾਰ ਹੈ। ਕਈ



ਆਲੋਚਕਾਂ ਕੋਲ ਸ਼ਬਦ ਜਾਲ਼ ਤਾਂ ਹੁੰਦਾ ਹੀ ਹੈ ਜਿਸ ਨਾਲ ਗਧੇ ਨੂੰ ਘੋੜਾ ਤੇ ਘੋੜੇ ਨੂੰ ਗਧਾ ਬਣਾ ਕੇ ਵੀ ਪੇਸ਼ ਕੀਤਾ ਜਾਂਦਾ ਹੈ। ਨਿਰਪੱਖ ਆਲੋਚਨਾ ਜੋ ਰਚਨਾ ਨੂੰ ਮੁੱਖ ਰੱਖ ਕੇ, ਬਗੈਰ ਕਿਸੇ ਗੁੱਟਬੰਦੀ ਦਾ ਖਿਆਲ ਰੱਖਿਆ ਕੀਤੀ ਜਾਵੇ, ਜਿਸ ਦਾ ਮਕਸਦ ਲੇਖਕ ਨੂੰ ਲਿਖਣੋ ਹਟਾਉਣ ਦੀ ਬਜਾਏ ਚੰਗਾ ਲਿਖਣ ਵਲ ਪ੍ਰੇਰਤ ਕਰਨਾ ਹੋਵੇ, ਉਸ ਦੀ ਵਾਕਿਆ ਹੀ ਬਹੁਤ ਮਹੱਤਤਾ ਹੈ।


**? ਕੀ ਤੁਸੀਂ ਆਪਣੀਆਂ ਰਚਨਾਵਾਂ ਸੰਬੰਧੀ ਆਲੋਚਨਾਂ ਤੋਂ ਸਤੁੰਸ਼ਟ ਹੋ?**

ਨਹੀਂ ਜੀ ਬਿਲਕੁੱਲ ਨਹੀਂ। ਮੁੱਖ ਧਾਰਾ ਦੇ ਕਿਸੇ ਵੀ ਆਲੋਚਕ ਨੇ ਸ਼ਾਇਦ ਹੀ ਮੇਰੇ ਸਾਰੇ ਕਹਾਣੀ ਸੰਗ੍ਰਹਿ ਪੜ੍ਹੇ ਹੋਣ। ਬਹੁਤਿਆਂ ਨੇ ਤਾਂ ਮੈਨੂੰ ਬਿਲਕੁੱਲ ਨਹੀਂ ਪੜ੍ਹਿਆ। ਉਹ ਜਦੋਂ ਪਰਵਾਸੀ ਕਹਾਣੀ ਦੀ ਗੱਲ ਕਰਦੇ ਹਨ ਤਾਂ ਮੈਗਜ਼ੀਨਾਂ ਵਿੱਚ ਛਪੇ ਆਰਟੀਕਲ ਪੜ੍ਹ ਕੇ ਚਾਰ ਪੰਜ ਨਾਵਾਂ ਨੂੰ ਹੀ ਰਿਪੀਟ ਕਰਦੇ ਰਹਿੰਦੇ ਹਨ, ਹਾਂ ਕਦੇ ਕਦੇ ਡਾ: ਬਲਦੇਵ ਧਾਲੀਵਾਲ ਜ਼ਰੂਰ ਕਿਸੇ ਪਰਚੇ 'ਚ ਛਪੀ ਕਹਾਣੀ ਦੀ ਗੱਲ ਇੱਕ ਅੱਧ ਸਤਰ ਵਿੱਚ ਜ਼ਰੂਰ ਕਰ ਦਿੰਦੇ ਹਨ। ਬਹੁਤੇ ਆਲੋਚਕਾਂ ਲਈ ਤਾਂ ਅਸੀਂ ਅਜੇ ਆਛੂਤ ਹੀ ਹਾਂ। ਸ਼ਾਇਦ ਉਹ ਸੋਚਦੇ ਨੇ ਕਿ ਬਾਹਰਲੇ ਬੰਦੇ ਡਾਲਰਾਂ ਪੌਂਡਾ ਦੇ ਜ਼ੋਰ ਨਾਲ ਹੀ ਛਪੇ ਹੋਣੇ ਨੇ ਕਾਹਨੂੰ ਪੜ੍ਹਨੇ ਨੇ। ਜਾਂ ਉਹ ਸ਼ਾਇਦ ਸਿਰਫ ਉਨ੍ਹਾਂ ਲੋਕਾਂ ਦਾ ਹੀ ਜ਼ਿਕਰ ਕਰਦੇ ਹੋਣ ਜਿਨਾਂ ਦੀ ਆਲੋਚਕਾਂ ਤੱਕ ਪਹੁੰਚ ਹੈ। ਜਾਂ ਹੋ ਸਕਦਾ ਹੈ ਮੇਰੀਆਂ ਕਹਾਣੀਆ ਉਨ੍ਹਾਂ ਦੇ ਪੜ੍ਹਨ ਯੋਗ ਹੀ ਨਾ ਹੋਣ। ਕੋਈ ਤਾਂ ਕਾਰਨ ਹੋਵੇਗਾ ਹੀ ਜਿਸ ਕਰਕੇ ਮੇਰੇ ਕੀਤੇ ਹੋਏ ਕੰਮ ਨੂੰ ਅੱਖੋਂ ਪਰੋਖੇ ਕੀਤਾ ਜਾਂਦਾ ਰਿਹਾ ਹੈ।

**? ਪੰਜਾਬੀ ਪਾਠਕਾਂ ਲਈ ਕੋਈ ਸਨੇਹਾ?**

ਮੈਨੂੰ ਆਲੋਚਕਾਂ ਦੀ ਕੋਈ ਬਹੁਤੀ ਪਰਵਾਹ ਨਹੀਂ। ਪਰ ਪਾਠਕਾਂ ਵਲੋਂ ਮੈਨੂੰ ਭਰਪੂਰ ਹੁੰਗਾਰਾ ਅਤੇ ਪਿਆਰ ਮਿਲਿਆ ਹੈ। ਹਰ ਰੋਜ਼ ਉਨ੍ਹਾਂ ਦੀਆਂ ਰਾਵਾਂ ਤੇ ਚਿੱਠੀਆਂ ਮਿਲਦੀਆਂ ਹਨ। ਆਪਣੇ ਇਨ੍ਹਾਂ ਸਧਾਰਨ ਲੋਕਾਂ ਲਈ ਹੀ ਤਾਂ ਮੈਂ ਲਿਖਦਾ ਹਾਂ। ਮੇਰਾ ਮਕਸਦ ਕੋਈ ਇਨਾਮ ਲੈਣਾ, ਸਿਲੇਬਸ ਵਿੱਚ ਲੱਗਣਾ, ਸ਼ੋਹਰਤ ਹਾਸਲ ਕਰਨਾ ਬਿਲਕੁੱਲ ਨਹੀਂ ਹੈ। ਜੋ ਲੇਖਕ ਜੁਗਾੜਬੰਦੀ ਕਰਕੇ ਸਭ ਕਾਸੇ ਲਈ ਤਰਲੋ ਮੱਛੀ ਹੁੰਦੇ ਨੇ ਜਾਂ ਪਾਠਕਾਂ ਨੂੰ ਪਿੱਛੇ ਰੱਖਕੇ ਅਲੋਚਕਾਂ, ਜਾਂ ਵੱਡੇ ਮਹਾਂਰਥੀਆਂ ਨੂੰ ਖੁਸ਼ ਕਰਨ ਲਈ ਹੀ ਲਿਖਦੇ ਨੇ ਉਨ੍ਹਾਂ ਨੂੰ ਪਛਾਨਣਾ ਚਾਹੀਦਾ ਹੈ। ਚੰਗਾ ਸਾਹਿਤ ਪੜ੍ਹ ਕੇ ਉਸਦੀ ਪ੍ਰਸੰਸਾਂ ਕਰਨੀ ਚਾਹੀਦੀ ਹੈ। ਘਟੀਆ ਲਿਖਣ ਵਾਲਿਆਂ ਨੂੰ ਨਕਾਰਨਾ ਚਾਹੀਦਾ ਹੈ। ਪਾਠਕਾਂ ਕੋਲ ਬਹੁਤ ਵੱਡੀ ਤਾਕਤ ਹੁੰਦੀ ਹੈ ਜੋ ਸਦੀਆਂ ਦਰ ਸਦੀਆਂ ਕਿਸੇ ਲੇਖਕ ਨੂੰ ਜਿੰਦਾ ਰੱਖ ਸਕਦੇ ਹਨ। ਮੋਬਾ. 99140-42638

ਸੁੰਦਰ ਬੁੱਕ ਡਿਪੋ, ਜਲੰਧਰ ਦੀਆਂ ਨਵੀਆਂ ਛਪੀਆਂ ਪੁਸਤਕਾਂ





ਮੁੱਲ 150 150 150 100

ਸਾਡੀਆਂ ਛਪੀਆਂ ਪੁਸਤਕਾਂ ਅਤੇ ਹੋਰ ਪੁਸਤਕ ਖਰੀਦਣ ਲਈ ਸੰਪਰਕ ਕਰੋ

ਸੁੰਦਰ ਬੁੱਕ ਡਿਪੋ, ਮਾਈ ਹੀਰਾ ਗੇਟ, ਜਲੰਧਰ, ਫੋਨ 0181-2213184

# ਨੋ ਮੈਨਸ ਲੈਂਡ ਸਆਦਤ ਹਸਨ ਮੰਟੋ/ ਡਾ. ਜਸਵਿੰਦਰ ਕੌਰ ਬਿੰਦਰਾ



ਲੰਮਾ ਪਤਲਾ ਕਦ, ਇਕਹਿਰਾ ਸਰੀਰ, ਚੌੜਾ ਮੱਥਾ, ਅੱਖਾਂ 'ਤੇ ਐਨਕ, ਚਿਹਰੇ ਉਤੇ ਕੁਝ ਉਦਾਸੀ, ਕੁਝ ਮਾਯੂਸੀ ਵੀ...।ਕੁਝ ਇਸ ਤਰ੍ਹਾਂ ਦੀ ਹੀ ਤਸਵੀਰ ਨਜ਼ਰ ਆਉਂਦੀ ਹੈ, ਜਦੋਂ ਵੀ ਮੰਟੋ ਦੀ ਕੋਈ ਕਿਤਾਬ ਹੱਥ ਲੱਗੇ।

ਸਾਹਿਤ ਨਾਲ ਕਿਸੇ ਵੀ ਤਰ੍ਹਾਂ ਦੇ ਸੰਬੰਧ ਰੱਖਣ ਵਾਲੇ ਸਾਰੇ ਪਾਠਕਾਂ, ਅਦੀਬਾਂ, ਆਲੋਚਕਾਂ ਸਮੀਖਿਕਾਂ ਲਈ ਮੰਟੋ ਦਾ ਨਾਂ ਅਨਜਾਣਾ ਨਹੀਂ।ਸੱਚ ਤਾਂ ਇਹ ਹੈ ਕਿ ਜਿਸ ਨੇ ਇਕ ਵਾਰ ਵੀ ਮੰਟੋ ਦੀ ਕਿਸੇ ਵੀ ਕਿਤਾਬ ਨੂੰ ਪੜ੍ਹ ਲਿਆ, ਉਸ ਨੇ ਫਿਰ ਮੰਟੋ ਦੀਆਂ ਬਾਕੀ ਕਿਤਾਬਾਂ ਨੂੰ ਵੀ ਲੱਭ ਲੱਭ ਕੇ ਪੜ੍ਹਨ ਦੀ ਕੋਸ਼ਿਸ਼ ਜ਼ਰੂਰ ਕੀਤੀ।

ਮੰਟੋ ਬਾਰੇ ਹੋਰ ਕੋਈ ਕੁਝ ਜਾਣਦਾ ਹੋਵੇ ਜਾਂ ਨਾ ਜਾਣਦਾ ਹੋਵੇ ਉਸ ਦੇ ਨਾਂ ਤੋਂ ਵਾਕਿਫ਼ ਹਰ ਕੋਈ ਇਹ ਜ਼ਰੂਰ ਜਾਣਦਾ ਹੈ ਕਿ ਉਸ ਦੀਆਂ ਕੁਝ ਕਹਾਣੀਆਂ ਉੱਤੇ ਮੁਕੱਦਮੇ ਚਲੇ, ਅਸ਼ਲੀਲਤਾ ਦੇ ਇਲਜ਼ਾਮ ਲੱਗੇ।ਬਾਦਫ਼ਾ ਇਸ ਉਤਸੁਕਤਾ ਨੇ ਵੀ ਮੰਟੋ ਦੇ ਪਾਠਕ ਪੈਦਾ ਕੀਤੇ।

11 ਮਈ, 1912 ਨੂੰ ਸਮਰਾਲਾ ਵਿਖੇ ਜੰਮੇ ਮੰਟੋ ਦਾ ਪੂਰਾ ਨਾਂ ਸਆਦਤ ਹਸਨ ਮੰਟੋ ਸੀ। ਜੋ ਇਕ ਸਾਧਾਰਨ ਘਰ ਪਰਿਵਾਰ ਦਾ ਜੰਮਪਾਲ ਸੀ, ਇਸ ਦਾ ਪਰਿਵਾਰ ਕਸ਼ਮੀਰੀ ਸੀ, ਪਰੰਤੂ ਇਸ ਦਾ ਬਚਪਨ ਤੇ ਜਵਾਨੀ ਦੇ ਸ਼ੁਰੂਆਤੀ ਵਰ੍ਹੇ ਅੰਮ੍ਰਿਤਸਰ ਦੇ ਕੱਟੜਾ ਜੈਮਲ ਵਿੱਚ ਗੁਜ਼ਰੇ।ਆਪਣੇ ਬਾਪ ਦੀ ਦੂਸਰੀ ਬੀਵੀ ਵਿਚੋਂ ਉਹ ਦੋ ਭੈਣ ਭਰਾ ਸਨ।ਉਸ ਦੇ ਤਿੰਨ ਵੱਡੇ ਭਰਾ (ਮਤਰਏ ਉਸ ਵੇਲੇ ਵਿਲਾਇਤ ਵਿੱਚ ਸਨ।ਮੰਟੋ ਨੇ ਹਮੇਸ਼ਾ ਚਾਹਿਆ ਕਿ ਉਸ ਦਾ ਉਨ੍ਹਾਂ ਨਾਲ ਰਾਬਤਾ ਬਣੇ, ਪਰੰਤੂ ਇਹ ਉਸ ਤਰ੍ਹਾਂ ਸੰਭਵ ਨਾ ਹੋ ਸਕਿਆ।ਉਹ ਪੜ੍ਹੇ ਲਿਖੇ ਤੇ ਅੰਗ੍ਰੇਜ਼ੀ ਰਹਿਨ ਸਹਿਨ ਵਾਲੇ ਰਹੇ, ਜਦਕਿ ਮੰਟੋ ਸਦਾ ਤੋਂ ਫੱਕੜ ਕਿਸਮ ਦਾ ਰਿਹਾ। ਕਾਫੀ ਅਰਸੇ ਬਾਅਦ ਜਦੋਂ ਮੰਟੋ ਬੰਬਈ ਵਿੱਚ ਸਕ੍ਰਿਪਟ ਰਾਈਟਰ ਦੇ ਤੌਰ ਤੇ ਸਥਾਪਿਤ ਸੀ, ਉਸ ਦਾ ਇਕ ਭਰਾ ਇੰਗਲੈਂਡ ਤੋਂ ਆ ਕੇ ਕੁਝ ਦਿਨਾਂ ਤਕ ਉਸ ਕੋਲ ਰਿਹਾ। ਇਹ ਸੰਬੰਧ ਅਖੀਰ ਨਾਰਾਜ਼ਗੀ ਵਿਚ ਖਤਮ ਹੋ ਗਿਆ।ਖ਼ੈਰ ਭਰਾਵਾਂ ਨੂੰ ਛੱਡੋ, ਉਂਜ ਮੰਟੋ ਪਰਵਾਰਿਕ ਤੌਰ ਤੇ ਰੱਜਿਆ-ਪੁੱਜਿਆ ਤੇ ਸਿਹਤਮੰਦ ਰਿਹਾ।ਉਹ ਸਦਾ ਆਪਣੀ ਵਾਲਿਦਾ, ਭੈਣ ਇਕਬਾਲ, ਪਤਨੀ ਸਾਫ਼ੀਆ ਤੇ ਆਪਣੀਆਂ ਤਿੰਨਾਂ ਧੀਆਂ ਨਾਲ ਘੁਲ ਮਿਲ ਕੇ ਰਿਹਾ।ਪਰਵਾਰਿਕ ਪੱਧਰ ਉੱਤੇ ਉਹ ਟੁੱਟਿਆ ਹੋਇਆ ਨਹੀਂ ਸੀ।

ਦੋਸਤਾਂ-ਯਾਰਾਂ ਦੇ ਮਾਮਲੇ ਵਿੱਚ ਤਾਂ ਉਹ ਸ਼ਹਿਨਸ਼ਾਹ ਸੀ।ਉਸ ਦੇ ਜਾਣ-ਪਛਾਣ ਵਾਲਿਆਂ ਦਾ ਘੇਰਾ ਤਾਂ ਵਿਸ਼ਾਲ ਸੀ ਹੀ, ਉਸ ਦੇ ਨੇੜਲੇ ਮਿੱਤਰਾਂ ਦੀ ਸੂਚੀ ਵੀ ਕਾਫੀ ਲੰਮੀ ਰਹੀ ਜਿਸ ਵਿਚ ਕੇ. ਆਸਿਫ਼, ਅਹਿਮਦ ਨਦੀਮ ਕਾਸਮੀ, ਕ੍ਰਿਸ਼ਨ ਚੰਦਰ, ਰਾਜਿੰਦਰ ਸਿੰਘ ਬੇਦੀ, ਦੇਵਿੰਦਰ ਸਤਿਆਰਥੀ, ਆਦਿ ਰਹੇ। ਆਸ਼ੋਕ ਕੁਮਾਰ, ਸ਼ਿਆਮ, ਐਸ. ਮੁਖਰਜੀ ਅਤੇ ਇਸਮਤ ਚੁਗਤਾਈ ਉਸ ਦੇ ਖਾਸ-ਮ-ਖਾਸ ਸਨ।

ਉਸ ਦਾ ਘਰ ਸਦਾ ਦੋਸਤਾਂ ਯਾਰਾਂ ਦਾ ਅੱਡਾ ਬਣਿਆ ਰਹਿੰਦਾ।ਉਦੋਂ ਵੀ ਜਦੋਂ ਉਹ ਬੰਬਈ ਦੀ ਇਕ ਭੈੜੀ ਚਾਲ ਦੀ ਗੰਦੀ ਜਿਹੀ ਖੋਲੀ ਵਿਚ ਇਕੱਲਾ ਰਹਿੰਦਾ ਸੀ ਤੇ ਉਦੋਂ ਵੀ ਜਦੋਂ ਉਹ ਵਿਆਹਿਆ ਗਿਆ।



ਬੰਬਈ ਦੇਖਣ ਆਉਣ ਵਾਲੇ ਅਨੇਕ ਜਾਣਕਾਰਾਂ, ਛੜਿਆਂ ਲਈ ਉਸ ਦੀ ਘਰ ਪਨਾਹਗਾਰ ਸੀ।ਉਸ ਨੇ ਕਾਫੀ ਅਰਸੇ ਤਕ ਆਪਣੇ ਦੋ ਕਮਰਿਆਂ ਦੇ ਫਲੈਟ ਵਿੱਚ ਇਕ ਕਮਰੇ ਵਿੱਚ ਸ਼ਿਆਮ ਤੇ ਉਸ ਦੀ ਬੀਵੀ ਤਾਜ਼ੀ ਨੂੰ ਰੱਖਿਆ।ਜਦੋਂ ਉਸ ਦੀ ਬੀਵੀ ਲਾਹੌਰ ਗਈ ਹੁੰਦੀ, ਉਦੋਂ ਤਾਂ ਉਸ ਦੇ ਘਰ ਦੋਸਤਾਂ-ਮਿਤਰਾਂ ਦੀ ਮਹਿਫ਼ਲ ਲੱਗੀ ਹੀ ਰਹਿੰਦੀ ਸੀ।ਇਕ ਵਾਰ ਤਾਂ ਸ਼ਰਾਬ ਦੇ ਨਸ਼ੇ ਵਿੱਚ ਸ਼ਿਆਮ ਰਾਤ ਨੂੰ ਸਿਗਰੇਟ ਦੇ ਸੂਟੇ ਮਾਰਦਾ ਮਾਰਦਾ ਹੀ ਸੌਂ ਗਿਆ।ਰਾਤ ਨੂੰ ਗੱਦਾ ਸੜਨ ਦੀ ਬੋਅ ਆਉਣ ਤੇ ਸ਼ਿਆਮ ਆਪ ਆ ਕੇ ਮੰਟੋ ਦੇ ਬਿਸਤਰੇ ਵਿੱਚ ਵੜ ਕੇ ਸੌਂ ਗਿਆ।ਸਵੇਰੇ ਗੱਦੇ ਸਮੇਤ ਸਾਰਾ ਬਿਸਤਰ ਸੜਿਆ ਹੋਇਆ ਦੇਖ ਕੇ ਵੀ ਮੰਟੋ ਨੇ ਇਸ ਗੱਲ ਦਾ ਸ਼ੁਕਰ ਮਨਾਇਆ ਕਿ ਉਸ ਦੇ ਮਿੱਤਰ ਦਾ ਕੋਈ ਨੁਕਸਾਨ ਨਹੀਂ ਹੋਇਆ।ਆਪਣੀ ਡਿਕੇ ਡੋਲੇ ਖਾਂਦੀ ਆਰਥਿਕ ਹਾਲਤ ਵਿੱਚ ਵੀ ਉਹ ਆਪਣੇ ਦੋਸਤਾਂ ਨਾਲ ਦੋਸਤੀ ਨਿਭਾਉਣਾ ਜਾਣਦਾ ਸੀ।

ਉਰਦੂ ਦਾ ਐਨਾ ਵੱਡਾ ਅਫਸਾਨਾ ਨਿਗਾਰ ਜਿਸ ਨੂੰ ਭਾਰਤ ਪਾਕਿਸਤਾਨ ਦੋਵੇਂ ਹੀ ਆਪਣਾ ਲੇਖਕ ਮੰਨਦੇ ਤੇ ਵਡਿਆਉਂਦੇ ਹਨ ਜਿਵੇਂ ਬੁੱਲ੍ਹੇ ਸ਼ਾਹ ਤੇ ਵਾਰਿਸ ਨੂੰ। ਐਨਾ ਵੱਡਾ, ਮਕਬੂਲ ਤੇ ਚਰਚਿਤ ਕਿ ਆਪਣੀ ਮੌਤ ਦੇ ਕਰੀਬ 50-55 ਵਰ੍ਹਿਆਂ ਮਗਰੋਂ ਵੀ ਮੰਟੋ ਦੀ ਚਰਚਾ ਬਗੈਰ ਉਰਦੂ ਕਹਾਣੀ ਦੀ ਚਰਚਾ ਮੁਕੰਮਲ ਨਹੀਂ ਮੰਨੀ ਜਾਂਦੀ।ਜਦਕਿ ਉਹ ਆਪ ਮੰਨਦਾ ਹੈ ਕਿ ਉਸ ਨੇ ਇੰਟ੍ਰੇਸ ਦੋ ਵਾਰ ਫ਼ੇਲ ਹੋ ਕੇ ਤੀਜੀ ਵਾਰ ਵਿੱਚ ਪਾਸ ਕੀਤੀ ਤੇ ਹੈਰਾਨੀ ਦੀ ਗੱਲ ਇਹ ਹੈ ਕਿ ਉਹ ਉਰਦੂ ਦੇ ਪਰਚੇ ਵਿੱਚ ਅਸਫ਼ਲ ਰਿਹਾ ਸੀ।

ਉਸ ਦੇ ਆਪਣੇ ਸ਼ਬਦਾਂ ਵਿਚ , "ਲੋਕ ਕਹਿੰਦੇ ਹਨ ਕਿ ਉਹ ਉਰਦੂ ਦਾ ਬਹੁਤ ਵੱਡਾ ਅਦੀਬ ਹੈ ਤੇ ਮੈਂ ਇਹ ਸੁਣ ਕੇ ਹੱਸਦਾ ਹਾਂ , ਇਸ ਲਈ ਕਿ ਉਰਦੂ ਉਸ ਨੂੰ ਹੁਣ ਵੀ ਨਹੀਂ ਆਉਂਦੀ।ਉਹ ਲਫ਼ਜ਼ਾਂ ਦੇ ਪਿੱਛੇ ਇੰਜ ਭੱਜਦਾ ਹੈ ਜਿਵੇਂ ਕੋਈ ਜਾਲੀਵਾਲਾ ਸ਼ਿਕਾਰੀ ਤਿਤਲੀਆਂ ਪਿੱਛੇ, ਪਰ ਉਹ ਉਸ ਦੇ ਹੱਥ ਨਹੀਂ ਆਉਂਦੀਆਂ।ਇਹੀ ਕਾਰਣ ਹੈ ਕਿ ਉਸ ਦੇ ਬਿਰਤਾਂਤ ਵਿੱਚ ਖੂਬਸੂਰਤ ਲਫ਼ਜ਼ਾਂ ਦੀ ਕਮੀ ਹੈ।ਉਹ ਲੱਠਮਾਰ ਹੈ।ਪਰ ਜਿੰਨੇ ਲੱਠ ਉਸ ਦੀ ਆਪਣੀ ਗਰਦਨ ਉਤੇ ਪਏ ਹਨ, ਉਸ ਨੇ ਬੜੀ ਖੁਸ਼ੀ ਨਾਲ ਬਰਦਾਸ਼ਤ ਕੀਤੇ ਹਨ।"

ਇਹ ਕਈ ਤਰ੍ਹਾਂ ਦੇ ਲੱਠ ਸਨ ਜੋ ਉਸ ਦੀ ਗਰਦਨ ਉੱਤੇ ਪੈਂਦੇ ਰਹੇ, ਪਰ ਉਸ ਨੇ ਉਫ਼ ਨਾ ਕੀਤੀ, ਨਾ ਕਿਧਰੇ ਕਿਸੇ ਅੱਗੇ ਇਨ੍ਹਾਂ ਦਾ ਰੋਣਾ ਰੋਇਆ ਭਾਵੇਂ ਉਹ ਗਰੀਬੀ ਰਹੀ ਜਾਂ ਵੰਡ ਦੀ ਪੀੜਾ, ਜਿਸ ਕਾਰਨ ਉਸ ਨੂੰ ਆਪਣੇ ਨਜ਼ਦੀਕੀ ਦੋਸਤਾਂ ਨੂੰ ਛੱਡ ਕੇ ਪਾਕਿਸਤਾਨ ਆਉਣਾ ਪਿਆ, ਜਾਂ 1950 ਵਿੱਚ ਤਰੱਕੀ ਪਸੰਦ ਅਦੀਬਾਂ ਨੇ ਉਸ ਨੂੰ ਪਿਛਾਂਹ ਖਿਚੂ ਤੇ ਅਸ਼ਲੀਲ ਸਾਹਿਤਕਾਰ ਦਾ ਇਲਜ਼ਾਮ ਲੱਗਾ ਕੇ ਇਕ ਸਰਕੂਲਰ ਜਾਰੀ ਕੀਤਾ ਕਿ ਮੰਟੋ ਦੀ ਕੋਈ ਕਹਾਣੀ ਕਿਸੇ ਰਸਾਲੇ ਵਿਚ ਨਾ ਛਾਪੀ ਜਾਏ। ਇਸ ਦੀ ਸਭ ਤੋਂ ਦੁਖਦਾਇਕ ਗੱਲ ਇਹ ਸੀ ਕਿ ਮੰਟੋ ਦਾ ਜਿਗਰੀ ਦੋਸਤ ਅਹਿਮਦ ਨਦੀਮ ਕਾਸਮੀ ਇਸ ਮਹਿੰਮ ਦਾ ਜਰਨਲ ਸਕੱਤਰ ਸੀ। ਜਾਂ ਕਿ ਉਸ ਦੀਆਂ ਕੁਝ ਕਹਾਣੀਆਂ 'ਠੰਢਾ ਗੋਸ਼ਤ', 'ਖੋਲ੍ਹ ਦੋ', 'ਉੱਤੇ, ਹੇਠਾਂ ਤੇ ਵਿਚਕਾਰ', 'ਬੂ', 'ਧੂੰਆਂ', ਤੇ ਦਰਮਿਆਨ ਅਤੇ 'ਕਾਲੀ ਸਲਵਾਰ' ਉੱਤੇ ਮੁਕੱਦਮੇ ਚਲੇ।ਇਨ੍ਹਾਂ ਅਨੁਵਾਨਾਂ ਤੋਂ ਹੀ ਉਸ ਦੇ ਕਹੇ ਸ਼ਬਦਾਂ ਦੀ ਸੱਚਾਈ ਉਜਾਗਰ ਹੋ ਜਾਂਦੀ ਹੈ।ਜੇ ਸੱਚਮੁੱਚ ਉਸ ਨੂੰ ਖੂਬਸੂਰਤ ਲਫ਼ਜ਼ਾਂ ਦੇ ਉਛਾੜ ਚੜ੍ਹਾਉਣੇ ਆਉਂਦੇ ਹੁੰਦੇ ਤਾਂ ਉਹ ਇਨ੍ਹਾਂ ਕਹਾਣੀਆਂ ਨੂੰ ਕੁਝ ਹੋਰ ਅਨੁਵਾਨਾਂ ਹੇਠ ਪੇਸ਼ ਕਰਦਾ। ਹਾਲਾਂਕਿ ਬਾਅਦ ਵਿੱਚ ਇਹ ਸਾਰੀਆਂ ਹੀ ਕਹਾਣੀਆਂ ਸ਼ਾਹਕਾਰ ਕਹਾਣੀਆਂ ਦੇ ਤੌਰ ਤੇ ਸਥਾਪਿਤ ਹੋ ਗਈਆਂ।

ਨਿੱਜੀ ਜ਼ਿੰਦਗੀ ਵਿੱਚ ਉਹ ਲਟਰਬਾਜ਼ ਬਿਲਕੁਲ ਨਹੀਂ ਸੀ। ਯਾਰ ਦੋਸਤਾਂ ਵਿੱਚ ਘਿਰਿਆ ਹੋਣ ਦੇ ਬਾਵਜੂਦ ਉਹ 'ਰਿਜ਼ਰਵ' ਰਹਿਣ ਵਾਲਾ ਆਦਮੀ ਸੀ।ਇਕਦਮ ਗੰਭੀਰ ਪ੍ਰਵਿਰਤੀ ਦਾ।ਉਹ ਕਿਸੇ ਤੋਂ ਵੀ ਬਹੁਤ ਜਲਦੀ ਪ੍ਰਭਾਵਿਤ ਹੋਣ ਵਾਲਿਆਂ ਵਿਚੋਂ ਨਹੀਂ ਸੀ ਤੇ ਨਾ ਹੀ ਛੇਤੀ ਕਿਸੇ ਨਾਲ ਘੁਲ ਮਿਲ ਜਾਣ ਵਾਲਾ ਸੀ।ਸੱਚ ਤਾਂ ਇਹ ਹੈ ਕਿ ਉਹ ਕਦੇ ਕਿਸੇ ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੋਇਆ ਹੀ ਨਹੀਂ।ਉਹ ਆਪਣੀ ਹੀ ਧੁਨ ਵਿੱਚ ਰਹਿੰਦਾ ਸੀ।ਉਸ ਦੀ ਤਸਵੀਰ ਦੇਖਣ ਤੇ ਵੀ ਪਤਾ ਲੱਗਦਾ ਹੈ ਕਿ ਉਪਰੋਂ ਸ਼ਾਂਤ ਦਿੱਸਣ ਵਾਲੇ ਇਸ ਚਿਹਰੇ ਅੰਦਰ ਸਦਾ ਹੀ ਉਥਲ-ਪੁਥਲ ਮਚੀ ਰਹਿੰਦੀ ਹੋਏਗੀ।ਪਰ ਉਹ ਆਪਣੇ ਚਿਹਰੇ ਦੇ ਭਾਵਾਂ, ਹਰਕਤਾਂ ਜਾਂ ਗੱਲਾਂ ਰਾਹੀਂ ਕਦੇ ਇਸ ਗੱਲ ਦਾ ਪਤਾ ਆਪਣੇ ਨੇੜੇ ਜਾਨਣ ਵਾਲਿਆਂ ਜਾਂ ਯਾਰਾਂ ਮਿੱਤਰਾਂ ਨੂੰ ਵੀ ਨਹੀਂ ਲੱਗਣ ਦੇਂਦਾ ਸੀ ਕਿ ਉਹ ਕੀ ਸੋਚ ਰਿਹਾ ਹੈ? ਕੀ ਵਿਚਾਰ ਕਰ ਰਿਹਾ ਹੈ।ਉਹ ਸੋਚਾਂ,

ਉਹ ਵਿਚਾਰ ਉਸ ਦੇ ਅਵਚੇਤਨ ਵਿੱਚ ਇਕੱਠੇ ਹੋ ਕੇ ਖੌਰੂ ਪਾਈ ਰੱਖਦੇ ਤੇ ਉਹ ਸ਼ਾਂਤ ਬੈਠਾ ਲੋਕਾਂ, ਮਿੱਤਰਾਂ ਦੀਆਂ ਨਿੰਦਾ, ਚੁਗਲੀਆਂ ਸੁਣਦਾ ਰਹਿੰਦਾ, ਉਨ੍ਹਾਂ ਦੇ ਨਿੱਜੀ ਭੇਤਾਂ ਨੂੰ ਆਪਣੇ ਅੰਦਰ ਜਜ਼ਬ ਕਰਦਾ ਜਾਂਦਾ, ਸ਼ਰਾਬ ਪੀਂਦਾ ਰਹਿੰਦਾ।

ਸ਼ਰਾਬ ਉਹ ਰੋਜ਼ ਪੀਂਦਾ ਸੀ। ਇਸ ਦੀ ਆਦਤ ਉਸ ਨੂੰ ਜਵਾਨੀ ਦੇ ਉਨ੍ਹਾਂ ਮੁੱਢਲੇ ਵਰ੍ਹਿਆਂ ਵਿਚੋਂ ਹੀ ਪੈ ਗਈ ਸੀ, ਜਦੋਂ ਉਹ ਇੰਟ੍ਰੇਸ ਕਰਕੇ ਆਵਾਰਾ ਗਰਦੀ ਕਰਦਾ ਫਿਰਦਾ ਰਹਿੰਦਾ ਸੀ। ਉਨ੍ਹਾਂ ਦਿਨਾਂ ਵਿੱਚ ਉਹ ਬੇ ਮਕਸਦ ਸਾਰਾ ਦਿਨ ਘੁੰਮਦਾ ਰਹਿੰਦਾ ਸੀ। ਦਿਮਾਗ਼ ਉਲਝਿਆ ਰਹਿੰਦਾ। ਉਸ ਵੇਲੇ ਤਾਂ ਨਹੀਂ ਲੇਕਿਨ ਬਾਅਦ ਵਿੱਚ ਉਸ ਨੇ ਮਹਿਸੂਸ ਕੀਤਾ ਕਿ ਇਹ ਦਿਮਾਗ਼ੀ ਪਰੇਸ਼ਾਨੀ ਤੇ ਉਲਝਣ ਉਸ ਲਈ ਕੋਈ ਮਾਕੂਲ ਰਾਹ ਤਲਾਸ਼ਣ ਲਈ ਬੇਤਾਬ ਸੀ। ਉਨ੍ਹਾਂ ਦਿਨਾਂ ਵਿੱਚ ਉਹ ਹਮੇਸ਼ਾਂ ਆਪਣੇ ਜੀਜੇ ਦੇ ਹੋਟਲ 'ਸ਼ੀਰਾਜ' ਜਾ ਬੈਠਦਾ, ਜਿਥੇ ਹਰ ਰੋਜ਼ ਵੰਨ-ਸੁਵੰਨੇ ਲੋਕਾਂ ਦੀ ਮਹਿਫ਼ਲ ਲੱਗਦੀ ਜਿਨ੍ਹਾਂ ਵਿੱਚ ਫੋਟੋਗ੍ਰਾਫਰ ਤੇ ਪੇਂਟਰ ਤੋਂ ਲੈ ਕੇ ਪੱਤਰਕਾਰ ਅਬਦੁਲ ਬਾਰੀ, ਚਿਸ਼ਤੀ ਤੇ ਅਨੇਕ ਸ਼ਾਇਰ ਜਿਨ੍ਹਾਂ ਵਿੱਚ ਅਖ਼ਤਰ ਸ਼ੀਰਾਨੀ ਉਸ ਵੇਲੇ ਕਾਫੀ ਮਸ਼ਹੂਰ ਸ਼ਾਇਰ ਮੰਨੇ ਜਾਂਦੇ ਜਿਨ੍ਹਾਂ ਆਦਿ ਕਰੀਬ ਰੋਜ਼ ਹੀ ਉਥੇ ਆ ਕੇ ਬੈਠਦੇ ਸਨ। ਇਥੋਂ ਹੀ ਮੰਟੋ ਨੂੰ ਪੀਣ ਦੀ ਲੱਤ ਲੱਗੀ। ਸ਼ਾਇਰਾਂ ਪੱਤਰਕਾਰਾਂ ਦੀ ਸੁਹਬਤ ਤੋਂ ਉਸ ਨੇ ਬੜਾ ਕੁਝ ਸਿੱਖਿਆ। ਅਸਲ ਵਿੱਚ ਬਾਰੀ ਸਾਹਬ ਦੀ ਸੁਹਬਤ ਸਦਕਾ ਉਹ ਸਾਹਿਤਕ ਖੇਤਰ ਨਾਲ ਜਾਣੂ ਹੋਇਆ ਉਨ੍ਹਾਂ ਨੇ ਇਸ ਨੂੰ ਪ੍ਰੇਰਿਤ ਕਰਕੇ ਵਿਕਟਰ ਹਿਊਗੋ ਤੇ ਆਸਕਰ ਵਾਇਲਡ ਦੀਆਂ ਰਚਨਾਵਾਂ ਉਰਦੂ ਵਿੱਚ ਅਨੁਵਾਦ ਕਰਵਾਈਆਂ। ਇਸ ਨੂੰ ਪਰਚਿਆਂ ਰਸਾਲਿਆਂ ਵਿੱਚ ਲਿਖਣ ਲਈ ਪ੍ਰੇਰਿਆ। ਮੰਟੋ ਬਾਰੀ ਸਾਹਿਬ ਨੂੰ ਆਪਣਾ ਸਾਹਿਤਕ ਗੁਰੂ ਮੰਨਦਾ ਸੀ। ਉਸ ਦਾ ਕਹਿਣਾ ਹੈ ਕਿ, "ਜੇ ਅੰਮ੍ਰਿਤਸਰ ਵਿੱਚ ਉਨ੍ਹਾਂ ਨਾਲ ਮੁਲਾਕਾਤ ਨਾ ਹੋਈ ਹੁੰਦੀ ਤੇ ਮੈਂ ਲਗਾਤਾਰ ਤਿੰਨ ਮਹੀਨੇ ਉਨ੍ਹਾਂ ਕੋਲ ਰਹਿ ਕੇ ਨਾ ਗੁਜ਼ਾਰੇ ਹੁੰਦੇ ਤਾਂ ਨਿਰਸੰਦੇਹ ਮੈਂ ਕਿਸੇ ਹੋਰ ਹੀ ਰਸਤੇ ਉਤੇ ਚਲ ਰਿਹਾ ਹੁੰਦਾ।"

ਲਓ ਗੱਲ ਤਾਂ ਅਸੀਂ ਸ਼ਰਾਬ ਦੀ ਕਰ ਰਹੇ ਸੀ, ਲੱਗਦੇ ਹੱਥ ਗੱਲ ਉਸ ਦੇ ਸਾਹਿਤਕ ਸਫ਼ਰ ਦੀ ਵੀ ਕਰ ਬੈਠੇ। ਸ਼ਾਇਦ ਇਸ ਕਰਕੇ ਵੀ ਕਿ ਦੋਵਾਂ ਦਾ ਹੀ ਸਫ਼ਰ ਇਕੱਠਿਆ ਹੀ ਸ਼ੁਰੂ ਹੋਇਆ। ਖ਼ੈਰ, ਜਵਾਨੀ ਦੇ ਮੁੱਢਲੇ ਵਰ੍ਹਿਆਂ ਵਿੱਚ ਹੀ ਸਾਹਿਤ ਦੇ ਨਾਲ ਨਾਲ ਸ਼ਰਾਬ ਨਾਲ ਜੋ ਉਸ ਦਾ ਨਾਤਾ ਜੁੜਿਆ ਤਾਂ ਉਹ ਉਸ ਦੀ ਜ਼ਿੰਦਗੀ ਦੇ ਅੰਤ ਤਕ ਬਣਿਆ ਰਿਹਾ। ਪੀਣ ਲਈ ਕਈ ਵਾਰ ਉਹ ਸਿਰਫ ਰਾਤ ਜਾਂ ਸ਼ਾਮ ਹੋਣ ਦਾ ਇੰਤਜ਼ਾਰ ਨਹੀਂ ਕਰਦਾ ਸੀ। ਪਰ ਇਹ ਵੀ ਸੱਚ ਹੈ ਕਿ ਸ਼ਰਾਬ ਪੀਣ ਦੇ ਬਾਵਜੂਦ ਉਹ ਸ਼ਰਾਬੀ ਨਹੀਂ ਸੀ। ਮਤਲਬ ਸ਼ਰਾਬ ਉਸ ਉਤੇ ਹਾਵੀ ਨਹੀਂ ਸੀ। ਉਹ ਉਸ ਦੇ ਦੋਸਤਾਂ-ਮਿੱਤਰਾਂ ਵਰਗੀ ਸੀ, ਜਿਨ੍ਹਾਂ ਨੂੰ ਉਹ ਰੋਜ਼ ਮਿਲਦਾ ਸੀ। ਮਿਲ ਕੇ ਬੈਠਦਾ ਸੀ, ਫਿਰ ਆਪਣੇ ਘਰ ਮੁੜ ਆਉਂਦਾ ਸੀ। ਇਹ ਸਿਰਫ ਉਸ ਦੀ ਆਦਤ ਸੀ। ਉਹ ਆਪ ਲਿਖਦਾ ਹੈ, "ਉਸ ਨੂੰ ਅਫਸਾਨਾ ਨਿਗਾਰੀ ਦੀ ਸ਼ਰਾਬ ਵਾਂਗ ਲੱਤ ਪੈ ਗਈ ਹੈ।" ਸ਼ਰਾਬ ਪੀ ਕੇ ਵੀ ਉਹ ਸਦਾ ਹੋਸ਼ ਵਿੱਚ ਰਿਹਾ ਤੇ ਰਾਤੀਂ ਤਿੰਨ ਚਾਰ ਵਜੇ ਵੀ ਕਿਸੇ ਵੀ ਮਿੱਤਰ ਦੇ ਕੋਲੋਂ ਉੱਠ ਕੇ ਆਪਣੇ ਘਰ ਚਲਾ ਜਾਂਦਾ ਸੀ।

ਉਸ ਨੇ ਵੇਸਵਾਵਾਂ, ਦਲਾਲਾਂ, ਗੁੰਡਿਆਂ ਨੂੰ ਲੈ ਕੇ ਕਿੰਨੀਆਂ ਹੀ ਕਹਾਣੀਆਂ ਦੀ ਸਿਰਜਣਾ ਕੀਤੀ। ਰਫ਼ੀਕ ਗਜਨਵੀ, ਆਗਾ ਹਸ਼ਰ, ਕਸ਼ਮੀਰੀ ਨਵਾਬ ਕਸ਼ਮੀਰੀ, ਮੀਰਾਜੀ, ਪਾਰੋ ਦੇਣੀ ਆਦਿ ਕਿੰਨੀਆਂ ਹੀ ਸ਼ਖ਼ਸ਼ੀਅਤਾਂ ਦਾ ਵੀ ਜ਼ਿਕਰ ਕੀਤਾ ਜਿਨ੍ਹਾਂ ਦੀ ਜ਼ਿੰਦਗੀ ਦਾ ਕਾਫੀ ਵੱਡਾ ਹਿੱਸਾ ਵੇਸਵਾਵਾਂ ਨਾਲ ਸੰਬੰਧ ਬਣਾਉਣ ਤੇ ਉਨ੍ਹਾਂ ਦੇ ਕੋਠਿਆਂ ਉੱਤੇ ਹੀ ਬੀਤਦਾ ਰਿਹਾ। ਪਰੰਤੂ ਇਨ੍ਹਾਂ ਸ਼ਖ਼ਸ਼ੀਅਤਾਂ ਦੇ ਸ਼ਬਦ ਚਿੱਤਰ ਉਲੀਕਦੇ ਹੋਏ ਜਾਂ ਉਨ੍ਹਾਂ ਕਹਾਣੀਆਂ ਦੀ ਸਿਰਜਨਾ ਵੇਲੇ ਉਸ ਨੇ ਕਦੇ ਵੀ ਨਾ ਕਦੇ ਕਿਸੇ ਉਤੇ ਤਰਸ ਖਾਧਾ, ਨਾ ਨਫ਼ਰਤ ਕੀਤੀ। ਨਾ ਉਨ੍ਹਾਂ ਨੂੰ ਚੰਗਾ ਕਿਹਾ ਨਾ ਭੈੜਾ ਕਹਿ ਨਿੰਦਿਆ। ਆਪਣੇ ਅਨੇਕ ਦੋਸਤਾਂ ਨਾਲ ਉਹ ਅੰਮ੍ਰਿਤਸਰ, ਲਾਹੌਰ ਤੇ ਬੰਬਈ ਦੇ ਕੋਠਿਆ ਉੱਤੇ ਜਾਂਦਾ ਰਿਹਾ। ਉਥੇ ਬੈਠ ਕੇ ਸ਼ਰਾਬ ਪੀਂਦਾ ਰਹਿੰਦਾ। ਆਪਣੀਆਂ ਕਹਾਣੀਆਂ ਲਈ ਕੱਚਾ ਮਾਲ ਹਾਸਿਲ ਕਰਦਾ। ਐਨੇ ਨੇੜਿਓਂ ਐਨੇ ਕੋਠਿਆਂ ਉਤੇ ਜਾ ਕੇ, ਅਨੇਕਾਂ ਵੇਸਵਾਵਾਂ ਨੂੰ ਮਿਲਣ ਗਿਲਣ ਕਾਰਣ ਉਸ ਦੀਆਂ ਇਸ ਵਿਸ਼ੇ ਵਾਲੀਆਂ ਕਹਾਣੀਆਂ ਵਿੱਚ ਸੁਭਾਵਿਕ ਤੇ ਸੱਚਾਈ ਦਿੱਸਦੀ ਹੈ। ਉਹ ਕਿਧਰੇ ਵੀ ਵੇਸਵਾਵਾਂ ਦੀ ਜ਼ਿੰਦਗੀ ਨੂੰ ਕਈ ਕਾਰਣ ਤੇ ਦਲੀਲਾਂ ਦੇ ਕੇ ਨਾ ਹਮਦਰਦੀ ਦੇ ਪਾਤਰ ਬਣਾਉਣ ਦੀ ਕੋਸ਼ਿਸ਼ ਕਰਦਾ ਤੇ ਨਾ ਹੀ ਸਮਾਜ, ਸਥਿਤੀਆਂ ਨੂੰ ਕੋਸਦਾ



ਰਿਹਾ। ਉਸ ਨੇ ਸਮਾਜ ਤੇ ਵੇਸਵਾਵਾਂ ਵਿਚੋਂ ਕਿਸੇ ਨੂੰ ਵੀ 'ਜਸਵੀਫਾਈ' ਜਾਂ ਆਰੋਪਿਤ ਕਰਨ ਦਾ ਕੋਈ ਜਤਨ ਨਹੀਂ ਕੀਤਾ। ਬਸ ਜੋ ਜਿਸ ਤਰ੍ਹਾਂ ਸੀ, ਉਸ ਨੂੰ ਉਸੇ ਤਰ੍ਹਾਂ ਬਿਆਨ ਕਰਨ ਦੀ ਭਰਪੂਰ ਕੋਸ਼ਿਸ਼ ਕੀਤੀ, ਸ਼ਾਇਦ ਇਸੇ ਕਾਰਣ ਉਹ ਆਪਣੀਆਂ ਸਾਰੀਆਂ ਕਹਾਣੀਆਂ ਵਿੱਚ ਸਫ਼ਲ ਵੀ ਰਿਹਾ। ਪਰ ਇਸਦੇ ਬਾਵਜੂਦ ਉਸ ਨੇ ਕਦੇ ਕਿਧਰੇ ਇਸ ਗੱਲ ਦਾ ਕੋਈ ਜ਼ਿਕਰ ਨਹੀਂ ਕੀਤਾ ਕਿ ਉਸ ਨੇ ਆਪ ਕਦੇ ਕਿਸੇ ਹੋਰ ਔਰਤ ਜਾਂ ਕਿਸੇ ਕੋਠੇ ਵਾਲੀ ਨਾਲ ਸੰਬੰਧ ਬਣਾਉਣ ਦੀ ਕੋਸ਼ਿਸ਼ ਕੀਤੀ, ਕਿਉਂਕਿ ਉਸ ਨੇ ਹਮੇਸ਼ਾਂ 'ਸਿਹਰੇ ਵਾਲੀ' ਯਾਨਿ ਸਿਹਰੇ ਬੰਨ੍ਹ ਕੇ ਲਿਆਂਦੀ ਔਰਤ ਦੀ ਇਜ਼ਤ ਕੀਤੀ, ਆਪਣੀ ਸਿਹਰੇ ਵਾਲੀ ਸਮੇਤ ਕਿਉਂਕਿ ਵਿਆਹ ਮਗਰੋਂ ਸਫਿਆਂ ਦੀ ਮੌਜੂਦਗੀ ਉਸ ਦੀ ਜ਼ਿੰਦਗੀ ਵਿੱਚ ਹਰ ਥਾਂ ਉਤੇ ਦਰਜ਼ ਹੁੰਦੀ ਰਹੀ। ਉਹ ਉਸ ਦੀ ਬੀਵੀ ਹੀ ਨਹੀਂ, ਉਸ ਦੀ ਪਾਠਿਕਾ, ਆਲੋਚਕ ਤੇ ਸਾਥੀ ਵੀ ਰਹੀ। ਉਸ ਨਾਲ ਉਸ ਦੇ ਸਾਰੇ ਦੋਸਤਾਂ ਘਰ ਜਾਣ ਵਾਲੀ ਰਹੀ ਤੇ ਆਪਣੀ ਬੀਵੀ ਦੀ ਮੌਜੂਦਗੀ ਵਿੱਚ ਉਹ ਆਪਣੇ ਮਿਲਣ ਗਿਲਣ ਵਾਲਿਆਂ ਤੇ ਯਾਰਾਂ ਦੋਸਤਾਂ ਨੂੰ ਖੁਲ੍ਹੇ ਦਿਲ ਨਾਲ ਸੱਦਾ ਦੇਂਦਾ ਰਿਹਾ।

ਮੰਟੋ ਦੀ ਨਜ਼ਰ ਐਕਸਰੇ ਵਾਲੀ ਸੀ। ਉਹ ਜਿਸ ਕਿਸੇ ਨੂੰ ਵੀ ਦੇਖਦਾ ਬੜੀ ਘੋਖਵੀਂ ਨਜ਼ਰ ਨਾਲ ਦੇਖ ਲੈਂਦਾ ਸੀ। ਇਸੇ ਕਰਕੇ ਉਸ ਨੇ ਐਕਟ੍ਰੈਸ ਨੀਨਾ ਵਿਚੋਂ ਸਿੱਧੀ ਸਾਦੀ ਘਰੇਲੂ ਔਰਤ ਸ਼ਾਹਿਦਾ ਨੂੰ ਲੱਭ ਲਿਆ, ਜਿਸ ਨੂੰ ਬੜੇ ਤਰੀਕੇ ਨਾਲ ਨਿਰਦੇਸ਼ਕ ਡਬਲਿਊ. ਜੈਡ. ਅਹਿਮਦ ਨੇ ਹਥਿਆ ਲਿਆ ਤੇ ਵਿਆਹੀ ਹੋਈ ਸ਼ਾਹਿਦਾ ਨੂੰ 'ਨੀਨਾ' ਦੇ ਰੂਪ ਵਿਚ ਅਭਿਨੇਤਰੀ ਬਣਾ ਆਪਣੀ ਬੀਵੀ ਵੀ ਬਣਾ ਲਿਆ ਸੀ। ਉਸ ਨੇ ਸੁਰਾਂ ਦੀ ਸਰਤਾਜ 'ਨੂਰਜਹਾਂ' ਜਿਸ ਨੂੰ ਉਹ ਸਰੂਰ-ਏ-ਜਹਾਂ ਕਹਿੰਦਾ ਸੀ। ਉਸ ਦੀ ਸੁਰੀਲੀ ਆਵਾਜ਼ ਦਾ ਉਹ ਦੀਵਾਨਾ ਸੀ, ਪਰ ਉਹ ਜਾਣਦਾ ਸੀ ਕਿ ਅਸਲ ਵਿੱਚ ਉਹ ਕਿੰਨੀ ਨੱਕ ਚਾੜ੍ਹ ਤਬੀਅਤ ਦੀ ਆਕੜੀ ਹੋਈ ਔਰਤ ਸੀ। ਕੋਈ ਪਿਆਰ ਨਾਲ ਗਾਣ ਦਾ ਇਸਰਾਰ ਕਰਦਾ ਤਾਂ ਉਹ ਬੜੇ ਨਖ਼ਰੇ ਦਿਖਾਉਂਦੀ ਹੁੰਦੀ ਸੀ। ਜਿਸ ਲਈ ਸੁਰਾਂ ਦਾ ਪੈਰੋਕਾਰ ਹੋਣਾ ਵਰਦਾਨ ਨਹੀਂ ਘਮੰਡ ਤੇ ਆਕੜ ਦੀ ਪੈਮਾਇਸ਼ ਸੀ। ਉਹ ਚੰਗੀ ਤਰ੍ਹਾਂ ਜਾਣਦਾ ਸੀ ਕਿ ਲੱਖਾਂ ਲੋਕਾਂ ਦਾ ਚਾਹੇਤਾ 'ਅਸ਼ੋਕ ਕੁਮਾਰ' ਅਸਲ ਜ਼ਿੰਦਗੀ ਵਿੱਚ ਬੜਾ ਹੀ ਸ਼ਰਮੀਲਾ ਤੇ ਔਰਤਾਂ ਸਾਹਵੇਂ ਝੇਂਪੂ ਜਿਹਾ ਹੀ ਸੀ। ਕੰਜੂਸ ਵੀ ਕਾਫੀ ਸੀ। ਪਰ ਉਹ ਮੰਟੋ ਦਾ ਸਭ ਤੋਂ ਜਿਗਰੀ ਦੋਸਤ ਰਿਹਾ। ਇਸੇ ਤਰ੍ਹਾਂ ਜਦੋਂ ਉਹ ਨਵਾਬ ਕਸ਼ਮੀਰੀ ਬਾਰੇ ਲਿਖਦਾ ਹੈ ਤਾਂ ਉਸ ਦੀ ਬਿਹਤਰੀਨ ਅਦਾਕਾਰੀ ਦੀ ਪ੍ਰਸ਼ੰਸ਼ਾ ਕਰਦਾ ਹੈ ਪਰੰਤੂ ਜਦੋਂ ਉਸ ਨੂੰ ਪਤਾ ਲੱਗਾ ਕਿ ਔਲਾਦ ਨਾ ਹੋਣ ਕਾਰਣ ਨਵਾਬ ਕਸ਼ਮੀਰੀ ਨੇ ਦੂਸਰਾ ਵਿਆਹ ਕਰ ਲਿਆ ਤਾਂ ਉਸ ਦੀ ਬੀਵੀ ਨੇ ਮਿੱਟੀ ਦਾ ਤੇਲ ਛਿੜਕ ਕੇ ਖ਼ੁਦਕੁਸ਼ੀ ਕਰ ਲਈ ਤਾਂ ਮੰਟੋ ਦਾ ਕਹਿਣਾ ਸੀ।

"ਮੈਂ ਸਵਰਗੀ ਨਵਾਬ ਦੇ ਫ਼ਨ ਦਾ ਕਾਇਲ ਹਾਂ। ਮੈਂ ਉਸ ਨੂੰ ਬਹੁਤ ਵੱਡਾ ਫ਼ਨਕਾਰ ਸਮਝਦਾ ਹਾਂ। ਪਰੰਤੂ ਜਦੋਂ ਵੀ ਮੈਂ ਉਸ ਨੂੰ ਸਕਰੀਨ ਉਤੇ ਦੇਖਿਆ ਤਾਂ ਮੈਨੂੰ ਹਮੇਸ਼ਾਂ ਮਿੱਟੀ ਦੇ ਤੇਲ ਦੀ ਬੋ ਆਈ।"

ਨਰਤਕੀ ਸਿਤਾਰਾ ਦੇਵੀ ਬਾਰੇ ਉਹ ਲਿਖਦਾ ਹੈ, "ਸਿਤਾਰਾ ਦੀ ਮੈਂ ਜਦੋਂ ਵੀ ਕਲਪਨਾ ਕਰਦਾ ਹੈ, ਉਹ ਮੈਨੂੰ ਬੰਬਈ ਦੀ ਪੰਜ ਮੰਜ਼ਿਲਾਂ ਬਿਲਡਿੰਗ ਲੱਗਦੀ ਹੈ, ਜਿਸ ਵਿੱਚ ਕਈ ਫਲੈਟ ਤੇ ਕਈ ਕਮਰੇ ਹਨ। ਤੇ ਇਹ ਹਕੀਕਤ ਹੈ ਕਿ ਉਹ ਇਕੋ ਹੀ ਸਮੇਂ ਵਿੱਚ ਕਈ ਮਰਦਾਂ ਨੂੰ ਆਪਣੇ ਦਿਲ ਵਿੱਚ ਵਸਾ ਕੇ ਰੱਖਦੀ ਹੈ।"

ਇਹੋ ਜਿਹੇ ਕਈ ਫ਼ਿਕਰੇ ਤੇ ਤਸ਼ਬੀਹਾਂ ਉਹ ਸ਼ਖ਼ਸ਼ੀਅਤਾਂ ਦੇ ਲਿਖੇ ਸ਼ਬਦ ਚਿਤਰਾਂ ਵਿੱਚ ਵਰਤਦਾ ਹੈ, ਜਿਸ ਤੋਂ ਅੰਦਾਜ਼ਾਂ ਹੋ ਜਾਂਦਾ ਹੈ ਕਿ ਬੰਦੇ ਦੇ ਅੰਦਰੂਨੀ ਤੇ ਬਾਹਰੀ ਵਿਅਕਤੀਤਵ ਨੂੰ ਕਿਵੇਂ ਘੋਖਦਾ, ਪਰਖਦਾ ਤੇ ਬਿਆਨ ਕਰਨ ਦੀ ਦਲੇਰੀ ਰਖਦਾ ਸੀ।

ਉਸ ਨੂੰ ਆਪਣੇ ਲਿਖੇ ਹਰ ਲਫ਼ਜ਼ ਬਾਰੇ ਪੂਰੀ ਤਸੱਲੀ ਰਹਿੰਦੀ ਸੀ। ਉਹ ਆਪਣੇ ਕਿਸੇ ਵੀ ਵਾਕ ਜਾਂ ਲਫ਼ਜ਼ ਨੂੰ ਵੱਡੇ ਤੋਂ ਵੱਡੇ ਅਦੀਬ ਜਾਂ ਡਾਇਰੈਕਟਰ ਜਰਨਲ ਦੇ ਕਹਿਣ ਤੇ ਵੀ ਬਦਲਣ ਲਈ ਤਿਆਰ ਨਹੀਂ ਹੁੰਦਾ ਸੀ। ਇਕ ਵਾਰ ਰੇਡੀਓ ਸਟੇਸ਼ਨ ਦੇ ਡਾਇਰੈਕਟਰ ਮਿਸਟਰ ਅਡਵਾਨੀ ਨੇ ਮੰਟੋ ਦੇ ਡਰਾਮੇ ਦੇ ਕਿਸੇ ਫ਼ਿਕਰੇ ਉਤੇ ਇਤਰਾਜ਼ ਕੀਤਾ ਤੇ ਉਸ ਨੂੰ ਬਦਲਣ ਲਈ ਕਿਹਾ। ਮੰਟੋ ਨੇ ਭਰੀ ਮਜਲਿਸ ਵਿੱਚ ਕਹਿ ਦਿੱਤਾ, "ਐਡਵਾਨੀ ਸਾਹਿਬ ਨੂੰ ਉਰਦੂ ਡਰਾਮਾ ਲਿਖਣ ਦੀ ਸਮਝ ਕਿਥੇ, ਉਰਦੂ ਵਿੱਚ ਡਰਾਮਾ ਪੜ੍ਹਨਾ ਵੀ ਨਹੀਂ ਆਉਂਦਾ। ਤੇ ਇਹ ਮੇਰੇ ਡਰਾਮੇ ਵਿੱਚ ਗਲਤੀਆਂ ਕੱਢ ਰਹੇ ਹਨ।" ਉਸ ਬਾਰੇ ਇਹ ਗੱਲ ਸੱਚ ਸੀ ਕਿ ਉਹ

ਸ਼ਰਤ ਲੱਗਾ ਕੇ ਕਹਾਣੀ ਜਾਂ ਡਰਾਮਾ ਲਿਖ ਦੇਂਦਾ ਸੀ। ਉਸ ਨੂੰ ਕੋਈ ਵੀ ਮਜ਼ਮੂਨ ਦਿੱਤਾ ਜਾਂਦਾ ਤੇ ਉਹ ਅੱਧ ਘੰਟੇ ਜਾਂ ਘੰਟੇ ਵਿੱਚ ਉਸ ਮਜ਼ਮੂਨ ਉਤੇ ਕੋਈ ਵੀ ਕਹਾਣੀ ਜਾਂ ਡਰਾਮਾ ਲਿਖ ਦੇਂਦਾ ਸੀ। ਮਜ਼ੇ ਦੀ ਗੱਲ ਹੈ ਕਿ ਉਹ ਲਿਖਤ ਕਦੇ ਵੀ ਹਲਕੀ ਜਾਂ ਫੋਕੀ ਨਹੀਂ ਹੁੰਦੀ ਸੀ।

ਇਕ ਵਾਰ ਉਹ ਮਕਤਬਾ ਉਰਦੂ ਵਿੱਚ ਬੈਠੀ ਆਪਣੀ ਕਿਤਾਬ ਦੇ ਇਸ਼ਤਿਹਾਰ ਦੀ ਇਬਾਰਤ ਦੇਖ ਰਿਹਾ ਸੀ। ਉਸ ਵਿੱਚ ਲਿਖਿਆ ਸੀ, "ਮੰਟੋ ਇਸ ਦੌਰ ਦਾ ਸਭ ਤੋਂ ਵੱਡਾ ਅਫ਼ਸਾਨਾ ਨਿਗਾਰ ਹੈ, ਚੈਖੋਵ ਦੇ ਬਰਾਬਰ ਦਾ, ਜਜ਼ਬਿਆਂ ਨੂੰ ਟੁੰਬਣ ਵਾਲਾ ਤੇ ਜਾਦੂ ਧੂੜਣ ਵਾਲਾ। ਉਸ ਦੇ ਅਫ਼ਸਾਨੇ ਕਲਾ ਦੀਆਂ ਸਿਖਰਾਂ ਨੂੰ ਟੁੰਬਣ ਵਾਲਾ ਤੇ ਜਾਦੂ ਧੂੜਣ ਵਾਲਾ। ਉਸ ਦੇ ਅਫ਼ਸਾਨੇ ਕਲਾ ਦੀਆਂ ਸਿਖਰਾਂ ਛੋਂਹਦੇ ਹਨ...।"

ਉਸਨੇ ਚੌਧਰੀ ਨਜ਼ੀਰ ਨੂੰ ਕਿਹਾ, "ਓਏ , ਇਹ ਕੀ ਬਕਵਾਸ ਲਿਖੀ ਹੈ।" ਉਸ ਨੇ ਸਾਰੇ ਤਾਰੀਫ਼ੀ ਲਫ਼ਜ਼ ਕੱਟ ਦਿੱਤੇ ਤੇ ਕਿਤਾਬ ਦਾ ਇਸ਼ਤਿਆਰ ਕੁਝ ਇਸ ਤਰ੍ਹਾਂ ਲਿਖ ਦਿੱਤਾ,

"ਮੰਟੋ ਬਕਵਾਸ ਲਿਖਦਾ ਹੈ। ਮੰਟੋ ਨੂੰ ਲੋਕ ਅਸ਼ਲੀਲ ਆਖਦੇ ਹਨ। ਪਰ ਮੰਟੋ ਨੂੰ ਇਕ ਵਾਰ ਪੜ੍ਹਨਾ ਸ਼ੁਰੂ ਕਰ ਦਿਓ ਤਾਂ ਕਹਾਣੀ ਖਤਮ ਕੀਤੇ ਬਗੈਰ ਉਸ ਨੂੰ ਛੱਡ ਨਹੀਂ ਸਕਦੇ।" ਇਸ਼ਤਿਹਾਰ ਵਿੱਚ ਬਕਵਾਸ ਤੇ ਅਸ਼ਲੀਲ ਸ਼ਬਦ ਮੋਟੇ ਅੱਖਰਾਂ ਵਿੱਚ ਸਨ।

ਉਸ ਦੇ ਸੁਭਾਅ, ਉਸ ਦੀ ਸ਼ਖ਼ਸ਼ੀਅਤ ਵਿੱਚ ਇਕ ਬੇਬਾਕੀ ਸੀ ਜੋ ਉਸ ਦੀ ਲਿਖਤ ਦਾ ਸਭ ਤੋਂ ਉਭਰਵਾ ਗੁਣ ਵੀ ਸੀ। ਉਹ ਆਪਣੇ ਬਾਰੇ ਲਿਖਦਾ ਸੀ ਕਿ,

"ਮੈਂ ਤਹਿਜੀਬ ਅਤੇ ਸੁਸਾਇਟੀ ਦੇ ਕੱਪੜੇ ਕੀ ਉਤਾਰਾਂਗਾ ਜੋ ਹੈ ਹੀ ਨੰਗੀ। ਮੈਂ ਉਸ ਨੂੰ ਕੱਪੜੇ ਪੁਵਾਉਣ ਦੀ ਕੋਸ਼ਿਸ਼ ਵੀ ਨਹੀਂ ਕਰਦਾ, ਕਿਉਂਕਿ ਇਹ ਕੰਮ ਮੇਰਾ ਨਹੀਂ ਦਰਜ਼ੀਆਂ ਦਾ ਹੈ। ਲੋਕ ਮੈਨੂੰ ਸਿਆਹ ਕਲਮ' ਕਹਿੰਦੇ ਹਨ, ਪਰ ਮੈਂ ਤਖਤਾ ਏ ਸਿਆਹ (ਬਲੈਕ ਬੋਰਡ) ਉਤੇ ਕਾਲੇ ਚਾਕ ਨਾਲ ਨਹੀਂ ਲਿਖਦਾ, ਸਗੋਂ ਚਿੱਟੇ ਚਾਕ ਨਾਲ ਲਿਖਦਾ ਹਾਂ ਜਿਸ ਕਾਰਣ ਕਾਲੇ ਬੋਰਡ ਦੀ ਕਾਲਿਖ ਹੋਰ ਵੀ ਗੂੜ੍ਹੀ ਨਜ਼ਰ ਆਉਣ ਲੱਗਦੀ ਹੈ।"

ਉਹ ਸਮਝੌਤੇ ਕਰਨ ਦਾ ਆਦੀ ਨਹੀਂ ਸੀ ਤੇ ਨਾ ਹੀ ਚਿਕਨੀ ਚੋਪੜੀਆਂ ਗੱਲਾਂ ਕਰਨੀਆਂ ਉਸ ਨੂੰ ਆਉਂਦੀਆਂ ਸਨ। ਉਹ ਦਾਅਵੇ ਨਾਲ ਕਹਿੰਦਾ ਸੀ, "ਜੇ ਮੇਰੇ ਅਫ਼ਸਾਨਿਆਂ ਨੂੰ ਤੁਸੀਂ ਬਰਦਾਸ਼ਤ ਨਹੀਂ ਕਰ ਸਕਦੇ ਤਾਂ ਇਸ ਦਾ ਮਤਲਬ ਹੈ ਕਿ ਇਹ ਜ਼ਮਾਨਾਂ ਨਾਕਾਬਿਲੇ ਬਰਦਾਸ਼ਤ ਹੈ। ਮੇਰੇ ਵਿੱਚ ਜੋ ਬੁਰਾਈਆਂ ਹਨ, ਉਹ ਇਸ ਵਿਵਸਥਾ ਦੀਆਂ ਬੁਰਾਈਆਂ ਹਨ। ਮੇਰੀ ਤਹਿਰੀਰ ਵਿੱਚ ਕੋਈ ਨੁਕਸ ਨਹੀਂ। ਜੋ ਖਾਮੀਆਂ ਮੇਰੇ ਨਾਂ ਨਾਲ ਜੋੜੀਆਂ ਜਾਂਦੀਆਂ ਹਨ, ਅਮਲ ਵਿੱਚ ਮੌਜੂਦਾ ਨਿਜ਼ਾਮ ਦੀਆਂ ਹਨ।"

ਇਕ ਵਾਰ ਉਹ ਆਪਣੀ ਬੀਵੀ ਨਾਲ ਇਸਮਤ ਚੁਗਤਾਈ ਦੇ ਘਰ ਗਲਾਡ ਗਿਆ। ਰਾਤ ਨੂੰ ਰੋਟੀ ਖਾਣ ਮਗਰੋਂ ਇਸਮਤ ਦੇ ਪਤੀ ਸ਼ਾਹਿਦ ਨੇ ਗੱਲਾਂ ਗੱਲਾਂ ਵਿੱਚ ਮੰਟੋ ਨੂੰ ਕਿਹਾ, "ਮੰਟੋ, ਤੇਰੇ ਕੋਲੋਂ ਭਾਸ਼ਾ ਦੀਆਂ ਗਲਤੀਆਂ ਅਜੇ ਵੀ ਹੋ ਜਾਂਦੀਆਂ ਹਨ।"

ਡੇਢ ਵਜ ਗਿਆ ਪਰ ਮੰਟੋ ਨੇ ਇਸ ਗੱਲ ਨੂੰ ਸਵੀਕਾਰ ਨਾ ਕੀਤਾ। ਰਾਤੀਂ ਦੋ ਵਜੇ ਇਸਮਤ ਨੇ ਕੋਈ ਲਫ਼ਜ਼ ਵਰਤਿਆ, 'ਦਸਤਦਗਜ਼ੀ' ਯਾਨਿ ਦਖਲ। ਮੰਟੋ ਨੇ ਝੱਟ ਹੀ ਕਿਹਾ ਕਿ ਅਸਲ ਲਫ਼ਜ਼ 'ਦਰਾਜ਼ਦਸਤੀ' ਹੈ। ਉਹ ਦੋਵੇਂ ਮੀਆਂ ਬੀਵੀ ਮੰਨਣ ਨੂੰ ਤਿਆਰ ਨਾ ਹੋਏ। ਤਿੰਨ ਵਜੇ ਸ਼ਾਹਿਦ ਸ਼ਬਦ ਕੋਸ਼ ਚੁੱਕ ਲਿਆਇਆ। ਅਸਲ ਲਫ਼ਜ਼ 'ਦਰਾਜ਼ਦਸਤੀ' ਹੀ ਨਿਕਲਿਆ। ਇਹ ਦੇਖ ਇਸਮਤ ਨੇ ਕਿਹਾ, "ਮੈਂ ਜਦੋਂ ਸ਼ਬਦਕੋਸ਼ ਬਣਾ ਵਾਂਗੀ ਤਾਂ ਉਸ ਵਿੱਚ ਸਹੀ ਸ਼ਬਦ 'ਦਸਤਦਗਜ਼ੀ ਹੀ ਹੋਏਗਾ।" ਮੰਟੋ ਉਸ ਵੱਲ ਦੇਖ ਕੇ ਸਿਰਫ ਮੁਸਕਰਾ ਪਿਆ।

ਆਪਣੇ ਅਦਬੀ ਮਿੱਤਰਾਂ, ਸਮਕਾਲੀਆਂ ਤੇ ਫਿਲਮੀ ਦੁਨੀਆਂ ਦੇ ਵਿਭਿੰਨ ਕਲਾਕਾਰਾਂ ਆਦਿ, ਭਾਵ ਉਸ ਨੇ ਜਿਸ ਕਿਸੇ ਉੱਤੇ ਵੀ ਕਲਮ ਚਲਾਈ ਕਦੇ ਲਿਹਾਜ਼ ਕਰਦੇ ਹੋਏ ਕੁਝ ਨਾ ਲਿਖਿਆ, ਜੋ ਵੀ ਲਿਖਿਆ, ਸਾਫ ਸਪਸ਼ਟ ਤੇ ਬੇਬਾਕੀ ਨਾਲ ਬਗੈਰ ਇਸ ਡਰ ਕੇ ਕਿ ਉਸ ਲਿਖਤ ਮਗਰੋਂ ਉਸ ਦੇ ਸੰਬੰਧ ਉਸ ਸ਼ਖ਼ਸ ਨਾਲ ਵਿਗੜ ਵੀ ਸਕਦੇ ਹਨ।

ਆਪਣੇ ਸ਼ਖ਼ਸੀ ਸ਼ਬਦ ਚਿਤਰਾਂ ਦੇ ਸੰਗ੍ਰਹਿ 'ਗੰਜੇ ਫਰਿਸ਼ਤੇ' ਦੀ ਭੂਮਿਕਾ ਵਿੱਚ ਉਹ ਲਿਖਦਾ ਹੈ,

"ਮੈਂ ਅਜਿਹੀ ਦੁਨੀਆਂ ਉਤੇ, ਅਜਿਹੇ ਸਭਿਆ ਮੁਲਕ ਉਤੇ, ਅਜਿਹੇ ਸਭਿਆ ਸਮਾਜ ਉੱਤੇ ਲਾਹਨਤ



ਭੇਜਦਾ ਹਾਂ, ਜਿਥੇ ਇਹ ਸਿਧਾਂਤ ਲਾਗੂ ਹੁੰਦਾ ਹੈ ਕਿ ਮਰਨ ਤੋਂ ਬਾਅਦ ਹਰ ਸ਼ਖ਼ਸ ਦਾ ਚਰਿਤਰ ਅਤੇ ਵਿਅਕਤੀਤਵ ਲਾਂਡਰੀ ਵਿੱਚ ਭੇਜ ਦਿੱਤਾ ਜਾਏ, ਜਿਥੋਂ ਉਹ ਧੋਤਾ ਪ੍ਰੈਸ ਕੀਤਾ ਆਏ ਤੇ ਰਹਿਮਤੁਲਾਹ ਅਲੇਹ ਦੀ ਦਿੱਲੀ ਉਤੇ ਟੰਗ ਦਿੱਤਾ ਜਾਏ।

ਮੇਰੇ ਇਸਲਾਹਖਾਨੇ 'ਚ ਕੋਈ ਸ਼ਾਨਾ ਨਹੀਂ, ਕੋਈ ਸੈਪੂ ਨਹੀਂ, ਕੋਈ ਘੁੰਗਰ ਪੈਦਾ ਕਰਨ ਵਾਲੀ ਮਸ਼ੀਨ ਨਹੀਂ। ਮੈਂ ਬਨਾਣ-ਸ਼ਿੰਗਾਰ ਕਰਨਾ ਨਹੀਂ ਜਾਣਦਾ... ਆਗ਼ਾ ਹਸ਼ਰ ਦੀ ਭੈਂਗੀ ਅੱਖ ਮੇਰੇ ਤੋਂ ਸਿੱਧੀ ਨਹੀਂ ਹੋ ਸਕਦੀ। ਉਸ ਦੇ ਮੂੰਹੋਂ ਗਾਲ੍ਹਾਂ ਦੀ ਬਜਾਏ ਮੈਂ ਫੁੱਲ ਨਹੀਂ ਸੁੱਟਵਾ ਸਕਿਆ। ਮੀਰਾਜ਼ੀ ਦੀ ਜ਼ਲਾਲਤ ਤੇ ਮੇਰੇ ਤੋਂ ਪ੍ਰੈਸ ਨਾ ਕੀਤੀ ਜਾ ਸਕੀ ਤੇ ਨਾ ਹੀ ਮੈਂ ਆਪਣੇ ਦੋਸਤ ਸ਼ਿਆਮ ਨੂੰ ਮਜਬੂਰ ਕਰ ਸਕਿਆ ਕਿ ਉਹ ਗਲਤ ਔਰਤਾਂ ਨੂੰ ਸਾਲੀਆਂ ਨਾ ਕਹੇ... ਇਸ ਕਿਤਾਬ (ਗੰਜੇ ਫਰਿਸ਼ਤੇ ) ਵਿੱਚ ਜੋ ਵੀ ਫਰਿਸ਼ਤਾ ਆਇਆ, ਉਸ ਦਾ ਮੁੰਡਨ ਹੋਇਆ ਹੈ। ਇਹ ਰਸਮ ਮੈਂ ਬੜੇ ਸਲੀਕੇ ਨਾਲ ਅਦਾ ਕੀਤੀ ਹੈ।"

ਹਾਲਾਂਕਿ ਇਨ੍ਹਾਂ ਸ਼ਬਦ ਚਿਤਰਾਂ ਮਗਰੋਂ ਸਤਾਰਾ ਦੇਵੀ, ਰਫ਼ੀਕ ਗਜਨਵੀ ਚਿਰਾਗ਼, ਹਸਨ ਹਸਰਤ ਆਦਿ ਉਸ ਨਾਲ ਨਾਰਾਜ਼ ਵੀ ਹੋ ਗਏ, ਪਰ ਮੰਟੋ ਨੇ ਪਰਵਾਹ ਨਾ ਕੀਤੀ। ਆਪਣੇ ਸਮਕਾਲੀ ਅਦੀਬਾਂ ਨਾਲ ਵੀ ਜੇ ਕਦੇ ਕਿਸੇ ਗੱਲ ਉਤੇ ਉਸ ਦੀ ਬਹਿਸ ਜਾਂ ਮਤਭੇਦ ਹੋ ਜਾਂਦਾ ਤਾਂ ਕੁਝ ਅਰਸੇ ਲਈ ਬੋਲਚਾਲ ਬੰਦ ਵੀ ਹੋ ਜਾਂਦਾ ਤਾਂ ਜਦੋਂ ਵੀ ਕਿਸੇ ਦੀ ਕੋਈ ਰਚਨਾ ਛਪਦੀ ਤਾਂ ਚੰਗੀ ਲੱਗਣ ਤੇ ਮੰਟੋ ਆਪ ਉਸ ਨੂੰ ਫ਼ੋਨ ਕਰ ਕੇ ਚਿੱਠੀ ਪਾ ਕੇ ਉਸ ਰਚਨਾ ਦੀ ਸਿਫਤ ਕਰਦਾ। ਚਿਰਾਗ਼ ਹਸਨ ਹਸਰਤ ਨਾਲ ਉਸ ਦੀ ਚੁੰਝ ਅਕਸਰ ਭਿੜਦੀ ਰਹਿੰਦੀ, ਪਰੰਤੂ ਉਸ ਦੀ ਲਿਖਤ ਦਾ ਉਹ ਕਾਇਲ ਸੀ ਤੇ ਉਹ ਦੀ ਪ੍ਰਸੰਸਾ ਵੀ ਕਰਦਾ ਸੀ, ਹਾਲਾਂਕਿ ਉਸ ਦੇ ਸੁਭਾਅ ਦੀ ਇਹ ਗੱਲ ਉਸ ਨੂੰ ਸਖਤ ਨਾਪਸੰਦ ਸੀ ਕਿ ਉਹ ਕਿਸੇ ਨੂੰ ਆਪਣਾ ਪੁੱਤਰ ਜਾਂ ਅਜੀਜ਼ ਸਮਝ ਕੇ ਮੋਢਾ ਥਪਥਪਾਏ ਤੇ ਉਸ ਉਤੇ ਆਪਣਾ ਰੋਹਬ ਪਾਏ। ਮੰਟੋ ਦਾ ਮੰਨਣਾ ਸੀ ਕਿ ਸਾਹਮਣੇ ਉਹ ਇਹ ਵੀ ਮੰਨ ਲੈਣ ਕਿ ,' ਮੈਂ ਸਿਰਫ ਪੁੱਤਰ ਹੀ ਨਹੀਂ, ਅਭਿਮਾਨੀ ਵੀ ਹਾਂ।"

ਮੰਟੋ ਕਸ਼ਮੀਰੀ ਹੋਣ ਦੇ ਨਾਲ ਨਾਲ ਸਵੈ ਨੂੰ 'ਪੰਜਾਬੀ' ਕਹਿ ਲਾਉਣ ਵਿੱਚ ਫ਼ਖ਼ਰ ਮਹਿਸੂਸ ਕਰਦਾ ਸੀ। ਥਾਂ ਥਾਂ ਤੇ ਜਿੱਥੇ ਸੰਭਵ ਹੋਇਆ ਉਸ ਨੇ ਪੰਜਾਬੀ ਮੁਹਾਵਰੇ ਵਰਤਣ ਦੀ ਕੋਸ਼ਿਸ਼ ਕੀਤੀ। ਪੰਜਾਬੀ ਵਿੱਚ ਗੱਲ ਕਰਨਾ ਉਸ ਨੂੰ ਚੰਗਾ ਲੱਗਦਾ ਸੀ। ਉਹ ਅਬਦੁੱਲ ਬਾਰੀ, ਰਫ਼ੀਕ ਗਜਨਵੀ, ਸ਼ਿਆਮ, ਨੂਰ ਜਹਾਂ, ਪ੍ਰਾਣ, ਪ੍ਰਿਥਵੀ ਰਾਜ ਕਪੂਰ, ਇਥੋਂ ਤਕ ਕਿ ਨਸੀਮ ਬਾਨੋ ਨਾਲ ਵੀ ਪੰਜਾਬੀ ਵਿੱਚ ਗੱਲ ਕਰਦਾ ਸੀ। ਇਕ ਵਾਰ ਉਸ ਨੇ ਰਫ਼ੀਕ ਗਜਨਵੀਂ ਤੋਂ ਪੁੱਛਿਆ, "ਲਾਲੇ, ਅਧੜਵੰਜਾ ਕਿਸ ਨੂੰ ਕਹਿੰਦੇ ਹਨ।"

ਰਫ਼ੀਕ ਨੇ ਕਿਹਾ, "ਇਹ ਕਿਸ ਜ਼ਬਾਨ ਦਾ ਸ਼ਬਦ ਹੈ।"

ਮੰਟੋ ਨੇ ਕਿਹਾ, "ਪੰਜਾਬੀ ਦਾ... ਦਸ ਇਸ ਦਾ ਮਤਲਬ ਕੀ ਹੈ।"

ਰਫ਼ੀਕ ਨੇ ਆਪਣੇ ਖਾਸ ਅੰਦਾਜ਼ ਵਿਚ ਹੀ ਕਿਹਾ, "ਮੈਨੂੰ ਨਹੀਂ ਪਤਾ ਉਏ ਅਧੜਵੰਜੇ ਦੇ ਪੁੱਤਰਾ।"

ਕੋਲ ਬੈਠੀ ਨਸੀਮ ਬਾਨੋ ਨੇ ਮੁਸਕਰਾ ਕੇ ਪੰਜਾਬੀ ਵਿੱਚ ਹੀ ਉਸ ਤੋਂ ਪੁੱਛਿਆ, "ਸੱਚੀਂ ਤੁਹਾਨੂੰ ਨਹੀਂ ਪਤਾ? "

ਰਫ਼ੀਕ ਨੇ ਜਦੋਂ ਨਸੀਮ ਦੇ ਮੂੰਹੋਂ ਪੰਜਾਬੀ ਸੁਣੀ ਤਾਂ ਉਸ ਨੂੰ ਆਪਣੀ ਪਸ਼ਤੋ ਭੁੱਲ ਗਈ। ਉਸ ਨੇ ਲੜਖੜਾਂਦੀ ਆਵਾਜ਼ ਵਿੱਚ ਉਰਦੂ ਵਿੱਚ ਨਸੀਮ ਨੂੰ ਪੁੱਛਿਆ, "ਤੁਸੀਂ ਪੰਜਾਬੀ ਜਾਣਦੇ ਹੋ? "

ਨਸੀਮ ਨੇ ਮੁਸਕਰਾ ਕੇ ਹਾਂ ਵਿੱਚ ਜਵਾਬ ਦਿੱਤਾ।

ਮੰਟੋ ਨੇ ਨਸੀਮ ਤੋਂ ਉਸ ਸ਼ਬਦ ਦਾ ਮਤਲਬ ਪੁੱਛਿਆ ਤਾਂ ਨਸੀਮ ਨੇ ਜਵਾਬ ਦਿੱਤਾ।" ਉਹ ਲਿਬਾਸ ਜੋ ਘਰ ਵਿੱਚ ਪਾਇਆ ਜਾਂਦਾ ਹੈ।"

ਚਿਰਾਗ਼ ਹਸਨ ਲਈ ਮੰਟੋ ਕਹਿੰਦਾ ਸੀ, ਉਹ ਉਸ ਲਈ ਇੰਜ ਹਨ ਜਿਵੇਂ ਅਸੀਂ ਪੰਜਾਬੀ ਵਿੱਚ ਕਹਿੰਦੇ ਹਾਂ, "ਬਕਰੀਏ, ਦੁੱਧ ਦਿੱਤਾ ਈ ਮੈਂਗਨਾਂ ਦਾ ਭਰਕੇ।" ਉਹ ਆਪ ਮੰਨਦਾ ਹੈ ਕਿ , "ਪੰਜਾਬੀ ਹੋਣ ਦੇ ਕਾਰਣ ਮੈਂ ਆਪ ਬਹੁਤ ਵੱਡਾ ਫੱਕੜਬਾਜ਼ ਹਾਂ।"

ਮੰਟੋ ਦਾ ਦਿਮਾਗ਼ ਹਰ ਵੇਲੇ ਕਿਸੇ ਨਾ ਕਿਸੇ ਚੀਜ਼ ਵਿੱਚ ਉਲਝਿਆ ਹੀ ਰਹਿੰਦਾ ਸੀ। ਆਰਥਿਕ ਤੰਗੀ ਦਾ ਸਾਹਮਣਾ ਉਸ ਨੂੰ ਸਦਾ ਹੀ ਕਰਨਾ ਪੈਂਦਾ ਰਿਹਾ, ਕਿਉਂਕਿ ਉਸ ਕੋਲ ਕੋਈ ਨਿਸ਼ਚਿਤ ਤੇ ਸਥਾਈ ਕੰਮ

ਧੰਦਾ ਨਹੀਂ ਸੀ। ਉਸ ਨੇ ਕੁਝ ਅਰਸਾ ਦਿੱਲੀ ਰੇਡੀਓ ਸਟੇਸ਼ਨ ਵਿੱਚ ਨੌਕਰੀ ਕੀਤੀ। ਕਈ ਰਸਾਲਿਆਂ – ਪਰਚਿਆਂ ਵਿੱਚ ਕਾਲਮ ਲਿਖਦਾ ਰਿਹਾ। ਕਿਸੇ ਕਿਸੇ ਪਤ੍ਰਿਕਾ ਦਾ ਥੋੜੇ ਥੋੜੇ ਅਰਸੇ ਲਈ ਸੰਪਾਦਕ ਜਾਂ ਉਪ ਸੰਪਾਦਕ ਵੀ ਬਣਦਾ ਰਿਹਾ। ਕਿਸੇ ਦਫ਼ਤਰ ਵਿੱਚ ਬੱਝੀ ਬੱਝਾਈ ਤਨਖਾਹ ਉਤੇ ਕੰਮ ਕਰਨ ਦੀ ਉਸ ਦਾ ਸੁਭਾਅ ਨਹੀਂ ਸੀ। ਬੰਬਈ ਵਿੱਚ ਗੁਜ਼ਾਰੇ ਸੱਤ-ਅੱਠ ਸਾਲ ਉਸ ਦੀ ਜ਼ਿੰਦਗੀ ਦੇ ਸਭ ਤੋਂ ਬਿਹਤਰੀਨ ਸਾਲ ਕਹੇ ਜਾ ਸਕਦੇ ਹਨ, ਜਦੋਂ ਉਹ ਉਰਦੂ ਅਦਬ ਦਾ ਸਭ ਤੋਂ ਚਮਕਦਾ ਲੇਖਕ ਰਿਹਾ ਤੇ ਉਸ ਨੇ ਕਾਫੀ ਹੱਦ ਤਕ ਆਪਣੇ ਪੈਰ ਫਿਲਮੀ ਦੁਨੀਆਂ ਵਿੱਚ ਬਤੌਰ ਡਾਇਲਾਗ ਤੇ ਸਟੋਰੀ ਰਾਈਟਰ ਵਜੋਂ ਜਮ੍ਹਾਂ ਲਏ ਸਨ।

ਇਸ ਉਲਝੇ ਦਿਮਾਗ਼ ਦੀ ਬਦੌਲਤ ਅਨੇਕਾਂ ਸ਼ਾਹਕਾਰ ਕਹਾਣੀਆਂ ਉਸ ਦੀ ਕਲਮ ਤੋਂ ਨਿਕਲੀਆਂ, ਜਿਸ ਦਾ ਸੰਬੰਧ ਅਚੇਤ ਤੌਰ ਤੇ ਉਸ ਦੇ ਢਿੱਡ ਨਾਲ ਸੀ। ਉਸ ਜ਼ਮਾਨੇ ਵਿੱਚ ਚੜ੍ਹਤ ਵਾਲੇ ਰਸਾਲੇ ਤੇ ਪ੍ਰਕਾਸ਼ਕ ਉਸ ਦੀ ਨਵੀਂ ਕਹਾਣੀ ਲੈਣ ਲਈ ਉਸ ਨੂੰ ਐਡਵਾਂਸ ਵਿੱਚ ਰਕਮ ਦੇ ਦੇਂਦੇ ਸਨ। ਰਕਮ ਹੱਥ ਵਿਚ ਆਉਂਦੇ ਹੀ ਉਹ ਸ਼ਾਹਖਰਚ ਬਣ ਜਾਂਦਾ। ਖੁਲ੍ਹਾ ਖਰਚ ਕਰਦਾ। ਪੈਸੇ ਦਾ ਨਾ ਕੋਈ ਹਿਸਾਬ ਰਖਦਾ ਤੇ ਨਾ ਹੀ ਜਾਣਦਾ ਕਿ ਉਹ ਕਿਥੇ ਕਿੰਨੇ ਪੈਸੇ ਖਰਚ ਕਰ ਚੁੱਕਾ ਹੈ। ਦੂਜੇ ਪਾਸੇ ਜਦੋਂ ਕਹਾਣੀ ਲਈ ਤਕਾਜ਼ੇ ਹੋਣ ਲੱਗਦੇ ਤੇ ਜ਼ੇਬ ਖਾਲੀ ਹੋਣ ਲੱਗਦੀ ਤਾਂ ਉਹ ਬੇਚੈਨੀ ਨਾਲ ਇਧਰ ਉਧਰ ਚਹਿਲ ਕਦਮੀ ਕਰਦੇ ਹੋਏ ਚਾਹ ਨਾਸ਼ਤਾ ਕਰਦਾ। ਪਾਸੇ ਮਾਰਦਾ, ਚਿੜੀਆਂ ਨੂੰ ਦਾਣੇ ਪਾਉਂਦਾ। ਆਪਣੀਆਂ ਬੱਚੀਆਂ ਨੂੰ ਝੂਲਾ ਝੁਲਾਉਣ ਲੱਗਦਾ। ਘਰ ਵਿੱਚ ਖਿਲਰੇ ਪਏ ਸਾਮਾਨ ਨੂੰ ਟਿਕਾਣੇ ਸਿਰ ਰੱਖਦਾ। ਪਰ ਕਮਬਖ਼ਤ ਉਹ ਕਹਾਣੀ ਜੋ ਉਸ ਦੀ ਜੇਬ ਵਿੱਚ ਪਈ ਹੁੰਦੀ, ਜ਼ੇਹਨ ਵਿਚ ਨਾ ਉਤਰਦੀ।

ਉਸਦੀ ਅਜਿਹੀ ਬੇਚੈਨੀ ਦੇਖ ਕੇ ਬੀਵੀ ਸਲਾਹ ਦੇਂਦੀ, ਲਿਖਣ ਲਈ ਹੁਣ ਬੈਠ ਜਾਓ। ਉਦੋਂ ਉਹ ਇਕਦਮ ਖਾਲ਼ੀ ਜ਼ੇਹਨ ਨਾਲ ਕਾਗਜ਼ ਕਲਮ ਲੈ ਕੇ ਕੁਰਸੀ ਉਤੇ ਚੌਕੜੀ ਮਾਰ ਕੇ ਬੈਠ ਜਾਂਦਾ। ਕਾਗਜ਼ ਉਤੇ ਸਭ ਤੋਂ ਪਹਿਲਾਂ '786' ਲਿਖਦਾ। ਫਿਰ ਦਿਮਾਗ਼ ਵਿੱਚ ਜੋ ਵੀ ਪਹਿਲਾ ਫਿਕਰਾ ਆਉਂਦਾ ਉਸ ਨੂੰ ਬਗੈਰ ਸੋਚੇ ਸਮਝੇ ਕਾਗਜ਼ ਉਤੇ ਲਿਖਣ ਲੱਗਦਾ। ਉਸ ਤੋਂ ਮਗਰੋਂ ਭਾਵੇਂ ਘਰ ਵਿੱਚ ਬੱਚਿਆ ਦਾ ਰੌਲਾ ਰੱਪੇ ਦੋਵੇਂ ਬੀਵੀ ਦੀ ਚੈਂ ਚੈਂ ਪਈ ਹੋਵੇ। ਉਸ ਦਾ ਕੋਈ ਮਿੱਤਰ ਜਾਂ ਜਾਣਕਾਰ ਮਿਲਣ ਆ ਜਾਏ, ਉਸ ਨਾਲ ਗੱਲਾਂ-ਬਾਤਾਂ ਕਰਦੇ, ਇਸ ਸਾਰੇ ਹੰਗਾਮੇ ਦੌਰਾਨ ਵੀ ਉਹ ਆਪਣੀ ਕਹਾਣੀ ਖਤਮ ਕਰਕੇ ਹੀ ਉੱਠਦਾ। ਉਸ ਨੂੰ ਜੇਬ੍ਹ ਵਿੱਚ ਪਾ ਸ਼ਾਮ ਨੂੰ ਤਿਆਰ ਹੋ ਉਹ ਟਾਂਗਾ ਲੈ ਕੇ ਪਹਿਲਾ ਕਹਾਣੀ ਨੂੰ ਨਿਯਤ ਥਾਂ ਤੇ ਦੇਂਦਾ ਫਿਰ ਤਫ਼ਰੀਹ ਕਰਨ ਲਈ ਨਿਕਲ ਜਾਂਦਾ।

ਉਹ ਹਮੇਸ਼ਾ ਕਹਿੰਦਾ ਕਿ , "ਅਫ਼ਸਾਨਾ ਮੇਰੇ ਦਿਮਾਗ਼ ਵਿੱਚ ਨਹੀਂ, ਜੇਬ੍ਹ ਵਿੱਚ ਹੁੰਦਾ, ਜਿਸ ਦੀ ਮੈਨੂੰ ਕੋਈ ਖ਼ਬਰ ਨਾ ਹੁੰਦੀ। ਦਿਮਾਗ਼ ਬਿਲਕੁਲ ਖਾਲੀ ਹੁੰਦਾ, ਪਰ ਜੇਬ੍ਹ ਭਰੀ ਹੁੰਦੀ ਤੇ ਅਫ਼ਸਾਨਾ ਆਪਣੇ ਆਪ ਹੀ ਉੱਛਲ ਕੇ ਬਾਹਰ ਆ ਜਾਂਦਾ। ਇਸ ਲਿਹਾਜ਼ ਨਾਲ ਉਹ ਆਪਣੇ ਆਪ ਨੂੰ ਅਫ਼ਸਾਨਾ ਨਿਗਾਰ ਦੀ ਬਜਾਏ ਜੇਬ ਕਤਰਾ ਸਮਝਦਾ ਜੋ ਆਪਣੀ ਜੇਬ੍ਹ ਆਪ ਹੀ ਕੱਟ ਕੇ ਦੂਸਰਿਆਂ ਦੇ ਹਵਾਲੇ ਕਰ ਦੇਂਦਾ।"

ਪਾਕਿਸਤਾਨ ਜਾ ਕੇ ਜਦੋਂ ਉਸ ਦੀ ਹਾਲਤ ਅਤਿਅੰਤ ਮਾੜੀ ਹੋ ਗਈ ਤਾਂ ਉਸ ਨੇ ਰੋਜ਼ ਇਕ ਨਵੀਂ ਕਹਾਣੀ ਲਿਖ ਕੇ ਪ੍ਰਕਾਸ਼ਕਾਂ ਨੂੰ ਦਿੱਤੀ। ਇਨ੍ਹਾਂ ਕਹਾਣੀਆਂ ਦਾ ਸੰਗ੍ਰਹਿ ਜਦੋਂ ਛਪਿਆ ਤਾਂ ਉਸ ਉਤੇ ਬਕਾਇਦਾ ਸਿਲਸਿਲੇਵਾਰ ਤਾਰੀਕ ਪਈ ਹੋਈ ਸੀ ਤੇ ਸੰਗ੍ਰਹਿ ਦਾ ਨਾਂ ਹੀ ਸੀ 'ਰੋਜ਼ ਇਕ ਕਹਾਣੀ' ਸ਼ਾਇਦ ਇਸੇ ਕਰਕੇ ਉਸ ਦੇ ਸ਼ੁਰੂਆਤੀ ਲਫ਼ਜ਼ ਸਨ,

'ਦਾਦ ਇਸ ਗੱਲ ਦੀ ਚਾਹੁੰਦਾ ਹਾਂ ਕਿ ਮੇਰੇ ਦਿਮਾਗ਼ ਨੇ ਢਿੱਡ ਵਿੱਚ ਵੜ ਕੇ ਕੀ ਕੀ ਕਰਾਮਾਤਾਂ ਕਰ ਦਿਖਾਈਆਂ।"

ਨਵੀਆਂ ਕਹਾਣੀਆਂ ਵਾਂਗ ਹੀ ਉਸ ਦਾ ਦਿਮਾਗ਼ ਨਵੇਂ ਲਫ਼ਜ਼ ਘੜਨ ਵਿੱਚ ਵੀ ਮਾਹਿਰ ਰਿਹਾ। ਇਕ ਦਿਨ ਉਹ ਬੰਬਈ ਦੀ ਲੋਕਲ ਗੱਡੀ ਤੋਂ ਬੰਬੇ ਟਾਕੀਜ਼ ਵੱਲ ਜਾ ਰਿਹਾ ਸੀ। ਰਸਤੇ ਵਿੱਚ ਅਖ਼ਬਾਰ ਦੇ ਖੇਡ ਜਗਤ ਦੇ ਕਿਸੇ ਕਾਲਮ ਵਿੱਚ ਉਸਨੇ ਕਿਸੇ ਖਿਡਾਰੀ ਦਾ ਅਜੀਬ ਜਿਹਾ ਨਾ ਪੜ੍ਹਿਆ ਜੋ Hiptulha ਅੱਖਰਾਂ ਵਿੱਚੋਂ ਸੀ, ਜੋ ਪੜ੍ਹਨ ਵਿੱਚ 'ਹਿਪ ਟੁੱਲਾ' ਬਣ ਰਿਹਾ ਸੀ। ਮੰਟੋ ਨੇ ਇਸ ਅਜੀਬ ਜਿਹੇ ਸ਼ਬਦ ਨੂੰ ਦੋ ਤਿੰਨ ਵਾਰ ਦੁਹਰਾਇਆ। ਸਟੂਡਿਓ ਪਹੁੰਚਣ ਤੇ ਜਿਥੇ ਕਮਾਲ ਅਮਰੋਹੀ ਦੀ ਫਿਲਮ 'ਹਵੇਲੀ' ਜੋ ਬਾਅਦ ਵਿੱਚ



'ਮਹਿਲ' ਨਾਂ ਤੇ ਫਿਲਮ ਬਣੀ ਤੇ ਅਤਿਅੰਤ ਸਫ਼ਲ ਹੋਈ। ਉਥੇ ਕਿਸੇ ਸੀਨ ਦੀ ਸ਼ੂਟਿੰਗ ਮਗਰੋਂ ਜਦੋਂ ਕਮਾਲ ਅਮਰੋਹੀ ਨੇ ਮੰਟੋ ਤੋਂ ਉਸ ਰਾਇ ਮੰਗੀ ਤਾਂ ਉਸਦੇ ਮੂੰਹੋਂ ਅਚਾਨਕ ਨਿਕਲਿਆ, "ਠੀਕ ਹੈ। ਪਰ ਹਿਪਟੁੱਲਾ ਨਹੀਂ।"

ਹਸਰਤ ਜੈਪੁਰੀ ਨੂੰ ਵੀ ਉਸ ਨੇ ਕੁਝ ਇਸ ਤਰ੍ਹਾਂ ਹੀ ਕਿਹਾ, "ਹਸਰਤ ਭਾਈ, ਗੱਲ ਬਣੀ ਨਹੀਂ। ਕੋਈ ਹਿਪਟੁੱਲਾ ਚੀਜ਼ ਪੇਸ਼ ਕਰੋ। ਹਿਪਟੁੱਲਾ। "

ਅਸ਼ੋਕ ਕੁਮਾਰ ਤੋਂ ਵੀ ਜਦੋਂ ਇਸ ਸਿਲਸਿਲੇ ਵਿੱਚ ਰਾਇ ਮੰਗੀ ਗਈ ਤਾਂ ਉਸ ਨੇ ਵੀ ਆਪਣੇ ਅੰਦਾਜ਼ ਵਿੱਚ ਸਿਰ ਹਿਲਾਉਂਦੇ ਹੋਏ ਜਵਾਬ ਦਿੱਤਾ, "ਹਿਪਟੁੱਲਾ ਨਹੀਂ ਹੈ।"

ਮਗਰੋਂ ਇਹ ਲਫ਼ਜ਼ ਫਿਲਮੀ ਦੁਨੀਆਂ 'ਚ ਐਨਾ ਚਰਚਿਤ ਤੇ ਸਥਾਪਿਤ ਹੋ ਗਿਆ ਕਿ ਹਰੇਕ ਜੀ ਜ਼ਬਾਨ ਤੇ ਜਾ ਚੜ੍ਹਿਆ। ਸ਼ਿਆਮ, ਅਸ਼ੋਕ ਕੁਮਾਰ ਤੇ ਹੋਰ ਕਈ ਲੋਕ ਆਪਣੀ ਹਰ ਗੱਲ ਬਾਤ ਵਿੱਚ ਇਸ ਨੂੰ ਵਰਤਣ ਲੱਗੇ। ਸ਼ਿਆਮ ਤਾਂ ਆਪਣੇ ਖ਼ਤਾਂ ਵਿੱਚ ਵੀ ਸਦਾ ਇਸ ਲਫ਼ਜ਼ ਨੂੰ ਵਰਤਦਾ ਰਿਹਾ।

ਮੰਟੋ 'ਬਾਬੂ ਗੋਪੀ ਨਾਥ' ਤੇ 'ਟੋਭਾ ਟੇਕ ਸਿੰਘ' ਜਿਹੀਆਂ ਕਹਾਣੀਆਂ ਵਿੱਚ ਵੀ ਪਾਤਰਾਂ ਦੇ ਚਰਿਤਰਾਂ ਨਾਲ ਜੋੜ ਕੇ ਨਵੇਂ ਨਵੇਂ ਲਫ਼ਜ਼ ਵਰਤਦਾ ਰਿਹਾ ਜਿਨ੍ਹਾਂ ਦਾ ਸ਼ਾਬਦਿਕ ਅਰਥ ਭਾਵੇਂ ਕੋਈ ਨਹੀਂ ਹੁੰਦਾ ਸੀ ਪਰ ਉਹ ਪਾਤਰਾਂ ਨੂੰ ਉਘਾੜਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾ ਜਾਂਦੇ ਸਨ। ਜਿਵੇਂ ਬਾਬੂ ਗੋਪੀ ਨਾਥ ਮੰਟੋ ਦੀ ਜਾਣ ਪਛਾਣ ਕਰਵਾਉਂਦੇ ਹੋਏ ਕਹਿੰਦਾ ਹੈ, "ਮੰਟੋ ਸਾਹਿਬ ਇੰਡੀਆ ਦੇ ਰਾਈਟਰ ਨੰਬਰ ਵਨ ਹਨ। ਕਹਾਣੀਆਂ ਵਿੱਚ ਇਹੋ ਜਿਹੀ ਕੰਟੀਨਿਊਟੀ ਮਿਲਾਉਂਦੇ ਹਨ ਕਿ ਵੱਡਿਆਂ ਵੱਡਿਆਂ ਦਾ ਧੜੰਨ ਤਖਤਾ ਹੋ ਜਾਂਦਾ ਹੈ... ਕਿਉਂ ਮੰਟੋ ਸਾਹਬ ਹੈ ਨਾ ਐਂਟੀ ਦੀ ਪੈਂਟੀ ਪੋ।"

'ਟੋਭਾ ਟੇਕ ਸਿੰਘ' ਦਾ ਪਾਗਲ ਸਿੱਖ ਪਾਤਰ ਬਿਸ਼ਨ ਸਿੰਘ ਵੀ ਕੁਝ ਇੰਜ ਦਾ ਬੋਲਦਾ ਹੈ, "ਉਹ ਗੁੜ ਗੁੜ ਦੀ ਲਾਲਟੈਣ ਦੀ, ਦਾਲ ਦੀ, ਗਿਡ ਗਿਡ ਦੀ, ਬੇਧਿਆਨੀ ਦੀ...।"

ਵੰਡ ਨੇ ਲੱਖਾਂ ਲੋਕਾਂ ਵਾਂਗ ਮੰਟੋ ਉਤੇ ਵੀ ਬਹੁਤ ਮਾੜਾ ਅਸਰ ਪਾਇਆ। ਜਿਸ ਫਿਲਮੀ ਦੁਨੀਆਂ ਵਿੱਚ ਉਸ ਦੇ ਢੇਰੋ ਢੇਰ ਪ੍ਰਸ਼ੰਸਕ, ਮਿੱਤਰ ਤੇ ਜਾਣਕਾਰ ਸਨ। ਉਥੇ ਮੰਟੋ ਦੇ ਨਾਲ ਨਾਲ ਕਮਾਲ ਅਮਰੋਹੀ, ਇਸਮਤ ਚੁਗਤਾਈ, ਗੁਲਾਮ ਹੈਦਰ, ਹਸਰਤ ਜੈਪੁਰੀ, ਸ਼ਾਹਿਦ ਲਤੀਫ਼ ਤੇ ਹੋਰ ਅਨੇਕਾਂ ਮੁਸਲਮਾਨ ਲੇਖਕ ਕਲਾਕਾਰ ਕੰਮ ਕਰਦੇ ਸਨ। ਉਥੇ ਕਈ ਹਿੰਦੂ ਕਰਤਿਆਂ ਦੀਆਂ ਨਜ਼ਰਾਂ ਬਦਲਣ ਲੱਗੀਆਂ। ਮੰਟੋ ਦੇ ਰਿਸ਼ਤੇਦਾਰ ਤਾਂ ਲਾਹੌਰ ਵਿੱਚ ਹੀ ਸਨ, ਜ਼ਿਆਦਾਤਰ ਮਿੱਤਰ ਵੀ ਪਾਕਿਸਤਾਨ ਜਾਣ ਲੱਗ ਪਏ। ਮੰਟੋ ਫੈਸਲਾ ਨਹੀਂ ਕਰ ਪਾ ਰਿਹਾ ਸੀ ਕਿ ਉਸ ਨੂੰ ਕਿਥੇ ਰਹਿਣਾ ਚਾਹੀਦਾ ਹੈ। ਮਿੱਤਰ, ਜਾਣਕਾਰ ਪਾਕਿਸਤਾਨ ਜਾ ਕੇ ਉਥੇ ਆਉਣ ਲਈ ਜ਼ੋਰ ਪਾ ਰਹੇ ਸਨ। ਮੰਟੋ ਦੀ ਬੀਵੀ ਤੇ ਪਰਿਵਾਰ ਲਾਹੌਰ ਵਿੱਚ ਸੀ। ਜਦੋਂ ਸਟੂਡਿਓ ਵਿੱਚ ਉਸ ਨੇ ਕਈ ਹਿੰਦੂਆਂ ਦੀਆਂ ਨਜ਼ਰਾਂ ਬਦਲਦੀਆਂ ਦੇਖੀਆਂ ਤਾਂ ਉਸ ਨੇ ਆਪਣਾ ਸੰਸਾ ਅਸ਼ੋਕ ਕੁਮਾਰ ਅੱਗੇ ਪ੍ਰਗਟ ਕੀਤਾ। ਅਸ਼ੋਕ ਨੇ ਉਸ ਨੂੰ ਦਿਲਾਸਾ ਦਿੱਤਾ ਤੇ ਕਿਹਾ ਕਿ ਇਹ ਦੀਵਾਨਗੀ ਹੈ। ਹੌਲੀ ਹੌਲੀ ਦੂਰ ਹੋ ਜਾਏਗੀ।'

ਅਜਿਹੇ ਦਿਨਾਂ ਵਿੱਚ ਹੀ ਉਹ ਤੇ ਸ਼ਿਆਮ ਇਕ ਸ਼ਾਮ ਅਜਿਹੇ ਸਿੱਖ ਪਰਿਵਾਰ ਨੂੰ ਮਿਲ ਕੇ ਆ ਰਹੇ ਸਨ, ਜਿਸ ਨੇ ਆਪਣੀ ਹੱਡ ਬੀਤੀ ਸੁਣਾਈ ਕਿ ਦੰਗਾਈ ਮੁਸਲਮਾਨਾਂ ਨੇ ਉਨ੍ਹਾਂ ਉਤੇ ਕੀ ਕੀ ਜ਼ੁਲਮ ਢਾਹੇ ਤੇ ਕਿਵੇਂ ਲੋਕਾਂ ਨੂੰ ਲੁੱਟ-ਪੁੱਟ ਲਿਆ। ਰਸਤੇ ਵਿਚ ਸ਼ਿਆਮ ਨੂੰ ਇਕਦਮ ਚੁਪਚਾਪ ਦੇਖ ਕੇ ਮੰਟੋ ਨੇ ਉਸ ਤੋਂ ਪੁੱਛਿਆ, "ਮੈਂ ਮੁਸਲਮਾਨ ਹਾਂ, ਕੀ ਤੇਰਾ ਦਿਲ ਨਹੀਂ ਚਾਹੁੰਦਾ ਕਿ ਮੈਨੂੰ ਕਤਲ ਕਰ ਦੇਵੇ।" ਮੰਟੋ ਸ਼ਾਇਦ ਸ਼ਿਆਮ ਦਾ ਮਨ ਟਟੋਲਣਾ ਚਾਹ ਰਿਹਾ ਸੀ। ਉਸ ਦੇ ਮੂੰਹੋਂ ਆਪਣੀ ਦੋਵਾਂ ਦੀ ਦੋਸਤੀ ਦੀ ਪੀਡੀ ਡੂੰਘੀ ਗਹਿਰਾਈ ਦੇਖਣਾ ਚਾਹੁੰਦਾ ਸੀ। ਸ਼ਿਆਮ ਨੇ ਗੰਭੀਰਤਾ ਨਾਲ ਜਵਾਬ ਦਿੱਤਾ, "ਇਸ ਵੇਲੇ ਨਹੀਂ, ਪਰ ਜਦੋਂ ਉਸ ਵੇਲੇ ਮੈਂ ਮੁਸਲਮਾਨਾਂ ਵਲੋਂ ਢਾਹੇ ਜਾਂਦੇ ਜ਼ੁਲਮਾਂ ਦੀ ਦਾਸਤਾਨ ਸੁਣ ਰਿਹਾ ਸੀ, ਉਦੋਂ ਤੈਨੂੰ ਕਤਲ ਕਰ ਸਕਦਾ ਸੀ।" ਸ਼ਿਆਮ ਦੇ ਮੂੰਹੋਂ ਇਹ ਸੁਣ ਕੇ ਮੰਟੋ ਦੇ ਦਿਲ ਨੂੰ ਜ਼ਬਰਦਸਤ ਧੱਕਾ ਲੱਗਾ। ਉਸ ਨੂੰ ਲੱਗਾ ਕਿ ਸ਼ਾਇਦ ਉਸ ਵੇਲੇ ਉਹ ਵੀ ਉਸ ਨੂੰ ਕਤਲ ਕਰ ਸਕਦਾ ਸੀ। ਪਰ ਬਾਅਦ ਵਿੱਚ ਜਦੋਂ ਉਸ ਨੇ ਸੋਚਿਆ ਤੇ ਉਸ ਵੇਲੇ ਦੇ ਪਲਾਂ 'ਚ ਉਸ ਨੂੰ ਜ਼ਮੀਨ ਆਸਮਾਨ ਜਿੱਡਾ ਫਰਕ ਮਹਿਸੂਸ ਹੋਇਆ। ਉਸੇ ਪਲ ਉਸ ਨੂੰ ਫਸਾਦਾਂ ਦੰਗਿਆਂ ਦੇ ਮਨੋਵਿਗਿਆਨਿਕ ਪਹਿਲੂ ਦੀ ਸਮਝ ਆ ਗਈ। ਇਸ ਘਟਨਾ ਦਾ ਜ਼ਿਕਰ ਬਾਅਦ ਵਿੱਚ ਮੰਟੋ

ਨੇ ਆਪਣੀ ਕਹਾਣੀ 'ਸਹਾਏ' ਵਿੱਚ ਵੀ ਕੀਤਾ। ਮੰਟੋ ਨੇ ਬੰਬੇ ਟਾਕੀਜ਼ ਜਾਣਾ ਛੱਡ ਦਿੱਤਾ। ਚੁਪਚਾਪ ਗੁੰਮਸੁਮ ਜਿਹਾ ਸੋਫੇ ਤੇ ਪਿਆ ਰਹਿੰਦਾ। ਸ਼ਿਆਮ ਉਸ ਨੂੰ ਇਸ ਤਰ੍ਹਾਂ ਪਏ ਦੇਖਦਾ ਤਾਂ ਮੁਸਕਰਾ ਦੇਂਦਾ, ਕੁਝ ਨਾ ਕਹਿੰਦਾ।

ਇਸ ਦਿਨ ਸ਼ਿਆਮ ਦੀ ਰਾਤ ਦੀ ਸ਼ੂਟਿੰਗ ਸੀ। ਉਹ ਸਵੇਰੇ ਵਾਪਸ ਆਇਆ। ਮੰਟੋ ਦਾ ਬੱਝਿਆ ਸਾਮਾਨ ਦੇਖ ਕੇ ਸਿਰਫ ਐਨਾ ਬੋਲਿਆ, "ਜਾ ਰਿਹਾ ਏਂ? " ਮੰਟੋ ਨੇ ਕਿਹਾ ,"ਹਾਂ।" ਸ਼ਿਆਮ ਆਪ ਉਸ ਨੂੰ ਲਿਜਾ ਕੇ ਬੰਦਰਗਾਹ ਤੇ ਛੱਡ ਆਇਆ। ਦੋਵਾਂ ਨੇ ਰਲ ਕੇ 'ਹਿੰਦੁਸਤਾਨ ਪਾਕਿਸਤਾਨ ਜ਼ਿੰਦਾਬਾਦ' ਦੇ ਨਾਅਰੇ ਲਗਾਏ।

ਇਨ੍ਹਾਂ ਦਿਨਾਂ ਵਿਚ ਹੀ ਜਦੋਂ ਦੰਗੇ ਹੋ ਰਹੇ ਸਨ। ਇਕ ਸ਼ਾਮ ਅਸ਼ੋਕ ਕੁਮਾਰ, ਮੰਟੋ ਨੂੰ ਆਪਣੀ ਕਾਰ ਵਿੱਚ ਬਿਠਾ ਕੇ ਖਤਰੇ ਵਾਲੀ ਥਾਂ ਤੋਂ ਲੰਘ ਕੇ ਉਸ ਦੇ ਫਲੈਟ ਕੋਲ ਛੱਡਣ ਗਿਆ। ਮੰਟੋ ਨੇ ਮਨ੍ਹਾ ਵੀ ਕੀਤਾ ਕਿ ,"ਐਵੇਂ ਖਤਰਾ ਕਿਉਂ ਲੈਂਦਾ ਏਂ? ਅਸ਼ੋਕ ਕੁਮਾਰ ਨੇ ਕਿਹਾ, "ਮੈਨੂੰ ਲੋਕ ਜਾਣਦੇ ਹਨ। ਲੋਕਾਂ ਨੂੰ ਪਤਾ ਏ ਮੈਂ ਹਿੰਦੂ ਹਾਂ। ਮੈਨੂੰ ਕੌਣ ਮਾਰੇਗਾ? " ਪਰ ਮੰਟੋ ਜਿਸ ਨੂੰ ਨਾ ਅਰਬੀ ਜ਼ੁਬਾਨ ਵਿੱਚ ਕੋਈ ਦੁਆ ਯਾਦ ਸੀ ਤੇ ਨਾ ਹੀ ਕੁਰਾਨ ਦੀ ਕੋਈ ਆਇਤ। ਉਸ ਨੇ ਮਨ ਹੀ ਮਨ ਆਪਣੇ ਧੜਕਦੇ ਦਿਲ ਨਾਲ ਖ਼ੁਦਾ ਤੋਂ ਇਹ ਦੁਆ ਮੰਗੀ, "ਏ ਖ਼ੁਦਾ! ਮੈਨੂੰ ਸੁਰ ਖ਼ਰੂ ਰੱਖੀਂ। ਕਿਧਰੇ ਇਹ ਨਾ ਹੋਵੇ ਕਿ ਕੋਈ ਮੁਸਲਮਾਨ ਅਸ਼ੋਕ ਨੂੰ ਮਾਰ ਦੇਵੇ ਤੇ ਮੈਂ ਸਾਰੀ ਉਮਰ ਉਸ ਦਾ ਖ਼ੂਨ ਆਪਣੀ ਗਰਦਨ ਤੇ ਮਹਿਸੂਸ ਕਰਦਾ ਰਿਹਾ। ਭਾਵੇਂ ਇਹ ਗਰਦਨ ਮੇਰੀ ਆਪਣੀ ਹੈ। ਕਿਸੇ ਕੌਮ ਦੀ ਨਹੀਂ। ਪਰ ਫਿਰ ਵੀ ਇਹੋ ਜਿਹੀ ਕਿਸੇ ਜ਼ਲੀਲ ਹਰਕਤ ਕਰਕੇ ਇਹ ਦੂਸਰੀ ਕੌਮ ਸਾਹਮਣੇ ਸ਼ਰਮ ਨਾਲ ਝੁਕਣਾ ਨਹੀਂ ਚਾਹੁੰਦੀ।" ਕਾਰ ਜਦੋਂ ਇਸਲਾਮਿਆ ਮੁਹੱਲੇ ਵਿੱਚ ਪਹੁੰਚੀ ਤਾਂ ਮੰਟੋ ਨੇ ਸਾਹਮਣੇ ਦਿਸਦੇ ਹਜੂਮ ਅੱਗੇ ਖੌਫ਼ ਨਾਲ ਯਕਦਮ ਕਹਿਣਾ ਚਾਹਿਆ ਕਿ ,"ਵੇਖੋ ਮੈਂ ਮੁਸਲਮਾਨ ਹਾਂ। ਇਹ ਮੈਨੂੰ ਘਰ ਛੱਡਣ ਜਾ ਰਿਹਾ ਹੈ।" ਪਰ ਇਹ ਕਹਿਣ ਦੀ ਨੌਬਤ ਹੀ ਨਾ ਆਈ। ਦੋ ਨੌਜਵਾਨਾਂ ਨੇ ਅੱਗੇ ਵਧ ਕੇ ਅਸ਼ੋਕ ਕੁਮਾਰ ਨੂੰ ਕਿਹਾ, "ਅਸ਼ੋਕ ਭਾਈ, ਅੱਗੇ ਤਾਂ ਰਾਹ ਨਹੀਂ ਮਿਲੇਗਾ। ਇਧਰੋਂ ਬਗਲ ਵਾਲੀ ਗਲੀ ਵਿਚੋਂ ਚਲੇ ਜਾਓ।" ਤੇ ਮੰਟੋ ਸੱਚਮੁਚ ਹੀ ਬਗਲ ਵਾਲੀ ਗਲੀ ਵਿਚੋਂ ਨਿਕਲ ਕੇ ਚੁਪਚਾਪ ਪਾਕਿਸਤਾਨ ਚਲਾ ਗਿਆ, ਜਿਥੇ ਉਸ ਦੀਆਂ ਕਹਾਣੀਆਂ ਉਤੇ ਮੁਕੱਦਮੇ ਚਲਦੇ ਰਹੇ। ਅੱਜ ਵੀ ਉਸ ਦੀਆਂ ਦੋ ਰਚਨਾਵਾਂ 'ਠੰਡਾ ਗੋਸ਼ਤ' ਅਤੇ 'ਉੱਤੇ ਹੇਠਾਂ ਤੇ ਵਿਚਕਾਰ' ਨੂੰ ਅਸ਼ਲੀਲ ਮੰਨੇ ਜਾਣ ਕਰਨ ਉਸ ਦੇ ਕਿਸੇ ਵੀ ਸੰਗ੍ਰਹਿ ਵਿਚ ਸ਼ਾਮਿਲ ਨਹੀਂ। ਇਸ ਪੱਖੋਂ ਅਸੀਂ ਫ਼ਰਾਖਦਿਲ ਹਾਂ।

ਪਾਕਿਸਤਾਨ ਜਾ ਕੇ ਮੰਟੋ ਉਤੇ ਆਰਥਿਕ ਸੰਕਟ ਆ ਪਿਆ ਕਈ ਮਿੱਤਰਾਂ, ਲੋਕਾਂ ਦੀਆਂ ਨਜ਼ਮਾਂ ਬਦਲ ਗਈਆਂ। ਅਜਿਹੇ ਹਾਲਾਤ ਵਿੱਚ ਉਹ ਹੋਰ ਵੀ ਸ਼ਰਾਬ ਪੀਣ ਲੱਗ ਪਿਆ। ਉਸ ਦਾ ਮਾਨਸਿਕ ਸਤੁੰਲਨ ਵਿਗੜ ਗਿਆ। ਉਸ ਨੂੰ 'ਮੇਉ ਹਸਪਤਾਲ' ਦਾਖਿਲ ਕਰਵਾਇਆ ਗਿਆ। ਮੰਟੋ ਦੱਸਦਾ ਹੈ ਕਿ ਉਥੇ ਉਹ ਬੇਹੋਸ਼ੀ ਦੀ ਹਾਲਤ ਵਿੱਚ ਹੀ ਰਿਹਾ। ਪਰੰਤੂ ਜਦੋਂ ਉਹ ਕੁਝ ਬੋਲਦਾ ਤਾਂ ਸਿਰਫ 'ਦੀਵਾਨ ਸਿੰਘ ਮਫ਼ਤੂਨ' ਨੂੰ ਮਿਲਣ ਜਾਣ ਦੀ ਗੱਲ ਕਰਦਾ। ਜੋ ਕਿ 'ਦੇਹਲੀ' ਪਰਚੇ ਦਾ ਐਡੀਟਰ ਸੀ। ਬੇਸੁਰਤੀ ਦੀ ਹਾਲਤ ਵਿੱਚ ਵੀ ਉਸ ਨੂੰ ਸਾਫ ਸਾਫ ਦਿੱਲੀ ਵਿੱਚ ਦੀਵਾਨ ਸਿੰਘ ਦਾ ਦਫ਼ਤਰ ਨਜ਼ਰ ਆਉਂਦਾ। ਜਿਸ ਦਾ ਦਰਵਾਜ਼ਾ ਬੰਦ ਹੁੰਦਾ ਤੇ ਉਹ ਵਾਰ ਵਾਰ ਉਸ ਨੂੰ ਖੁਲਵਾਉਣ ਦੀ ਗੱਲ ਕਰਦਾ। ਮੰਟੋ ਕਹਿੰਦਾ ਕਿ ,"ਮੈਂ ਸਮਝ ਨਹੀਂ ਸਕਿਆ ਕਿ ਮੈਨੂੰ ਉਸ ਨਾਲ ਕਿਹੜਾ ਜ਼ਰੂਰੀ ਕੰਮ ਸੀ। ਤੇ ਅਜੀਬ ਗੱਲ ਇਹ ਹੈ ਕਿ ਉਸ ਵੇਲੇ ਦਿਮਾਗ਼ ਵਿੱਚ ਸਿਰਫ ਦੀਵਾਨ ਸਿੰਘ ਦੀ ਯਾਦ ਹੀ ਕਿਵੇਂ ਬਾਕੀ ਸੀ।"

ਪਰ ਸਾਨੂੰ ਇਸ ਗੱਲ ਦੀ ਥੋੜੀ ਸਮਝ ਆ ਜਾਂਦੀ ਹੈ ਕਿਉਂਕਿ ਕਿਹਾ ਜਾਂਦਾ ਹੈ ਕਿ 'ਟੋਬਾ ਟੇਕ ਸਿੰਘ' ਉਸ ਦੀ ਆਪਣੀ ਨਿੱਜੀ ਜ਼ਿੰਦਗੀ ਦੇ ਤਜ਼ਰਬਿਆਂ ਦੀ ਹੀ ਕਹਾਣੀ ਹੈ, ਜੋ ਉਸ ਨੇ 'ਮੇਊ ਹਸਪਤਾਲ' ਵਿੱਚ ਬਿਤਾਏ ਸਨ ਤੇ ਉਸ ਦਾ ਸਿੱਖ ਪਾਤਰ ਬਿਸ਼ਨ ਸਿੰਘ ਕਿਧਰੇ ਦੀਵਾਨ ਸਿੰਘ ਦਾ ਪ੍ਰਤੀ ਰੂਪ ਹੀ ਤਾਂ ਨਹੀਂ ਸੀ, ਜੋ ਉਸ ਵੇਲੇ ਮੰਟੋ ਦੀ ਅਰਧ ਸੁਰਤੀ ਦੀ ਹਾਲਤ ਵਿੱਚ ਉਸ ਉਤੇ ਕਾਬਜ਼ ਸੀ। ਇਨ੍ਹਾਂ ਦੋਵਾਂ ਦੇ ਆਪਸੀ ਜੋੜ ਨੂੰ ਸਮਝ ਕੇ ਕਿ ਸ਼ਾਇਦ ਬੰਦੇ ਦੇ ਮਨ ਦੀਆਂ ਡੂੰਘਾਣਾਂ ਦਾ ਕੋਈ ਸਿਰਾ ਲੱਭਿਆ ਜਾ ਸਕੇ।

ਉਸ ਵੇਲੇ ਜਦੋਂ ਮੰਟੋ ਹਰ ਪਾਸਿਓ ਘਿਰਿਆ ਹੋਇਆ ਸੀ। ਉਸ ਦਾ ਕਿਸੇ ਨਾਲ ਪੱਤਰ ਵਿਹਾਰ ਨਹੀਂ ਰਹਿ ਗਿਆ ਸੀ। ਘਰ ਤੋਂ ਬਾਹਰ ਉਹ ਸ਼ਰਾਬੀ ਦੋਸਤਾਂ ਦੇ ਘਰ ਪਿਆ ਰਹਿੰਦਾ, ਜਿੰਨ੍ਹਾਂ ਦਾ ਸਾਹਿਤ ਨਾਲ ਦੂਰ ਦੂਰ



ਦਾ ਵੀ ਵਾਸਤਾ ਨਹੀਂ ਸੀ। ਉਸ ਨੂੰ ਕਿਸੇ ਹੋਰ ਦੇ ਘਰ ਦੇ ਸਿਰਨਾਵੇਂ ਤੋਂ ਇਕ ਖ਼ਤ ਮਿਲਿਆ। ਤਹਿਸੀਲ ਪਿਕਚਰਸ ਵਾਲਿਆਂ ਨੇ ਉਸ ਨੂੰ ਤੁਰੰਤ ਮਿਲਣ ਲਈ ਲਿਖਿਆ ਸੀ। ਮੰਟੋ ਉਨ੍ਹਾਂ ਕੋਲ ਪਹੁੰਚਿਆ। ਪਤਾ ਲੱਗਾ ਕਿ ਸ਼ਿਆਰਾ ਵਲੋਂ ਉਨ੍ਹਾਂ ਨੂੰ ਲਗਾਤਾਰ ਕਈ ਤਾਰਾਂ ਮਿਲੀਆਂ ਸਨ ਕਿ ਮੰਟੋ ਨੂੰ ਲੱਭ ਕੇ ਉਸ ਨੂੰ 500 ਰੁਪਏ ਦੇ ਦਿੱਤੇ ਜਾਣ। ਮੰਟੋ ਨੇ 500 ਰੁਪਏ ਲੈ ਲਏ ਤੇ ਉਸ ਦੀਆਂ ਨਸ਼ੇ ਨਾਲ ਚੂਰ ਅੱਖਾਂ ਵਿੱਚ ਹੰਝੂ ਆ ਗਏ। ਇਕ ਵਾਰ ਸ਼ਿਆਮ ਜਦੋਂ ਆਪਣੀ ਫਿਲਮ ਦੇ ਸਿਲਸਿਲੇ ਵਿੱਚ ਅੰਮ੍ਰਿਤਸਰ ਗਿਆ ਤਾਂ ਦੋ ਤਿੰਨ ਦਿਨਾਂ ਲਈ ਲਾਹੌਰ ਵੀ ਆ ਗਿਆ। ਉਸਨੇ ਮੰਟੋ ਦਾ ਪਤਾ ਕਰਵਾਇਆ ਤੇ ਮਿਲਣ ਆਉਣ ਲਈ ਸੁਨੇਹਾ ਘੱਲਿਆ। ਮਿਲਣ ਤੇ ਦੋਵੇਂ ਇਕ ਦੂਜੇ ਨਾਲ ਲਿਪਟ ਗਏ। ਸ਼ਿਆਮ ਨਾਲ ਐਨੇ ਅਰਸੇ ਮਗਰੋਂ ਮੁਲਾਕਾਤ ਹੋਈ ਸੀ, ਪਰ ਮੰਟੋ ਨੂੰ ਖ਼ੁਸ਼ੀ ਦੀ ਬਜਾਏ ਇਕ ਅਜੀਬ ਕਿਸਮ ਦੀ ਘੁਟਨ ਮਹਿਸੂਸ ਹੋ ਰਹੀ ਸੀ। ਉਸ ਦਾ ਮਨ ਭਰਿਆ ਹੋਇਆ ਸੀ। ਉਸ ਨੂੰ ਨਾ ਕਿਸੇ ਗੱਲ ਦੀ ਸਮਝ ਆ ਰਹੀ ਸੀ ਤੇ ਨਾ ਸ਼ਿਆਮ ਨਾਲ ਬੈਠ ਕੇ ਪੁਰਾਣੀਆਂ ਗੱਲਾਂ ਯਾਦ ਕਰਨ ਦਾ ਮਨ ਕਰ ਰਿਹਾ ਸੀ। ਇਸੇ ਕਰਕੇ ਮੰਟੋ ਉਥੋਂ ਵਾਪਸ ਆ ਗਿਆ।

1948 ਵਿੱਚ ਪਾਕਿਸਤਾਨ ਗਿਆ ਮੰਟੋ 1955 ਦੇ ਸਿਰਫ 17 ਦਿਨਾਂ ਤਕ ਹੀ ਜ਼ਿੰਦਾ ਰਿਹਾ, 18, ਜਨਵਰੀ 1955 ਨੂੰ ਉਹ ਹਮੇਸ਼ਾਂ ਲਈ ਪਾਕਿਸਤਾਨ ਨੂੰ ਵੀ ਛੱਡ ਕੇ ਤੁਰ ਗਿਆ। ਮੈਨੂੰ ਲੱਗਦਾ ਹੈ ਕਿ ਜੇ ਉਸ ਨੂੰ ਵੰਡ ਦੀ ਇਹ ਪੀੜਾ ਨਾ ਝੱਲਣੀ ਪਈ ਹੁੰਦੀ ਤਾਂ ਉਹ ਐਨੀ ਛੇਤੀ ਕਿਸੇ ਵੀ ਮੁਲਕ ਨੂੰ ਨਾ ਛੱਡ ਕਿਸੇ ਹੋਰ ਦੁਨੀਆਂ ਵਿੱਚ ਨਾ ਜਾਂਦਾ। ਸਿਰਫ 43 ਵਰ੍ਹਿਆਂ ਦੀ ਉਮਰ ਵਿਚੋਂ ਸ਼ਾਇਦ 20-22 ਸਾਲ ਉਸ ਨੇ ਲਿਖਿਆ। ਪਰ ਇਸ ਦੌਰਾਨ ਉਸ ਨੇ ਜੋ ਵੀ ਲਿਖਿਆ ਉਹ ਉਸ ਦੀ ਮੌਤ ਦੇ 55 ਸਾਲਾਂ ਮਗਰੋਂ ਵੀ ਜ਼ਿੰਦਾ ਹੈ ਤੇ ਹੋਰ ਕਈ ਸਾਲਾਂ ਤੱਕ ਜ਼ਿੰਦਾ ਰਹੇਗਾ। ਇਹ ਵੀ ਕਿਹਾ ਜਾਂਦਾ ਸੀ ਕਿ ਉਹ ਪਤਨੀ ਪ੍ਰੇਮੀ ਵਧੇਰੇ ਹੈ, ਇਕੇ ਕਰਕੇ ਉਸ ਦੀਆਂ ਰਚਨਾਵਾਂ ਵਿੱਚ ਅਜਿਹੇ ਵਿਸ਼ਿਆ ਤੇ ਪਾਤਰਾਂ ਦੀ ਭਰਮਾਰ ਰਹੀ। ਆਲੋਚਕ ਉਸ ਦੀਆਂ ਲਿਖਤਾਂ ਨੂੰ ਵਿਦਵਤਾ ਨਾਲ ਬਿਆਨ ਕਰਨ ਲਈ ਸ਼ੋਪੇਨਹਾਵਰ, ਫਰਾਇਡ, ਹੀਗਲ ਨੀਤਸ਼ੇ, ਮਾਰਕਸ ਆਦਿ ਦੇ ਹਵਾਲੇ ਦੇਂਦੇ ਤੇ ਮੰਟੋ ਨੂੰ ਉਨ੍ਹਾਂ ਨਾਲ ਜੋੜਦੇ ਸਨ, ਜਦਕਿ ਮੰਟੋ ਕਹਿੰਦਾ ਹੈ ਕਿ ਉਹ ਇਨ੍ਹਾਂ ਲੇਖਕਾਂ ਦੇ ਕੋਲੋਂ ਵੀ ਕਦੇ ਨਹੀਂ ਲੰਘਿਆ। ਉਸ ਨੇ ਜੋ ਵੀ ਲਿਖਿਆ ਆਪਣੀ ਸਮਝ, ਸਮਰੱਥਾ ਤੇ ਨਿੱਜੀ ਦ੍ਰਿਸ਼ਟੀਕੋਣ ਤੋਂ ਲਿਖਿਆ। ਉਸ ਦਾ ਕਹਿਣਾ ਸੀ ਕਿ "ਕਿਸੇ ਨੂੰ ਵੀ ਸਮਝਾਉਣ-ਸਮਝਣ ਦੀ ਕੋਸ਼ਿਸ਼ ਨਾ ਕਰੋ ਸਿਰਫ ਸਵੈ ਨੂੰ ਜਾਣੋ ਸਮਝੋ। ਜੀਵਨ ਨੂੰ ਉਸ ਦੀਆਂ ਸਾਰੀਆਂ ਸ਼ਰਤਾਂ ਸਮੇਤ ਕਬੂਲ ਕਰੋ।"

ਆਪਣੀ ਸਮਰੱਥਾ ਤੇ ਕਾਬਲੀਅਤ ਤੇ ਐਨਾ ਯਕੀਨ ਹੋਣ ਕਾਰਣ ਹੀ ਉਸ ਨੇ ਆਪਣੀ ਕਬਰ ਲਈ ਕੁਤਬਾ ਆਪ ਹੀ ਲਿਖ ਦਿੱਤਾ ਸੀ।

"ਯਹਾਂ ਮੰਟੋ ਦਫ਼ਨ ਹੈ। ਅਫ਼ਸਾਨਾ ਲਿਖਨੇ ਕਾ ਫ਼ਨ ਉਸ ਕੇ ਸਾਥ ਹੀ ਦਫ਼ਨ ਹੋ ਗਿਆ।"

ਮੰਟੋ ਦੀਆਂ ਕਹਾਣੀਆਂ ਛਾਪਦੇ ਰਸਾਲੇ ਅਦਬੀ ਖੇਤਰ ਵਿੱਚ ਸਥਾਪਿਤ ਹੋ ਗਏ ਤੇ ਉਸ ਦੀਆਂ ਕਿਤਾਬਾਂ ਛਾਪ ਛਾਪ ਕੇ ਪਬਲਿਸ਼ਰ ਮਾਲਾਮਾਲ ਹੋ ਗਏ ਤੇ ਵਿਚਾਰਾ ਮੰਟੋ ਵੰਡ ਦਾ ਡੰਗ ਸਹਿੰਦਾ ਹੋਇਆ ਬੇ ਮੌਤ ਮਾਰਿਆ ਗਿਆ। ਕਿਉਂਕਿ ਸਰੀਰਕ ਰੂਪ 'ਚ ਭਾਵੇਂ ਪਾਕਿਸਤਾਨ ਵਿਚ ਪਹੁੰਚ ਗਿਆ ਮਗਰ ਉਸ ਦੀ ਰੂਹ ਭਾਰਤ ਦੇ ਫਿਲਮੀ ਤੇ ਅਦਬੀ ਅਦਾਰੇ ਵਿੱਚ ਭਟਕਦੀ ਰਹੀ। ਆਖਿਰ ਉਸ ਦੇ ਜ਼ਿਆਦਾਤਰ ਮਿੱਤਰ ਤਾਂ ਇਧਰਲੇ ਪਾਸੇ ਹੀ ਰਹਿ ਗਏ ਸਨ। ਉਧਰਲੇ ਪਾਸੇ ਦੇ ਮਿੱਤਰਾਂ ਨੇ ਉਸ ਨਾਲ ਮਿੱਤਰਤਾ ਘੱਟ ਨਿਭਾਈ ਤੇ ਉਸ ਨੂੰ ਇਕਦਮ ਇਕੱਲਾ ਕਰ ਦਿੱਤਾ। ਇਹ ਉਸ ਲਈ ਹੋਰ ਵੀ ਭਾਰੀ ਧੱਕਾ ਸੀ, ਜਿਸ ਨਾਲ ਉਹ ਇਕਦਮ ਟੁੱਟ ਗਿਆ, ਫਿਰ ਮਾਨਸਿਕ ਤੇ ਸਰੀਰਕ ਤੌਰ ਤੇ ਸੰਭਲ ਨਾ ਸਕਿਆ।

ਵੰਡ ਵਿੱਚ ਹਿੰਦੂ ਮੁਸਲਮਾਨ ਸਿੱਖ ਦੇ ਮਰਨ ਦੀ ਬਜਾਏ ਇਕ ਲੱਖ ਇਨਸਾਨਾਂ ਦੇ ਮਰਨ ਦੀ ਗੱਲ ਕਰਨ ਵਾਲਾ ਮੰਟੋ ਆਪ ਵੀ ਬੇ ਮੌਤ ਮਾਰਿਆ ਗਿਆ। ਲੱਗਦਾ ਤਾਂ ਹੁਣ ਵੀ ਇੰਜ ਹੈ ਕਿ ਜਦੋਂ ਵੀ ਦੋਵੇਂ ਮੁਲਕਾਂ ਵਿਚਕਾਰ ਕੋਈ ਮੇਲ ਮਿਲਾਪ ਤੇ ਅਦਬ ਦੀ ਸਾਂਝੀ ਇਬਾਰਤ ਲਿਖੀ ਜਾਂਦੀ ਹੋਏਗੀ ਭਾਰਤ ਪਾਕ ਦੇ ਮੈਨਸ ਲੈਂਡ ਤੇ ਖੜੇ ਮੰਟੋ ਨੇ ਖ਼ੁਸ਼ੀ ਵਿੱਚ ਨਾਅਰਾ ਲਗਾਇਆ ਹੋਏਗਾ। ਹਿਪ ਟੁੱਲਾ... ਹਿਪਟੁੱਲਾ ਹਿੰਦੁਸਤਾਨ-ਪਾਕਿਸਤਾਨ ਜ਼ਿੰਦਾਬਾਦ... ਮੰਟੋ ਦੀ ਜਨਮ ਸ਼ਤਾਬਦੀ ਦੇ ਮੌਕੇ 'ਤੇ ਸਾਨੂੰ ਸਾਰੇ ਅਦੀਬਾਂ ਨੂੰ ਵੀ ਇਹ ਨਾਅਰਾ ਲਗਾਉਣ ਵਿੱਚ ਸੰਕੋਚ ਨਹੀਂ ਕਰਨਾ ਚਾਹੀਦਾ। ਕਿ , 'ਉਹ ਦਫ਼ਨ ਨਹੀਂ', 'ਅਮਰ ਹੈ। ਮੰਟੋ ਦਿ ਗ੍ਰੇਟ... ਜ਼ਿੰਦਾਬਾਦ!" ਸੰਪਰਕ ਦਿੱਲੀ-011-24371625

# ਜਨ ਬੋਧ



## ਹਾਸ਼ੀਆਗਤ ਸਮੂਹਾਂ ਦੀ ਚੇਤਨਾ/ ਲੈਕਚਰ ਡਾ. ਵੀਰ ਭਾਰਤ ਤਲਵਾੜ

**(ਇਸ ਵਿਸ਼ੇ 'ਤੇ ਦੋ ਅਹਿਮ ਲੈਕਚਰ ਦੀ ਸਕ੍ਰਿਪਟ ਤਿਆਰ ਕਰਕੇ ਛਾਪ ਰਹੇ ਹਾਂ। ਪਹਿਲਾ ਲੈਕਚਰ ਪੰਜਾਬੀ ਅਧਿਐਨ ਸਕੂਲ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ 'ਸਮਕਾਲੀ ਪੰਜਾਬੀ ਸਾਹਿਤ-ਹਾਸ਼ੀਆਗਤ ਸਮੂਹਾਂ ਦੀ ਚੇਤਨਾ' ਵਿਸ਼ੇ ਤੇ ਕਰਵਾਏ ਗਏ ਸੈਮੀਨਾਰ 'ਚ ਥੀਮ ਭਾਸ਼ਣ ਦੇ ਰੂਪ ਵਿਚ ਦਿੱਤਾ ਗਿਆ ਸੀ। ਇਹ ਸਮਾਗਮ ਡਾ. ਸੁਖਦੇਵ ਸਿੰਘ ਤੇ ਡਾ. ਯੋਗਰਾਜ ਦੇ ਯਤਨਾ ਨਾਲ ਹੋਇਆ ਸੀ। ਦੂਜਾ ਭਾਸ਼ਣ ਮਾਨਵਵਾਦੀ ਰਚਨਾ ਮੰਚ (ਰਜਿ.) ਜਲੰਧਰ ਵਲੋਂ ਵਿਸ਼ੇਸ਼ ਤੌਰ ਤੇ ਸਨਮਾਨੇ ਗਏ ਜੀ. ਅਲੌਇਸਸ (ਕਰਿਟੀਕਲ ਕੁਐਸਟ) ਵਲੋਂ ਦਿੱਤਾ ਲੈਕਚਰ ਹੈ। ਇਹ ਅਹਿਮ ਲੈਕਚਰ ਕੁਝ ਕੁ ਲੋਕਾਂ ਤੀਕ ਹੀ ਸੀਮਤ ਹੋ ਕੇ ਨਾ ਰਹਿ ਜਾਣ ਇਸ ਲਈ 'ਕਹਾਣੀ ਧਾਰਾ' ਦੇ ਪਾਠਕਾਂ ਲਈ ਹਾਜਰ ਕਰ ਰਹੇ ਹਾਂ-ਸੰਪਾਦਕ )**

ਇਹ ਦੇਸ਼ ਜਿਨ੍ਹਾਂ ਘੱਟ ਗਿਣਤੀ ਵਰਗਾਂ ਤੋਂ ਮਿਲ ਕੇ ਬਣਿਆ ਹੈ ਉਨ੍ਹਾਂ ਨੂੰ ਇਸ ਦੇਸ਼ ਨਾਲ ਗਹਿਰੀ ਸ਼ਿਕਾਇਤ ਹੈ। ਖਾਸ ਕਰਕੇ ਦਲਿਤਾਂ, ਆਦਿ ਵਾਸੀ ਅਤੇ ਬੱਚਿਆਂ ਨੂੰ। ਇਹ ਉਹ ਵਰਗ ਹਨ ਜਿਨ੍ਹਾਂ ਨੂੰ ਦੇਸ਼ ਨਾਲ ਬਹੁਤ ਸ਼ਿਕਾਇਤ ਹੈ। ਇਸ ਤੋਂ ਇਲਾਵਾ ਬਹੁਤ ਸਾਰੀਆਂ ਪੀੜਤ ਜਾਤੀਆਂ, ਜਨ ਜਾਤੀਆਂ ਹਨ, ਕਸ਼ਮੀਰੀ ਹੈ, ਨਾਗਾ ਹਨ ਜਾਂ ਮਨੀਪੁਰੀ ਦੇ ਟਰਾਇਬਲ ਲੋਕ ਹਨ। ਇਨ੍ਹਾਂ ਤੋਂ ਇਲਾਵਾਂ ਕਿਸਾਨਾਂ ਤੇ ਮਜਦੂਰਾਂ ਦੇ ਵਰਗ ਹਨ, ਜਿਨ੍ਹਾਂ ਦੀ ਰਾਸ਼ਟਰ ਦੇ ਨਾਂ ਤੇ ਹਮੇਸਾਂ ਬਲੀ ਦਿੱਤੀ ਜਾਂਦੀ ਹੈ। ਇਨ੍ਹਾਂ ਵਰਗਾ ਵਿਚ ਐਨਾ ਸਾਰਾ ਅੰਤਰ ਵਿਰੋਧ ਹੈਨ ਫਿਰ ਵੀ ਇਨ੍ਹਾਂ ਨੂੰ ਇਕੱਠਾ ਕਰਕੇ ਇਕ ਰਾਸ਼ਟਰ, ਇਕ ਸਮਾਜ 'ਚ ਰੱਖਿਆ ਗਿਆ ਹੈ ਤਾਂ ਇਹ ਪੱਕਾ ਹੈ ਕਿ ਇਹ ਰਾਸ਼ਟਰ ਇਹ ਸਮਾਜ ਇਕ ਦਮਨਕਾਰੀ ਮਸ਼ੀਨਰੀ ਹੀ ਹੋਵੇਗੀ। ਜੋ ਐਨੀਆਂ ਸ਼ਿਕਾਇਤਾ ਦੇ ਬਾਵਜੂਦ ਵੀ ਸਭ ਨੂੰ ਬੰਨ੍ਹ ਕੇ ਰੱਖ ਰਿਹਾ ਹੈ। ਇਹ ਠੀਕ ਹੈ ਕਿ ਭਾਰਤੀ ਸੰਵਿਧਾਨ 'ਚ ਬਹੁਤ ਸਾਰੇ ਢੰਗ ਤਰੀਕੇ, ਸੇਫਟੀ ਵਾਲਵ ਬਣਾ ਦਿੱਤੇ ਗਏ ਹਨ ਉਨ੍ਹਾਂ ਦੇ ਗੁੱਸੇ ਨੂੰ ਬਾਹਰ ਕੱਢਣ ਦੇ ਲਈ। ਇਹ ਸਹੂਲਤਾਂ ਕੇਵਲ ਭਾਰਤੀ ਸੰਵਿਧਾਨ 'ਚ ਹੀ ਹੈ ਸਾਡੇ ਦਿਲੋਂ ਦਿਮਾਗ਼ 'ਚ ਉਹ ਸਹੂਲਤਾਂ (ਪਰੋਵੀਜ਼ਨ) ਅਜੇ ਤੱਕ ਵੀ ਨਹੀਂ। ਇਸ ਲਈ ਮੁੱਦਾ ਜਿੰਦਾ ਹੈ ਔਰ ਲੜਾਈ ਜਾਰੀ ਹੈ। ਬਹੁਤ ਸਾਰੇ ਅਜਿਹੇ ਵਰਗ ਸਮੂਹ ਹਨ, ਜਿਨ੍ਹਾਂ ਬਾਰੇ ਸਵਾਲ ਹੀ ਨਹੀਂ ਉਠਦੇ। ਬੱਚਿਆਂ ਦੇ ਬਾਰੇ 'ਚ ਬਹੁਤ ਘੱਟ ਸਵਾਲ ਉਠਾਏ ਜਾਂਦੇ ਹਨ। ਬੱਚੇ ਭਾਰਤ ਦੇ ਸਭ ਤੋਂ ਕਮਜ਼ੋਰ ਅੰਗ ਹਨ ਜਿਨ੍ਹਾਂ ਦੇ ਬਾਰੇ ਕੋਈ ਡੈਮੋਕੇਟਿਵ ਰਾਇਟ ਨਹੀਂ ਹਨ। ਅਸੀਂ ਉਨ੍ਹਾਂ ਦੇ ਸਵਾਲ ਖੜੇ ਕਰਨ 'ਤੇ ਹੀ ਬੰਧਸ਼ਾਂ ਲਗਾਈ ਰੱਖਦੇ ਹਾਂ। ਬੱਚੇ ਕਿਵੇਂ ਆਪਣਾ ਵਿਰੋਧ ਪ੍ਰਗਟ ਕਰਦੇ ਹਨ। ਕੁਝ ਕਲਾਕਾਰਾਂ ਨੂੰ ਛੱਡ ਕੇ ਕੋਈ ਨਹੀਂ ਕਹਿੰਦਾ। ਜੇ ਬਾਪ ਬੱਚੇ ਨੂੰ ਮਾਰਦਾ ਹੈ ਤਾਂ ਬੱਚਾ ਗੁੱਸੇ 'ਚ ਆਪਣੇ ਬਾਪ ਨੂੰ ਮਾਰਨ ਲੱਗ ਪੈਂਦਾ ਹੈ, ਇਹਨੂੰ ਸਧਾਰਨ ਪੱਧਰ ਤੇ ਲੈਣਾ ਬਚਕਾਨਾ ਹਰਕਤ ਹੋਵੇਗੀ।

ਆਦਿ ਵਾਸੀਆਂ ਪ੍ਰਤੀ ਸਾਡਾ ਇਹ ਸਲੂਕ ਰਿਹਾ ਹੈ ਕਿ ਉਨ੍ਹਾਂ ਲਈ ਇਕ ਸ਼ਬਦ ਹੈ 'ਜੰਗਲੀ' ਇਹ ਸ਼ਬਦ ਹੀ ਦੱਸਦਾ ਹੈ ਉਨ੍ਹਾਂ ਦੇ ਸੰਬੰਧ 'ਚ ਸਾਡੀ ਮਾਨਸਿਕਤਾ ਕੀ ਹੈ, ਤੇ ਅਸੀਂ ਕਿਵੇਂ ਉਨ੍ਹਾਂ ਨੂੰ ਆਪਣੇ ਤੋਂ



ਦੂਰ ਰੱਖਣਾ ਚਾਹੁੰਦੇ ਹਾਂ। ਇਹ ਵੀ ਤੁਸੀਂ ਦੇਖਿਆ ਹੋਵੇਗਾ ਕਿਵੇਂ ਆਦਿ ਵਾਸੀ ਤੁਹਾਡੇ ਤੋਂ ਦੂਰ ਰਹਿਣਾ ਚਾਹੁੰਦੇ ਹਨ। ਇਸੇ ਕਰਕੇ ਭਾਰਤ ਦੇ ਵੱਖ ਵੱਖ ਕੋਨਿਆ ਤੋਂ ਆਦਿ ਵਾਸੀ ਲੜਾਈਆਂ ਲੜ ਰਹੇ ਹਨ। ਅੰਦੋਲਨ ਚਲਾ ਰਹੇ ਹਨ। ਉਹ ਆਪ ਦੇ ਨਾਲ ਇਕ ਰਾਸ਼ਟਰ, ਇਕ ਸਮਾਜ 'ਚ ਨਹੀਂ ਰਹਿਣਾ ਚਹੁੰਦੇ। ਦਲਿਤਾਂ ਦੇ ਨਾਲ ਅੰਤਰ ਵਿਰੋਧ ਅਜਿਹੇ ਹਨ, ਦਲਿਤ ਤੁਹਾਡੇ ਨਾਲ ਰਹਿੰਦੇ ਹਨ, ਤੁਹਾਡੀਆਂ ਨਜ਼ਰਾਂ 'ਚ ਰਹਿੰਦੇ ਹਨ। ਐਨੀਆਂ ਵੱਡੀ ਪੱਧਰ ਤੇ ਦੂਰੀਆਂ ਹਨ, ਉਨ੍ਹਾਂ ਦਾ ਅਹਿਸਾਸ ਅਲੱਗ ਹੈ ਤੁਹਾਡਾ ਅਲੱਗ। ਇਕ ਪਿੰਡ 'ਚ ਰਹਿੰਦੇ ਹੋਏ ਇਕ ਭਾਸ਼ਾ ਬੋਲਦੇ ਹੋਣ ਦੇ ਬਾਵਜੂਦ ਸੈਕੜੇ ਕੋਹ ਦੂਰੀਆਂ ਹਨ। ਜੇ ਉਹ ਦੂਜੇ ਪ੍ਰਤੀ ਆਪਣੀ ਕਿਸੇ ਤਰ੍ਹਾਂ ਦੀ ਭਾਵਨਾ ਪ੍ਰਗਟ ਕਰੇ ਤਾਂ ਅਸੀਂ ਉਨਾਂ ਦੀ ਭਾਵਨਾ ਬਿਲਕੁਲ ਨਹੀਂ ਸਮਝ ਸਕਦੇ। ਦੇਸ਼ 'ਚ ਆਏ ਅੰਗਰੇਜ਼ਾਂ ਬਾਰੇ ਇਨ੍ਹਾਂ ਲੋਕਾਂ ਦਾ ਕਹਿਣਾ ਹੈ ਕਿ ਅੰਗਰੇਜ਼ ਇਸ ਦੇਸ਼ 'ਚ ਦੇਰ ਨਾਲ ਆਏ ਅਤੇ ਬਹੁਤ ਜਲਦੀ ਚਲੇ ਗਏ। ਜਦੋਂ ਦਲਿਤ ਇਹ ਵਿਚਾਰ ਦਿੰਦੇ ਹਨ ਤਾਂ ਸਾਡੇ ਸੋ ਕਾਲਡ ਰਾਸ਼ਟਰਵਾਦੀਆਂ 'ਤੇ ਕੀ ਗੁਜਰਦੀ (ਬੀਤਦੀ) ਹੋਵੇਗੀ। ਬੁੱਤਾਂ ਦੀ ਪੂਜਾ ਹਿੰਦੂ ਵੀ ਕਰਦੇ ਹਨ, ਸਿੱਖ ਵੀ ਕਰਦੇ ਹਨ, ਦੂਜੇ ਲੋਕ ਵੀ ਕਰਦੇ ਹਨ। ਇਨ੍ਹਾਂ ਦਿਨ੍ਹਾਂ 'ਚ ਹੀ ਇਕ ਬਿਆਨ ਆਇਆ ਜਿਸ ਨਾਲ ਹਰ ਪਾਸੇ ਯੂਨੀਵਰਸਿਟੀਆਂ 'ਚ ਕਾਵਾਂ ਰੌਲੀ ਵੀ ਪਈ ਤੁਸੀਂ ਸੰਵਿਧਾਨਕ ਅਧਿਕਾਰਾਂ ਤੇ ਹੱਕਾਂ ਨੂੰ ਲੈ ਕੇ ਜਿਨ੍ਹੀ ਮਰਜ਼ੀ ਬਹਿਸ ਕਰੀ ਜਾਵੋ ਪਰ ਇਹ ਸੱਚ ਹੈ ਕਿ ਭਾਰਤ ਦੇ ਦੋ ਵਰਗਾਂ ਨੂੰ ਲੈ ਕੇ ਐਨੀ ਦੂਰੀ ਹੈ ਕਿ ਜਿਸ ਨੂੰ ਸਮਝਿਆ ਨਹੀਂ ਜਾ ਰਿਹਾ।

ਜੇ ਔਰਤਾਂ ਦੀ ਗੱਲ ਕਰੀਏ ਤਾਂ ਮੈਨੂੰ ਇਕ ਫਿਲਮ ਚੇਤੇ ਆਉਂਦੀ ਹੈ 'ਸੱਤ ਖ਼ੂਨ ਮਾਫ਼' ਜਿਸ 'ਚ ਪਤੀ ਦੇ ਅੱਤਿਆਚਾਰਾਂ ਤੋਂ ਤੰਗ ਆ ਕੇ ਉਸ ਨੂੰ ਔਰਤ ਮਾਰ ਦਿੰਦੀ ਹੈ। ਫਿਲਮ 'ਚ ਨਾਇਕਾਂ ਕਹਿੰਦੀ ਹੈ ਕਿ ਦੁਨੀਆਂ ਦੀ ਹਰ ਔਰਤ ਨੇ ਕਦੇ ਨਾ ਕਦੇ ਇਹ ਸੋਚਿਆ ਹੋਵੇਗਾ ਕਿ ਉਹ ਆਪਣੇ ਪਤੀ ਤੋਂ ਕਿਵੇਂ ਛੁਟਕਾਰਾ ਪਾਵੇ। 1882 ਦੀ ਗੱਲ ਦੱਸਦਾ ਹਾਂ ਲੁਧਿਆਣੇ 'ਚ ਇਕ ਬਹੁਤ ਵੱਡੇ ਰੀਫਾਰਮਰ ਘਨੱਈਆ ਲਾਲ ਅਲੱਗਧਾਰੀ ਨੇ ਇਕ ਪੜ੍ਹੀ ਲਿਖੀ ਔਰਤ ਦੀ ਕਿਤਾਬ ਛਾਪੀ ਜਿਹੜੀ ਜਨਤਕ ਤੌਰ ਤੇ ਆਪਣਾ ਨਾਂ ਦੱਸਦੀ ਤੇ ਲਿਖਦੀ ਨਹੀਂ ਸੀ ਅਗਿਆਤ ਹਿੰਦੂ... 'ਸਮੰਤਨੀ ਦੇਸ਼' ਨਾਂ ਦੀ ਕਿਤਾਬ ਲਿਖੀ, ਲਿਖਿਆ ਹੈ ਕਿ ਜਿਸ ਔਰਤ ਦਾ ਪਤੀ ਮਰ ਜਾਂਦਾ ਹੈ ਤੇ ਉਹ ਵਿਧਵਾ ਹੋ ਜਾਂਦੀ ਹੈ ਉਸ ਦੇ ਚਿਹਰੇ ਤੇ ਇਕ ਚਮਕ ਆ ਜਾਂਦੀ ਹੈ, ਆਤਮ ਵਿਸ਼ਵਾਸ ਤੇ ਹੁਸ਼ਿਆਰੀ ਆ ਜਾਂਦੀ ਹੈ, ਤੇ ਉਸ ਦੀ ਸਿਹਤ ਵੀ ਚੰਗੀ ਹੋ ਜਾਂਦੀ ਹੈ। ਨਾਲ ਨਾਲ ਉਹਦੀ ਉਮਰ ਵੀ ਲੰਮੀ ਹੋ ਜਾਂਦੀ ਹੈ। ਇਹ ਸਾਰਾ ਕੁਝ ਉਦੋਂ ਹੁੰਦਾ ਹੈ ਜਦੋਂ ਪਤੀ ਮਰ ਜਾਂਦਾ ਹੈ। ਉਨ੍ਹਾਂ ਮਰਦਾ ਦਾ ਕੀ ਹੁੰਦਾ ਹੋਵੇਗਾ ਜਿਹੜਾ ਆਪਣੀਆਂ ਔਰਤਾਂ ਨੂੰ ਕਰਵਾ ਚੌਥ ਦਾ ਵਰਤ ਰੱਖਦਿਆਂ ਦੇਖ ਕੇ ਮਾਣ ਤੇ ਖੁਸ਼ੀ ਮਹਿਸੂਸ ਕਰਦੇ ਹਨ। (ਹਾਸਾ) ਸੋ ਭਾਰਤ 'ਚ ਜਿਹੜਾ ਸਮਾਜ ਹੈ ਉਸ ਦੇ ਲੋਕ ਇਕ ਦੂਜੇ ਪ੍ਰਤੀ ਕਿੰਨੀ ਵੱਡੀ ਪੱਧਰ ਤੇ ਗੁੱਸਾ, ਨਫ਼ਰਤ ਮਨਾ 'ਚ ਲੈ ਕੇ ਜੀਅ ਰਹੇ ਹਨ, ਐਨਾ ਵਿਰੋਧ ਲੈ ਕੇ ਜੀਅ ਰਹੇ ਹਨ ਕਿ ਇਕੋ ਇਕ ਦਮਨਕਾਰੀ ਸੱਤਾ ਹੈ ਜੋ ਇਨ੍ਹਾਂ ਸਭ ਨੂੰ ਇਕੱਠੇ ਕਰ ਕੇ ਚਲ ਰਹੀ ਹੈ। ਰਾਸਟਰਵਾਦ ਕਦੇ ਵੀ ਅੱਛੀ ਚੀਜ ਨਹੀਂ ਹੁੰਦਾ। ਇਹ ਰਾਸ਼ਟਰਵਾਦੀ ਦੀ ਧਾਰਨਾ ਹੈ ਇਹ ਪੱਛਮ ਤੋਂ ਅਸੀਂ ਗ੍ਰਹਿਣ ਕੀਤੀ ਹੈ ਇਕ ਧਰਮ, ਇਕ ਭਾਸ਼ਾ, ਇਕ ਰਾਜਾ, ਇਕ ਦੇਸ਼ ਹੋਵੇਗਾ ਤਾਂ ਬਹੁਤ ਮਜਬੂਤ ਹੋਵੇਗਾ। ਹਿਟਲਰ ਨੇ ਜਰਮਨੀ ਨੂੰ ਇਸ ਅਧਾਰ 'ਤੇ ਇਕ ਰਾਸ਼ਟਰ ਬਣਾਇਆ। ਫ਼ੌਜੀ ਇਕੋ ਜਿਹੇ ਸਭ ਨੂੰ ਇਕੋ ਜਿਹੀ ਟੋਪੀ, ਵਰਦੀ ਪਾਈ ਹੈ ਇਕੋ ਤਰ੍ਹਾਂ ਪੈਰ ਰੱਖਦੇ ਹਨ, ਸੱਜੇ ਖੱਬੇ ਮੁੜਦੇ ਹਨ ਇਹ ਰਾਸ਼ਟਰਵਾਦ ਕੇਵਲ ਫਾਸ਼ੀਵਾਦ ਨੂੰ ਜਨਮ ਦੇ ਸਕਦਾ ਹੈ। ਕਿਸੇ ਨੂੰ ਰਾਸ਼ਟਰ ਨਹੀਂ ਬਣਾ ਸਕਦਾ। ਭਾਰਤ 'ਚ ਐਨੀਆਂ ਭਿੰਨਤਾ ਹੈ, ਐਨੀਆਂ ਜਾਤੀਆਂ, ਉਪ ਜਾਤੀਆਂ, ਜਨ ਜਾਤੀਆਂ ਹਨ ਲੱਖ ਕੋਸ਼ਸ਼ਾ ਹੋ ਜਾਣ ਭਾਰਤ ਕਦੇ ਵੀ ਇਕ ਰਾਸ਼ਟਰਵਾਦ ਨਹੀਂ ਬਣ ਸਕਦਾ ਨਾ ਕਦੇ ਬਣੇਗਾ। ਪ੍ਰੰਤੂ ਰਾਸ਼ਟਰਵਾਦ ਦਾ ਚੰਗਾ ਰੂਪ ਉਦੋਂ ਹੁੰਦਾ ਹੈ ਜਦੋਂ ਉਹ ਸਾਮਰਾਜਵਾਦ ਦੇ ਖ਼ਿਲਾਫ਼ ਲੜਦਾ ਹੈ। ਅਜਿਹੀ ਰਾਸ਼ਟਰ ਕ੍ਰਾਂਤੀ ਵੀ ਹੁੰਦਾ ਹੈ। ਉਨ੍ਹਾਂ ਦੇ ਅੰਤਰ ਵਿਰੋਧਾਂ ਨੂੰ ਹੱਲ ਕਰਨ ਦਾ ਇਕ ਖ਼ਾਕਾ ਤਿਆਰ ਕਰੇ। ਪ੍ਰਚੀਨ ਕਾਲ ਤੋਂ ਜਿਨ੍ਹਾਂ ਬ੍ਰਾਹਮਣਵਾਦ ਨੇ ਜਾਤੀ ਵਿਵਸਥਾ ਬਣਾਈ ਜੋ ਜਾਤ ਪਾਤ ਦੇ ਨਾਂ ਨਾਲ ਪ੍ਰਫੁੱਲਤ ਹੋਈ, ਜਿਸ 'ਚ ਸਾਰੀਆਂ ਜਾਤੀਆਂ ਅਲੱਗ ਅਲੱਗ ਜਾਤੀਆਂ ਦੇ ਰੂਪ 'ਚ ਹਨ। ਉਨ੍ਹਾਂ ਦੇ ਅਧਿਕਾਰ ਤੇ ਕਰਤੱਵ ਵੱਖ ਵੱਖ ਹਨ। ਇਸ ਦੀ

ਉਦਾਹਰਨ ਸਾਡੇ ਸਾਹਮਣੇ ਹੈ ਜਿਥੇ ਸ਼ੀਆ ਤੇ ਸੁਨੀਆਂ ਨੇ ਤੁਰਕਾਂ ਨੂੰ ਦਬਾ ਕੇ ਇਕ ਰਾਸ਼ਟਰਵਾਦ ਦਾ ਨਿਰਮਾਣ ਕੀਤਾ ਸੀ। ਜਿਸ ਦਾ ਅਮਰੀਕਨ ਸਾਮਰਾਜਵਾਦੀਆਂ ਨੇ ਬਹੁਤ ਲਾਭ ਉਠਾਇਆ। ਇਕ ਰਾਸ਼ਟਰ ਦੇ ਅੰਦਰ ਜੋ ਵੱਖ ਵੱਖ ਵਰਗ ਹਨ, ਜਾਤੀਆਂ ਹਨ ਜੇ ਕਰ ਉਨ੍ਹਾਂ ਦੇ ਅੰਤਰ ਵਿਰੋਧਾ ਨੂੰ ਹੱਲ ਨਹੀਂ ਕਰਦੇ ਤਾਂ ਉਸ ਦੇਸ਼ 'ਚ ਸਿਵਲ ਵਾਰ ਦੀਆਂ ਸੰਭਾਵਨਾ ਬਣੀਆਂ ਰਹਿੰਦੀਆਂ ਹਨ। ਭਾਰਤ ਉਨ੍ਹਾਂ ਅਰਥਾਂ 'ਚ ਇਕ ਰਾਸ਼ਟਰ ਕਦੇ ਵੀ ਨਹੀਂ ਬਣ ਸਕਿਆ ਜੋ ਪੱਛਮ 'ਚ ਹੁੰਦੇ ਹਨ। ਪ੍ਰਾਚੀਨ ਸਮੇਂ 'ਚ ਜਿਨ੍ਹਾਂ ਬ੍ਰਾਹਮਣਾ ਨੇ ਏਥੋਂ ਦੀ ਵਿਵਸਥਾ ਬਣਾਈ ਜਿਹੜੀ ਜਾਤੀ ਵਿਵਸਥਾ ਦੇ ਨਾਂ ਨਾਲ ਜਾਣੀ ਗਈ ਸਾਰੀਆਂ ਜਾਤੀਆਂ ਵੱਖ ਵੱਖ ਰੂਪ 'ਚ ਹਨ ਤੇ ਉਨ੍ਹਾਂ ਦੇ ਅਧਿਕਾਰ ਤੇ ਫਰਜ ਵੱਖ ਵੱਖ ਹਨ। ਅੱਜ ਤੱਕ ਇਸ ਵਿਵਸਥਾ ਦੇ ਖ਼ਿਲਾਫ਼ ਲਗਾਤਾਰ ਵਿਦਰੋਹ ਹੋਏ ਇਸ ਦੇ ਬਾਵਜੂਦ ਅੱਜ ਵੀ ਜਾਤ ਪਾਤ ਚਲ ਰਹੀ ਹੈ, ਉਚ ਨੀਚ ਦਾ ਭੇਦਭਾਵ ਚੱਲ ਰਿਹਾ ਹੈ। ਜਾਤੀ ਇਕ ਅਜਿਹੀ ਕੂਟਨੀਤੀ ਹੈ, ਜਿਹਦਾ ਕੋਈ ਅਧਾਰ ਨਹੀਂ ਹੈ। ਅਸੀਂ ਜਾਤੀ ਦੇ ਨਾਂ ਤੇ ਮਰ ਰਹੇ ਹਾਂ ਮਾਰ ਰਹੇ ਹਾਂ ਅਸੀਂ ਬੱਚਿਆਂ ਨੂੰ ਦੂਜੀ ਜਾਤੀ 'ਚ ਪਿਆਰ ਕਰਨ ਦੀ ਇਜਾਜ਼ਤ ਨਹੀਂ ਦਿੰਦੇ। ਇਹ ਸੱਚ ਹੈ ਕਿ ਅਸੀਂ ਮਨੁੱਖ ਨੂੰ ਮਨੁੱਖ ਦੇ ਰੂਪ ਵਿਚ ਅਜੇ ਤੀਕ ਸਵਿਕਾਰ ਨਹੀਂ ਕੀਤਾ। ਪ੍ਰਚੀਨ ਕਾਲ ਤੋਂ ਬ੍ਰਾਹਮਣਾ ਨੇ ਇਹ ਜਾਤੀ ਵਿਵਸਥਾ ਬਣਾਈ ਗਈ, ਜਿਹੜੀ ਜਾਤੀ ਵਿਵਸਥਾ ਦੇ ਨਾਂ ਨਾਲ ਪ੍ਰਫੁੱਲਤ ਹੋਈ ਜਿਸ 'ਚ ਸਾਰੀ ਅਬਾਦੀ ਅਲੱਗ ਅਲੱਗ ਜਾਤੀਆਂ ਦੇ ਰੂਪ 'ਚ ਹੈ। ਅੱਜ ਤੀਕ ਹਜ਼ਾਰਾਂ ਸਾਲਾਂ ਬਾਅਦ ਵੀ ਇਸ ਜਾਤੀ ਪ੍ਰਥਾ ਖ਼ਿਲਾਫ਼ ਲਗਾਤਾਰ ਵਿਦਰੋਹ ਹੋਏ ਪਰ ਅੱਜ ਵੀ ਇਹ ਵਿਵਸਥਾ ਪੱਕੇ ਪੈਰੀਂ ਚੱਲ ਰਹੀ ਹੈ। ਜਾਤੀ ਇਕ ਅਜਿਹੀ ਕੂਟਨੀਤੀ ਹੈ ਜਿਹਦਾ ਕੋਈ ਅਧਾਰ ਨਹੀਂ, ਸਾਡੀ ਕਾਮਨ ਸੈਂਸ ਦਾ ਅੰਤ ਹੋ ਰਿਹਾ ਹੈ। ਜਾਤੀ ਇਕ ਅਜਿਹੀ ਬੁੱਧੀਹੀਣ ਚੀਜ ਹੈ, ਜਿਸ ਬਾਰੇ ਬੁੱਧੀ ਨਾਲ ਸੋਚਿਆ ਹੀ ਨਹੀਂ ਗਿਆ। ਜਾਤੀ ਇਕ ਅਹੰਕਾਰ ਭਰਿਆ ਵਰਤਾਰਾ ਹੈ ਜਿਸਦੀ ਤਰਫ਼ਦਾਰੀ ਕੀਤੀ ਨਹੀਂ ਜਾ ਸਕਦੀ। ਫਿਰ ਵੀ ਅਸੀਂ ਜਾਤੀ ਦੇ ਨਾਂ ਤੇ ਮਰ ਰਹੇ ਹਾਂ, ਲੜ ਰਹੇ ਹਾਂ ਕਿ ਅਸੀਂ ਮਨੁੱਖ ਨੂੰ ਮਨੁੱਖ ਦੇ ਰੂਪ 'ਚ ਸਵਿਕਾਰ ਨਹੀਂ ਕੀਤਾ। ਪ੍ਰਚੀਨ ਕਾਲ ਸਮੇਂ ਜਦੋਂ ਇਹ ਜਾਤੀ ਵਿਵਸਥਾ ਬਣਾਈ ਗਈ ਉਸੇ ਸਮੇਂ ਤੋਂ ਜਾਤੀ ਵਾਦ ਦਾ ਵਿਰੋਧ ਵੀ ਚੱਲਿਆ ਆ ਰਿਹਾ ਹੈ। ਤੇ ਇਸ ਜਾਤੀਵਾਦ ਦੇ ਵਿਰੋਧ ਦੀ ਲੰਮੀ ਪ੍ਰੰਪਰਾ ਹੈ। ਬ੍ਰਾਹਮਣਵਾਦ ਦੇ ਵਿਰੋਧ ਦੀ ਲੰਮੀ ਪ੍ਰੰਪਰਾ ਹੈ। ਪੁਰਾਣੇ ਜ਼ਮਾਨੇ 'ਚ ਬ੍ਰਾਹਮਣਵਾਦ ਦੇ ਵਿਰੋਧ ਵਿਚ ਬਹੁਤ ਵੱਡੇ ਵਿਦਰੋਹ ਹੋਏ ਸਭ ਤੋਂ ਵੱਡਾ ਵਿਦਰੋਹ ਬੁੱਧ ਧਰਮ ਦੇ ਰੂਪ ਵਿਚ ਹੋਇਆ, ਜੈਨ ਧਰਮ ਦੇ ਰੂਪ 'ਚ ਹੋਇਆ। ਇਨ੍ਹਾਂ ਸਾਰੇ ਧਰਮਾਂ 'ਚ ਬ੍ਰਾਹਮਣਾਂ ਦੇ ਜੱਗਾਂ ਦੀ ਸੰਸਕ੍ਰਿਤੀ ਦਾ ਵਿਰੋਧ ਹੋਇਆ। ਜਿਸ ਦੇ ਫਲਸਰੂਪ ਵੱਡੀ ਗਿਣਤੀ 'ਚ ਬੋਧੀਆਂ ਨੂੰ ਕਤਲ ਕੀਤਾ ਜਾਣ ਲੱਗਾ। ਉਨ੍ਹਾਂ ਕੁੜੀਆਂ ਨੂੰ ਨਗਰਾਂ ਤੇ ਪਿੰਡਾਂ 'ਚੋਂ ਤਰ੍ਹਾਂ ਤਰ੍ਹਾਂ ਦੀਆਂ ਦੇਵੀਆਂ ਦੇ ਰੂਪ 'ਚ ਦਾਨ ਕੀਤਾ ਜਾਂਦਾ ਸੀ। ਵਧੇਰੇ ਗਿਣਤੀ ਸ਼ੂਦਰਾਂ ਦੀ ਸੀ, ਖੇਤੀ ਕਰਨ ਵਾਲੇ ਕਿਸਾਨਾਂ ਦੀ ਸੀ, ਇਸ ਦਾ ਨੁਕਸਾਨ ਵਧੇਰੇ ਇਨ੍ਹਾਂ ਨੂੰ ਹੁੰਦਾ ਸੀ। ਇਨ੍ਹਾਂ ਲੋਕਾਂ ਦੀ ਆਵਾਜ਼ ਨੂੰ ਬੁੱਧ ਧਰਮ 'ਚ ਬੁਲੰਦ ਕੀਤਾ। ਇਕ ਬਹੁਤ ਵੱਡਾ ਅੰਦੋਲਨ ਖੜਾ ਹੋ ਗਿਆ। ਇਕ ਸਮਾਂ ਇਹ ਵੀ ਆਇਆ ਕਿ ਪੂਰੇ ਦੇਸ਼ 'ਚ ਕਸ਼ਮੀਰ ਤੋਂ ਕੰਨਿਆ ਕੁਮਾਰੀ ਤੇ ਉਧਰ ਅਫਗਾਨਇਸਤਾਨ ਤੱਕ ਪੂਰਾ ਦੇਸ਼ ਬੋਧੀ ਹੋ ਗਿਆ ਸੀ। ਉਸ ਬੁੱਧ ਧਰਮ ਨੂੰ ਕਿਵੇਂ ਉਖਾੜਿਆ ਗਿਆ, ਕੁਚਲਿਆ ਗਿਆ, ਮਾਰ ਦਿੱਤਾ ਗਿਆ ਫਿਰ ਕਿਵੇਂ ਬ੍ਰਾਹਮਣਵਾਦ ਉੱਠਿਆ ਇਕ ਲੰਮਾ ਵਰਤਾਰਾ ਹੈ। ਪ੍ਰੰਤੂ ਬ੍ਰਾਹਮਣਵਾਦ ਦੇ ਖ਼ਿਲਾਫ਼ ਬੁੱਧ ਧਰਮ ਦੀ ਲੜਨ ਦੀ ਪ੍ਰੰਪਰਾ ਕਦੇ ਖਤਮ ਨਹੀਂ ਹੋਈ। ਉਸ ਤੋਂ ਬਾਅਦ ਨਾਥ ਸੰਪ੍ਰਦਾਇ... ਗੋਰਖ ਨਾਥ ਤੋਂ ਹੁੰਦੀ ਹੋਈ ਜਾਂ ਫਿਰ ਜਿਹੜਾ ਬਹੁਤ ਵੱਡਾ ਅੰਦੋਲਨ ਹੋਇਆ ਉਹ ਭਗਤੀ ਕਾਲ 'ਚ ਹੋਇਆ। ਮੱਧ ਕਾਲ 'ਚ ਇਹ ਬਹੁਤ ਵੱਡੀ ਤਬਦੀਲੀ ਆਈ ਕਿ ਬ੍ਰਾਹਮਣਵਾਦ ਦਾ ਬਦਲ ਦੇਣ ਲਈ ਬਹੁਤ ਸਾਰੇ ਧਰਮ ਖੜੇ ਹੋ ਗਏ ਉਸ 'ਚ ਵੇਸ਼ਨਵ ਸੰਪ੍ਰਾਦਇ ਸੀ... ਵਜਰਯਾਨ, ਮਹਾਂਯਾਨ... ਵੱਖ ਵੱਖ ਰਾਜਾਂ 'ਚ ਅਨੇਕਾਂ ਸੰਪਰਦਾਇ ਉਠ ਖੜੇ। ਇਹ ਜਿਹੜੇ ਭਗਤੀ ਕਾਲ 'ਚ ਅਨੇਕਾਂ ਧਰਮ ਖੜੇ ਹੋ ਗਏ, ਇਹ ਸਾਰੇ ਜਾਤੀ ਦੇ ਖ਼ਿਲਾਫ਼ ਸਨ। ਇਨ੍ਹਾਂ ਦੀ ਇਕ ਸੀਮਾ ਸੀ ਇਨ੍ਹਾਂ ਨੇ ਧਰਮ ਦੇ ਖੇਤਰ 'ਚ ਜਾਤੀਵਾਦ ਦਾ ਵਿਰੋਧ ਕੀਤਾ ਪਰ ਸਮਾਜ 'ਚ ਜਾਤੀਵਾਦ ਦਾ ਵਿਰੋਧ ਨਹੀਂ ਕੀਤਾ। ਸਮਾਜ 'ਚ ਜਾਤਪਾਤ ਚੱਲਦੀ ਰਹੀ ਐਨੀ ਤਾਕਤ ਨਹੀਂ ਪੈਦਾ ਕਰ ਸਕੇ ਕਿ ਸਮਾਜ 'ਚ ਜਾਤ ਨੂੰ ਤੋੜ ਸਕਦੇ, ਵਿਰੋਧ ਕਰਕੇ। 19 ਵੀਂ ਸਦੀ 'ਚ ਬ੍ਰਾਹਮਣਵਾਦ



ਦੇ ਵਿਰੋਧ 'ਚ ਬਹੁਤ ਵੱਡਾ ਅੰਦੋਲਨ ਖੜਾ ਹੋਇਆ ਰੇਨਾਸ਼ਾਸ ਦੇ ਰੂਪ 'ਚ ਜਿਸ 'ਚ ਆਰੀਆ ਸਮਾਜ ਪ੍ਰਮੁੱਖ ਹੈ। ਇਸੇ ਤਰ੍ਹਾਂ ਮਹਾਂਰਾਸ਼ਟਰ 'ਚ ਜੋਤੀ ਬਾ ਫੂਲੇ ਦੇ ਰੂਪ 'ਚ ਇਹ ਅੰਦੋਲਨ ਉੱਠ ਖੜੇ ਹੋਏ ਜੋਤੀਬਾ ਫੂਲੇ ਦਾ ਬਹੁਤ ਵੱਡਾ ਅੰਦੋਲਨ ਹੈ ਉਨ੍ਹਾਂ ਨੇ ਮੱਧ ਯੁੱਗ ਦੇ ਭਗਤੀ ਅੰਦੋਲਨ ਨਾਲ ਆਪਣੇ ਅੰਦੋਲਨ ਨੂੰ ਜੋੜਿਆ। ਉਸੇ ਸਮੇਂ ਨਵੀਂ ਵਿਆਖਿਆ ਕੀਤੀਆਂ। ਮੁਸਲਮਾਨ ਤੇ ਹਿੰਦੂਆਂ ਦੀ ਲੜਾਈ ਮੱਧ ਯੁੱਗ ਦੀ ਇਕ ਵੱਡੀ ਲੜਾਈ ਸਮਝੀ ਜਾਂਦੀ ਸੀ। ਜੋਤੀਬਾ ਫੂਲੇ ਨੇ ਕਿਹਾ ਇਹ ਕੋਈ ਵੱਡੀ ਲੜਾਈ ਨਹੀਂ ਹੈ। ਲੜਾਈ ਤਾਂ ਬ੍ਰਾਹਮਣਾ, ਗੈਰ ਬ੍ਰਾਹਮਣਾ ਦੀ ਵੱਡੀ ਹੈ। ਇਸ ਤਰ੍ਹਾਂ ਮੱਧ ਯੁੱਗ ਦੀ ਤਸਵੀਰ ਨੂੰ ਬਦਲ ਦਿੱਤਾ। ਜੋਤੀਬਾ ਫੂਲੇ ਦਾ ਅਸਰ ਭਾਰਤ 'ਚ ਵੱਡੀ ਪੱਧਰ ਤੇ ਹੋਇਆ। ਉਸੇ ਦੌਰ 'ਚ ਬੰਗਾਲ 'ਚ ਨਮੋਸ਼ੂਦਰਾ ਅੰਦੋਲਨ ਉੱਠ ਖੜਾ ਹੋਇਆ। ਇਹ ਨਵਾਂ ਨਾਂ ਹੈ ਪਹਿਲਾਂ ਇਸ ਨੂੰ ਚੰਡਾਲ ਕਹਿੰਦੇ ਸਨ। ਬੰਗਾਲ ਦੇ ਕੁਝ ਜ਼ਿਲ੍ਹਿਆਂ 'ਚ ਚੰਡਾਲਾ ਦੀ ਬਹੁਤ ਵੱਡੀ ਅਬਾਦੀ ਸੀ। ਉਨ੍ਹਾਂ ਨੂੰ ਚੰਡਾਲਵੀ ਕਹਿ ਕੇ ਬੁਲਾਇਆ ਜਾਂਦਾ ਸੀ। ਤੇ ਇਸ ਨੂੰ ਅਪਮਾਨ ਮਹਿਸੂਸ ਕਰਦੇ ਸਨ। 1881 'ਚ ਆਪਣਾ ਨਵਾਂ ਨਾਂ 'ਨਮੋਸ਼ੂਦਰਾ' ਰੱਖਣ ਲਈ ਅੰਦੋਲਨ ਚਲਾਇਆ। ਲੰਮੀ ਲੜਾਈ ਤੋਂ ਬਾਅਦ ਸਰਕਾਰ ਨੇ ਇਹ ਮੰਗ ਮੰਨ ਲਈ। 1911 ਦੀ ਮਰਦਮਸ਼ੁਮਾਰੀ 'ਚ ਉਨ੍ਹਾਂ ਨੂੰ 'ਨਮੋਸ਼ੂਦਰ' ਹੀ ਕਿਹਾ ਗਿਆ। ਅਤੇ ਉਨ੍ਹਾਂ ਨੇ ਆਪਣਾ ਇਕ ਧਰਮ 'ਮਦੂਆ' ਵੀ ਬਣਾਇਆ ਜਿਹੜਾ ਭਗਤੀ ਪ੍ਰੰਪਰਾ ਅਧੀਨ ਚੱਲਿਆ। ਉਨ੍ਹਾਂ ਨੇ ਨਾਅਰਾ ਦਿੱਤਾ "ਮੂੰਹ ਸੇ ਨਾਮ ਹਾਥੋਂ ਪੇ ਕਾਮ' ਭਾਵ ਕਿ ਮੂੰਹ 'ਚ ਹਰੀ ਦਾ ਨਾਂ ਲੈਣਾ ਤੇ ਹੱਥਾਂ ਨਾਲ ਕੰਮ ਕਰਦੇ ਰਹਿਣਾ। ਬ੍ਰਾਹਮਣਵਾਦ ਦੇ ਧਰਮ ਖ਼ਿਲਾਫ਼ ਨਵੀਂ ਧਾਰਨਾ ਪੇਸ਼ ਕੀਤੀ। ਇਹ ਬ੍ਰਾਹਮਣਾਂ ਦੇ ਧਰਮ ਤੋਂ ਬਹੁਤ ਵੱਖਰੀ ਸੀ।

ਇਸ ਤਬਦੀਲੀ ਦਾ ਚੌਥਾ ਤੇ ਅਹਿਮ ਪੜਾ ਹੈ, ਅੰਬੇਡਕਰ ਦੇ ਨਾਂ ਨਾਲ ਜੁੜਿਆ ਹੋਇਆ ਹੈ। ਅੰਬੇਡਕਰ ਨੇ ਪਹਿਲੇ ਚੱਲੇ ਸਾਰੇ ਅੰਦੋਲਨਾਂ ਨੂੰ ਸਮਝਦਿਆਂ ਹੋਇਆ ਵਿਗਿਆਨਕ ਤੌਰ ਤੇ ਨਵੀਂ ਧਾਰਨਾ ਪੇਸ਼ ਕੀਤੀ ਕਿ ਦੇਸ਼ ਦੇ ਜਿਹੜੇ ਦਲਿਤ ਹਨ ਉਹ ਹਮੇਸ਼ਾਂ ਦਲਿਤ ਨਹੀਂ ਸਨ ਉਹ ਦੇਸ਼ ਦੇ ਮਾਲਕ ਹਨ। ਅਛੂਤਾ ਨੰਦ ਨੇ ਇਕ ਦੋਹਾ ਬਣਾਇਆ-

ਹੈਂ ਸਭ ਕੇ ਸਭ ਹਿੰਦੂ ਪ੍ਰਚੀਨ ਹੈ ਧਿਰਕਾਰ ਹੈ।
ਹਾਂ ਹਾਂ ਸ਼ੂਦਰ ਬਣਾਇਆ ਹਮ ਕੋ ਥੇ ਕਬੀ ਸਰਦਾਰ ਹਮ।

ਉਨ੍ਹਾਂ ਨੇ ਵੱਡੇ ਵੱਡੇ ਨਾਟਕ, ਡਰਾਮੇ ਵੀ ਲਿਖੇ ਜਿਹੜੇ ਵੱਡੀਆਂ ਵੱਡੀਆਂ ਸਭਾਵਾਂ 'ਚ ਖੇਡੇ ਜਾਂਦੇ ਸਨ, ਦੂਰ ਤੱਕ ਤੁਰ ਫਿਰ ਕੇ ਉਨ੍ਹਾਂ ਨੇ ਆਦਿ ਹਿੰਦੂ ਅੰਦੋਲਨ ਚਲਾਇਆ। ਇਸ ਤਰ੍ਹਾਂ ਪੰਜਾਬ 'ਚ ਮੰਗੂ ਰਾਮ ਮੁੱਗੋਵਾਲੀਆਂ ਨੇ 'ਆਦਿ ਧਰਮੀ' ਅੰਦੋਲਨ ਚਲਾਇਆ। ਬੜੇ ਅਫ਼ਸੋਸ ਦੀ ਗੱਲ ਹੈ ਕਿ ਮੰਗੂ ਰਾਮ ਦੇ ਬਾਰੇ 'ਚ ਪੰਜਾਬ ਤੋਂ ਬਾਹਰ ਬਹੁਤ ਘੱਟ ਲੋਕ ਜਾਣਦੇ ਹਨ। ਪੰਜਾਬ 'ਚ ਕਿੰਨੇ ਕੁ ਲੋਕ ਜਾਣਗੇ ਹਨ ਮੈਂ ਨਹੀਂ ਜਾਣਦਾ ਹਾਂ? ਮੰਗੂ ਰਾਮ ਨੇ 'ਆਦਿ ਧਰਮ' ਅੰਦੋਲਨ ਚਲਾ ਕੇ ਚਮਾਰ, ਭੰਗੀ ਤੇ ਹੋਰ ਅਨੇਕਾਂ ਜਾਤਾਂ ਨੂੰ ਇਕ ਪਲੇਟਫਾਰਮ ਤੇ ਇਕੱਠੇ ਕੀਤਾ। ਉਨ੍ਹਾਂ ਦੇ ਅੰਦਲੋਨ ਦੇ ਬਾਰੇ 'ਚ ਇਕ ਹੀ ਅੰਗਰੇਜ਼ੀ 'ਚ ਕਿਤਾਬ ਪ੍ਰਕਾਸ਼ਤ ਹੋਈ ਉਹ ਹੈ ਡਾ. ਮਾਰਕ ਜੁਰਗਨੇਸਮੇਯਰ ਦੀ 'ਰੀਲੀਜੀਅਸ ਰੈਬਲਜ਼ ਇਨ ਦਿ ਪੰਜਾਬ' ਕੈਲੀਫੋਰਨੀਆ ਯੂਨੀਵਰਸਿਟੀ ਦੇ ਵਿਦਵਾਨ ਸਨ 1882 'ਚ ਇਹ ਕਿਤਾਬ ਛਪੀ, ਜਿਸ ਕੈਲੀਫੋਰਨੀਆਂ 'ਚ ਮੰਗੂ ਰਾਮ ਨੇ 16 ਸਾਲ ਆਪਣੀ ਜਵਾਨੀ ਦੇ ਦਿਨ ਗੁਜਾਰੇ ਸਨ। ਇਹ ਵੱਖਰੀ ਗੱਲ ਹੈ ਕਿ ਬਾਅਦ 'ਚ ਇਹ ਅੰਦੋਲਨ ਰਾਜਨੀਤੀ ਵੱਲ, ਬ੍ਰਿਟਿਸ਼ ਸਰਕਾਰ ਦੀਆਂ ਨੀਤੀਆਂ ਵੱਲ ਚਲਾ ਗਿਆ। (ਪੰਜਾਬੀ ਦੇ ਲੇਖਕ ਬਲਬੀਰ ਮਾਧੋਪੁਰੀ ਨੇ ਵੀ ਇਕ ਕਿਤਾਬ 'ਆਦਿ ਧਰਮ ਦੇ ਬਾਨੀ ਗ਼ਦਰੀ ਬਾਬਾ ਮੰਗੂ ਰਾਮ' ਲਿਖੀ ਹੈ) ਆਦਿ ਧਰਮੀ ਅੰਦੋਲਨ, ਆਦਿ ਹਿੰਦੂ ਅੰਦੋਲਨ ਇਹ ਸਾਰੇ ਮਹਾਂ ਰਾਸ਼ਟਰ ਦੇ ਜੋਤੀਬਾ ਫੂਲੇ ਦੇ ਅੰਦੋਲਨ ਨਾਲ ਮਿਲਦੇ ਜੁਲਦੇ ਹਨ। ਇਨ੍ਹਾਂ ਸਭ ਨੇ ਦਲਿਤਾਂ ਨੂੰ ਭਾਰਤ ਦੇ ਮੂਲ ਨਿਵਾਸੀ ਦੱਸਦਿਆ ਉਨ੍ਹਾਂ ਦੇ ਹੱਕਾ ਦੀ ਗੱਲ, ਪਛਾਣ ਦੀ ਗੱਲ ਕੀਤੀ ਗਈ।

ਇਨ੍ਹਾਂ ਤੋਂ ਬਾਅਦ ਅੰਬੇਡਕਰ ਆਉਂਦੇ ਹਨ ਤੇ ਅੰਬੇਡਕਰ ਦੀ ਵਿਚਾਰਧਾਰਾ ਤੋਂ ਬਾਅਦ ਦਲਿਤ ਸਾਹਿਤ ਦਾ ਅੰਦੋਲਨ ਭਾਰਤ ਦੇ ਵੱਖ ਵੱਖ ਰਾਜਾ 'ਚ ਉਭਰਦਾ ਹੈ। ਮੱਧ ਯੁੱਗ 'ਚ ਸੰਤਾਂ ਨੇ ਜੋ ਸਾਹਿਤ ਲਿਖਿਆ ਦਲਿਤਾਂ ਬਾਰੇ ਮੈਂ ਇਹੀ ਕਹਿਣਾ ਹੈ। ਅੱਜ ਦਾ ਦਲਿਤ ਸਾਹਿਤ ਕਈ ਮਸਲਿਆਂ ਤੋਂ ਅੱਗੇ ਹੈ।

ਦਲਿਤ ਲੋਕਾਂ ਵਿਚੋਂ ਉਠੇ ਲੇਖਕਾਂ ਨੇ ਉਨ੍ਹਾਂ ਲੱਖਾਂ ਕਰੋੜਾ ਦਲਿਤ ਲੋਕਾਂ ਨੂੰ ਜ਼ੁਬਾਨ ਦਿੱਤੀ ਜਿਨ੍ਹਾਂ ਨੇ ਕਦੀ ਵੀ ਆਪਣੇ ਮੂੰਹ ਚੋਂ ਕੁਝ ਨਹੀਂ ਕਿਹਾ ਜਾਂ ਕਹਿਣ ਨਹੀਂ ਦਿੱਤਾ। ਦੂਜੇ ਲੋਕ ਜੋ ਕਹਿਣ ਠੀਕ ਹੈ ਪਰ ਉਨ੍ਹਾਂ ਨੂੰ ਬੋਲਣ ਦਾ ਅਧਿਕਾਰ ਨਹੀਂ ਹੈ। ਬ੍ਰਿਟਿਸ਼ ਸ਼ਾਸ਼ਨ ਦੌਰਾਨ ਜਦੋਂ ਦਲਿਤਾਂ ਨੂੰ ਸਿੱਖਿਆ ਮਿਲੀ, ਰੋਜਗਾਰ ਮਿਲਿਆ, ਕੁਝ ਕਹਿਣ ਦਾ ਅਧਿਕਾਰ ਮਿਲਿਆ, ਆਤਮ ਸਨਮਾਨ ਦਾ ਅਧਿਕਾਰ ਮਿਲਿਆ ਤੇ ਅੰਬੇਡਕਰ ਨੇ ਆਤਮ ਸਨਮਾਨ ਦਾ ਬੀਜ ਬੀਜਿਆ ਤਾਂ 1960 ਦੇ ਨੇੜੇ ਤੇੜੇ ਪਹਿਲੀ ਵਾਰ ਦਲਿਤ ਸਾਹਿਤ ਦਾ ਅੰਦਲੋਨ ਪਛਾਣ 'ਚ ਆਇਆ। ਜਦੋਂ ਉਨ੍ਹਾਂ ਲੋਕਾਂ ਨੂੰ ਬੋਲਣ ਦਾ, ਲਿਖਣ ਦਾ ਮੌਕਾ ਮਿਲਿਆ। ਜਿਨ੍ਹਾਂ ਨੂੰ ਹਾਸ਼ੀਏ 'ਤੇ ਰੱਖਿਆ ਗਿਆ ਸੀ ਤਾਂ ਸਾਡੇ ਸਾਹਿਤ 'ਚ ਅਜਿਹੇ ਪੰਨੇ ਖੁੱਲ੍ਹੇ ਜਿਨ੍ਹਾਂ ਬਾਰੇ ਸਾਨੂੰ ਕੋਈ ਜਾਣਕਾਰੀ ਨਹੀਂ ਸੀ। ਇਹ ਸਾਰੇ ਪੱਖ ਜਿਨ੍ਹਾਂ ਬਾਰੇ ਗ਼ੈਰ ਦਲਿਤ ਲੇਖਕਾਂ ਨੂੰ ਅਨੁਭਵ ਹੀ ਨਹੀਂ ਸੀ। ਉਹ ਹਮਦਰਦੀ ਨਾਲ ਵੀ ਇਨ੍ਹਾਂ ਵਰਤਾਰਿਆਂ ਨੂੰ ਨਹੀਂ ਦੇਖ ਸਕਦਾ ਸੀ। ਉਹ ਸਾਰੇ ਪੱਖ ਦਲਿਤ ਲੇਖਕਾਂ ਨੇ ਲਿਖੇ ਮਰਾਠੀ 'ਚ ਸ਼ਰਣ ਕੁਮਾਰ ਲਿੰਬਾਲੇ ਨੇ ਆਤਮ ਕਥਾ 'ਅੱਕਰਮਾਸ਼ੀ' ਲਿਖੀ, ਜਿਸ 'ਚ ਦਲਿਤਾਂ ਦੇ ਅਨੇਕਾਂ ਅਛੂਤੇ ਪਸਾਰ ਖੁੱਲ੍ਹੇ। ਅੱਕਰਮਾਸ਼ੀ' ਦਾ ਅਰਥ 'ਹਰਾਮੀ' ਸੋ ਇਸ ਹਰਾਮੀ ਦਲਿਤ ਬੱਚੇ ਨੇ ਵੱਡੇ ਹੋ ਕੇ ਆਤਮ ਕਥਾ ਲਿਖੀ ਤਾਂ ਸਭ ਦੇ ਰੌਂਗਟੇ ਖੜੇ ਹੋ ਗਏ। ਹਿੰਦੀ 'ਚ ਸੂਰਜ ਪਾਲ ਚੌਹਾਨ ਹਨ, ਓਮ ਪ੍ਰਕਾਸ਼ ਵਾਲਮੀਕੀ ਹਨ ਇਨ੍ਹਾਂ ਨੇ ਆਪਣੀਆਂ ਆਤਮ ਕਥਾ ਲਿਖੀਆਂ। ਜੇ ਕਰ ਇਹ ਦਲਿਤ ਸਾਹਿਤ ਨਾ ਉਭਰਦਾ ਤਾਂ ਇਹ ਸਾਰੇ ਪਸਾਰ ਭਾਰਤ ਦੀ ਕਿਸੇ ਵੀ ਭਾਸ਼ਾ 'ਚ ਨਾ ਆ ਸਕਦੇ। ਤੁਸੀਂ ਕਹਿੰਦੇ ਹੋ ਵੇਦ, ਗੀਤਾ ਨੂੰ ਦੇਵਤਾ ਸਮਾਨ ਸਮਝੋ ਪਰ ਦਲਿਤਾਂ ਨੇ ਕਿਹਾ ਇਨ੍ਹਾਂ ਨੂੰ ਹਾਸ਼ੀਏ ਤੇ ਕਰਨਾ ਬੜਾ ਜ਼ਰੂਰੀ ਹੈ। ਤੁਹਾਡੀਆਂ ਸਾਰੀਆਂ ਸਥਾਪਤ ਮਾਨਤਾਵਾਂ ਨੂੰ ਦਲਿਤਾਂ ਨੇ ਚੁਣੌਤੀ ਦਿੱਤੀ। ਮੈਂ ਸਮਝਦਾ ਹਾਂ ਕਿ ਭਾਰਤ ਦਾ ਇਤਿਹਾਸ ਦੁਬਾਰਾ ਲਿਖਿਆ ਜਾਵੇਗਾ, ਫਿਰ ਤੋਂ ਲਿਖਣ ਦੀ ਲੋੜ ਪਵੇਗੀ।

ਉਨ੍ਹਾਂ ਨੇ ਸਮਾਜਿਕ ਕ੍ਰਾਂਤੀ ਦੀ ਧਾਰਨਾ ਪੇਸ਼ ਕੀਤੀ ਕਿ ਗਿਆਨ ਤੇ ਸਮਝ, ਅਕਲ ਜਾਤ ਨਾਲ ਨਹੀਂ ਜੁੜੀ ਹੋਈ। ਬ੍ਰਾਹਮਣਵਾਦ ਬਹੁਤ ਹੀ ਸ਼ਾਤਰ ਦਿਮਾਗ ਦਾ ਹੈ ਤੁਸੀਂ ਦੇਖੋ ਕਿ ਇਸ ਖ਼ਿਲਾਫ਼ ਕਿੰਨੀ ਦੇਰ ਤੋਂ ਅੰਦੋਲਨ ਚਲ ਰਿਹਾ ਹੈ ਪਰ ਬ੍ਰਾਹਮਣਵਾਦ ਤਰ੍ਹਾਂ ਤਰ੍ਹਾਂ ਦੀਆਂ ਸ਼ਕਲਾ ਬਦਲ ਬਦਲ ਕੇ ਆਪਣੇ ਆਪ ਨੂੰ ਜਿਉਂਦਾ ਰੱਖ ਰਿਹਾ ਹੈ। ਹੁਣ ਤਾਂ ਕਾਨੂੰਨ ਬਣ ਗਿਆ ਕਿ ਤੁਸੀਂ ਖੁੱਲ੍ਹੇ ਤੌਰ ਤੇ ਕਿਸੇ ਨੂੰ ਜਾਤ ਦੇ ਅਧਾਰ ਤੇ ਜ਼ਲੀਲ ਨਹੀਂ ਕਰ ਸਕਦੇ ਪ੍ਰੰਤੂ ਉਨ੍ਹਾਂ ਲੋਕਾਂ ਦੇ ਵਰਤਾਓ 'ਚ ਭਾਸ਼ਾ 'ਚ, ਖਿਆਲਾ ਤੇ ਤੌਰ ਤਰੀਕੇ 'ਚ ਜਾਤੀ ਅਪਮਾਨ ਮੌਜੂਦ ਰਹਿੰਦਾ ਹੈ। ਖੁੱਲ੍ਹੇ ਰੂਪ 'ਚ ਜਾਤੀ ਅਪਮਾਨ ਨਾ ਹੋਣ ਦੇ ਬਾਵਜੂਦ ਵੀ ਹਰ ਥਾਂ ਜਾਤੀ ਅਪਮਾਨ ਹੋ ਰਿਹਾ ਹੈ।

ਸਾਡੇ ਹਿੰਦੀ ਦੇ ਲੇਖਕ ਬਜਰੰਗ ਬਹਾਦਰ ਤਿਵਾਰੀ ਉਨ੍ਹਾਂ ਨੇ ਵੱਖ ਵੱਖ ਸਟੇਟਾ 'ਚ ਜਾ ਕੇ ਦਲਿਤ ਸਾਹਿਤ ਦੀ ਪੜਚੋਲ ਕੀਤੀ। ਭਾਰਤ ਦੇ ਦਲਿਤ ਸਾਹਿਤ ਦੀ ਇਕ ਤੁਲਨਾਤਮਿਕ ਪੜਚੋਲ ਹੋਣੀ ਚਾਹੀਦੀ ਹੈ। ਬਹੁਤ ਸਾਰੀਆਂ ਖੂਬੀਆਂ ਦਾ ਪਤਾ ਲੱਗੇਗਾ। ਤੁਸੀਂ ਦੇਖੋਗੇ ਕਿ ਭਾਰਤ 'ਚ ਦਲਿਤ ਸਵੈ ਜੀਵਨੀਆਂ ਦਾ ਬਹੁਤ ਜੋਰ ਹੈ। ਅੱਜ ਉਹ ਤਕੜੀ ਵਿਧਾ ਦੇ ਰੂਪ ਵਿਚ ਸਥਾਪਤ ਹੋ ਗਈ ਹੈ। ਦਲਿਤ ਲੇਖਕਾਂ ਵਲੋਂ ਆਪਣੇ ਉੱਤੇ ਤੇ ਆਪਣੇ ਸਮਾਜ ਉੱਤੇ ਹੁੰਦੇ ਸ਼ੋਸ਼ਣ ਬਾਰੇ ਲਿਖ ਕੇ ਦੱਸਿਆ ਜਾਂਦਾ ਹੈ। ਇਹ ਮਰਾਠੀ ਦਲਿਤ ਸਾਹਿਤ ਦੀ ਸ਼ਕਤੀਸ਼ਾਲੀ ਵਿਧਾ ਹੈ। ਜਿਥੇ ਇਕ ਦਰਜਨ ਦੇ ਕਰੀਬ ਦਲਿਤ ਸਵੈ ਜੀਵਨੀਆਂ ਲਿਖੀਆਂ ਗਈਆਂ। ਹਿੰਦੀ 'ਚ ਹੈ। ਪੰਜਾਬੀ 'ਚ ਬਲਬੀਰ ਮਾਧੋਪੁਰੀ ਦੀ ਸਵੈ ਜੀਵਨੀ 'ਛਾਂਗਿਆ ਰੁੱਖ' ਜਿਹਨੂੰ ਵੱਡੀ ਪੱਧਰ ਤੇ ਪਸੰਦ ਕੀਤਾ ਗਿਆ ਤੇ ਔਕਸਫੌਰਡ ਨੇ ਅੰਗਰੇਜ਼ੀ ਵਿਚ ਛਾਪਿਆ। ਪਰ ਬੰਗਾਲ ਤੇ ਗੁਜਰਾਤੀ 'ਚ ਸਵੈ ਜੀਵਨੀਆਂ ਦਾ ਰੁਝਾਨ ਨਹੀਂ ਹੈ। ਉਥੇ ਨਾਵਲ ਵਧੇਰੇ ਗਿਣਤੀ 'ਚ ਆਏ ਕਵਿਤਾ ਵਧੇਰੇ ਹੈ। ਬੰਗਲਾ 'ਚ ਆਨੰਦ ਵਰਧਨ ਨੇ ਮਛੇਰਿਆ ਤੇ ਨਾਵਲ ਲਿਖਿਆ। ਕੰਨੜ ਦਾ ਸਾਹਿਤ ਹੈ। ਭਾਵੇਂ ਦਲਿਤ ਸਾਹਿਤ ਦੀਆਂ ਆਪਣੀਆਂ ਸੀਮਾਵਾਂ ਹਨ ਇਸ ਸਾਹਿਤ ਨੂੰ ਤੁਸੀਂ ਪ੍ਰਚੱਲਤ ਮਾਪਦੰਡਾ ਤੇ ਨਹੀਂ ਪਰਖ ਸਕਦੇ। ਕੰਨੜ 'ਚ ਸਾਹਿਤ ਦੀ ਸਾਹਿਤਕਤਾ ਉੱਤੇ ਜ਼ੋਰ ਹੈ। ਉਥੇ ਦਲਿਤ ਸਾਹਿਤ ਆਪਣੇ ਸਾਹਿਤ ਹੋਣ ਤੇ ਬਹੁਤ ਜ਼ੋਰ ਦਿੰਦਾ ਹੈ। ਦਲਿਤ ਲੇਖਕਾਂ ਨੂੰ ਵੱਖਰੀ ਕਟੈਗਰੀ 'ਚ ਨਹੀਂ ਪਰਖਿਆ ਜਾ ਸਕਦਾ। ਗੁਜਰਾਤੀ 'ਚ ਗਾਂਧੀ ਖ਼ਿਲਾਫ਼ ਧਾਰਨਾ ਨਹੀਂ ਹੈ। ਉਥੇ ਇਹ ਪ੍ਰਚਲਤ ਹੈ ਕਿ



ਉਹ ਵੀ ਸਾਡਾ ਹਮਦਰਦ ਹੈ।

ਭਾਰਤ ਦੇ ਸਾਹਿਤ 'ਚ ਦਲਿਤ ਇਸਤਰੀਵਾਦ ਦੀ ਨਵੀਂ ਚੇਤਨਾ ਆਈ ਹੈ। ਇਹ ਬਹੁਤ ਵੱਡੀ ਗੱਲ ਹੈ। ਕੁਝ ਲੇਖਕ ਹਨ ਜਿਵੇਂ ਸੁਸ਼ੀਲਾ ਟਕਭੋਰੇ ਹਨ, ਲੋਹਖੰਡੇ ਹੈ ਇਨ੍ਹਾਂ ਨੇ ਦਲਿਤ ਇਸਤਰੀਵਾਦ ਦਾ ਸਵਾਲ ਉਠਾਇਆ। ਤੈਲਗੂ 'ਚ ਵੀ ਇਹ ਧਾਰਨਾ ਹੈ। ਉਥੋਂ ਦੀ ਇਕ ਕਵਿਤਰੀ ਹੈ, ਉਚੱਲਾ ਪੱਲੀ ਸੋਨਾ ਰਾਣੀ, ਜਦੂਲਾ ਗੌਰੀ ਉਸ ਨੇ ਇਕ ਕਵਿਤਾ ਲਿਖੀ ਕਿ ਮੇਰਾ ਚਮਾਰ ਪਤੀ ਬਾਹਰੋਂ ਜੱਟਾਂ ਤੋਂ ਕੁੱਟ ਖਾ ਕੇ ਜਦੋਂ ਆਉਂਦਾ ਹੈ ਤੇ ਘਰ ਆ ਮੈਨੂੰ ਕੁੱਟਦਾ ਹੈ।

ਮੈਂ ਹੁਣ ਦਲਿਤ ਦੀਆਂ ਕਮਜ਼ੋਰੀਆਂ ਦੀ ਗੱਲ ਵੀ ਕਰਨੀ ਚਾਹੁੰਦਾ ਹਾਂ। ਜਿਹੜੀ ਕਮੀ ਅੱਜ ਬਹੁਤ ਅਹਿਮ ਹੈ ਕਿ ਦਲਿਤ ਸਮਾਜ ਦੇ ਅੰਦਰ ਜਿਹੜੀ ਜਾਤੀ ਪ੍ਰਥਾ ਹੈ, ਜਾਤੀ ਭੇਦ ਭਾਵ ਹਨ, ਉਸ ਉੱਤੇ ਦਲਿਤ ਲੇਖਕਾਂ ਨੇ ਪਰਦਾ ਪਾ ਦਿੱਤਾ ਹੈ ਉਹ ਅੰਦਰਲੀ ਜਾਤੀ ਭੇਦ ਦੀ ਗੱਲ ਨਹੀਂ ਕਰਦੇ। ਭਾਰਤ 'ਚ ਜਾਤੀਵਾਦ ਬ੍ਰਾਹਮਣਾ ਨੇ ਬਣਾ ਦਿੱਤਾ ਪਰ ਉਸ ਨੂੰ ਚਲਾਉਣ ਵਾਲੇ ਬ੍ਰਾਹਮਣ ਨਹੀਂ ਹਨ। ਪੰਜਾਬ 'ਚ ਕਦੇ ਵੀ ਬ੍ਰਾਹਮਣ ਤਾਕਤਵਾਰ ਨਹੀਂ ਰਹੇ ਪੰਜਾਬ 'ਚ ਕੌਣ ਜਾਤੀਵਾਦ ਫੈਲਾਉਂਦਾ ਹੈ? ਪਰ ਫਿਰ ਵੀ ਇਥੇ ਚਲ ਰਿਹਾ ਹੈ। ਹਰਿਆਣਾ 'ਚ ਬ੍ਰਾਹਮਣ ਤਾਕਤਵਾਰ ਨਹੀਂ ਰਹੇ, ਤਾਮਿਲਨਾਡੂ 'ਚ ਬ੍ਰਾਹਮਣ ਨੂੰ ਉਖਾੜ ਦਿੱਤਾ ਗਿਆ। ਬ੍ਰਾਹਮਣਾ ਨੇ ਜਾਤੀਵਾਦ ਬਣਾਇਆ। ਹੁਣ ਜਿਹਦੇ ਵੀ ਥੱਲੇ ਜਾਤੀ ਆਉਂਦੀ ਹੈ ਉਹ ਜਾਤੀਵਾਦ ਚਲਾਉਣਾ ਚਾਹੁੰਦਾ ਹੈ। ਉਹ ਸਭ ਤੋਂ ਥੱਲੇ ਹੈ ਜੇ ਇਕ ਵੀ ਉਹਦੇ ਥੱਲੇ ਜਾਤੀ ਹੈ ਤਾਂ ਉਹ ਜਾਤੀਵਾਦ ਚਲਾਵੇਗਾ। ਇਹ ਸਾਡਾ ਸਮਾਜਿਕ ਸੱਚ ਹੈ।

ਜੇ ਅਸੀਂ ਹਿੰਦੀ ਦੀ ਗੱਲ ਕਰੀਏ ਤਾਂ ਉਥੇ ਜਿਹੜੇ ਦਲਿਤ ਲੇਖਕ ਹਨ ਚਮਾਰ ਲੇਖਕ, ਭੰਗੀ ਲੇਖਕ ਤੇ ਖਟੀਕ ਲੇਖਕ ਆਪਸ ਵਿਚ ਵੰਡੇ ਹੋਏ ਹਨ। ਇਨ੍ਹਾਂ ਤਿੰਨਾਂ 'ਚ ਜਬਰਦਸਤ ਵਿਰੋਧ ਹਨ ਜਿਹੜਾ ਕਿ ਜਨਤਕ ਤੌਰ ਤੇ ਸਾਹਮਣੇ ਵੀ ਆ ਗਿਆ ਹੈ। ਪ੍ਰੰਤੂ ਦੂਜੀਆਂ ਭਾਸ਼ਾਵਾਂ 'ਚ ਜਾਤੀ ਭੇਦ ਹੋਣ ਦੇ ਬਾਵਜੂਦ ਵੀ ਸਾਹਮਣੇ ਨਹੀਂ ਆਇਆ। ਚਾਹੇ ਪੰਜਾਬੀ 'ਚ ਰਵੀਦਾਸੀਏ-ਰਾਮਦਾਸੀਏ, ਭੰਗੀ-ਮੱਝਵੀਂ ਸਿੱਖ , ਚਮਾਰ, ਭੰਗੀ ਦਾ ਜਾਤੀ ਭੇਦ ਹੋਵੇ ਸਾਰੇ ਦਲਿਤ ਲੇਖਕ ਇਸ ਤੇ ਪਰਦਾ ਪਾ ਕੇ ਬੈਠੇ ਹੋਏ ਹਨ। ਇਕ ਹੋਰ ਘਾਟ ਜੋ ਰੜਕਦੀ ਹੈ ਪਿਆਰ-ਪ੍ਰੇਮ ਤੇ ਦਲਿਤ ਸਾਹਿਤ ਕਿਓਂ ਨਹੀਂ ਲਿਖਿਆ ਜਾ ਰਿਹਾ। ਦਲਿਤ ਸਾਹਿਤ ਅੰਦਰ ਜਿਹੜਾ ਦਲਿਤ ਇਸਤਰੀਵਾਦ ਹੈ ਉਸ ਨੂੰ ਦਲਿਤ ਲੇਖਕ ਸਵਿਕਾਰ ਨਹੀਂ ਕਰਦੇ। ਉਸ ਦਾ ਵਿਰੋਧ ਵੀ ਨਹੀਂ ਕਰਦੇ ਪਰ ਉਸ ਨੂੰ ਸੁਖਾਵਾ ਮਹਿਸੂਸ ਨਹੀਂ ਕਰਦੇ। ਉਹ ਸੋਚਦੇ ਹਨ ਕਿ ਦਲਿਤਾਂ ਦੀ ਲੜਾਈ ਨੂੰ ਭਟਕਾਓ ਵਾਲੀ ਚੀਜ਼ ਹੈ। ਅਜੇ ਤਾਂ ਅਸੀਂ ਸਭ ਨੇ ਰਲ ਕੇ ਬ੍ਰਾਹਮਣਵਾਦ ਦੇ ਖ਼ਿਲਾਫ਼ ਲੜਨਾ ਹੈ। ਘਰ ਦੇ ਅੰਦਰ ਵਾਲੀਆਂ ਲੜਾਈਆਂ ਦੀ ਗੱਲ ਨਹੀਂ ਕਰਨੀ । ਅੱਜ ਦਲਿਤ ਆਪਣੀ ਪਛਾਣ ਦੀ ਲੜਾਈ ਲੜ ਰਹੇ ਹਨ। ਸਵਾਲ ਹੈ ਉਸ ਅੰਦਰ ਹੋਰ ਜਿਹੜੀਆਂ ਪਛਾਣਾ ਹਨ ਉਨ੍ਹਾਂ ਨੂੰ ਮਾਨਤਾ ਦੇਣ ਦੀ ਹੈ। ਦਲਿਤ ਇਸਤਰੀਵਾਦ ਨੂੰ ਦਬਾ ਕੇ ਜਿਹੜਾ ਦਲਿਤ ਸਾਹਿਤ ਲਿਖਿਆ ਜਾਵੇਗਾ ਉਹ ਬਹੁਤ ਅੰਤਰ ਵਿਰੋਧਾ ਨਾਲ ਭਰਿਆ ਹੋਵੇਗਾ। ਜੇਕਰ ਦਲਿਤ ਪ੍ਰੇਮ ਦੀ ਗੱਲ ਕਰਾਗੇ ਤਾਂ ਇਸ ਧਾਰਨਾ ਨਾਲ ਇਸਤਰੀ ਵੀ ਕੇਂਦਰ 'ਚ ਆਵੇਗੀ। ਬਹੁਤ ਸਾਰੇ ਸਵਾਲ ਜਿਹੜੇ ਇਸਤਰੀ ਨਾਲ ਜੁੜੇ ਹੋਏ ਹਨ ਉਹ ਵੀ ਉਭਰ ਕੇ ਸਾਹਮਣੇ ਆਉਣਗੇ।

ਭਾਰਤ 'ਚ ਆਦਿ ਵਾਸੀ, ਜੰਗਲੀ ਕਬੀਲਿਆਂ ਦਾ ਜੋ ਸਵਾਲ ਹੈ ਉਹ ਦਲਿਤਾਂ ਦੇ ਸਵਾਲ ਤੋਂ ਵੱਖਰਾ ਹੈ। ਰਾਜਨੀਤਿਕ ਰੂਪ 'ਚ ਦੋਹਾਂ ਨੂੰ ਇਕੱਠਾ ਕਰ ਦਿੱਤਾ ਜਾਂਦਾ ਹੈ। ਦਲਿਤ ਹਿੰਦੂ ਸਮਾਜ 'ਚ ਰਹਿ ਰਹੇ ਹਨ। ਪ੍ਰੰਤੂ ਆਦਿ ਵਾਸੀ ਕਬੀਲੇ ਹਿੰਦੂ ਸਮਾਜ ਤੋਂ ਦੂਰ ਜੰਗਲ ਪਹਾੜਾ 'ਚ ਰਹਿ ਰਹੇ ਹਨ। ਨਾ ਹੀ ਹਿੰਦੂ ਸਮਾਜ ਦੇ ਗੁਲਾਮ ਰਹੇ। ਦਲਿਤਾਂ ਦੀ ਉਹੀ ਭਾਸ਼ਾ ਹੈ ਜਿਹੜੀ ਹਿੰਦੂ ਸਿੱਖਾਂ ਜਾਂ ਹੋਰ ਦੀ ਭਾਸ਼ਾ ਹੈ ਪ੍ਰੰਤੂ ਉਨ੍ਹਾਂ ਕਬੀਲਿਆਂ ਦੀ ਆਪਣੀ ਆਪਣੀ ਭਾਸ਼ਾ ਹੈ। ਉਨ੍ਹਾਂ ਦਾ ਆਪਣਾ ਕਲਚਰ ਹੈ। ਭਾਰਤ 'ਚ ਆਦਿ ਵਾਸੀਆਂ ਦੀ ਹੋਂਦ ਖਤਮ ਹੋ ਰਹੀ ਹੈ। ਉਨ੍ਹਾਂ ਦੇ ਖਤਮ ਹੋਣ ਦਾ ਕਾਰਨ ਹੈ ਸਾਡਾ ਪੂੰਜੀਵਾਦੀ ਰਾਸ਼ਟਰਵਾਦ। ਆਦਿ ਵਾਸੀ ਜਿਨ੍ਹਾਂ ਇਲਾਕਿਆ 'ਚ ਰਹਿੰਦੇ ਹਨ ਉਥੇ ਖਣਿਜ ਪਦਾਰਥ ਹਨ ਤੇ ਉਥੇ ਹੀ ਵੱਡੇ ਵੱਡੇ ਕਾਰਖਾਨੇ ਲਗ ਰਹੇ ਹਨ। ਜਾ ਲੱਗਣੇ ਹਨ। ਆਦਿ ਵਾਸੀਆਂ ਨੂੰ ਉਜਾੜਨ ਤੋਂ ਬਿਨਾ ਇਹ

ਪੂੰਜੀਵਾਦੀ ਵਿਵਸਥਾ ਖਤਮ ਨਹੀਂ ਹੋ ਸਕਦੀ। ਇਸ ਲਈ ਸਾਰਾ ਤੰਤਰ ਆਦਿਵਾਦੀਆਂ ਨੂੰ ਉਜਾੜਨ ਤੇ ਖਤਮ ਕਰਨ 'ਚ ਲੱਗਿਆ ਹੋਇਆ ਹੈ। ਪਿਛਲੇ ਤਿੰਨ-ਚਾਰ ਦਹਾਕਿਆਂ ਤੋਂ ਭਾਰਤ ਦੀਆਂ ਨੌਂ ਭਾਸ਼ਾਵਾਂ ਖਤਮ ਹੋ ਚੁੱਕੀਆਂ ਹਨ ਤੇ ਇਹ ਨੌਂ ਭਾਸ਼ਾਵਾਂ ਆਦਿ ਵਾਸੀ ਕਬੀਲਿਆਂ ਦੀਆਂ ਹਨ। ਬਹੁਤ ਸਾਰੀਆਂ ਆਦਿ ਵਾਸੀ ਜਾਤੀਆਂ ਖਤਮ ਹੋ ਚੁੱਕੀਆਂ ਹਨ। ਝਾਰਖੰਡ 'ਚ ਹਜ਼ਾਰ ਆਦਿਵਾਸੀ ਜਾਤੀਆਂ ਖਤਮ ਹੋ ਚੁੱਕੀਆਂ ਹਨ। ਝਾਰਖੰਡ 'ਚ ਇਕ ਹਜ਼ਾਰਾਂ ਜਾਤੀਆਂ ਦੇ ਕਰੀਬ ਆਦਿ ਵਾਸੀ ਰਹਿ ਗਏ ਹਨ। ਸਾਡੀ ਸਭਿਅਤਾ ਦਾ ਪਖੰਡ ਇਸ ਤਰ੍ਹਾਂ ਦਾ ਹੈ ਕਿ ਅਸੀਂ ਹਿਰਨਾ, ਹਾਥੀਆਂ ਤੇ ਹੋਰ ਜਾਨਵਾਰਾਂ ਨੂੰ ਬਚਾਉਣ ਦਾ ਪਖੰਡ ਤਾਂ ਕਰ ਰਹੇ ਹਾਂ ਪਰ ਆਦਿ ਵਾਸੀ ਸਾਡੇ ਸਾਹਮਣੇ ਖਤਮ ਹੋ ਰਹੇ ਹਨ ਉਨ੍ਹਾਂ ਲਈ ਅਸੀਂ ਕੁਝ ਨਹੀਂ ਕਰ ਸਕਦੇ। ਭਾਰਤ ਦਾ ਇਕ ਵੀ ਰਾਜਨੀਤਿਕ ਦਲ ਇਨ੍ਹਾਂ ਆਦਿ ਵਾਸੀਆਂ ਦੇ ਬਾਰੇ 'ਚ ਸੋਚਦਾ ਨਹੀਂ ਹੈ। ਆਦਿ ਵਾਸੀ ਜਿਨ੍ਹਾਂ ਇਲਾਕਿਆ 'ਚ ਰਹਿੰਦੇ ਹਨ ਉਥੇ ਨਕਸਲੀ ਲੋਕ ਰਹਿੰਦੇ ਹਨ। ਇਨ੍ਹਾਂ ਲੋਕਾਂ ਨੇ ਆਦਿ ਵਾਸੀਆਂ ਦੀਆਂ ਮੰਗਾ ਨੂੰ ਉਭਾਰਿਆ, ਉਨ੍ਹਾਂ ਦੀਆਂ ਲੜਾਈਆਂ ਲੜੀਆਂ। ਤੇ ਬਹੁਤ ਸਾਰੇ ਆਦਿ ਵਾਸੀ ਉਨ੍ਹਾਂ ਨਾਲ ਰਲ ਗਏ। ਜਿਹੜੀਆਂ ਸਰਕਾਰਾਂ ਆਦਿ ਵਾਸੀਆਂ ਦੀ ਭਲਾਈ ਦੇ ਨਾਂ ਤੇ ਪਖੰਡ ਕਰ ਰਹੀ ਹੈ ਉਹ ਨਕਸਲੀਆਂ ਦੇ ਦਮਨ ਦੇ ਨਾਂ ਤੇ ਆਦਿ ਵਾਸੀਆਂ ਨੂੰ ਖਤਮ ਕਰ ਰਹੀ ਹੈ। ਛੱਤੀਸਗੜ੍ਹ ਦਾ ਦਾਂਤੇਵਾੜਾ ਇਲਾਕਾ ਦੇਖੋ ਤਾਂ ਸਰਕਾਰ ਸਲਮਾ ਯੂਡਮ ਦੇ ਨਾਂ ਤੇ ਇਕ ਹਥਿਆਰਬੰਦ ਸੰਗਠਨ ਖੜਾ ਕਰ ਚੁੱਕੀ ਹੈ। ਸਰਕਾਰ ਕਹਿ ਰਹੀ ਹੈ ਆਦਿ ਵਾਸੀਆਂ ਨੂੰ ਕਿ ਤੁਸੀਂ ਜੰਗਲ ਛੱਡ ਕੇ ਸਾਡੇ ਰਾਹਤ ਕੈਂਪਾਂ 'ਚ ਆ ਕੇ ਰਹੋ। ਜਿਹੜੇ ਸਦੀਆਂ ਤੋਂ ਜੰਗਲਾਂ 'ਚ ਰਹਿ ਰਹੇ ਹਨ ਉਹ ਭਲਾ ਕਿਵੇਂ ਆਪਣਾ ਕਲਚਰ, ਭੂਮੀ ਛੱਡ ਸਕਦੇ ਹਨ। ਸਰਕਾਰ ਕਹਿ ਰਹੀ ਹੈ ਆਪਣੇ ਪਸ਼ੂ -ਡੰਗਰ, ਬੁੱਢੇ, ਜਵਾਨ, ਸਮਾਨ ਸਾਰਾ ਕੁਝ ਲੈ ਕੇ ਕੈਂਪਾਂ 'ਚ ਆਓ। ਜਿਨ੍ਹਾਂ ਆਦਿ ਵਾਸੀਆਂ ਨੇ ਕੈਂਪਾ 'ਚ ਰਹਿਣ ਤੋਂ ਇਨਕਾਰ ਕੀਤਾ ਤਾਂ ਸਰਕਾਰ ਨੇ ਸਾਰੀਆਂ ਰਾਸ਼ਨ ਦੀਆਂ ਦੁਕਾਨਾ ਬੰਦ ਕਰ ਦਿੱਤੀਆਂ। ਬਿਜਲੀ ਦੀ ਸਪਲਾਈ ਬੰਦ ਕਰ ਦਿੱਤੀ। ਸਕੂਲ ਬੰਦ ਕਰ ਦਿੱਤੇ। ਮਜਬੂਰ ਹੋ ਕੇ 60 ਹਜ਼ਾਰ ਆਦਿਵਾਸੀਆਂ ਨੇ 600 ਪਿੰਡ ਖਾਲੀ ਕਰਕੇ ਭੱਜਣਾ ਮੁਨਾਸਬ ਸਮਝਿਆ। ਉਹ ਕਿੱਥੇ ਕੀ ਕਰ ਰਹੇ ਹਨ ਕੋਈ ਨਹੀਂ ਜਾਣਦਾ। ਆਦਿ ਵਾਸੀਆਂ ਦੀ ਜ਼ਮੀਨਾਂ ਤੇ ਕਾਰਖਾਨੇ, ਮਾਲਜ਼, ਤੇ ਪਾਰਕ ਬਣਾਉਣ ਲਈ ਵਰਤਿਆ ਜਾ ਰਿਹਾ ਹੈ। 2009 'ਚ ਵਰਲਡ ਬੈਂਕ ਦੀ ਰਿਪੋਰਟ ਕਹਿੰਦੀ ਹੈ ਕਿ ਪੂਰੇ ਸੰਸਾਰ 'ਚ 65000 ਕਰੋੜ ਹੈਕਟੇਅਰ ਜ਼ਮੀਨ ਖੋਹੀ ਗਈ ਜਿਹੜੀ ਕਿ ਫਰਾਂਸ਼ ਦੇਸ਼ ਦੇ ਬਰਾਬਰ ਹੈ। ਝਾਰਖੰਡ 'ਚ ਹਾਲਤ ਇਹ ਹੈ ਕਿ ਉਥੇ ਦੀ 70 % ਅਬਾਦੀ ਗਰੀਬੀ ਰੇਖਾ ਤੋਂ ਥੱਲੇ ਜੀ ਰਹੀ ਹੈ। ਹਰ ਸਾਲ ਇਕ ਲੱਖ ਆਦਿ ਵਾਸੀ ਆਪਣੇ ਘਰ ਛੱਡ ਕੇ ਜਾਣ ਲਈ ਮਜਬੂਰ ਹੈ। ਹਰ ਸਾਲ 1200 ਆਦਿ ਵਾਸੀ ਲੜਕੀਆਂ ਗਾਇਬ ਹੋ ਜਾਂਦੀਆਂ ਹਨ। ਇਸ ਤਰ੍ਹਾਂ ਪੂੰਜੀਵਾਦੀ ਨੀਤੀਆਂ ਕਾਰਨ ਆਦਿਵਾਸੀ ਸਾਹਿਤ ਦਾ ਅਸਤਿਤਵ ਹੀ ਖਤਮ ਕੀਤਾ ਜਾ ਰਿਹਾ ਹੈ। ਇਕ ਤਾਂ ਆਦਿ ਵਾਸੀ ਸਾਹਿਤ ਦੀ ਸੰਭਾਵਨਾ ਬਹੁਤ ਘੱਟ ਹੈ। ਦੂਜਾ ਜਿਹੜੀ ਭਾਸ਼ਾ ਵਿਚ ਸਾਹਿਤ ਹੈ ਉਹ ਭਾਸ਼ਾਵਾਂ ਕਿਸੇ ਯੂਨੀਵਰਸਿਟੀਆਂ 'ਚ ਨਹੀਂ ਪੜਾਈਆਂ ਜਾਂਦੀਆਂ। ਲਿੱਪੀ ਦੀ ਸਮੱਸਿਆ ਹੈ। ਫਿਰ ਵੀ ਕੁਝ ਆਦਿ ਵਾਸੀਆਂ ਨੇ ਸਾਹਿਤ ਲਿਖਿਆ। ਲੜਾਈ ਲੜੀ। ਸੰਥਾਲ ਸਭ ਤੋਂ ਅੱਗੇ ਹੈ, ਬੋਡੋ ਸਾਹਿਤ ਵੀ ਅਹਿਮ ਹੈ। ਪਰ ਆਦਿ ਵਾਸੀਆਂ ਦੇ ਸੰਬੰਧ 'ਚ ਸਾਹਿਤ ਜ਼ਰੂਰ ਲਿਖਿਆ ਗਿਆ ਹੈ। ਇਕ ਤਰ੍ਹਾਂ ਦੀ ਹਮਦਰਦੀ ਰੱਖਦਿਆਂ ਹਿੰਦੀ 'ਚ ਵੀ ਸਾਹਿਤ ਲਿਖਿਆ ਗਿਆ ਹੈ। ਇਕ ਲੇਖਕ 'ਮੀਜੋ' ਜਨ ਜਾਤੀ ਵਿਚ ਬਹੁਤ ਸਾਲ ਰਿਹਾ ਤੇ ਉਸ ਨੇ ਕਿਤਾਬ ਲਿਖੀ। (*ਪੰਜਾਬੀ 'ਚ ਇਕ ਲੇਖਕ ਸਤਨਾਮ ਨੇ ਆਦਿਵਾਸੀਆਂ 'ਚ ਰਹਿ ਕੇ ਕਿਤਾਬ 'ਜੰਗਲਨਾਮਾਂ' ਵੀ ਲਿਖੀ-ਸੰਪਾ.*) 'ਜਹਾ ਬਾਂਸ ਫੂਟਤੇ ਹੈਂ' ਕਿ ਮੀਜੋ ਭਾਰਤ ਸਰਕਾਰ ਨਾਲ ਕਿਓ ਲੜਦੇ ਹਨ। ਗੋਪੀਨਾਥ ਮਹੰਤੋ ਜਿਨ੍ਹਾਂ ਨੂੰ ਗਿਆਨ ਪੀਠ ਇਨਾਮ ਮਿਲਿਆ ਉਨ੍ਹਾਂ ਨੇ 'ਅੰਮ੍ਰਿਤ ਸੰਤਾਨ' ਨਾਵਲ ਲਿਖਿਆ। ਮੈਂ ਆਦਿ ਵਾਸੀਆ ਤੇ ਲਿਖਿਆ ਐਨਾ ਚੰਗਾ ਨਾਵਲ ਨਹੀਂ ਪੜ੍ਹਿਆ। ਇਨ੍ਹਾਂ ਲੋਕਾਂ ਨੇ ਆਦਿ ਵਾਸੀ ਸਮਾਜ ਦਾ ਇਕ ਅੱਧੀ ਯਾਤਰਾ ਕਰਕੇ ਸਾਹਿਤ ਨਹੀਂ ਲਿਖਿਆ। ਜਿਵੇਂ ਮਹਾਂ ਸਵੇਤਾ ਦੇਵੀ ਕਰਦੀ ਰਹੀ ਹੈ। ਇਨ੍ਹਾਂ ਨੇ ਆਦਿ ਵਾਸੀ ਲੋਕਾਂ 'ਚ ਰਹਿ ਕੇ ਜ਼ਿੰਦਗੀ ਗੁਜਾਰ ਦਿੱਤੀ। ਆਦਿ ਵਾਸੀ ਸਮਾਜ ਦੇ ਸੋਸਲ ਸਿਸਟਮ ਨੂੰ ਸਮਝਿਆ ਤਾਂ ਕਿਤੇ ਜਾ ਕੇ ਲਿਖਿਆ।



ਨਾਰੀ ਵਾਦੀ ਸਾਹਿਤ ਭਾਰਤ ਦੀ ਸਭ ਤੋਂ ਕ੍ਰਾਂਤੀਕਾਰੀ ਘਟਨਾ ਹੈ। ਔਰਤਾਂ ਦਾ ਸਵਾਲ ਸਮਾਜ 'ਚ ਸਭ ਤੋਂ ਅਹਿਮ ਸਵਾਲ ਹੈ। ਔਰਤ ਦਾ ਸ਼ੋਸ਼ਣ ਸਮਾਜ ਦਾ ਸਭ ਤੋਂ ਪੁਰਾਣਾ ਸ਼ੋਸ਼ਣ ਹੈ। ਔਰਤ ਦਾ ਸਾਹਿਤ, ਨਾਰੀਵਾਦੀ ਸਾਹਿਤ ਦਾ ਮਤਲਬ ਹੈ ਸਾਰੇ ਸਿਸਟਮ ਦਾ ਬਦਲ ਜਾਣਾ ਪ੍ਰੇਮ, ਵਿਆਹ, ਸੈਕਸ, ਰੁਤਬਾ ਸਾਰਾ ਕੁਝ।

ਸਮਾਜ ਨੂੰ ਬਦਲਣ ਲਈ ਇਕ ਬਹੁਤ ਵੱਡੀ ਫ਼ਲਾਸਫ਼ੀ ਮਾਰਕਸਵਾਦ ਦੀ ਸਮਝੀ ਜਾਂਦੀ ਹੈ। ਮੈਂ ਕਹਿਣਾ ਚਾਹੁੰਦਾ ਹਾਂ ਕਿ ਮਾਰਕਸਵਾਦ ਦੇ ਹੁੰਦੇ ਹੋਏ ਵੀ ਮਾਰਕਸਵਾਦੀ ਚਿੰਤਕ ਦਲਿਤਾ ਦੇ ਸਵਾਲ ਨੂੰ ਨਹੀਂ ਉਠਾ ਸਕੇ। ਜਾਤੀਆ ਦੇ ਸਵਾਲਾਂ ਨੂੰ ਨਹੀਂ ਉਠਾ ਸਕੇ। ਔਰਤਾਂ ਦੇ ਸਵਾਲ ਨੂੰ ਨਹੀਂ ਉਠਾ ਸਕੇ। ਜੇ ਕਰ ਭਾਰਤ ਸਮਾਜ ਨੂੰ ਪੂਰੀ ਤਰ੍ਹਾਂ ਬਦਲਣਾ ਹੈ ਤਾਂ ਮਾਰਕਸ ਦੇ ਨਾਲ ਅੰਬੇਡਕਰ ਦੀ ਵਿਚਾਰਧਾਰਾ ਨੂੰ ਅਪਣਾਉਣ ਦੀ ਲੋੜ ਹੈ। ਇਹ ਵੀ ਸੱਚ ਹੈ ਕਿ ਦਲਿਤ ਅੰਬੇਡਕਰ ਦੀ ਵਿਚਾਰਧਾਰਾ ਨਾਲ ਆਪਣੀ ਮੁਕਤੀ ਹਾਸਲ ਨਹੀਂ ਕਰ ਸਕਦੇ। ਔਰਤ ਨਾਰੀਵਾਦ ਨਾਲ ਮੁਕਤੀ ਹਾਸਲ ਨਹੀਂ ਕਰ ਸਕਦੀ। ਜਦੋਂ ਤੱਕ ਉਹ ਮਾਰਕਸਵਾਦ ਦੀ ਭੂਮਿਕਾ ਨੂੰ ਆਪਣੇ ਨਾਲ ਨਹੀਂ ਜੋੜਦੇ। ਅੰਬੇਡਕਰ ਨੂੰ ਮਾਰਕਸਵਾਦ ਨੂੰ ਇਕ ਦੂਜੇ ਦੇ ਖ਼ਿਲਾਫ਼ ਖੜਾ ਕਰਨਾ ਗਲਤ ਹੈ। ਦੋਹਾਂ ਦਾ ਮਹੱਤਵ ਬਰਾਬਰ ਹੈ। ਦਲਿਤਾਂ ਦਾ ਸਵਾਲ, ਆਦਿ ਵਾਸੀਆਂ ਦਾ ਸਵਾਲ, ਇਸਤਰੀਆਂ ਦਾ ਸਵਾਲ ਇਨ੍ਹਾਂ ਸਾਰੇ ਸਵਾਲਾਂ ਨੂੰ ਹਾਸਲ ਕਰਕੇ ਹੀ ਅਸੀਂ ਨਿੱਗਰ ਸਮਾਜ ਦੀ ਸਿਰਜਣਾ ਕਰ ਸਕਦੇ ਹਾਂ।

## ਆਦਿਵਾਸੀ ਕਬੀਲੇ ਤੇ ਉਨ੍ਹਾਂ ਦਾ ਸਮਾਜਿਕ ਪੱਧਰ/ ਜੀ. ਅਲੌਇਸਸ



ਸਭ ਤੋਂ ਪਹਿਲਾਂ ਮੈਂ ਇਨ੍ਹਾਂ ਕਬੀਲਿਆਂ ਬਾਰੇ ਗੱਲ ਕਰਨ ਤੋਂ ਪਹਿਲਾਂ ਕੁਝ ਆਪਣੇ ਬਾਰੇ ਇਹ ਦੱਸਣਾ ਚਾਹੁੰਦਾ ਹਾਂ ਕਿ ਮੈਂ ਇਨ੍ਹਾਂ ਦੇ ... ਆਇਆ। ਆਪਣੇ ਤਜਰਬਿਆਂ ਦੇ ਅਧਾਰ ਤੇ ਮੈਂ ਗੱਲਾਂ ... ਤਾਂ ਤਮਿਲਨਾਡੂ 'ਚ ਬੀਤਿਆ, ਉਦੋਂ ਉਥੇ ਰਾਮਾਸੁਵਾਮੀ ...। ਉਨ੍ਹਾਂ ਦਿਨ੍ਹਾਂ ਵਿਚ ਉਨ੍ਹਾਂ ਦਾ ਕਾਫੀ ਨਾਂ ਤੇ ਪਛਾਣ ਸੀ। ... ਜਾਂਦੇ ਸਾਂ ਤੇ ਇਹ ਜਾਣਦੇ ਸਾਂ ਕਿ ਇਹ ਆਦਮੀ ਦੂਜੀ ... ਹੈ। ਤੇ ਇਹਦੀ ਗੱਲ ਸੁਣੀ ਜਾਵੇ। ਸਾਡੇ ਪੁਰਖੇ ਇਹ ਕਹਿੰਦੇ ... ਨੂੰ ਨਹੀਂ ਸੁਣਨਾ ਕਿਉਂਕਿ ਇਹ ਉਹ ਇਸਵਰ ਦੇ ਖ਼ਿਲਾਫ਼ ਬੋਲਦੇ ਸਨ। ਲੇਕਿਨ ਸਾਨੂੰ ਪਤਾ ਸੀ ਕਿ ਇਹ ਸਮਾਜ ਲਈ ਤੇ ਉਹਦੀ ਭਲਾਈ ਲਈ ਹੀ ਬੋਲਿਆ ਜਾ ਰਿਹਾ ਹੈ। ਇਸ ਤਰ੍ਹਾਂ ਥੋੜ੍ਹਾ ਬਹੁਤਾ ਤਣਾਓ ਰਹਿੰਦਾ ਸੀ ਲੇਕਿਨ ਬਾਅਦ 'ਚ ਅਸੀਂ ਲੋਕਾਂ ਨੇ ਉਨ੍ਹਾਂ ਦੇ ਅਸਰ ਅਧੀਨ ਹੀ ਲੋਕਾਂ 'ਚ ਵਿਚਰ ਕੇ ਕਾਰਜ ਕੀਤੇ। ਪੜ੍ਹਾਈ ਪੂਰੀ ਕਰਕੇ ਮੈਂ ਝਾਰਖੰਡ 'ਚ ਆਦਿਵਾਸੀ ਕਬੀਲਿਆਂ 'ਚ ਆ ਗਿਆ। ਇਕ ਮਿਸ਼ਨਰੀ ਸਕੂਲ 'ਚ ਅਧਿਆਪਕ ਦੇ ਤੌਰ ਤੇ ਆਇਆ ਸੀ ਜਿਹੜਾ ਸਕੂਲ ਆਦਿਵਾਸੀ ਕਬੀਲਿਆਂ ਦੇ ਇਲਾਕੇ 'ਚ ਇਸਾਈ ਪ੍ਰਚਾਰਕ ਚਲਾ ਰਹੇ ਸਨ। ਆਦਿਵਾਸੀ ਲੋਕਾਂ 'ਚ ਰਹਿਣਾ, ਉੱਠਣਾ, ਬੈਠਣਾ ਅਤੇ ਖਾਣਾ-ਪੀਣਾ ਆਦਿ ਨਾਲ ਉਨ੍ਹਾਂ ਬਾਰੇ ਸੋਚਣ ਲੱਗ ਪਿਆ। ਉਨ੍ਹਾਂ ਦੀ ਸਮਾਜਿਕ ਦਸ਼ਾ ਜਾਨਣ ਤੋਂ ਬਾਅਦ ਇਕ ਨਵਾਂ ਅਨੁਭਵ ਹੋਇਆ। ਹਿੰਦੀ ਖੇਤਰ ਦਾ ਮਿਡਲ ਕਲਾਸ, ਲੋਅਰ ਮਿਡਲ ਕਲਾਸ ਦੇ ਲੋਕਾਂ ਨੂੰ ਮੈਂ ਦੇਖਿਆ ਸੀ, ਮੇਰੇ ਪੁਰਖੇ ਵੀ ਇਨ੍ਹਾਂ ਦਾ ਇਕ ਹਿੱਸਾ ਸੀ ਬੜੀਆਂ ਬੰਧਸਾਂ ਬਈ ਔਹ ਕੰਮ ਨਹੀਂ ਕਰਨਾ, ਔਹ ਨਹੀਂ ਪਹਿਨਣਾ ਆਦਿ ਆਦਿ। ਇਨ੍ਹਾਂ ਲੋਕਾਂ 'ਚ ਆਉਣ ਤੋਂ ਬਾਅਦ ਮੇਰੇ ਮਨ 'ਚ ਨਵੀਂ ਫੀਲਿੰਗ ਆਈ ਕਿ ਇਸ ਤਰ੍ਹਾਂ ਵੀ ਜੀਵਿਆ ਜਾ ਸਕਦਾ ਹੈ। ਬਹੁਤ ਥੋੜੀਆਂ ਲੋੜਾ, ਚਾਹਤਾਂ, ਉਮੰਗਾ, ਮੈਂ ਬਹੁਤ ਥੋੜੀਆਂ ਖ਼ਾਹਸ਼ਾ ਨਾਲ ਉਨ੍ਹਾਂ ਨਾਲ ਜੀਅ ਕੇ ਬਹੁਤ ਵੱਡੀਆਂ ਫੀਲਿੰਗਜ਼ ਮਹਿਸੂਸ ਕੀਤੀਆਂ। ਇੰਝ ਉਨ੍ਹਾਂ ਆਦਿਵਾਸੀ ਕਬੀਲਿਆਂ 'ਚ ਹੀ ਦਸ ਪੰਦਰਾਂ ਸਾਲ ਬੀਤ ਗਏ। ਜਵਾਨੀ ਦਾ ਸਾਰਾ ਸਮਾਂ ਮੈਂ

ਉਥੇ ਬਤੀਤ ਕੀਤਾ ਤੇ ਉਸ ਤੋਂ ਬਾਅਦ ਹੀ ਮੈਂ ਅਕੈਡਮਕ ਪੱਧਰ ਤੇ ਲਿਖਣ, ਪੜ੍ਹਨ ਅਤੇ ਉਨ੍ਹਾਂ ਬਾਰੇ ਪੁਸਤਕਾਂ ਪ੍ਰਕਾਸ਼ਨ ਦਾ ਕਾਰਜ ਆਰੰਭ ਕੀਤਾ।

ਮੈਂ ਜਦੋਂ ਝਾਰਖੰਡ ਦੇ ਇਨ੍ਹਾਂ ਜੰਗਲੀ ਕਬੀਲਿਆਂ 'ਚ ਵਿਚਰਿਆ ਤਾਂ ਮੈਂ ਇਨ੍ਹਾਂ ਦਾ ਸ਼ੋਸ਼ਣ ਹੁੰਦਾ ਬਹੁਤ ਦੇਖਿਆ। ਗਰੀਬ ਲੋਕਾਂ ਦਾ ਸ਼ੋਸ਼ਣ ਹੁੰਦਾ ਹੈ ਪਰ ਜਿਵੇਂ ਝਾਰਖੰਡ ਇਲਾਕੇ 'ਚ ਇਨ੍ਹਾਂ ਕਬੀਲਿਆਂ ਦਾ ਸ਼ੋਸ਼ਣ ਹੁੰਦਾ ਸੀ ਉਹ ਰੌਂਗਟੇ ਖੜੇ ਕਰ ਦੇਣ ਵਾਲਾ ਸੀ। ਅਸੀਂ ਸੋਚਿਆ ਸੀ ਇਨ੍ਹਾਂ ਲੋਕਾਂ ਲਈ ਕੁਝ ਸਾਰਥਕ ਕੰਮ ਕਰਨਾ ਚਾਹੀਦਾ ਹੈ ਉਧਰ ਉਸੇ ਵੇਲੇ ਇਹ ਕਬੀਲੇ ਵੱਖਰੇ ਸਟੇਟ ਦੇ ਲਈ ਲੜ ਰਹੇ ਸਨ। ਮੈਂ ਜਿਥੋਂ ਆਇਆ ਸੀ ਸਾਊਥ 'ਚ ਤਮਿਲਨਾਡੂ ਤੋਂ ਉਥੇ ਵੀ ਅਸੀਂ ਵੱਖਰੀ ਸਟੇਟ ਦੀ ਮੰਗ ਕਰਦੇ ਆ ਰਹੇ ਸਾਂ। ਇਹ ਵੀ ਮੰਗ ਰਹੇ ਸੀ। ਪਰ ਅਸੀਂ ਇਨ੍ਹਾਂ ਦੀਆਂ ਭਾਵਨਾਵਾਂ ਜਾਨਣਾ ਚਾਹੁੰਦੇ ਸਾਂ ਇਹ ਲੋਕ ਕਿਉਂ ਵੱਖਰੀ ਸਟੇਟ ਮੰਗ ਰਹੇ ਹਨ। ਇਥੇ ਆਦਿਵਾਸੀ ਲੋਕਾਂ ਤੇ ਗ਼ੈਰ ਆਦਿ ਵਾਸੀ ਲੋਕਾਂ ਵਿਚ ਐਨਾ ਵੱਡਾ ਪਾੜਾ ਸੀ ਕਿ ਹਰ ਤਰ੍ਹਾਂ ਦਾ ਸੰਬੰਧ ਸ਼ੋਸ਼ਣ ਵਾਲਾ ਸੀ। ਸੋ ਅਸੀਂ ਉਨ੍ਹਾਂ ਲੋਕਾਂ ਦੀ ਹਮਾਇਤ 'ਚ ਆਏ। ਇਕ ਮੁੱਦਾ ਸੀ ਉਨ੍ਹਾਂ ਦੀ ਪੜ੍ਹਾਈ-ਲਿਖਾਈ ਕਰਵਾ ਕੇ ਉਨ੍ਹਾਂ ਨੂੰ ਚੇਤਨ ਕਰਨਾ। ਸਾਨੂੰ ਪੜਾਇਆ ਗਿਆ ਸੀ ਪੈਸੇ ਦੀ ਥੁੜ੍ਹ ਕੀ ਹੁੰਦੀ ਹੈ, ਇਹ ਕਿਵੇਂ ਆਉਂਦੀ ਹੈ, ਇਹਦੀ ਪ੍ਰਾਪਤੀ ਲਈ ਕੁਰਬਾਨੀ ਕਿਵੇਂ ਦੇਣੀ ਹੈ। ਇਕ ਇਸਾਈ ਧਰਮ ਨਾਲ ਜੁੜਿਆ ਮੁੱਦਾ ਹੈ ਕਿ ਸਾਨੂੰ ਬੋਲਣ 'ਚ ਹੀ ਕਰਿਚੀਅਨ ਨਹੀਂ ਹੋਣਾ ਚਾਹੀਦਾ, ਕਾਰਜ ਵੀ ਕਰਨੇ ਪੈਣਗੇ। ਸਾਡੀ ਅਕੈਡਮਕ ਪੜ੍ਹਾਈ ਵੀ ਅਜਿਹੀ ਸੀ... ਮਾਰਕਸਿਜ਼ਮ, ਸ਼ੋਸ਼ਣ, ਇਕੱਲਤਾ ਇਨ੍ਹਾਂ ਸਾਰੀਆਂ ਗੱਲਾਂ ਬਾਰੇ ਸੋਚਦਾ ਸੀ, ਅਧਿਐਨ ਕਰੀਦਾ ਸੀ। ਸੋ ਇਹ ਸਾਰੀਆਂ ਗੱਲਾਂ ਸਨ ਕਿ ਇਨ੍ਹਾਂ ਲੋਕਾਂ ਤੋਂ ਹੀ ਆਰੰਭ ਕਰਕੇ ਦੇਖਦੇ ਹਾਂ। ਇਨ੍ਹਾਂ ਨਾਲ ਰਹਿਣਾ, ਉਨ੍ਹਾਂ ਦੀਆਂ ਭਾਵਨਾਵਾਂ, ਇੱਛਾਵਾ ਦਾ ਅਹਿਸਾਸ ਕਰਨਾ, ਇਸ ਤਰ੍ਹਾਂ ਇਹ ਕਾਰਜ ਹੋਣ ਲੱਗਾ ਤੇ ਅੱਗੇ ਜਾ ਕੇ ਸੋਚਿਆ ਕਿ ਇਨ੍ਹਾਂ ਨੂੰ ਸੰਗਠਨ ਦੇ ਰੂਪ 'ਚ ਵੀ ਇਕ ਥਾਂ ਇਕੱਠੇ ਕੀਤਾ ਜਾ ਸਕਦਾ ਹੈ।

ਜੇ ਆਦਿ ਵਾਸੀ ਲੋਕਾਂ ਦੀ ਗੱਲ ਕਰੀਏ ਤਾਂ ਉਹ ਲੋਕ ਜੰਗਲੀ ਨਹੀਂ ਸੀ, ਇਹ ਨਹੀਂ ਕਿਹਾ ਜਾ ਸਕਦਾ ਅਸੱਭਿਅਕ ਸਨ। ਤੇ ਖੇਤੀ ਦਾ ਧੰਦਾ ਕਰਨ ਵਾਲੇ ਕਬੀਲੇ ਸਨ। ਜਦੋਂ ਚੇਤਨਾ ਵੱਧਦੀ ਹੈ ਫਿਰ ਹੀ ਅਹਿਸਾਸ ਹੁੰਦਾ ਹੈ। ਕਈ ਸਾਲਾਂ ਤੋਂ ਉਹ ਲੋਕ ਇਸ ਤਰ੍ਹਾਂ ਰਹਿ ਰਹੇ ਸਨ। ਬਸ ਇਹ ਚੱਲੀ ਜਾ ਰਿਹਾ ਸੀ। ਇਕ ਤਰ੍ਹਾਂ ਭਾਈਚਾਰਕ ਸਾਂਝ ਸੀ। ਜਦੋਂ ਜੋ ਲੋਕ ਬਾਹਰ ਤੋਂ ਆਏ, ਦੂਰੋਂ ਇਥੇ ਆ ਕੇ ਰਹਿਣ ਲੱਗੇ। ਸਪੱਸ਼ਟ ਪੱਧਰ ਤੇ ਇਕ ਪਾੜਾ ਦੇਖਣ ਨੂੰ ਮਿਲਿਆ। ਤਾਂ ਅਸੀਂ ਲੋਕਾਂ ਨੇ ਇਨ੍ਹਾਂ ਨੂੰ ਇਕੱਠੇ ਕਰਨ ਦੀ ਸੋਚੀ। ਪਹਿਲਾਂ ਤਾਂ ਮੈਂ ਇਨ੍ਹਾਂ ਦੀ ਭਾਸ਼ਾ ਸਿਖੀ, ਪਹਿਲਾਂ ਪਹਿਲ ਇਕ ਇਕ ਸ਼ਬਦ ਸਿੱਖਣ ਤੋਂ ਕੀਤਾ ਜਦੋਂ ਮੈਂ ਕੋਈ ਸ਼ਬਦ ਬੋਲਦਾ ਤਾਂ ਉਹ ਝੱਟ ਕਹਿੰਦੇ ਅਰੇ ਤੁੰਮ ਵੀ 'ਹੋ' ਹੋ? ਮੈਂ ਕਹਿੰਦਾ ਤੁਸੀਂ ਵੀ 'ਹੋ' ਬਣ ਸਕਦੇ ਹੋ। ਮੈਂ ਉਨ੍ਹਾਂ ਨੂੰ ਕਿਹਾ ਭਾਵੇਂ ਕਿ ਤੁਸੀਂ ਜਨਮ ਤੋਂ 'ਹੋ' ਨਹੀਂ ਹੋ ਪਰ 'ਹੋ' ਬਣ ਸਕਦੇ ਹੋ। ਉਹ ਕਹਿੰਦੇ ਸਨ ਕਿ ਅਸੀਂ ਜਦੋਂ ਜਦੋਂ 'ਹੋ' ਭਾਸ਼ਾ ਬੋਲਣ ਦੀ ਕੋਸ਼ਿਸ਼ ਕੀਤੀ ਤਾਂ ਸਾਡੇ ਤੇ ਜ਼ੁਲਮ ਹੋਣ ਲੱਗੇ। ਸੋ ਅਸੀਂ ਇਸ ਤੋਂ ਵਾਂਝੇ ਰਹੇ। ਮੈਂ ਉਨ੍ਹਾਂ ਵਿਚ ਰਹਿ ਕੇ ਉਨ੍ਹਾਂ ਦੀ ਭਾਸ਼ਾ, ਬੋਲੀ ਤੇ ਕਲਚਰ ਸਿੱਖਿਆ। ਪ੍ਰੰਤੂ ਜਿਹੜੀ ਸੰਗਠਨ ਦੀ ਗੱਲ ਹੈ ਮਨ 'ਚ ਸੀ ਕਿ ਇਨ੍ਹਾਂ ਲੋਕਾਂ ਨੂੰ ਇਕੱਠੇ ਕਰਨਾ ਹੈ। ਚੇਤਨ ਕਰਨਾ ਹੈ। ਇੰਝ ਇਧਰ ਉਧਰ ਜੋ ਸੰਗਠਨ ਕੰਮ ਕਰ ਰਹੇ ਸਨ ਉਨ੍ਹਾਂ ਨਾਲ ਜੋੜਨ ਦਾ ਕਾਰਜ ਆਰੰਭ ਕੀਤਾ ਜਿਵੇਂ ਸੀ ਪੀ ਆਈ (ਐਮ. ਐਲ) ਦਾ ਅਧੀਰ ਚੱਟਰਜੀ ਆਦਿ ਸਨ। ਸਾਡਾ ਪਿਛੋਕੜ ਮਾਰਕਿਸਜ਼ਮ ਵਾਲਾ ਨਹੀਂ ਸੀ। ਅਸੀਂ ਆਪਣੀ ਪੱਧਰ ਤੇ ਕੰਮ ਕਰਦੇ ਸਾਂ। ਇਸਾਈ ਮਿਸ਼ਨਰੀਆਂ ਦੇ ਪ੍ਰਭਾਵ ਥੱਲੇ ਇਧਰ ਆਏ ਸਾਂ। ਉਹ ਕਹਿੰਦੇ ਸਨ ਕਿ ਜੇ ਜੁੜਨਾ ਹੈ ਤਾਂ ਆਦਿ ਵਾਸੀਆਂ ਵਿਚ ਵਿਚਰ ਕੇ ਕੰਮ ਕਰਨ ਲਈ ਜੁੜੋ ਨਹੀਂ ਤਾਂ ਨਾ ਜੁੜੋ। ਸਾਡੀ ਵੀ ਇੱਛਾ ਸੀ। ਅਸੀਂ ਉਨ੍ਹਾਂ ਨਾਲ ਕੰਮ ਕਰਨ ਲੱਗੇ ਤੇ ਆਦਿ ਵਾਸੀ ਲੋਕ ਸਾਡੇ ਨਾਲ ਜੁੜਨ ਲੱਗ ਪਏ। ਸੀ ਪੀ ਆਈ, ਸੀ ਪੀ ਐਮ ਦੇ ਆਪਸੀ ਮੱਤਭੇਦਾਂ ਬਾਰੇ ਕੋਈ ਲੈਣਾ ਦੇਣਾ ਨਹੀਂ ਸੀ। ਕਿ ਦੋਵੇਂ ਇਕ ਦੂਜੇ ਵਿਰੁੱਧ ਕਿਉਂ ਤੇ ਕੀ ਬੋਲਦੇ ਹਨ। ਅਸੀਂ ਸਭ ਨਾਲ ਸੰਪਰਕ ਬਣਾ ਕੇ ਰੱਖਦੇ ਸਾਂ। ਸਾਡਾ ਇਕੋ ਟੀਚਾ ਸੀ ਕਿ ਜੇ ਕੋਈ ਕਾਰਜ ਚੰਗਾ ਹੋ ਰਿਹਾ ਹੈ ਉਸ ਨੂੰ ਸਮਰੱਥਨ ਦਿਓ। ਪਾਰਟੀ ਆਪਣੀ ਵਿਚਾਰਧਾਰਾ ਦੇ ਅਧਾਰ ਤੇ ਬਹੁਤ ਕੁਝ ਕਰਨ ਨੂੰ ਕਹਿੰਦੀ ਹੈ ਪਰ ਇਸ ਤੋਂ ਇਲਾਵਾ ਕਾਰਜ ਇਧਰ ਉਧਰ ਦਾ ਹੁੰਦਾ ਰਹਿੰਦਾ ਹੈ। ਸੱਜੇ



ਪੱਖੀ ਪਾਰਟੀ ਖੱਬੇ ਪੱਖੀ ਲਈ ਕੰਮ ਕਰੇਗੀ ਅਤੇ ਖੱਬੇ ਪੱਖੀ ਪਾਰਟੀ ਸੱਜੇ ਪੱਖੀਆਂ ਲਈ ਕੰਮ ਕਰੇਗੀ ਇਹ ਸਾਰਾ ਕੁਝ ਹੁੰਦਾ ਰਹਿੰਦਾ ਸੀ।

ਦੂਜੇ ਪਾਸੇ ਸਾਡਾ ਕੋਈ ਵਿਚਾਰਧਾਰਕ ਮੁੱਖ ਮੁੱਦਾ ਵੀ ਨਹੀਂ ਸੀ ਬਸ ਸਾਡਾ ਇਕੋ ਟੀਚਾ ਸੀ ਕਿ ਆਦਿ ਵਾਸੀ ਲੋਕਾਂ ਨੂੰ ਸੰਗਠਤ ਕਰਨਾ ਹੈ। ਅਸੀਂ ਮੰਨਦੇ ਸਾਂ ਕਿ ਇਹ ਲੋਕ ਜਨਮ ਤੋਂ ਆਦਿਵਾਸੀ ਨਹੀਂ ਸੀ, ਇਨ੍ਹਾਂ ਨੂੰ ਇਸ ਤਰ੍ਹਾਂ ਦੇ ਕੁਝ ਸਮਾਜਿਕ ਵਰਤਾਰਿਆਂ ਨੇ ਬਣਾ ਦਿੱਤਾ। ਸਾਡਾ ਮੁੱਖ ਟਾਰਗੇਟ ਆਦਿ ਵਾਸੀ ਲੋਕਾਂ ਨੂੰ ਹੱਕਾਂ ਪ੍ਰਤੀ ਜਾਣੂ ਕਰਵਾਉਣਾ ਅਤੇ ਉਨ੍ਹਾਂ ਦਾ ਸਮਾਜਿਕ ਆਰਥਿਕ ਪੱਧਰ ਉੱਚਾ ਚੁੱਕਣਾ ਸੀ। ਇਨ੍ਹਾਂ ਲੋਕਾਂ ਦੇ ਨਾਲ ਗਰੀਬ ਲੋਕ ਵੀ ਸਨ। ਪਾਰਟੀਆਂ ਵੀ ਇਸ ਤਰ੍ਹਾਂ ਸੋਚਦੀਆਂ ਸਨ। ਆਦਿਵਾਸੀ ਤੋਂ ਸਾਡਾ ਭਾਵ ਸੀ ਜਿਹੜੇ ਗਰੀਬ ਹਨ, ਦਬਾਏ ਗਏ ਸਨ। ਪਾਰਟੀਆਂ ਇਹ ਵੀ ਸੋਚਦੀਆਂ ਸਨ ਕਿ ਗਰੁੱਪ ਜੋ ਕੰਮ ਕਰ ਰਹੇ ਹਰ ਇਨ੍ਹਾਂ ਦੀ ਕੋਈ ਵਿਚਾਰਧਾਰਾ ਨਹੀਂ, ਸਾਡੇ ਲਈ ਵਿਚਾਰਧਾਰਾ ਨਾਲੋਂ ਕੰਮ ਅਹਿਮ ਸੀ। ਸਾਡੀ ਅੱਗੇ ਪਿੱਛੇ ਕੋਈ ਇਸ ਤਰ੍ਹਾਂ ਦੇ ਕਾਰਜ ਦੀ ਪ੍ਰੰਪਰਾ ਨਹੀਂ ਸੀ ਸੋ ਅਸੀਂ ਅੱਗੇ ਪਿੱਛੇ ਕਾਰਜ ਕਰ ਸਕਦੇ ਸੀ। ਸਾਡਾ ਮੱਤ ਸੀ ਇਹ ਪਾਰਟੀਆਂ ਦੇ ਗਰੁੱਪ ਜੇ ਸਮਰੱਥਨ ਦਿੰਦੇ ਹਨ ਤਾਂ ਅਸੀਂ ਰਲ ਕੇ ਚੱਲਾਂਗੇ। ਪਾਰਟੀਆਂ ਦੇ ਪਹਿਲਾਂ ਵੀ ਕੁਝ ਵਿੰਗ ਇਨ੍ਹਾਂ ਖੇਤਰਾਂ 'ਚ ਚੱਲ ਰਹੇ ਸਨ ਪਰ ਕੁਝ ਕੰਮ ਕਰਨ ਤੋਂ ਬਾਅਦ ਥੋੜਾ ਠੰਡਾ ਪੈ ਗਿਆ ਸੀ। ਫਿਰ ਜਦੋਂ ਉਨ੍ਹਾਂ ਪਾਰਟੀਆਂ ਨੂੰ ਲੱਗਾ ਕਿ ਸਾਡੇ ਨਾਲ ਕਾਡਰ ਵਧੇਰੇ ਗਿਣਤੀ 'ਚ ਜੁੜ ਰਿਹਾ ਹੈ ਤਾਂ ਉਹ ਪਾਰਟੀਆਂ ਵੀ ਸਾਡੇ ਸਾਹਮਣੇ ਆ ਗਈਆਂ। ਮੇਰੇ ਲਈ ਮੁੱਖ ਸਮੱਸਿਆ ਪੈਸੇ ਦੀ ਸੀ, ਇਨ੍ਹਾਂ ਆਦਿਵਾਸੀ ਲੋਕਾਂ ਕੋਲ ਪੈਸਾ ਤਾਂ ਹੁੰਦਾ ਨਹੀਂ ਸੀ। ਮੈਂ ਟੀਚਰ ਦੀ ਨੌਕਰੀ ਛੱਡ ਕੇ ਇਨ੍ਹਾਂ 'ਚ ਰਹਿ ਕੇ ਕੰਮ ਕਰਨ ਲੱਗ ਪਿਆ ਸੀ। ਦੋਸਤ ਆਰਥਿਕ ਮੱਦਦ ਕਰਦੇ ਸਨ। ਜਿਹੜੇ ਨੈਸ਼ਨਲ ਪੱਧਰ ਤੇ ਨੀਊਜ਼ ਪੇਪਰ ਸਨ ਉਹ ਇਸ ਇਲਾਕੇ ਦੀ ਕਵਰੇਜ਼ ਨਹੀਂ ਕਰਦੇ ਸਨ। ਇਹ ਬਹੁਤ ਵੱਡੀ ਸਮੱਸਿਆ ਸੀ। ਇਨ੍ਹਾਂ ਦੀਆਂ ਸਮੱਸਿਆਵਾ ਦੇ ਬਾਰੇ ਤਾਂ ਲੋਕਾਂ ਨੂੰ ਪਤਾ ਹੀ ਨਹੀਂ ਲੱਗਦਾ। ਇਨ੍ਹਾਂ ਦੀਆਂ ਸਮੱਸਿਆਵਾਂ ਤਾਂ ਹੀ ਸਾਹਮਣੇ ਆਉਣਗੀਆਂ ਜੇ ਨਿਊਜ ਪੇਪਰ 'ਚ ਛਪਣਗੀਆਂ ਜੇ ਕੋਈ ਕਤਲ ਜਾਂ ਜ਼ੁਲਮ ਹੁੰਦਾ ਸੀ ਤਾਂ ਬਸ ਉਸ ਦੀ ਐਫ. ਆਰ. ਆਈ. ਹੀ ਲਿਖੀ ਜਾਂਦੀ ਸੀ। ਗੱਲ ਅੱਗੇ ਨਹੀਂ ਸੀ ਤੁਰਦੀ। ਇਨ੍ਹਾਂ ਗੱਲਾਂ ਨੂੰ ਸੋਚ ਕੇ ਮੈਂ ਇਕ ਲੋਕਲ ਪੱਧਰ ਦਾ ਪੇਪਰ ਪ੍ਰਕਾਸ਼ਤ ਕਰਨਾ ਆਰੰਭ ਕਰ ਦਿੱਤਾ। ਇਸ ਲੋਕਲ ਪੇਪਰ ਵਿਚ ਇਨ੍ਹਾਂ ਆਦਿ ਵਾਸੀ ਲੋਕਾਂ ਦੀਆਂ ਸਮੱਸਿਆਵਾਂ ਬਾਰੇ ਲਿਖਿਆ ਜਾਂਦਾ ਸੀ। ਇਸ ਕਬੀਲੇ ਦੇ ਲੋਕ ਜੋ ਵੀ ਥੋੜਾ ਬਹੁਤੇ ਪੜ੍ਹੇ ਹੁੰਦੇ ਸਨ ਮੈਂ ਉਨ੍ਹਾਂ ਨੂੰ ਕਹਿੰਦਾ ਕਿ ਤੁਸੀਂ ਲਿਖੋ, ਜੋ ਮਹਿਸੂਸ ਕਰਦੇ ਹੋ ਲਿਖੋ। ਜਿਹੜੀ ਗੱਲ ਮਨ ਵਿਚ ਆਉਂਦੀ ਹੈ ਲਿਖੋ। ਉਨ੍ਹਾਂ ਦੀ ਭਾਸ਼ਾ ਭਾਵੇਂ ਗਲਤ ਹੁੰਦੀ, ਵਾਕ ਬਣਤਰ ਗ਼ਲਤ ਹੁੰਦੀ ਅਸੀਂ ਠੀਕ ਕਰਕੇ ਛਾਪਦੇ। ਨਿੱਕੀਆਂ-ਨਿੱਕੀਆਂ ਸਮੱਸਿਆਵਾਂ ਲਿਖਦੇ। ਜੋ ਉਹ ਕੰਮ ਕਰਦੇ ਸਨ ਉਨ੍ਹਾਂ ਦੀ ਉਜਰਤ ਬਾਰੇ ਉਨ੍ਹਾਂ ਨੂੰ ਚੇਤਨ ਕਰਦੇ। ਜਿੱਥੇ ਉਹ ਰਹਿੰਦੇ ਹਨ ਉਸ ਥਾਂ ਬਾਰੇ ਉਨ੍ਹਾਂ ਨੂੰ ਅਹਿਸਾਸ ਕਰਵਾਉਂਦੇ ਕਿ ਇਹ ਭੂਮੀ ਤੁਹਾਡੀ ਆਪਣੀ ਹੈ। ਇਸ ਤੇ ਫਸਲਾਂ ਬੀਜਣਾ ਤੁਹਾਡਾ ਹੱਕ ਹੈ। ਦਿਹਾੜੀ ਦੇ ਐਨੇ ਪੈਸੇ ਲੈਣਾ ਤੁਹਾਡਾ ਹੱਕ ਹੈ। ਫਿਰ ਸਾਰੇ ਆਦਿ ਵਾਸੀ ਕਬੀਲੇ ਦੇ ਲੋਕ ਰਲ ਕੇ ਪੇਪਰ ਪੜ੍ਹਦੇ। ਇਕ ਪੜ੍ਹਦਾ ਬਾਕੀ ਸੁਣਦੇ। ਬਾਅਦ ਵਿਚ ਉਸ ਵਿਚ ਜੋ ਛਪਦਾ ਸੀ ਉਨ੍ਹਾਂ ਬਾਰੇ ਗੱਲਾਂ ਕਰਦੇ। ਇਸ ਨਾਲ ਉਨ੍ਹਾਂ ਲੋਕਾਂ 'ਚ ਬਹੁਤ ਵੱਡਾ ਆਤਮ ਵਿਸ਼ਵਾਸ ਪੈਦਾ ਹੋਇਆ। ਪਰ ਇਸ ਵਿਸ਼ਵਾਸ਼ ਨੂੰ ਬਣਾਉਣ 'ਚ ਬਹੁਤ ਸਮਾਂ ਲੱਗਾ। ਕਿਉਂਕਿ ਇਹ ਲੋਕ ਜਿਹੜੇ ਟਰਾਇਬਲ ਲੋਕ ਸਨ, ਕਾਗਜ਼-ਪੱਤਰ ਤੋਂ ਬਹੁਤ ਡਰਦੇ ਸਨ। ਉਨ੍ਹਾਂ ਦਾ ਵਿਸ਼ਵਾਸ ਸੀ ਇਸ ਨਾਲ ਥੋਖਾ ਹੋਵੇਗਾ। ਇਹ ਕਾਗਜ਼ ਪੱਤਰ ਨਾਨ ਟਰਾਇਬਲ ਲੋਕਾਂ ਦਾ ਅਜਿਹਾ ਹਥਿਆਰ ਹੈ ਜਿਸ ਨਾਲ ਸਾਨੂੰ ਤਬਾਹ ਕਰਦੇ ਹਨ। ਮਾਰਦੇ ਹਨ। ਭਾਸ਼ਣ ਬਾਜੀ ਤਾਂ ਠੀਕ ਹੈ, ਉਹ ਸੁਣ ਲੈਂਦੇ ਸਨ ਪਰ ਘੇਸਲ ਮਾਰ ਜਾਂਦੇ ਸਨ। ਇਕ ਡਰ ਸੀ ਉਨ੍ਹਾਂ ਦੇ ਮਨਾਂ ਵਿਚ। ਅਖ਼ਬਾਰ ਜਿਹੜਾ ਆ ਰਿਹਾ ਹੈ। ਇਸ ਰਾਹੀਂ ਉਨ੍ਹਾਂ ਲੋਕਾਂ ਬਾਰੇ ਸਭ ਨੂੰ ਪਤਾ ਲੱਗ ਜਾਵੇਗਾ ਕਿ ਇਹ ਲੋਕਾਂ ਕੀ ਕਰਦੇ ਹਨ। ਮੈਂ ਇਸਾਈ ਧਰਮ ਵਾਲੇ ਪਰਿਵਾਰ ਵਿਚ ਪੈਦਾ ਹੋਇਆ। ਸੋ ਮੈਂ ਅਖ਼ਬਾਰ ਰਾਹੀ ਇਨ੍ਹਾਂ ਲੋਕ 'ਚ ਇਹ ਗੱਲ ਲੈ ਕੇ ਗਿਆ ਕਿ ਕਿਵੇਂ ਯਸ਼ੂ ਨੇ ਕੁਰਬਾਨੀ ਦਿੱਤੀ। ਚੰਗੇ ਕਾਰਜ ਕੀਤੇ ਭਾਵ ਕਿ ਇਸਾਈ ਧਰਮ ਰਾਹੀਂ ਆਪਣੀ ਗੱਲ ਕਹਿਣ ਦੀ ਕੋਸ਼ਿਸ਼ ਕੀਤੀ। ਧਰਮ ਰਾਹੀਂ ਜੇ ਗੱਲ ਕਹੋਗੇ ਤਾਂ ਉਨ੍ਹਾਂ ਦੀ ਸਮਝ ਵਿਚ ਆ

ਜਾਵੇਗੀ। ਦੂਜੇ ਨਕਸਲੀ ਗਰੁੱਪ ਗੋਲੀ ਬੰਦੂਕ ਰਾਹੀਂ ਉਨ੍ਹਾਂ ਨੂੰ ਆਪਣੇ ਮਗਰ ਲਾਉਂਦੇ ਸਨ। ਉਨ੍ਹਾਂ ਦੇ ਮਨ੍ਹਾਂ ਵਿਚ ਦਹਿਸ਼ਤ ਭਰਦੇ ਸਨ। ਉਹ ਡਰ ਨਾਲ ਉਨ੍ਹਾਂ ਦੇ ਮਗਰ ਲੱਗਦੇ ਸਨ। ਸਾਡਾ ਤਰੀਕਾ ਵੱਖਰਾ ਸੀ। ਅਖ਼ਬਾਰ ਬਾਰੇ ਮੈਂ ਉਨ੍ਹਾਂ ਕਬੀਲੇ ਦੇ ਲੋਕਾਂ ਨੂੰ ਦੱਸਦਾ ਕਿ ਇਸ ਅਖ਼ਬਾਰ ਵਿਚ ਤੁਹਾਡੇ ਲੋਕ ਗੀਤ ਛਪਣਗੇ। ਜਿਨ੍ਹਾਂ ਨੂੰ ਤੁਸੀਂ ਲੋਕ ਇਕੱਠੇ ਹੋ ਕੇ ਖੁਸ਼ੀ ਗ਼ਮੀ ਦੇ ਮੌਕੇ ਗਾਉਂਦੇ ਹੋ। ਇਸ ਵਿਚ ਤੁਹਾਡੀਆਂ ਲੋਕ ਕਹਾਣੀਆਂ ਛਪਣਗੀਆਂ। ਜਿਹੜੀਆਂ ਤੁਸੀਂ ਇਕ ਦੂਜੇ ਨੂੰ ਸੁਣਾਉਂਦੇ ਹੋ। ਤੁਹਾਡਾ ਇਤਿਹਾਸ ਲਿਖਿਆ ਜਾਵੇਗਾ। ਜਦੋਂ ਇਹ ਸਭ ਕੁਝ ਛਾਪਣਾ ਸ਼ੁਰੂ ਕੀਤਾ ਤਾਂ ਉਹ ਲੋਕ ਬੜੇ ਚਾਅ ਨਾਲ ਪੜ੍ਹਦੇ। ਸਾਂਭ ਕੇ ਰੱਖਦੇ। ਅਤੇ ਨਾਲ ਨਾਲ ਅਸੀਂ ਉਨ੍ਹਾਂ ਨੂੰ ਚੇਤਨ ਕਰਨ ਵਾਲੀਆਂ ਖ਼ਬਰਾਂ ਵੀ ਛਾਪੀ ਜਾਂਦੇ। ਬਈ ਮਜ਼ਦੂਰੀ ਲਈ ਘੱਟੋ ਘੱਟ ਕਿੰਨੇ ਪੈਸੇ ਹੋਣੇ ਚਾਹੀਦੇ ਹਨ। ਕਿੰਨਾ ਚਿਰ ਕੰਮ ਕਰਨਾ ਚਾਹੀਦਾ ਹੈ। ਵਗੈਰਾ ਵਗੈਰਾ। ਇਹ ਲੋਕ ਪੇਪਰ ਤੋਂ ਬਹੁਤ ਡਰਦੇ ਸਨ। ਮਨ ਲਓ ਇਨ੍ਹਾਂ ਨੂੰ ਸਰਕਾਰ ਨੇ ਕਰਜਾ ਦਿੱਤਾ, ਝੋਪੜੀ ਬਣਾਉਣ ਲਈ ਜਾਂ ਹੋਰ ਕੰਮ ਲਈ ਸਬੂਤ ਵਜੋਂ ਉਹ ਪੇਪਰ ਦਸਤਖਤ ਕਰਵਾ ਕੇ ਇਨ੍ਹਾਂ ਲੋਕਾਂ ਨੂੰ ਦੇ ਦਿੰਦੇ ਸਨ। ਇਹ ਲੋਕ ਘਰ ਜਾ ਕੇ ਇਨ੍ਹਾਂ ਨੂੰ ਨਸ਼ਟ ਕਰ ਦਿੰਦੇ ਸਨ। ਇਹ ਸਮਝਦੇ ਸਨ ਕਿ ਪੇਪਰ ਸਾਡੇ ਲਈ ਧੋਖਾ ਹੈ, ਨੁਕਸਾਨਦੇਹ ਹੈ। ਉਥੋਂ ਦੀ ਲੋਕਲ ਸਰਕਾਰ ਨੇ 'ਫਾਰਐਸਟ ਡਿਵੈਲਪਮੈਂਟ ਕਾਰਪੋਰੇਸ਼ਨ' ਬਣਾਇਆ ਸੀ ਇਸ ਮਧਿਆਮ ਰਾਹੀ ਜੰਗਲ ਕੱਟਣ 'ਤੇ ਪਬੰਦੀ ਲਗਾਈ ਸੀ। ਪਰ ਸਟੇਟ ਦੇ ਦਬਾਅ ਨਾਲ ਬਹੁਤ ਸਾਰੇ ਜੰਗਲੀ ਕਬੀਲਿਆਂ ਤੋਂ ਜੰਗਲ ਕਟਵਾਏ ਜਾਂਦੇ ਸਨ, ਕਾਰਨ ਇਹ ਲਿਖਿਆ ਜਾਂਦਾ ਸੀ ਕਿ ਇਹ ਜੰਗਲ ਇਥੇ ਰਹਿਣ ਵਾਲੇ ਕਬੀਲੇ ਕੱਟਦੇ ਹਨ। ਫਿਰ ਉਨ੍ਹਾਂ 'ਤੇ ਜ਼ੁਲਮ ਹੁੰਦਾ ਸੀ। ਮੈਂ ਅਖ਼ਬਾਰ ਰਾਹੀਂ ਇਨ੍ਹਾਂ ਮਸਲਿਆਂ ਵਿਰੁੱਧ ਆਵਾਜ਼ ਬੁਲੰਦ ਕੀਤੀ। ਫਿਰ ਸ਼ਾਸ਼ਨ ਨੇ ਇਹ ਪਾਬੰਦੀ ਲਗਾਈ ਕਿ ਜੰਗਲ ਦੇ ਅੰਦਰ ਨਹੀਂ ਜਾਣਾ। ਖੇਤੀ ਨਹੀਂ ਕਰਨੀ ਵਗੈਰਾ ਵਗੈਰਾ। ਅਖ਼ਬਾਰ ਵਿਚ ਅਸੀਂ ਇਸ ਤਰ੍ਹਾਂ ਦੇ ਹੈਂਡਗ ਲਿਖਦੇ, "ਘੱਟੋ ਘੱਟ ਮਜ਼ਦੂਰੀ ਐਨੀ ਚਾਹੀਦੀ ਹੈ' ਉਹ ਲੋਕ ਕੱਟ ਕੇ ਘਰਾਂ ਦੀਆਂ ਕੰਧਾਂ ਤੇ ਲਾ ਲੈਂਦੇ। ਉਸ ਵੇਲੇ ਸਟੇਟ ਦਾ ਦਬਾਅ ਬਹੁਤ ਸੀ। ਇਸ ਗੱਲ ਨੂੰ ਲਾਗੂ ਕਰਨ ਲਈ ਗੋਲੀ ਚੱਲੀ। ਸੱਤਾ ਦਾ ਜਬਰ। ਇਸ ਵਿਰੁੱਧ ਇਕ ਸੰਗਠਨ ਬਣਿਆ 'ਝਾਰਖੰਡ ਮੁਕਤੀ ਮੋਰਚਾ' ਸਾਨੂੰ ਵੀ ਇਹਦਾ ਹਿੱਸਾ ਸਮਝ ਲਿਆ ਗਿਆ।

ਉਦੋਂ ਪਾਰਟੀ ਨਹੀਂ ਬਣੀ ਸੀ। 'ਝਾਰਖੰਡ ਮੁਕਤੀ ਮੋਰਚਾ' ਦੀ ਮੀਟਿੰਗ ਰਾਤ ਨੂੰ ਇਕ ਦੋ ਵਜੇ ਹੁੰਦੀ ਸੀ। ਮੈਂ ਦੇਖਣ ਲਈ ਜਾਂਦਾ। ਉਹ ਕਹਿੰਦੇ ਸਨ ਅਰੇ ਭਾਈ ਛਾਪੋ ਇਸ ਮੇਲੇ ਬਾਰੇ ਕਿ ਮੇਲਾ ਹੋਇਆ। ਮੈਂ ਕਹਿੰਦਾ ਐਨੀ ਛੋਟੀ ਸਮੱਗਰੀ ਕਿਵੇਂ ਛਾਪੀ ਜਾਵੇਗੀ। ਇਹ ਲੋਕ ਕਹਿੰਦੇ ਫਿਰ ਲਿਖੋ ਮੇਲੇ 'ਚ ਆਹ ਆਹ ਗੀਤ ਗਾਏ। ਨਾਚ ਕੀਤੇ ਅਤੇ ਇਨ੍ਹਾਂ ਇਨ੍ਹਾਂ ਲੋਕਾਂ ਨੇ ਆਹ ਆਹ ਕੀਤਾ। ਉਥੇ ਜਾ ਕੇ ਮੈਂ ਅਖਬਾਰਾਂ ਵੀ ਵੇਚਦਾ। ਮੈਂ ਸੰਥਾਲ ਕਬੀਲੇ ਦੇ ਲੋਕਾਂ ਦੇ ਸੰਪਰਕ ਵਿਚ ਵੀ ਸੀ। ਇਹ ਝਾਰਖੰਡ ਤੋਂ 3-4 ਸੋ ਕਿਲੋਮੀਟਰ ਦੂਰ ਹੈ। ਏ. ਕੇ. ਰਾਏ ਜਿਹੜਾ ਸੀ ਪੀ ਆਈ ਨਾਲ ਜੁੜਿਆ ਸੀ ਨਿਕਲ ਕੇ ਆਪਣਾ ਵੱਖਰਾ ਗਰੁਪ 'ਮਾਰਕਸਿਸਟ ਕੋਆਰਡੀਨੇਸ਼ਨ ਕਮੇਟੀ' ਬਣਾ ਲਈ। ਉਸ ਅੰਦੋਲਨ ਨਾਲ ਵੀ ਮੈਂ ਜੁੜਿਆ। ਉਹ ਵੀ ਇਧਰ ਆਉਂਦੇ ਸਨ। ਰਾਏ ਦਾ ਮੱਤ ਸੀ ਕਿ ਆਦਿ ਵਾਸੀ ਲੋਕਾਂ ਦੀ ਪਛਾਣ ਹੋਣੀ ਚਾਹੀਦੀ ਹੈ। ਇਨ੍ਹਾਂ ਸਾਰੀਆਂ ਗੱਲਾਂ ਨੂੰ ਮੈਂ ਅਖ਼ਬਾਰ ਵਿਚ ਛਾਪਦਾ। ਇਹ ਜਿਹੜੇ ਟਰਾਇਬਲ ਸਵਾਲ ਸਨ ਅਸੀਂ ਪੇਪਰ ਰਾਹੀਂ ਸਰਕਾਰ ਤੱਕ ਵੀ ਲੈ ਕੇ ਜਾਂਦੇ। ਕਾਨੂੰਨ ਦੇ ਰਾਹੀਂ ਹੱਕ ਵੀ ਲੈ ਕੇ ਦਿੰਦੇ। ਇਸ ਤਰ੍ਹਾਂ ਲੰਮਾਂ ਸਮਾਂ ਕੰਮ ਹੁੰਦਾ ਰਿਹਾ। ਅਖ਼ਬਾਰ ਮੈਂ 7-8 ਛਾਪਦਾ ਸੀ। ਇਹ ਪੇਪਰ ਅੱਖਰ ਜੋੜ ਜੋੜ ਕੇ ਛਪਦਾ ਸੀ। ਰਾਤ ਨੂੰ ਛਾਪਦੇ। ਫਿਰ ਜਿਥੇ ਕਿਤੇ ਪਤਾ ਲੱਗਦਾ ਕਿ ਝਾਰਖੰਡ ਮੁਕਤੀ ਮੋਰਚੇ ਦੀ ਮੀਟਿੰਗ ਹੈ ਉਥੇ ਪੇਪਰ ਵੇਚਣ ਲਈ ਪਹੁੰਚ ਜਾਂਦੇ। ਬਜ਼ੁਰਗ ਲੋਕਾਂ ਨੇ ਭਰਪੂਰ ਹੁੰਗਾਰਾ ਭਰਿਆ।

ਉਸ ਇਲਾਕੇ ਵਿਚ ਪੜ੍ਹੇ ਲਿਖੇ ਲੋਕ ਬਹੁਤ ਘੱਟ ਹੁੰਦੇ ਸਨ। ਇਸ ਤੋਂ ਇਲਾਵਾ ਜਿਹੜੇ ਲੋਕ ਥੋੜ੍ਹਾ ਬਹੁਤ ਪੜ੍ਹੇ ਤੇ ਨੇੜੇ ਦੇ ਸ਼ਹਿਰਾਂ 'ਚ ਨੌਕਰੀ ਕਰਨ ਲੱਗੇ ਉਹ ਲੋਕ ਆਟੇ 'ਚ ਲੂਣ ਬਰਾਬਰ ਸਨ। ਉਨ੍ਹਾਂ ਲੋਕਾਂ ਕੋਲੋਂ ਮੈਨੂੰ ਹੁੰਗਾਰਾ ਨਹੀਂ ਮਿਲਿਆ। ਪੜ੍ਹ ਲਿਖ ਕੇ ਉਨ੍ਹਾਂ ਦਾ ਵਰਗ ਬਦਲ ਗਿਆ। 'ਝਾਰਖੰਡ ਮੁਕਤੀ ਮੋਰਚੇ' ਨਾਲ ਪਹਿਲੀ ਵਾਰ ਅੰਦੋਲਨ ਆਰੰਭ ਹੋਇਆ ਜਿਹੜਾ ਇਸ ਸਮਾਜ ਨੂੰ ਨੇੜਿਓ ਹੀ ਨਹੀਂ ਬਲਕਿ ਵਿਚ ਰਹਿ ਕੇ ਦੇਖਦਾ ਸੀ। ਤੇ ਆਦਿ ਵਾਸੀ ਕਬੀਲਿਆਂ ਦੇ ਲੋਕਾਂ ਨੂੰ ਅਹਿਸਾਸ ਹੋਇਆ ਕਿ ਸਾਡਾ ਇਹ



ਹੱਕ ਸੰਵਿਧਾਨਕ ਹੈ। ਇਸ ਤਰ੍ਹਾਂ ਇਨ੍ਹਾਂ ਲੋਕਾਂ ਨੂੰ ਅਹਿਸਾਸ ਹੋਇਆ ਕਿ ਜੰਗਲਾਂ ਵਿਚ ਰਹਿਣਾ ਤੇ ਇਸ ਦੀ ਭੂਮੀ ਦਾ ਹੱਕ ਸੰਵਿਧਾਨਕ ਹੈ। ਉਥੇ 'ਝਾਰਖੰਡ ਮੁਕਤੀ ਮੋਰਚਾ' ਨੇ ਜੋਰ ਫੜਿਆ। ਐਮ. ਐਨ. ਰਾਏ ਦੇ ਅੰਦੋਲਨ ਨੇ ਜ਼ੋਰ ਫੜਿਆ। ਉਹ ਲਾਲ ਤੇ ਹਰਾ ਰੰਗ ਲੈ ਕੇ ਚੱਲਦੇ ਸਨ। ਲਾਲ ਤੋਂ ਭਾਵ ਖੂਨੀ ਸੰਘਰਸ਼ ਅਤੇ ਹਰੇ ਤੋਂ ਭਾਵ ਆਦਿਵਾਸੀ ਅੰਦੋਲਨ। ਇਸ ਤਰ੍ਹਾਂ ਸੀ ਪੀ ਆਈ ਅੰਦੋਲਨ ਸੀ। ਇਕ ਅੰਦੋਲਨ 'ਹੋ' ਕਬੀਲੇ ਦੇ ਲੋਕਾਂ ਦਾ ਚੱਲਿਆ। ਜਿਹੜੇ ਲੋਕ 'ਹੋ' ਭਾਸ਼ਾ ਬੋਲਦੇ ਸਨ, ਉਨ੍ਹਾਂ ਨੇ ਇਹ ਅੰਦੋਲਲ ਚਲਾਇਆ। ਇਨ੍ਹਾਂ ਨੇ ਸਰਕਾਰ ਤੇ ਦਬਾਅ ਬਣਾਇਆ ਕਿ ਜੰਗਲੀ ਕਬੀਲਿਆਂ ਦੀ ਗੱਲ ਵੀ ਸੁਣੀ ਜਾਵੇ। ਇਹ ਗੱਲ ਵੱਖਰੀ ਹੈ ਜਦੋਂ ਇਸ ਗਰੁੱਪ ਕੋਲ ਸ਼ਾਸ਼ਨ ਦੀ ਸ਼ਕਤੀ ਆਈ ਤਾਂ ਇਹ ਵੀ ਕਬੀਲਿਆਂ ਤੇ ਉਸ ਤਰ੍ਹਾਂ ਦਾ ਜ਼ੁਲਮ ਕਰਨ ਲੱਗ ਪਿਆ ਜਿਹੜਾ ਜ਼ੁਲਮ ਪਹਿਲਾਂ ਸਰਕਾਰਾਂ ਕਰਦੀਆਂ ਸਨ। ਇਸ ਤਰ੍ਹਾਂ ਮੇਰਾ ਅਖ਼ਬਾਰ 8 ਸਾਲ ਤੱਕ ਚੱਲਿਆ। ਅਖ਼ਬਾਰ ਵਿਚ ਸੱਤਾਂ ਖ਼ਿਲਾਫ਼ ਲਿਖਣ ਬਦਲੇ ਬਹੁਤ ਮਾਰ ਖਾਧੀ। ਪੇਪਰ ਦੇ ਬਦਲ 'ਚ ਅਸੀਂ ਇਕ ਕੌਲੀ ਚਾਵਲ ਵੀ ਲੈ ਲੈਂਦੇ ਸੀ। ਸ਼ਹਿਰ 'ਚ ਇਕ ਬਜ਼ਾਰ ਲੱਗਦਾ ਸੀ। ਵੱਖ ਵੱਖ ਥਾਂ ਤੇ ਅਸੀਂ ਉਥੇ ਅਖ਼ਬਾਰ ਵੀ ਤੁਰ ਫਿਰ ਕੇ ਵੇਚਦੇ ਅਤੇ ਖ਼ਬਰਾਂ ਵੀ ਲੱਭਦੇ। ਆਦਿ ਵਾਸੀ ਲੜਕੀ ਦਾ ਛੇੜ-ਛਾੜ ਵੀ ਹੁੰਦਾ ਸੀ। ਉਨ੍ਹਾਂ ਦਿਨ੍ਹਾਂ 'ਚ ਝਾਰਖੰਡ ਮੁਕਤੀ ਮੋਰਚਾ ਤੇ ਪੁਲਿਸ ਦੇ ਨਾਲ ਟਕਰਾਅ ਹੋਇਆ। 25 ਪੁਲਿਸ ਵਾਲੇ ਸਨ। ਇਹ ਲੋਕ ਮੀਟਿੰਗ ਕਰਦੇ ਸਨ। ਛੇ ਸੱਤ ਪੁਲਿਸ ਵਾਲੇ ਮਾਰੇ ਗਏ ਕੁਝ ਮੋਰਚੇ ਦੇ ਲੋਕ ਮਾਰੇ ਗਏ। ਉਪਰੰਤ ਪਿੰਡ ਪਿੰਡ ਜਾ ਕੇ ਅਦਿਵਾਸੀ ਲੋਕਾਂ ਨੂੰ ਮਾਰਿਆ, ਲੜਕੀਆਂ ਨਾਲ ਰੇਪ ਕੀਤਾ ਅਸੀਂ ਇਨ੍ਹਾਂ ਗੱਲਾਂ ਨੂੰ ਆਪਣੀ ਅਖ਼ਬਾਰ 'ਚ ਛਾਪਦੇ ਸੀ। ਉਸ ਵੇਲੇ ਦੇ ਡਿਪਟੀ ਕਮਿਸ਼ਨਰ ਨੇ ਸਾਨੂੰ ਬੁਲਾ ਲਿਆ। ਰਿਸ਼ਵਤ ਦੇਣ ਲਈ। ਫਿਰ ਬਹੁਤ ਦਬਾਅ ਵਧਿਆ। ਜ਼ੇਲ 'ਚ ਜਾਣਾ ਪਿਆ। ਜਦੋਂ ਜ਼ੇਲ੍ਹ 'ਚ ਮੈਂ ਗਿਆ ਤਾਂ ਉਥੇ ਬਹੁਤ ਸਾਰੇ ਮੁੰਡਿਆ ਨਾਲ ਮਿਲਾਪ ਹੋਇਆ। ਉਸ ਇਲਾਕੇ ਦੇ ਤਕਰੀਬਨ ਹਜ਼ਾਰ ਲੜਕੇ ਹੋਣਗੇ। ਉਥੇ ਮੈਂ ਇਕ ਇਕ ਮੁੰਡੇ ਨਾਲ ਮਿਲ ਕੇ ਪੁੱਛਿਆ ਬਈ ਤੇਰੇ ਪਿੰਡ ਕੀ ਹੋਇਆ। ਤੇਰੇ ਪਿੰਡ ਕਿਨੇ ਜ਼ੁਲਮ ਹੋਏ ਆਦਿ ਆਦਿ। ਉਹ ਸਾਰੇ ਬਿਰਤਾਂਤ ਅਖ਼ਬਾਰ 'ਚ ਛਾਪੇ ਅਨੇਕਾਂ ਥਾਂ ਅਖ਼ਬਾਰ ਭੇਜਿਆ ਦਿੱਲੀ ਸਰਕਾਰ ਨੂੰ ਵੀ। ਅਸੀਂ ਖੁੱਲ੍ਹ ਕੇ ਲਿਖਿਆ ਕਿ ਫਲਾਨੇ ਪਿੰਡ ਕਤਲ ਹੋਇਆ ਹੈ ਫਲਾਨੇ ਪਿੰਡ ਰੇਪ ਹੋਇਆ ਹੈ। ਇਨ੍ਹਾਂ ਗੱਲਾਂ ਕਰਕੇ ਸੈਂਟਰ ਦੀ ਸਰਕਾਰ ਨੇ ਇਸ ਦੀ ਪੜਤਾਲ ਕਰਨ ਕਮਿਸ਼ਨ ਵੀ ਭੇਜਿਆ। ਮੈਨੂੰ ਵੀ ਮਿਲੇ ਉਨ੍ਹਾਂ ਕਿਹਾ ਕਿ ਤੁਸੀਂ ਬੜੇ ਗੰਭੀਰ ਮਸਲੇ ਬਾਰੇ ਲਿਖਿਆ ਹੈ ਜੇ ਕਰ ਇਹ ਗ਼ਲਤ ਰਿਪੋਟਿੰਗ ਹੋਈ ਤਾਂ ਤੁਹਾਨੂੰ ਜ਼ੇਲ ਜਾਣਾ ਪੈ ਸਕਦਾ ਹੈ। ਜੋਸ਼ਨਾ ਜੀ ਪਿੰਡਾਂ 'ਚ ਵੀ ਗਏ, ਉਨ੍ਹਾਂ ਦੇ ਪਹੁੰਚਣ ਤੋਂ ਪਹਿਲਾਂ ਪੁਲਿਸ ਪਹੁੰਚ ਗਈ ਕਿ ਜਿਹੜਾ ਵੀ ਮੂੰਹ ਖੋਲ੍ਹੇਗਾ ਮਾਰਿਆ ਜਾਵੇਗਾ। ਇਸ ਨੂੰ ਵੀ ਅਖ਼ਬਾਰ 'ਚ ਛਾਪਿਆ। ਆਦਿਵਾਸੀਆਂ ਦੇ ਉਜਾੜੇ ਵਿਰੁਧ ਵੀ ਅਵਾਜ਼ ਉਠਾਈ। ਅਸੀਂ ਪਿੰਡ 'ਚ ਕੋਆਪਰੇਟਿਵ ਫਾਰਮਿੰਗ ਸ਼ੁਰੂ ਕੀਤੀ। ਇਹ ਕੰਮ ਅਸੀਂ ਕੀਤਾ ਪਹਿਲਾਂ ਲੋਕਾਂ ਨਾਲ ਗੱਲ ਕਰਨੀ ਫਿਰ ਅਫ਼ਸਰ ਲੋਕਾਂ ਨਾਲ ਗੱਲ ਕਰਨੀ। ਕੋਈ ਪਲਾਟ ਡਰਾਫਟਿੰਗ ਕਰਨੀ। ਇਹ ਸਮਝਾਉਣਾ ਔਖਾ ਸੀ ਬਈ ਠੇਕੇਦਾਰੀ ਪ੍ਰਥਾ ਬੰਦ ਕਰਕੇ ਆਪਾਂ ਆਪਸ 'ਚ ਰਲ ਕੇ ਖੇਤੀ ਕਰਾਂਗੇ। ਠੇਕੇਦਾਰਾਂ ਵਿਰੁੱਧ ਲੰਮਾ ਸੰਘਰਸ਼ ਚੱਲਿਆ, ਗੋਲੀਆਂ ਵੀ ਚੱਲੀਆਂ, ਮਾਰਨ ਦੀਆਂ ਧਮਕੀਆਂ ਵੀ ਮਿਲੀਆਂ। ਕੇਸ ਚੱਲੇ ਲੋਕ ਪਿੱਛੇ ਹੱਟਣ ਲੱਗੇ। ਪਰ ਅਸੀਂ ਤਾਂ ਸਾਰਾ ਕੁਝ ਬਦਲਣਾ ਸੀ। ਕੇਸ ਸੁਪਰੀਮ ਕੋਰਟ ਤੱਕ ਪਹੁੰਚਿਆ। ਪੈਸਾ ਵੀ ਖਰਚ ਹੋਇਆ। ਸਟੇ ਆਰਡਰ ਫਾਇਨਲ ਹੋਇਆ। ਬਈ ਆਦਿ ਵਾਸੀ ਖੇਤਰਾਂ 'ਚ ਠੇਕੇਦਾਰੀ ਸਿਸਟਮ ਬੰਦ ਹੋਣਾ ਚਾਹੀਦਾ ਹੈ। ਸੋ ਇਨ੍ਹਾਂ ਖੇਤਰਾਂ 'ਚ ਜਿਹੜੀਆਂ ਜਿਹੜੀਆਂ ਕੰਪਨੀਆਂ ਆਈਆਂ ਆਦਿ ਵਾਸੀ ਲੋਕਾਂ ਨੂੰ ਸਹੂਲਤਾਂ ਦੇਣ ਲੱਗ ਪਈਆਂ। ਐਨਾ ਕੰਮ ਕੀਤਾ ਪਰ ਜਦੋਂ ਇਨ੍ਹਾਂ ਲੋਕਾਂ 'ਚ ਆ ਕੇ ਦੇਖਿਆ ਤਾਂ ਕੋਈ ਬਦਲਾਅ ਨਹੀਂ ਅਸੀਂ ਇਨ੍ਹਾਂ ਲੋਕਾਂ ਲਈ ਲੜਾਈ ਲੜ ਰਹੇ ਸਾਂ ਇਹ ਉਸੇ ਤਰ੍ਹਾਂ ਜੀਉਂਣਾ ਚਾਹੁੰਦੇ ਸਨ। ਅਖੀਰ ਇਕ ਦਿਨ ਬਜ਼ੁਰਗ ਲੋਕ ਸਾਡੇ ਕੋਲ ਆਏ ਕਹਿਣ ਲੱਗੇ ਬਾਬੂ ਜੀ ਸਾਨੂੰ ਮਾਇਨਿੰਗ ਨਹੀਂ ਚਾਹੀਦੀ। ਇਹ ਸਾਰਾ ਕੁਝ ਸਾਡੇ ਕੋਲ ਨਹੀਂ ਹੋਵੇਗਾ। ਤੁਸੀਂ ਜੋ ਮਰਜ਼ੀ ਕਰੋ ਅਸੀਂ ਤਾਂ ਕੰਮ ਕਰਾਂਗੇ। ਅਸੀਂ ਤਾਂ ਮਾਲਕ ਬਣਨ ਲਈ ਇਹ ਲੜਾਈ ਲੜੀ ਹੈ। ਤਾਂ ਕਿਤੇ ਜਾ ਕੇ ਕਮਿਊਨੀਕੇਸ਼ਨ ਗੈਪ ਦੀ ਗੱਲ ਸਮਝ ਆਈ। ਟਰਾਇਬਲ ਏਰੀਆ 'ਚ ਅਜਿਹਾ ਨਹੀਂ ਹੁੰਦਾ। ਤੁਸੀਂ ਉਨ੍ਹਾਂ ਲਈ ਕੰਮ ਕਰੀ ਜਾਓ ਉਨ੍ਹਾਂ ਤੇ ਕੋਈ ਅਸਰ ਨਹੀਂ। ਅਸੀਂ

ਕਹਿੰਦੇ ਸਾਡੇ ਨਾਲ ਚਲੋ ਉਹ ਕਹਿਣਗੇ ਚਲੋ ਅਸੀਂ ਤੁਹਾਡੇ ਮਗਰ ਆ ਰਹੇ ਹਾਂ। ਭਾਵ ਕਿ ਨਹੀਂ ਆ ਰਹੇ। ਇਕ ਬਹੁਤ ਵੱਡੀ ਖਾਈ ਹੈ। ਇਨ੍ਹਾਂ ਲੋਕਾਂ ਨੂੰ ਸਮਝਣ ਲਈ ਸਹਿਣਸੀਲਤਾ ਦੀ ਲੋੜ ਹੈ। ਬਹੁਤ ਸਮਾਂ ਲੱਗਦਾ ਹੈ। ਅਸੀਂ ਕਿਹਾ ਬਈ ਚਲੋ ਤਲਾਅ 'ਚ ਮੱਛੀਆਂ ਪਾਲਣ ਦਾ ਕੰਮ ਖ਼ੁਦ ਕਰੋ ਉਹ ਕਹਿਣਗੇ ਨਹੀਂ ਬਾਬੂ ਜੀ ਤੁਸੀਂ ਸੰਭਾਲੋ। ਅਸੀਂ ਕੰਮ ਕਰਾਗੇ। ਉਨ੍ਹਾਂ ਦਿਨ੍ਹਾਂ 'ਚ ਪ੍ਰਿੰਟਿਰ ਪ੍ਰੈਸ ਲਈ ਲੰਮੀ ਤਾਰ ਪਾਉਣੀ ਪਈ। ਜੋ ਕਿ ਇਨ੍ਹਾਂ ਆਦਿ ਵਾਸੀਆਂ ਦੇ ਢਾਰਿਆਂ ਦੇ ਉਪਰੋਂ ਦੀ ਆਉਂਦੀ ਸੀ। ਮੈਂ ਕਿਹਾ ਤੁਸੀਂ ਤਾਰਾਂ ਨਾਲ ਜੋੜ ਕੇ ਘਰਾਂ 'ਚ ਬਿਜਲੀ ਲੈ ਲਓ। ਕਹਿੰਦੇ ਅਸੀਂ ਬਿਜਲੀ ਨਹੀਂ ਲੈਣੀ। ਕੀ ਸੋਚਦੇ ਹਨ। ਬਈ ਤਾਰ ਨਾਲ ਮੀਟਰ ਲੱਗੇਗਾ, ਮੀਟਰ ਦੇਖਣ ਲਈ ਅਧਿਕਾਰੀ ਆਵੇਗਾ। ਉਹ ਮੀਟਰ ਦੇਖਣ ਦੀ ਬਜਾਏ ਲੜਕੀ ਨੂੰ ਦੇਖੇਗਾ। ਉਨ੍ਹਾਂ ਦੀ ਧਾਰਨਾ ਸੀ ਕਿ ਬਾਬੂ ਜੀ ਤੁਹਾਨੂੰ ਪੁਲਿਸ ਫੜ ਕੇ ਲੈ ਜਾਵੇਗੀ ਤਾਂ ਤੁਸੀਂ ਛੁੱਟ ਵੀ ਜਾਓਗੇ ਪਰ ਜੇ ਅਸੀਂ ਕੁਝ ਮੰਗਣ ਜਾਵੇਗਾ ਤਾਂ ਮਿਲੇਗਾ ਕੁਝ ਨਹੀਂ। ਸਰਕਾਰੀ ਸਕੀਮਾ ਤਹਿਤ ਘਰ ਬਣਾਉਣ ਦਾ ਪੈਸਾ ਲਿਆ ਬਈ ਮਿੱਟੀ ਦਾ ਘਰ ਬਣੇਗਾ, ਇਕ ਧੂੰਆਂ ਰਹਿਤ ਚੁੱਲ੍ਹਾ ਹੋਵੇਗਾ। ਆਦਿ ਆਦਿ ਪਰ ਲੋਕ ਇਸ ਲਈ ਤਿਆਰ ਨਹੀਂ ਸੀ। ਇਸ ਤਰ੍ਹਾਂ ਦੇ ਹੋਰ ਬਹੁਤ ਸਾਰੇ ਕੰਮ ਸਨ ਤਜ਼ਰਬਿਆਂ 'ਚ ਅਸੀਂ ਬਹੁਤ ਕੁਝ ਸਿੱਖਿਆ।

ਅਖ਼ਬਾਰ ਨਾਲ ਐਨੇ ਸਮੇਂ ਬਾਅਦ ਇਹ ਤਬਦੀਲੀ ਆਈ। ਜਿਹੜਾ ਵੀ ਕਿਸੇ ਪਿੰਡ ਤੋਂ ਕੋਈ ਖ਼ਬਰ, ਲੇਖ ਲਿਆਉਂਦਾ ਉਹ ਆਪਣਾ ਉੱਲੂ ਸਿੱਧਾ ਕਰਨ ਲੱਗ ਪਿਆ। ਪੁਲਿਸ ਨਾਲ ਮਿਲ ਕੇ ਦੱਲਪੁਣਾ ਸ਼ੁਰੂ ਹੋ ਗਿਆ। ਉਨ੍ਹਾਂ ਦਿਨਾਂ 'ਚ ਝਾਰਖੰਡ ਮੁਕਤੀ ਮੋਰਚਾ ਜਿੱਤ ਗਿਆ ਸੀ। ਕੀ ਹੋਇਆ ਬਹੁਤ ਸਾਰੇ ਲੜਕੇ ਜਿਹੜੇ ਸਾਡੇ ਨਾਲ ਆਦਿਵਾਸੀਆਂ ਲਈ ਕੰਮ ਕਰਦੇ ਸਨ, ਅਖ਼ਬਾਰ ਲਈ ਲਿਖਦੇ ਵੀ ਸਨ ਉਹ ਐਮ. ਐਲ. ਏ. ਬਣ ਗਏ। ਹੁਣ ਸੱਤਾ 'ਚ ਸੁੱਖ ਪ੍ਰਾਪਤ ਕਰਨ ਵਾਲਾ ਸਾਡੇ ਲਈ ਕੰਮ ਕਿਵੇਂ ਕਰੇਗਾ। ਤਾਂ ਅਸੀਂ ਸੋਚਿਆ ਕਿ ਇਹ ਕੰਮ ਜਿਆਦਾ ਦਿਨ ਨਹੀਂ ਚਲੇਗਾ। ਸੋ ਅਸੀਂ ਅਖ਼ਬਾਰ ਬੰਦ ਕਰ ਦਿੱਤਾ। ਕਿਉਂਕਿ ਆਦਿਵਾਸੀ ਖੇਤਰਾਂ 'ਚ ਜੋ ਥੋੜ੍ਹਾ ਪੜ੍ਹੇ ਲਿਖੇ ਲੋਕ ਸਨ ਉਹ ਸਾਡੇ ਦੁਸ਼ਮਣ ਹੋ ਗਏ ਸਨ। ਜਿਸ ਉਦੇਸ਼ ਲਈ ਅਸੀਂ ਇਹ ਕਾਰਜ ਆਰੰਭ ਕੀਤਾ ਸੀ ਉਹ ਪ੍ਰਾਪਤ ਨਹੀਂ ਹੋਇਆ। ਅਸੀਂ ਪਿੱਛੇ ਹੱਟਣ ਲੱਗੇ। ਫਿਰ ਕਰਿਟਿਕਲ ਕੁਐਸਟ ਰਾਹੀਂ ਨਿੱਕੀਆਂ ਨਿੱਕੀਆਂ ਪੁਸਤਕਾਂ ਪ੍ਰਕਾਸ਼ਤ ਕਰਨ ਦਾ ਸਿਲਸਿਲਾ ਆਰੰਭ ਹੋ ਗਿਆ। ਜੋ ਉਥੋਂ ਦੀ ਜ਼ਮੀਨ ਹੈ ਉਹ ਕਾਗਜ਼ਾਂ 'ਚ ਤਾਂ ਆਦਿਵਾਸੀ ਕਬੀਲਿਆਂ ਦੀ ਹੁੰਦੀ ਹੈ ਪਰ ਮਾਲਕ ਗੈਰ ਆਦਿਵਾਸੀਆਂ ਦੇ ਹੱਥਾਂ 'ਚ ਹੁੰਦੀ ਹੈ। ਫਿਰ ਕਬਜਾ ਗ਼ੈਰ ਆਦਿਵਾਸੀ ਲੋਕਾਂ ਦਾ ਹੋ ਜਾਂਦੀ ਹੈ। ਬਹੁਤ ਸਾਰੇ ਕੇਸ ਅਸੀਂ ਲੜੇ ਵੀ। ਜ਼ਮੀਨ ਵਾਪਿਸ ਵੀ ਕਰਵਾਈ। ਪੁਲਿਸ, ਲਿਖਾ ਪੜੀ, ਸਾਰਾ ਹੀ ਤੰਤਰ ਇਨ੍ਹਾਂ ਤੋਂ ਉਨ੍ਹਾਂ 'ਚ ਬਹੁਤ ਡਰ ਪੈਦਾ ਹੋ ਗਿਆ। ਅਸੀਂ ਲੋਕਾਂ ਨੂੰ ਬਹੁਤ ਸਮਝਾਇਆ ਕਿ ਜ਼ਮੀਨ ਤੁਹਾਨੂੰ ਮਿਲੇਗੀ, ਜੋ ਪਟਾ ਲਿਖਿਆ ਉਹ ਤੁਹਾਨੂੰ ਮਿਲੇਗ। ਮਜਿਸਟ੍ਰੇਟ ਆ ਕੇ ਤੁਹਾਨੂੰ ਜ਼ਮੀਨ ਦੇਵੇਗਾ। ਕੇਸ ਜਿੱਤਣ ਦੇ ਬਾਵਜੂਦ ਉਹ ਲੋਕ ਆਣਗੇ ਨਹੀਂ।

ਜਿਹੜੇ ਆਦਿਵਾਸੀ ਕਬੀਲਿਆਂ ਤੋਂ ਐਮ. ਐਲ. ਏ. ਬਣ ਗਏ, ਉਹ ਵੀ ਆਪਣੇ ਕਬੀਲਿਆਂ ਦਾ ਸ਼ੋਸ਼ਣ ਕਰਨ ਲੱਗ ਪਏ। ਉਨ੍ਹਾਂ ਦਾ ਵਤੀਰਾ ਵੀ ਬਾਕੀ ਲੋਕਾਂ ਵਾਲਾ ਬਣਨ ਲੱਗਾ। ਜੇ ਅਸੀਂ ਇਸ ਗੱਲ ਨੂੰ ਉਭਾਰਦੇ ਸਾਂ ਤਾਂ ਗੱਲ ਹੋਰ ਪਾਸੇ ਚਲੇ ਜਾਂਦੀ ਸੀ। ਸਾਡਾ ਉਦੇਸ਼ ਤਾਂ ਗ਼ੈਰ ਆਦਿਵਾਸੀਆਂ ਦੇ ਸ਼ੋਸ਼ਣ ਖ਼ਿਲਾਫ਼ ਖੜਨਾ ਸੀ। ਲੀਡਰਸਿਪ ਆਰਥਿਕ ਤੌਰ ਤੇ ਤਕੜਾ ਹੀ ਕਰ ਸਕਦਾ ਹੈ। ਮਜ਼ਦੂਰ ਥੋੜੀ ਕਰੇਗਾ। ਉਹ ਉੱਚ ਵਰਗ ਦਾ ਦਲਾਲ ਵੀ ਬਣੇਗਾ। ਉਨ੍ਹਾਂ ਨੂੰ ਵਧੇਰੇ ਹਾਈਲਾਇਟ ਨਹੀਂ ਕੀਤਾ ਪਰ ਉਹ ਲੋਕ ਸਾਡੇ ਅੰਦੋਲਨ 'ਚ ਆਏ ਨਹੀਂ। 10-15 ਸਾਲਾਂ ਅੰਦਰ ਇਥੇ ਵੀ ਇਕ ਵੱਖਰਾ ਸੈਕਸ਼ਨ ਬਣ ਗਿਆ। ਮੱਧੂ ਕੌਂਡਾ ਦੇਖ ਲਓ। ਮੁੱਖ ਮੰਤਰੀ ਹਨ ਉਸੇ ਆਦਿਵਾਸੀ ਖੇਤਰ ਦੇ ਹਨ। ਪੂਰੇ ਇਲਾਕੇ 'ਚ ਭ੍ਰਿਸ਼ਿਟਾਚਾਰ, ਰਿਸ਼ਵਤ ਖੋਰੀ ਹੋ ਰਹੀ ਹੈ।

ਇਹ ਸਹੂਲਤਾਂ ਤਾਂ ਹੁਣ ਵੀ ਨਾਂਹ ਦੇ ਬਰਾਬਰ ਹਨ। ਕਿਤੇ ਕਿਤੇ ਸਕੂਲ ਹਨ। ਜਿਥੇ ਜਿਥੇ ਲੋਕ ਥੋੜਾ ਜਾਗ੍ਰਿਤਿ ਹਨ ਉਥੇ ਇਹ ਸਹੂਲਤਾ ਹਨ ਬਾਕੀ ਮਾੜਾ ਹਾਲ ਹੈ। ਸਕੂਲਾਂ 'ਚ ਅੱਜ ਵੀ ਅਧਿਆਪਕ ਹਿੰਦੀ ਬੋਲਣ ਵਾਲੇ ਹਨ ਪਰ ਪੜ੍ਹਨ ਵਾਲੇ ਬੱਚੇ 'ਹੋ' ਭਾਸ਼ਾ ਬੋਲਣ ਵਾਲੇ ਹਨ। ਉਹ ਲੋਕ ਵੀ ਕੋਈ ਨਵਾਂ ਕਲਚਰ



ਲੈ ਕੇ ਨਹੀਂ ਆ ਰਹੇ ਜੋ ਚੱਲੀ ਜਾਂਦਾ ਹੈ। ਉਸ ਰਾਹ ਤੇ ਤੁਰੀ ਜਾਂਦੇ ਹਨ। ਜਿੱਥੇ ਮੈਂ ਕੰਮ ਕੀਤਾ ਉਥੇ ਉਸ ਵੇਲੇ ਨਕਸਲਬਾੜੀ ਪ੍ਰਭਾਵ ਆਦਿ ਵਾਸੀਆਂ ਵਿਚ ਐਨਾ ਵਿਆਪਕ ਪੱਧਰ ਤੇ ਨਹੀਂ ਸੀ। ਤਸਵੀਰ ਬਹੁਤ ਧੁੰਦਲੀ ਸੀ। ਬਹੁਤ ਥਾਵਾਂ ਤੇ ਇਹ ਲੋਕਾਂ ਦਾ ਸਾਥ ਦਿੰਦੇ ਹਨ। ਪਰ ਇਨ੍ਹਾਂ ਦੀ ਕੋਈ ਪੱਕੀ ਪੀਡੀ ਵਿਚਾਰਧਾਰਾ ਉਭਰ ਕੇ ਸਾਹਮਣੇ ਨਹੀਂ ਆ ਰਹੀ। ਜਿਸ ਲਈ ਲੜ ਰਹੇ ਹਨ। ਪਿੰਡਾਂ ਦੇ ਲੋਕਾਂ ਨੂੰ ਇਸ ਬਾਰੇ ਕੁਝ ਪਤਾ ਨਹੀਂ। ਇਨ੍ਹਾਂ ਗੁੱਟਾਂ ਨੂੰ ਪੈਸਾ ਉਨ੍ਹਾਂ ਇਲਾਕਿਆ ਤੋਂ ਇਕੱਠਾ ਕਰਨਾ ਪੈਂਦਾ ਹੈ। ਪੈਸਾ ਉਨ੍ਹਾਂ ਲੋਕਾਂ ਕੋਲ ਹੈ ਨਹੀਂ ਸੋ ਉਸ ਖੇਤਰ 'ਚ ਕੰਮ ਕਰਨਾ ਕਠਿਨ ਹੈ। ਅਨੇਕਾਂ ਸਥਾਨਾ ਤੇ ਮੁਕਾਬਲੇ ਹੁੰਦੇ ਹਨ। ਨਕਸਲਾਈਟ ਲੋਕ ਤਾਂ ਲੁਕ ਜਾਂਦੇ ਹਨ ਤੇ ਜ਼ੁਲਮ ਸਥਾਨਕ ਆਦਿਵਾਸੀ ਲੋਕਾਂ ਤੇ ਹੁੰਦਾ ਹੈ। ਪਰ ਸ਼ੋਸ਼ਣ ਜਾਂ ਕਿਸੇ ਮੁੱਦੇ ਦੇ ਖ਼ਿਲਾਫ਼ ਇਹ ਗੁੱਟ ਆਵਾਜ਼ ਨਹੀਂ ਉਠਾ ਸਕੇ। ਉਡੀਸਾ ਦੇ ਇਲਾਕੇ 'ਚ ਇਨ੍ਹਾਂ ਦਾ ਕਾਫੀ ਪ੍ਰਭਾਵ ਹੈ, ਕਿਸੇ ਭ੍ਰਿਸ਼ਟ ਅਧਿਕਾਰੀ ਨੂੰ ਨਿਸ਼ਾਨਾ ਬਣਾ ਕੇ ਮਾਰ ਦਿੱਤਾ ਜਾਂਦਾ ਹੈ ਤਾਂ ਉਥੋਂ ਦੇ ਲੋਕਾਂ ਦੀ ਉਨ੍ਹਾਂ ਪ੍ਰਤੀ ਹਮਦਰਦੀ ਪੈਦਾ ਹੁੰਦੀ ਹੈ।

ਝਾਰਖੰਡ ਵਿਚ ਆਦਿਵਾਸੀਆਂ ਕਬੀਲਿਆਂ 'ਚ ਕੰਮ ਕਰਦਿਆਂ ਅਸੀਂ 40-50 ਛੋਟੀਆਂ ਛੋਟੀਆਂ ਕਿਤਾਬਾਂ ਪ੍ਰਕਾਸ਼ਤ ਕੀਤੀਆਂ ਸਨ। ਆਦਿਵਾਸੀਆਂ ਲੋਕਾਂ ਦੇ ਗੀਤਾਂ ਨੂੰ ਛਾਪਿਆ। ਚਾਰ ਆਨੇ ਦੀ ਕਿਤਾਬ ਸੀ ਬੱਚੇ ਉਸ ਨੂੰ ਖਰੀਦ ਕੇ ਪੜ੍ਹਦੇ ਸਨ। ਤਿੰਨ ਚਾਰ ਲੜਕਿਆਂ ਤੋਂ ਆਪਣੀ ਲਹਿਰ ਦੇ ਬਾਰੇ 'ਚ ਗੀਤ ਲਿਖਵਾਏ। ਇਸ ਨੂੰ ਹੁੰਗਾਰਾ ਮਿਲਿਆ। ਫਿਰ ਲੋਕ ਕਹਾਣੀਆਂ ਸਨ, ਉਹ ਛਾਪੀਆਂ। ਇਹ ਉਹ ਕਿਤਾਬ ਵੀ ਛਾਪੀ ਕਿ ਕਿਸ ਕੰਮ ਦੀ ਕਿੰਨੀ ਮਜਦੂਰੀ ਹੋਣੀ ਚਾਹੀਦੀ ਹੈ। ਇਸ ਤਰ੍ਹਾਂ ਹੁਣ ਤੱਕ 6-7 ਸੌ ਕਿਤਾਬਾਂ ਛਾਪੀਆਂ ਹਨ। ਮਾਰਕਸ, ਏਂਗਲਜ ਅੰਬੇਡਕਰ, ਵਿਰਸਾ ਮੁੰਡਾ ਹੋਰ ਨਾਂ ਹਨ ਝਾਰਖੰਡ ਮੁਕਤੀ ਮੋਰਚਾ 'ਚ ਵੀ ਕੰਮ ਕੀਤਾ ਪਰ ਪਿੱਛੇ ਹਟ ਗਏ। 10-15 ਕੇਸ ਚਲਦੇ ਸਨ ਜਿਨ੍ਹਾਂ ਨੂੰ ਖਤਮ ਹੋਣ ਤੇ 15 ਸਾਲ ਲੱਗ ਗਏ। ਆਦਿਵਾਸੀ ਲੋਕ ਮਨੁੱਖੀ ਚਿਹਰੇ ਨੂੰ ਪਛਾਣਦਾ ਨਹੀਂ ਹੈ। ਜਦੋਂ ਮੂਟਮੈਂਟ ਖਤਮ ਹੋਈ ਤਾਂ ਜਿਹੜੀ ਮੂਵਮੈਂਟ ਚਲਾਉਣ ਵਾਲੇ ਲੋਕ ਸਨ ਉਹੀ ਸੱਤਾਂ 'ਚ ਆ ਕੇ ਆਪਣੇ ਲੋਕਾਂ ਨੂੰ ਦਰੜਨ ਲੱਗ ਪਏ।

'ਕਰੀਟਿਕਲ ਕੁਐਸਟ' ਪ੍ਰਕਾਸ਼ਨ ਰਾਹੀਂ ਮੈਂ ਆਪਣੀ ਗੱਲ ਕਹਿਣ ਲੱਗ ਪਿਆ ਜਿਹੜੇ ਕਾਲਜਾਂ ਦੇ ਅਧਿਆਪਕ ਹਨ। ਵਿਦਿਆਰਥੀ ਹਨ ਜਿਹੜਾ ਉਨ੍ਹਾਂ ਨੂੰ ਪੜ੍ਹਨ ਲਈ ਸਾਹਿਤ ਦਿੱਤਾ ਜਾਂਦਾ ਹੈ। ਉਹ ਪੁਰਾਣਾ ਸਾਹਿਤ ਹੀ ਦਿੱਤਾ ਜਾਂਦਾ ਹੈ। ਰੀਡਿੰਗ ਮਟੀਰੀਅਲ ਦੇ ਰੂਪ ਵਿਚ ਕਰੀਟੀਕਲ ਮਟੀਰੀਅਲ ਮਜ਼ੂਦ ਨਹੀਂ ਹੈ। ਇਹ ਰੁਝਾਨ ਬਣ ਜਾਂਦਾ ਹੈ ਚਲੋ ਯਾਰ ਇਹ ਹੀ ਪੜ੍ਹ ਲਓ। ਸਾਡਾ ਉਦੇਸ਼ ਹੈ ਕਿ ਰੀਡਿੰਗ ਮਟੀਰੀਅਲ ਦੀ ਮਨੁੱਖ ਦੀ ਮਾਨਸਿਕਤਾ ਨੂੰ ਮਜਬੂਤ ਕਰਦਾ ਹੈ। ਯੂਨੀਵਰਸਿਟੀਆਂ 'ਚ ਜਾ ਕੇ ਇਸੇ ਗੱਲ ਤੇ ਅਸੀਂ ਚੋਟ ਮਾਰਨਾ ਚਾਹੁੰਦੇ ਹਾਂ। ਪਾਠਕਾਂ ਨੂੰ ਪਤਾ ਹੈ ਕਿ ਕਰੀਟਿਕਲ ਕੁਐਸਟ ਦੀ ਕਿਤਾਬ 'ਚ ਮੈਟਰ ਕਿਹੋ ਜਿਹਾ ਹੁੰਦਾ ਹੈ। ਜੋਸ਼ਨਾ ਜੀ ਮੇਰਾ ਸਾਥ ਦਿੰਦੇ ਹਨ। ਜਿਨੀ ਉਮੀਦ ਕੀਤੀ ਜਾਂਦੀ ਹੈ ਓਨਾ ਹੁੰਦਾ ਨਹੀਂ।ਸਾਡੇ ਕੁਝ ਉਦੇਸ਼ ਹਨ ਕਿ ਵਿਦੇਸ਼ੀ ਭਾਸ਼ਾਵਾਂ ਦੀਆਂ ਜੋ ਅਹਿਮ ਲਿਖਤਾਂ ਹਨ ਉਨ੍ਹਾਂ ਨੂੰ ਏਧਰਲੇ ਜਵਾਨ ਪਾਠਕਾਂ ਨੂੰ ਦੇਣਾ ਹੈ। ਸਾਡੇ ਜਵਾਨ ਲੜਕੇ-ਲੜਕੀਆਂ ਦੇ ਅੰਦਰਲੇ ਵਿਚਾਰਾਂ ਨੂੰ ਕਿਤਾਬੀ ਸ਼ਕਲ ਦੇਣੀ ਹੈ। ਸਾਡੇ ਸਮਾਜ 'ਚ ਜੋ ਲਹਿਰਾਂ ਸਮਾਜ ਨੂੰ ਬਦਲਣ ਦੀਆਂ ਚੱਲੀਆਂ ਹਨ ਉਨ੍ਹਾਂ ਬਾਰੇ ਕਿਤਾਬਾਂ ਛਾਪਣੀਆਂ ਹਨ। ਤਮਿਲ, ਤੈਲਗੂ, ਹਿੰਦੀ, ਪੰਜਾਬੀ ਤੋਂ ਕੁਝ ਅਨੁਵਾਦ ਦਾ ਕੰਮ ਵੀ ਕੀਤਾ ਹੈ। ਬਹੁਤ ਸਾਰੀਆਂ ਯੂਨੀਵਰਸਿਟੀਆਂ ਨੇ ਸਾਡੇ ਮੈਟਰ ਨੂੰ ਟੈਕਸ ਬੁੱਕ ਵੀ ਬਣਾਇਆ ਹੈ। ਮੈਂ ਹੁਣ ਪੰਜਾਬ 'ਚ ਆਇਆ ਹਾਂ ਤਾਂ ਮੈਂ ਇਕ ਕਿਤਾਬ ਲੱਭ ਰਿਹਾ ਸੀ ਕਾਨ ਸਿੰਘ ਨਾਭਾ ਦੀ 'ਹਮ ਹਿੰਦੂ ਨਹੀਂ ਹੈਂ' ਹਿੰਦੂ ਭਾਸ਼ਾ ਖੇਤਰਾਂ 'ਚ ਇਲਾਕੇ ਦੀ ਭਾਸ਼ਾ ਬੋਲਣ ਲਿਖਣ ਵਾਲਿਆਂ ਦਾ ਐਨਾ ਵੱਡਾ ਸਾਹਿਤ ਹੈ ਜਿਹੜਾ ਹਿੰਦੀ ਜਾਂ ਇੰਗਲਿਸ਼ 'ਚ ਨਹੀਂ ਮਿਲਦਾ ਹੈ। ਇਹ ਬੜੀ ਅਜੀਬ ਗੱਲ ਹੈ ਜਦੋਂ ਇਸ ਸਾਹਿਤ ਨੂੰ ਅੰਗਰੇਜ਼ੀ 'ਚ ਪੇਸ਼ ਕੀਤਾ ਜਾਂਦਾ ਹੈ ਤਾਂ ਇਹਨੂੰ ਗਿਆਨ ਮੰਨਿਆ ਜਾਂਦਾ ਹੈ। ਇਸੇ ਦੌਰਾਨ ਹੀ ਮੈਂ ਦਿੱਲੀ ਯੂਨੀਵਰਸਿਟੀ 'ਚ 'ਚੇਅਰ ਆਫ ਦਲਿਤ ਸਟੱਡੀ' ਤੇ ਪ੍ਰੋਫੈਸਰ ਲੱਗ ਗਿਆ ਉਹ ਲੋਕ ਮੇਰੇ ਕੋਲੋਂ ਆਪਣੀ ਮਰਜੀ ਨਾਲ ਕੰਮ ਕਰਵਾਉਣਾ ਚਾਹੁੰਦੇ ਸਨ। ਮੈਂ ਇਸ ਚੇਅਰ ਨੂੰ ਲੱਤ ਮਾਰ ਕੇ ਆਪਣੀ ਤਰ੍ਹਾਂ ਕੰਮ ਕਰਨ ਲੱਗ ਪਿਆ।

Add. G. Aloysius, Critical Quest, 420, G.Block, Phase VI, Aya Nagar, N. Delhi - 47,Ph.26502012, M.9910036543, website:www.criticalquest.info

ਲੇਖ

## ਬੁਝਾਰਤ (ਨਾਵਲ) ਦਰਸ਼ਨ ਸਿੰਘ / ਡਾ. ਜਸਵਿੰਦਰ ਕੌਰ ਬਿੰਦਰਾ

ਕੁਝ ਅਰਸਾ ਪਹਿਲਾਂ ਹੀ ਨਾਵਲਕਾਰੀ ਵਿੱਚ ਪੈਰ ਪਾਉਣ ਵਾਲਾ ਦਰਸ਼ਨ ਸਿੰਘ ਲਗਾਤਾਰ ਹਰ ਸਾਲ ਇਕ ਨਵਾਂ ਨਾਵਲ ਲੈ ਕੇ ਪਾਠਕਾਂ ਸਾਹਵੇਂ ਆਣ ਹਾਜ਼ਿਰ ਹੁੰਦਾ ਹੈ। ਮਜੇ ਦੀ ਗੱਲ ਹੈ ਕਿ ਉਸ ਦਾ ਹਰ ਨਾਵਲ ਨਵੀਂ ਕਹਾਣੀ, ਨਵੇਂ ਕਲੇਵਰ ਤੇ ਨਵੇਂ ਪਾਤਰਾਂ ਰਾਹੀਂ ਇਕ ਨਵੀਂ ਇਬਾਰਤ ਬਿਆਨ ਕਰਦਾ ਹੈ।

'ਬੁਝਾਰਤ' ਉਸ ਦਾ ਇਕਦਮ ਨਵੀਨ ਨਾਵਲ ਹੈ। ਇਸ ਨਾਵਲ ਵਿੱਚ ਉਹ ਵਿਦੇਸ਼ੀ ਪਾਤਰਾਂ, ਵਿਦੇਸ਼ੀ ਧਰਤੀ ਤੇ ਵਿਦੇਸ਼ੀ ਵਿਸ਼ਾ ਨਹੀਂ ਨਹੀਂ ਵਿਸ਼ਾ ਤਾਂ ਸਾਡਾ ਜਾਣਿਆ ਪਛਾਣਿਆ ਮਨੁੱਖੀ ਸੁਭਾਅ ਦੀਆਂ ਬਾਰੀਕੀਆਂ ਤੇ ਜਟਿਲਤਾਵਾਂ ਨੂੰ ਪ੍ਰਗਟਾਉਣ ਵਾਲਾ ਹੈ, ਫਿਰ ਓਪਰਾ ਕਿਥੇ ਹੈ? ਮਨੁੱਖੀ ਮੂਲ ਦੀ ਖੂਬੀ ਹੀ ਇਹ ਹੈ ਕਿ ਇਹ ਖਿਤਿਆਂ ਤੇ ਹੱਦਾਂ ਸਰਹਦਾਂ ਦੀਆਂ ਵੰਡੀਆਂ ਵਿੱਚ ਵੀ ਥੋੜੇ ਬਹੁਤ ਫ਼ਰਕ ਨਾਲ ਆਪਣੇ ਮੂਲ ਭਾਵਨਾਵਾਂ ਵਿਕਾਰਾਂ ਤੋਂ ਬਹੁਤਾ ਉਰ੍ਹੇ ਪਰ੍ਹੇ ਨਹੀਂ ਹੁੰਦਾ। ਇਹ ਜੋ ਥੋੜਾ ਬਹੁਤਾ ਫ਼ਰਕ ਆਉਂਦਾ ਈ ਹੈ ਉਸ ਵਿੱਚ ਬਹੁਤ ਵੱਡਾ ਹਿੱਸਾ ਮਾਹੌਲ ਤੇ ਹਾਲਾਤਾਂ ਦਾ ਹੁੰਦਾ ਹੈ, ਜੋ ਜਾਣੇ ਅਨਜਾਣੇ ਅਚੇਤ ਸੁਚੇਤ ਮਨੁੱਖ ਦੇ ਸੁਭਾਅ ਨੂੰ ਪ੍ਰਭਾਵਿਤ ਵੀ ਕਰ ਜਾਂਦਾ ਹੈ ਤੇ ਉਸ ਉਤੇ ਹਾਵੀ ਵੀ ਹੋ ਜਾਂਦਾ ਹੈ। ਪਰ ਫਿਰ ਵੀ ਇਸ ਵਿੱਚ ਕੋਈ ਦੋ ਰਾਵਾਂ ਨਹੀਂ ਕਿ ਮਨੁੱਖ ਮੂਲ ਰੂਪ ਵਿੱਚ ਮਨੁੱਖ ਹੀ ਹੁੰਦਾ ਹੈ, ਸਣੇ ਆਪਣੀਆਂ ਖੂਬੀਆਂ ਤੇ ਕਮੀਆਂ ਦੇ।

ਇਸ ਸਾਰੇ ਨਾਵਲ ਦਾ ਘਟਨਾਕ੍ਰਮ ਕੁਝ ਪੰਜ ਛੇ ਸਾਲਾਂ ਵਿਚਕਾਰ ਵਾਪਰਦਾ ਹੈ, ਪਰ ਵਾਪਰਨ ਸਥਾਨ ਪੂਰਬੀ ਰੋਮ ਸਾਗਰ ਦਾ ਇਕ ਟਾਪੂ ਸਾਇਪ੍ਰਿਸ ਹੀ ਹੈ। ਜਿਥੇ ਬਿਰਤਾਂਤਕਾਰ ਮਿ. ਸਿੰਘ, ਆਪਣੀ ਪਤਨੀ ਸਹਿਤ ਕਿਸੇ ਕਲਬ ਦੀ ਮੈਂਬਰਸ਼ਿਪ ਤਹਿਤ ਅਨੇਕ ਘੁੰਮਣ ਵਾਲੀਆਂ ਥਾਵਾਂ ਦੀ ਬਜਾਏ ਦਸ ਦੇ ਦਸ ਸਾਲ ਸਾਇਪ੍ਰਿਸ ਜਾ ਕੇ ਆਪਣੀ ਪੰਦਰਾਂ ਰੋਜ਼ਾਂ ਛੁੱਟੀ ਮਨਾਉਣੀ ਪਸੰਦ ਕਰਦਾ ਹੈ। ਪਹਿਲੇ ਚਾਰ ਸਾਲ ਉਨ੍ਹਾਂ ਨਾਲ ਉਥੇ ਕੁਝ ਨਹੀਂ ਵਾਪਰਿਆ ਉਹ ਬਸ ਹਰ ਸਾਲ ਮਈ ਦੇ ਅੱਧ ਵਿਚਕਾਰ ਦਿੱਲੀ ਦੀ ਸੜੀ ਭੁੱਜੀ ਗਰਮੀ ਤੋਂ ਕੁਝ ਦਿਨਾਂ ਦੀ ਰਾਹਤ ਪਾਉਣ ਦੇ ਇਰਾਦੇ ਨਾਲ ਸਾਇਪ੍ਰਿਸ ਵਿੱਚ ਗੁਜ਼ਾਰ ਆਉਂਦੇ। ਕਲੱਬ ਵਲੋਂ ਕਰਵਾਇਆ ਜਾਂਦਾ 'ਸਪਾਟਾ' ਕਰ ਆਉਂਦੇ ਕਿਉਂਕਿ ਸੈਰ ਤਾਂ ਉਹ ਆਪ ਮੀਆਂ ਬੀਵੀ ਮਿਲ ਕੇ ਆਪਣੀ ਮਰਜ਼ੀ ਨਾਲ ਕਰਦੇ ਸਨ। ਇਸ ਸਾਲ ਵੀ ਕੁਝ ਨਾ ਵਾਪਰਦਾ ਜੇ ਮੌਕੇ ਮੇਲ ਨਾਲ ਉਨ੍ਹਾਂ ਦੀ ਮੁਲਾਕਾਤ ਆਪਣੀ ਇਕ ਪੁਰਾਣੀ ਰੂਸੀ ਗਵਾਂਢਣ 'ਤਮਾਰਾ' ਨਾਲ ਨਾ ਹੋ ਜਾਂਦੀ।

'ਤਮਾਰਾ' ਦਾ ਅਚਾਨਿਕ ਮਿਲਣਾ ਮੂਲ ਕੇਂਦਰੀ ਕਹਾਣੀ ਦੀ ਕਥਾ ਬੁਣਤੀ ਦੀ ਪਹਿਲੀ ਤੰਦ ਹੈ, ਕਿਉਂਕਿ ਤਮਾਰਾ ਮਗਰੋਂ ਫਿਰ ਮਾਸ਼ਾ ਨਾਲ ਮੁਲਾਕਾਤ ਤੇ ਮਾਸ਼ਾ ਮਗਰੋਂ ਇਹ ਸਿਲਸਿਲਾ ਚਲ ਨਿਕਲਦਾ ਹੈ, ਜਿਸ ਵਿੱਚ ਅਚੇਤੇ ਹੀ ਦੋਮੋਨੀਕ ਤੇ ਜਾਰਜ ਵੀ ਆਣ ਸ਼ਾਮਿਲ ਹੁੰਦੇ ਹਨ। ਜਿਨ੍ਹਾਂ ਵਿਚ ਦੋਮੋਨੀਕ ਫਰਾਂਸਣ ਤੇ ਜਾਰਜ ਅੰਗ੍ਰੇਜ਼ ਹੈ। ਹਾਲਾਂਕਿ ਮਾਸ਼ਾ ਰਾਹੀਂ ਦਿੱਤੀ ਪਾਰਟੀ ਵਿੱਚ ਸਿੰਘ ਦੰਪਤੀ ਦੀ ਮੁਲਾਕਾਤ ਸਾਇਪ੍ਰਿਸ ਵਿੱਚ ਰਹਿੰਦੇ ਅਨੇਕ ਬਾਸ਼ਿੰਦਿਆਂ ਨਾਲ ਹੁੰਦੀ ਹੈ, ਜਿਨ੍ਹਾਂ ਵਿੱਚ ਕਾਫੀ ਕੁਝ ਮੇਲ ਅਣਮੇਲ ਵੀ ਹੁੰਦਾ ਹੈ, ਪਰ ਸਿੰਘ ਦੰਪਤੀ ਖਾਸ ਕਰ ਮਿ. ਸਿੰਘ ਦੀ ਦਿਲਚਸਪੀ ਤੇ ਬਹੁਤਾ ਧਿਆਨ ਦੋਮੋਨੀਕ ਖਿੱਚਦੀ ਹੈ, ਸਿਰਫ ਇਸ ਲਈ ਨਹੀਂ ਕਿ ਉਹ ਬਹੁਤ ਖੂਬਸੂਰਤ ਇਸਤਰੀ ਹੈ, ਬਲਕਿ ਇਸ ਲਈ ਵਧੇਰੇ ਕਿਉਂਕਿ ਉਸ ਨੇ ਆਪਣੇ ਤੋਂ ਵੀਹ ਵਰ੍ਹੇ ਵੱਡੇ ਜਾਰਜ ਨਾਲ ਵਿਆਹ ਕਰਵਾਇਆ ਹੈ। ਮਿ. ਸਿੰਘ ਅਨੁਸਾਰ ਜਾਰਜ ਅੱਜ ਵੀ ਸੁਹਣਾ ਤੇ ਦਿਲਕਸ਼ ਸ਼ਖ਼ਸੀਅਤ ਦਾ ਮਾਲਕ ਹੈ, ਪਰ ਸੋਚੋ ਜਵਾਨੀ ਵੇਲੇ ਉਹ ਸਖ਼ਸ਼ ਕਿੰਨਾ ਖੂਬਸੂਰਤ ਰਿਹਾ ਹੋਏਗਾ, ਜਿਸ ਦੀ ਸੁੰਦਰਤਾ ਉਤੇ ਫਿਦਾ ਹੋ ਕੇ ਫਰਾਂਸਣ ਦੋਮੋਨੀਕ ਆਪਣਾ ਦਿਲ ਹਾਰ ਬੈਠੀ ਤੇ ਖੁਸ਼ੀ ਨਾਲ ਪੰਝੀ ਵਰ੍ਹਿਆ ਦੀ ਉਮਰ ਵਿੱਚ ਉਸ ਨੇ ਜਾਰਜ ਨਾਲ ਵਿਆਹ ਰਚਾ ਲਿਆ, ਜੋ ਉਸ ਵੇਲੇ ਪੰਝਤਾਲੀ ਵਰ੍ਹਿਆ ਦਾ ਸੀ। ਹੁਣ ਕੁਝ ਹੀ ਅਰਸੇ ਮਗਰੋਂ ਜਾਰਜ ਸੱਠਵਿਆਂ ਵਿੱਚ ਪੈਰ ਧਰੇਗਾ ਤੇ ਦੋਮੋਨੀਕ... ਉਸ ਦੀ ਤਾਂ ਅਜੇ ਉਹ ਉਮਰ ਹੋਈ ਹੈ, ਜਦੋਂ ਜਾਰਜ ਨੇ ਆਪਣਾ ਵਿਆਹ ਰਚਾਇਆ ਸੀ,



ਮਤਲਬ ਚਾਲ੍ਹੀ। ਉਸ ਲਿਹਾਜ਼ ਨਾਲ ਦੋਮੋਨੀਕ ਦਾ ਗਿਆਗਰੀ ਪ੍ਰਤੀ ਆਕਰਸ਼ਿਤ ਹੋਣਾ ਕੋਈ ਅਚੰਭਾ ਪੈਦਾ ਨਹੀਂ ਕਰਦਾ, ਜੋ ਉਸ ਤੋਂ ਵੀ ਦੋ ਸਾਲ ਛੋਟਾ ਹੀ ਹੈ। ਜਿਵੇਂ ਪਹਿਲੇ ਉਹ ਜਾਰਜ ਦੀ ਖੂਬਸੂਰਤੀ ਉਤੇ ਮਰ ਮਿਟੀ ਸੀ, ਹੁਣ ਉਸੇ ਤਰ੍ਹਾਂ 'ਗਿਆਗਰੀ' ਉਤੇ। ਸਾਰਾ ਕਸੂਰ ਤਾਂ ਦਿਲਕਸ਼ ਸ਼ਖ਼ਸ਼ੀਅਤ ਦਾ ਹੈ, ਜੋ ਉਮਰ ਸਥਾਨ ਵੇਖ ਕੇ ਆਕਰਸ਼ਿਤ ਨਹੀਂ ਕਰਦੀ ਬਸ ਕਿਸੇ ਆਮ ਜਿਹੇ ਬੰਦੇ ਵਿੱਚ ਕੁਝ ਅਜਿਹਾ ਅਨੋਖਾ ਤੇ ਨਿਵੇਕਲਾ ਨਜ਼ਰ ਆਉਂਦਾ ਹੈ, ਜੋ ਸਿਰਫ ਮੋਹਿਤ ਹੋਣ ਵਾਲੇ ਨੂੰ ਹੀ ਦਿਸਦਾ ਹੈ। ਇਸੇ ਲਈ ਕਹਿਣ ਵਾਲੇ ਕਹਿੰਦੇ ਹਨ ਕਿ ਉਸ 'ਕਾਲੀ ਜਿਹੀ ਲੈਲਾ' ਵਿੱਚ ਪਤਾ ਨਹੀਂ ਕੀ ਸੀ ਜੋਂ ਮਜਨੂੰ ਦੀਵਾਨੇਹਾਰ ਵੱਟੇ ਖਾਂਦਾ ਫਿਰਦਾ ਸੀ। ਇਸ ਦਾ ਭੇਤ ਕੋਈ ਨਹੀਂ ਪਾ ਸਕਦਾ ਤੇ ਨਾ ਹੀ ਦੀਵਾਨਾ ਹੋਣ ਵਾਲਾ ਕਿਸੇ ਦੂਜੇ ਨੂੰ ਆਪਣੀ ਦੀਵਾਨਗੀ ਬਾਰੇ ਸਮਝਾ ਸਕਦਾ ਹੈ। ਫਿਰ ਭਾਵੇਂ ਕੋਈ ਫਰਾਂਸੀਸੀ ਹੋਵੇ ਜਾਂ ਰੂਸੀ, ਅੰਗ੍ਰੇਜ਼ ਹੋਵੇ ਜਾਂ ਭਾਰਤੀ, ਸਭ ਇਕ ਬਰਾਬਰ ਹੀ ਹਨ।

ਦੋਮੋਨੀਕ ਜਿਹੀ ਇਸਤਰੀ ਵਿੱਚ ਬੜੀਆਂ ਸਾਰੀਆਂ ਖੂਬੀਆਂ ਹਨ, ਉਹ ਚੰਗੀ ਪਤਨੀ, ਚੰਗੀ ਮਾਂ, ਚੰਗੀ ਪ੍ਰਬੰਧਕ ਹੋਣ ਦੇ ਨਾਲ ਇਕ ਚੰਗੀ ਪ੍ਰੇਮਿਕਾ ਵੀ ਹੈ ਜੋ ਹਰ ਹੀਲੇ ਆਪਣੇ ਪ੍ਰੇਮੀ ਨੂੰ ਮਿਲਣ ਦੇ ਰਾਹ ਵਸੀਲੇ ਕੱਢ ਲੈਂਦੀ ਹੈ, ਪਰ ਐਨੀਆਂ ਖੂਬੀਆਂ ਦੇ ਬਾਵਜੂਦ ਉਸ ਵਿੱਚ ਕਮੀਆਂ ਵੀ ਹਨ। ਸਭ ਤੋਂ ਵੱਡੀ ਕਮੀ ਤਾਂ ਇਹ ਹੈ ਕਿ ਉਹ ਲੈਣਾ ਸਭ ਕੁਝ ਚਾਹੁੰਦੀ ਹੈ ਭਾਵੇਂ ਉਹ ਜ਼ਿੰਦਗੀ ਹੋਵੇ, ਘਰ ਗ੍ਰਹਿਸਥੀ, ਪਤੀ ਬੱਚੇ ਹੋਣ ਜਾਂ ਫਿਰ ਪ੍ਰੇਮੀ ਹੋਵੇ, ਪਰ ਸਭ ਕੁਝ ਲੈਣ ਦੇ ਬਾਵਜੂਦ ਉਹ ਬਦਲੇ ਵਿੱਚ ਦੇਣਾ ਕੁਝ ਵੀ ਨਹੀਂ ਚਾਹੁੰਦੀ, ਨਾ ਘਰ-ਗ੍ਰਹਿਸਥੀ ਤਿਆਗਣਾ ਚਾਹੁੰਦੀ ਹੈ, ਨਾ ਜ਼ਿੰਦਗੀ ਦਾ ਮੋਹ ਤੇ ਨਾ ਹੀ ਪ੍ਰੇਮੀ ਨੂੰ ਗਵਾਉਣਾ ਚਾਹੁੰਦੀ ਹੈ। ਬਸ ਚਾਹੁੰਦੀ ਇਹ ਹੈ ਕਿ ਕੁਦਰਤ ਵਲੋਂ ਕੁਝ ਭਾਵੇਂ ਹੋ ਜਾਵੇ, ਪਰ ਉਸ ਦਾ ਇਲਜ਼ਾਮ ਉਸ ਦੇ ਆਪਣੇ ਮੱਥੇ ਨਾ ਆਵੇ, ਫਿਰ ਭਾਵੇਂ ਜਾਰਜ ਦੀ ਮੌਤ ਹੀ ਕਿਉਂ ਨਾ ਹੋਵੇ, ਜੋ ਉਸ ਦੀ ਸੱਠ ਸਾਲਾਂ ਮਗਰੋਂ, ਢਹਿੰਦੀ ਸਿਹਤ ਕਾਰਣ ਕਦੇ ਵੀ ਸੰਭਵ ਹੋ ਸਕਦੀ ਹੈ। ਸੋਚਣ ਵਾਲੀ ਗੱਲ ਹੈ, ਕੀ ਸਿਰਫ ਦੋਮੋਨੀਕ ਹੀ ਸਭ ਕੁਝ ਚਾਹੁੰਦੀ ਹੈ? ਹਰ ਬੰਦਾ ਇਹੋ ਕੁਝ ਚਾਹੁੰਦਾ ਹੈ ਕਿ ਮਿਲੇ ਉਸ ਨੂੰ ਸਭ ਕੁਝ ਪਰ ਬਦਲੇ ਵਿੱਚ ਨਾ ਉਸ ਤੋਂ ਕੁਝ ਖੋਹਿਆ ਜਾ ਸਕੇ ਤੇ ਨਾ ਜ਼ਬਰਦਸਤੀ ਜਾਂ ਤਿਆਗ-ਕੁਰਬਾਨੀ ਵਾਲੀ ਲੋੜ ਗੱਲ ਪੈਦਾ ਹੋਵੇ। ਹਾਂ, ਕੁਦਰਤ ਵਲੋਂ ਕੁਝ ਹੋ ਜਾਏ ਤਾਂ ਕੀ ਕਿਹਾ ਜਾ ਸਕਦਾ ਹੈ... ਆਖਿਰ ਕੁਦਰਤ ਉਤੇ ਕਿਸੇ ਦਾ ਕੋਈ ਵਸ ਵੀ ਤਾਂ ਨਹੀਂ। ਪਰ ਬੰਦਾ ਇਹ ਸੋਚ ਨਹੀਂ ਪਾਉਂਦਾ ਕਿ ਜ਼ਿੰਦਗੀ ਬਹੁਤ ਕੁਝ ਪਾਉਣ ਦੇ ਨਾਲ ਕੁਝ ਦੇਣ ਦਾ ਵੀ ਨਾਂ ਹੈ। ਜੋ ਆਪਣੀ ਮਰਜ਼ੀ ਨਾਲ ਨਾ ਦਿੱਤਾ ਜਾਏ ਤਾਂ ਫਿਰ ਉਹ ਕਿਸੇ ਨਾ ਕਿਸੇ ਬਹਾਨੇ ਖੋਹ ਵੀ ਲਿਆ ਜਾ ਸਕਦਾ ਹੈ।

ਦੋਮੋਨੀਕ ਵਰਗੀ ਕਮਾਊ, ਉੱਚ ਅਹੁਦੇਦਾਰ ਇਸਤਰੀ, ਜਿਸ ਨੂੰ ਜ਼ਿੰਦਗੀ ਵਿੱਚ ਸਭ ਕੁਝ ਮਨਚਾਹਿਆਂ ਪ੍ਰਾਪਤ ਹੋਇਆ, ਪ੍ਰੇਮੀ ਵੀ, ਪਤੀ ਵੀ, ਫਿਰ ਦੋ ਬੱਚੇ ਵੀ। ਦੁਨੀਆਂ ਦੇ ਹਰ ਦੇਸ਼ ਨੂੰ ਆਸਾਨੀ ਨਾਲ ਗਾਹ ਸਕਣ ਵਾਲੀ, ਦੁਨੀਆਵੀ ਸੁਖ ਸਹੂਲਤਾਂ ਨਾਲ ਲਬਰੇਜ਼, ਅਨੇਕ ਕ੍ਰਿਆਤਮਕ ਕਲਾਵਾਂ ਨੂੰ ਜਾਨਣ ਵਾਲੀ ਜੋ ਕਦੇ ਆਪਣੇ ਹੁਨਰ ਨੂੰ ਖੂਬਸੂਰਤ ਮੋਮਬੱਤੀਆਂ ਵਿੱਚ ਢਾਲ ਕੇ ਪੇਸ਼ ਕਰਦੀ ਹੈ ਤੇ ਕਦੇ ਕਲਾਤਮਕ ਗਹਿਣੇ ਬਣਾ ਕੇ ਹੁਣ ਇਹੋ ਜਿਹੀ ਸ਼ਖ਼ਸੀਅਤ ਹੋਰ ਕੀ ਕਰੇ ਕਿ ਉਸ ਦੀ ਜ਼ਿੰਦਗੀ ਵਿੱਚ ਜੋਸ਼ ਭਰਿਆ, ਉਤਸਾਹ ਜਨਕ ਕੁਝ ਅਜਿਹਾ ਵਾਪਰੇ, ਜੋ ਉਸ ਦੀ ਜ਼ਿੰਦਗੀ ਨੂੰ ਸਨਸਨੀਖੇਜ਼ ਵੀ ਬਣਾਏ ਤੇ ਝੁਣਝੁਣੀ ਤੇ ਸਨਸਨਾਹਟ ਵੀ ਪੈਦਾ ਕਰੇ। ਅਜਿਹੇ ਕਿਸੇ 'ਅਕਸਾਇਟਮੈਂਟ' ਲਈ ਇਸ਼ਕ ਤੋਂ ਬਿਹਤਰ ਹੋਰ ਕੀ ਹੋ ਸਕਦਾ ਹੈ, ਜੋ ਲੁਕ ਛੁਪ ਕੇ ਵੀ ਹੋਵੇ, ਮੌਜ ਮਸਤੀ ਵੀ ਕਰਾਵੇ, ਜ਼ਿੰਦਗੀ ਨੂੰ ਦੂਣੇ ਉਤਸਾਹ ਨਾਲ ਜਿਉਣ ਲਈ ਵੀ ਪ੍ਰੇਰੇ, ਤੇ ਬੰਦੇ ਦੇ ਦਿਲ ਦਿਮਾਗ਼ ਤੇ ਸਰੀਰ ਨੂੰ ਬਿਜੀ ਵੀ ਰਖੇ। ਇਸ ਲਈ ਇਹੋ ਜਿਹੇ ਇਸ਼ਕ ਦੀ ਉਮਰ ਥੋੜ੍ਹਾ ਚਿਰੀ ਹੀ ਰਹਿੰਦੀ ਹੈ, ਕਿਉਂਕਿ ਸਹੂਲਤਾਂ ਦਾ ਆਦੀ ਮਨ ਬੜਾ ਜਲਦੀ ਅੱਕ ਵੀ ਜਾਂਦਾ ਹੈ ਤੇ ਇਸੇ ਕਾਰਣ ਖਾਹਿਸ਼ਾਂ ਦਾ ਕੋਈ ਅੰਤ ਨਹੀਂ ਹੁੰਦਾ, ਇਹ ਕਿਸੇ ਨਾ ਕਿਸੇ ਰੂਪ ਵਿਚ ਬੰਦੇ ਦਾ ਦਾਮਨ ਫੜੀ ਹੀ ਰਖਦੀਆਂ ਹਨ ਤੇ ਬੰਦਾ ਹੋਰ, ਕੁਝ ਹੋਰ ਦੀ ਭਾਲ ਵਿਚ ਹਰ ਵੇਲੇ ਕੁਝ ਨਾ ਕੁਝ ਚਾਹੁੰਣ ਦੀ ਖਾਹਿਸ਼ ਪਾਲ ਕੇ ਹੀ ਰਖਦਾ ਹੈ ਤੇ ਅੱਗੇ ਵਧਦਾ ਜਾਂਦਾ ਹੈ।

ਜਾਰਜ ਸੁਪਨਜੀਵੀ ਨਹੀਂ, ਉਹ ਆਰੰਭ ਤੋਂ ਜੋ ਵੀ ਪ੍ਰਾਪਤ ਹੋਇਆ ਉਸ ਤੋਂ ਹੀ ਸਤੁੰਸ਼ਟ ਰਹਿਣ

ਵਾਲਾ ਵਿਅਕਤੀ ਹੈ। ਅੰਗ੍ਰੇਜ਼ਾਂ ਵਾਲੀਆਂ ਹੀ ਖੂਬੀਆਂ ਰਖਦਾ ਕਿਸੇ ਦੇ ਵੀ ਨਿੱਜੀ ਮਾਮਲਿਆਂ ਦੀ ਫੋਲਾ ਫਾਲੀ ਨਹੀਂ ਕਰਦਾ, ਭਾਵੇਂ ਉਸ ਦੀ ਆਪਣੀ ਬੀਵੀ ਦੋਮੋਨੀਕ ਹੀ ਕਿਉਂ ਨਾ ਹੋਵੇ। ਕਿਸੇ ਕਿਸੇ ਗੱਲ ਦਾ ਸੰਦੇਹ ਹੋਣ ਦੇ ਬਾਵਜੂਦ ਉਹ ਆਪਣੇ ਵਲੋਂ ਏਸ਼ੀਆਈ ਪਤੀਆਂ ਵਾਂਗ ਬੀਵੀ ਦੀ ਹਰ ਗੱਲ ਦੀ ਕੈੜ ਨਹੀਂ ਰਖਦਾ। ਦੋਮੋਨੀਕ ਜਾਣਦੀ ਹੈ ਕਿ ਜਾਰਜ ਉਸ ਦੇ ਮੋਬਾਇਲ ਦੀ ਵੀ ਫੋਲਾ ਫਾਲੀ ਨਹੀਂ ਕਰੇਗਾ, ਭਾਵੇਂ ਉਹ ਉਸ ਦੇ ਸਾਹਮਣੇ ਮੇਜ਼ ਉਤੇ ਹੀ ਕਿਉਂ ਨਾ ਪਿਆ ਹੋਵੇ। ਉਹ ਤਾਂ ਸਬੱਬੀ ਜੌਹਨ ਦੇ ਬਚਪਨੇ ਨੂੰ ਮੋਬਾਇਲ ਅੰਦਰ ਪਏ ਭੇਤਾਂ ਦਾ ਪਤਾ ਉਸ ਨੂੰ ਦੇ ਦਿੱਤਾ, ਪਰ ਸਭ ਕੁਝ ਜਾਨਣ ਦੇ ਬਾਵਜੂਦ ਉਸ ਨੇ ਦੋਮੋਨੀਕ ਕੋਲੋਂ ਗਿਆਗਰੀ ਤੇ ਉਸ ਦੇ ਸੰਬੰਧਾਂ ਬਾਰੇ ਕੋਈ ਪੁਣ ਛਾਣ ਨਹੀਂ ਕੀਤੀ। ਇਸ ਦਾ ਇਕ ਕਾਰਣ ਇਹ ਵੀ ਹੋ ਸਕਦਾ ਹੈ ਕਿ ਜਾਰਜ ਹੁਣ ਜ਼ਿੰਦਗੀ ਦੇ ਆਖਰੀ ਪੜਾਅ ਤੇ ਪਹੁੰਚਦਾ ਜਾਂਦਾ ਹੈ। ਘਰ ਪਤਨੀ ਬੱਚਿਆਂ ਤੇ ਆਪਣੀ ਨੌਕਰੀ ਤੋਂ ਉਹ ਪਹਿਲਾ ਹੀ ਸਤੁੰਸ਼ਟ ਹੈ, ਬਹੁਤੇ ਦੀ ਚਾਹ ਉਹ ਰੱਖਦਾ ਕਰਦਾ ਨਹੀਂ। ਉਹ ਐਨੇ ਵਰ੍ਹਿਆਂ ਦੀ ਗ੍ਰਹਿਸਥੀ ਵਿੱਚ ਇਹ ਜਾਣ ਚੁੱਕਾ ਹੈ ਕਿ ਜੇ ਦੋਮੋਨੀਕ ਨੇ ਆਪਹੁਦਰਾਪਨ ਕਰਕੇ ਉਸ ਨੂੰ ਛੱਡ ਦੇਣ ਦਾ ਮਨ ਬਣਾਇਆ ਤਾਂ ਉਹ ਉਸ ਨੂੰ ਨਾ ਰੋਕ ਸਕਦਾ ਹੈ ਤੇ ਸ਼ਾਇਦ ਰੋਕਣਾ ਚਾਹੁੰਦਾ ਵੀ ਨਹੀਂ, ਕਿਉਂਕਿ ਉਹ ਬਾਹਰੀ ਪ੍ਰਭਾਵਾਂ ਅਧੀਨ ਉਤਸਾਹਿਤ ਤੇ ਉਤੇਜਿਤ ਹੋਣ ਦੀ ਥਾਂ ਆਪਣੇ ਆਪ ਵਿੱਚ ਮਿਟਿਆ ਹੋਇਆ, ਸ਼ਾਂਤ ਪ੍ਰਵਿਰਤੀ ਦਾ ਮਾਲਕ ਹੈ। ਉਹ ਕੁਝ ਅਰਸਾ ਆਪਣੇ ਤੇ ਦੋਮੋਨੀਕ ਵਿਚਕਾਰਲੇ ਸੰਬੰਧਾਂ ਦੇ ਠੰਡੇਪਨ ਤੋਂ ਉਦਾਸ ਤੇ ਨਿਰਾਸ ਜ਼ਰੂਰ ਹੁੰਦਾ ਹੈ, ਜਿਸ ਦਾ ਨਤੀਜਾ ਅਕਸਰ ਦੋਵਾਂ ਵਿੱਚ ਹੁੰਦੀ ਲੜਾਈ ਤੇ ਚੀਖ਼-ਪੁਕਾਰ ਤੇ ਮੁੱਕਦਾ ਹੈ, ਪਰ ਹੌਲੀ ਹੌਲੀ ਜਾਰਜ ਇਸ ਵਲੋਂ ਵੀ ਅਵੇਸਲਾ ਹੁੰਦਾ ਜਾਂਦਾ ਹੈ। ਆਖਰੀ ਉਮਰੇ ਆਏ ਆਪਣੇ ਬੱਚੇ ਜੌਹਨੀ ਨਾਲ ਪਚਰਿਆ ਰਹਿਣ ਲੱਗਦਾ ਹੈ।

ਨਾਵਲ ਵਿੱਚ ਸਿੱਧੇ ਤੌਰ ਤੇ ਜਾਰਜ ਤੇ ਦੋਮੋਨੀਕ ਦੇ ਜਾਂ ਫਿਰ ਦੋਮੋਨੀਕ ਤੇ ਗਿਆਗਰੀ ਦੇ ਸੰਬੰਧ ਪਾਠਕਾਂ ਸਾਹਮਣੇ ਆਉਂਦੇ ਹੀ ਨਹੀਂ। ਜੋ ਕੁਝ ਵੀ ਸਾਹਮਣੇ ਆਉਂਦਾ ਹੈ, ਉਹ ਸਭ ਸੁਣਿਆ ਸੁਣਾਇਆ ਹੀ ਪਹੁੰਚਦਾ ਹੈ। ਪਾਠਕ ਤਾਂ ਸਿੱਧੇ ਗਿਆਗਰੀ ਨਾਲ ਰੂ ਬ ਰੂ ਵੀ ਨਹੀਂ ਹੁੰਦੇ। ਇਹ ਸਾਰਾ ਕੁਝ ਦੋਮੋਨੀਕ ਕੋਲੋਂ ਪਹਿਲਾ ਮਾਸ਼ਾ ਤਕ ਪੁੱਜਦਾ ਹੈ ਤੇ ਫਿਰ ਮਾਸ਼ਾ ਤੋਂ ਸਿੰਘ ਦੰਪਤੀ ਤਕ ਤੇ ਮਿ. ਸਿੰਘ ਰਾਹੀਂ ਪਾਠਕਾਂ ਤਕ। ਇਸ ਬਿਰਤਾਂਤਕ ਜੁਗਤ ਰਾਹੀਂ ਨਾਵਲਕਾਰ ਇਹ ਦੱਸਣਾ ਚਾਹੁੰਦਾ ਹੈ ਕਿ ਅਸੀਂ ਏਸ਼ੀਆਈ ਲੋਕ (ਰੂਸੀ ਤੇ ਭਾਰਤੀ ਦੋਵੇਂ) ਦੂਜਿਆਂ ਦੀ ਜ਼ਿੰਦਗੀ ਬਾਰੇ ਵਧੇਰੇ ਚਰਚਾ ਕਰਦੇ ਹਾਂ ਤੇ ਜੇ ਇਸ ਵਿੱਚ ਇਸ਼ਕ-ਮੁਹੱਬਤ ਦਾ ਕਿੱਸਾ ਆ ਜੁੜੇ ਤਾਂ ਹੋਰ ਵੀ ਰੁਚੀ ਲੈ ਕੇ ਕਹਿੰਦੇ ਸੁਣਦੇ ਹਾਂ। 'ਇਸ਼ਕ ਦੀ ਨਵੀਓਂ ਨਵੀਂ ਬਹਾਰ' ਇਸ਼ਕ ਹਰ ਹਾਲ ਵਿੱਚ ਦਿਲ ਖਿਚਵਾ ਰਹਿੰਦਾ ਹੈ, ਭਾਵੇਂ ਆਪਣੀ ਜ਼ਿੰਦਗੀ ਵਿੱਚ ਹੋਵੇ ਜਾਂ ਕਿਸੇ ਦੂਜੇ ਦੀ ਜ਼ਿੰਦਗੀ 'ਚ।

ਨਾਵਲ ਵਿੱਚ ਬਿਰਤਾਂਤਕ ਮਿ. ਸਿੰਘ ਆਪਣੀ ਮਾਂ ਵਲੋਂ ਸੁਣੀ ਇਕ ਲੋਕ ਕਥਾ ਰੂਪੀ ਬੁਝਾਰਤ ਸ਼ੇਰ ਤੇ ਬਕਰੀ ਨੂੰ ਇਕੱਠੇ ਨਦੀ ਪਾਰ ਲਿਜਾਣ ਰਾਹੀਂ ਦੋਮੋਨੀਕ ਜਾਰਜ ਅਤੇ ਗਿਆਰਸੀ ਵਿਚਲੇ ਸੰਬੰਧਾਂ ਨੂੰ ਸਮਝਣ ਸਮਝਾਉਣ ਦਾ ਯਤਨ ਕਰਦਾ ਹੈ। ਜਿਸ ਵਿੱਚ ਦੋਮੋਨੀਕ ਆਪਣੇ ਪਤੀ ਘਰ, ਬੱਚਿਆਂ ਦੇ ਨਾਲ ਗਿਆਗਰੀ ਨਾਲ ਬਣੇ ਆਪਣੇ ਸੰਬੰਧਾਂ ਨੂੰ ਕਿਵੇਂ ਪਾਰ ਲਿਜਾਵੇ ਤਾਂ ਕਿ ਸਭ ਕੁਝ ਆਸਾਨੀ ਨਾਲ ਸੁਲਝ ਜਾਏ, ਉਸ ਉਤੇ ਕੋਈ ਇਲਜ਼ਾਮ ਵੀ ਨਾ ਆਏ ਤੇ ਉਹ ਇਸ ਉਲਝਣ ਵਿਚੋਂ ਸੁਰਖ਼ਰੂ ਵੀ ਹੋ ਜਾਏ। ਮੇਰੇ ਵਿਚਾਰ ਅਨੁਸਾਰ ਨਾਵਲ ਦੇ ਕੇਂਦਰ ਵਿੱਚ ਇਹ ਬੁਝਾਰਤ ਨਹੀਂ, ਕਿਉਂਕਿ ਨਾਵਲ ਜਿਥੇ ਖਤਮ ਹੁੰਦਾ ਹੈ, ਉਥੇ ਕੋਈ ਉਲਝਣ ਬਾਕੀ ਹੀ ਨਹੀਂ ਹੁੰਦੀ। ਦੋਮੋਨੀਕ ਨੂੰ ਕੁਝ ਵੀ ਛੱਡ ਕੇ ਨਾ ਜਾਣਾ ਪੈਂਦਾ ਹੈ ਤੇ ਨਾ ਹੀ ਕੁਝ ਲੈ ਕੇ ਜਾਣਾ ਪੈਂਦਾ ਹੈ, ਬਾਹਰੀ ਬੰਦਾ ਗਿਆਗਰੀ ਦੋਮੋਨੀਕ ਦੀ ਜ਼ਿੰਦਗੀ ਵਿੱਚ ਪਤੀ ਬੱਚਿਆਂ ਦੇ ਹੁੰਦਿਆਂ ਜਿਸ ਤਰ੍ਹਾਂ ਦਾਖਿਲ ਹੁੰਦਾ ਹੈ, ਉਸੇ ਰਾਹ ਵਾਪਸ ਵੀ ਤੁਰ ਜਾਂਦਾ ਹੈ, ਕਿਉਂਕਿ ਗਿਆਗਰੀ ਉਤੇ ਆਪਣੀ ਪਤਨੀ ਦਾ ਪ੍ਰਭਾਵ ਤੇ ਰੋਹਬ ਵਧੇਰੇ ਭਾਰੂ ਸਿੱਧ ਹੁੰਦੇ ਹਨ। ਪਤਨੀ ਦੇ ਦਬਾਓ ਹੇਠ ਉਹ ਦੋਮੋਨੀਕ ਨੂੰ ਬਾਏ ਬਾਏ ਕਹਿ, ਉਸ ਦੀ ਕੰਪਨੀ ਵੀ ਛੱਡ ਹਮੇਸ਼ਾ ਲਈ ਉਸ ਤੋਂ ਦੂਰ ਚਲਾ ਜਾਂਦਾ ਹੈ।

ਵਿਆਹ ਇਕ ਅਜਿਹੀ ਸੰਸਥਾ ਹੈ, ਜਿਥੇ ਸਰੀਰਕ ਸੰਬੰਧ ਤੇ ਆਪਸੀ ਸਮਝ ਉਸ ਦੀ ਕਾਮਯਾਬੀ ਦੇ ਆਧਾਰ ਬਣਦੇ ਹਨ। ਪ੍ਰਕ੍ਰਿਤਕ ਤੌਰ ਤੇ ਜਵਾਨੀ ਦੀ ਉਮਰੇ ਬਣੇ ਸਰੀਰਕ ਸੰਬੰਧ ਕਾਮਯਾਬ ਹੋ ਹੀ ਜਾਂਦੇ



ਹਨ ਪਰ ਬਾਅਦ ਵਿਚ ਜਿਥੇ ਸਰੀਰਕ ਸੰਬੰਧਾਂ ਵਿਚ ਕਮੀ ਆਉਂਦੀ ਜਾਵੇ ਉਥੇ ਆਪਸੀ ਸੰਬੰਧ ਦੰਪਤੀਆਂ ਵਿਚਕਾਰ ਨਿਰਬਾਹ ਕਰਨ ਵਿਚ ਸਹਾਇਕ ਸਿੱਧ ਹੁੰਦਾ ਹੈ। ਇਸ ਨਾਵਲ ਵਿਚ ਦੋਮੋਨੀਕ ਦੀ ਸਮੱਸਿਆ ਇਹ ਹੈ ਕਿ ਉਹ ਸਭ ਕੁਝ ਜਾਣਦੇ ਸਮਝਦੇ ਹੋਏ ਵੀ, ਜਾਰਜ ਤੇ ਬੱਚਿਆਂ ਨਾਲ ਮੁਹੱਬਤ ਕਰਦੇ ਹੋਏ ਵੀ ਜਾਰਜ ਕੋਲੋਂ ਤਾਂ ਬਿਲਕੁਲ ਨਹੀਂ ਡਰਦੀ ਪਰ ਆਪਣੀ ਢਲਦੀ ਜਾਂਦੀ ਉਮਰ ਤੋਂ ਵਧੇਰੇ ਡਰਦੀ ਹੋਣ ਕਾਰਣ ਆਪਣੇ-ਆਪ ਉਤੇ ਵੀ, ਹਾਵੀ ਹੋਣ ਦੀ ਕੋਸ਼ਿਸ਼ ਕਰ ਭਟਕਣਾ ਵਿੱਚ ਪੈ ਜਾਂਦੀ ਹੈ, ਕਦੇ ਆਪਣੇ ਡਾਕਟਰ ਨਾਲ ਜਾਂ ਫਿਰ ਆਪਣੇ ਹੀ ਸਹਾਇਕ ਨਾਲ। ਇਸ ਭਟਕਣਾ ਵਿੱਚ ਸਿਵਾਏ ਖੁਆਰ ਹੋਣ ਦੇ ਹੋਰ ਕੁਝ ਪੱਲੇ ਨਹੀਂ ਪੈਂਦਾ।

ਨਾਵਲ ਵਿਚ ਤਮਾਮ ਉਸ ਵਰਗ ਦੀ ਪ੍ਰਤੀਨਿਧਤਾ ਕਰਦੀ ਹੈ ਜਿਨ੍ਹਾਂ ਸੰਘਰਸ਼ ਕਰ ਕਰ ਕੇ ਨਿਰਬਾਹ ਕੀਤਾ ਤੇ ਮਾਸ਼ਾ ਆਪਣੀ ਮਾਂ ਜਿਹੇ ਲੋਕਾਂ ਰਾਹੀਂ ਕੀਤੇ ਸੰਘਰਸ਼ ਨੂੰ ਵੇਖ ਮਹਿਸੂਸ ਕਰਕੇ ਹੀ ਹੱਥ ਵਿੱਚ ਆਈ ਅੰਨ੍ਹੀ ਦੌਲਤ ਨੂੰ ਪਾਰਟੀਆਂ, ਮੌਜ-ਮਸਤੀ ਤੇ ਸੈਰ-ਸਪਾਟੇ ਵਿੱਚ ਗਵਾਂ ਕੇ ਇਕ ਸਕੂਨ ਮਹਿਸੂਸ ਕਰਨਾ ਚਾਹੁੰਦੀ ਹੈ। ਸਿੰਘ ਦੰਪਤੀ ਮੱਧਵਰਗੀ ਭਾਰਤੀ ਲੋਕਾਂ ਦੀ ਪ੍ਰਤੀਨਿਧਤਾ ਕਰਦਾ ਹੈ, ਜੋ ਮੌਕਾ ਮੇਲ ਵਿੱਚ ਵੀ ਯਕੀਨ ਰਖਦਾ ਹੈ, ਘੁੰਮਣ-ਫਿਰਨ ਤੇ ਆਪਣੇ ਪਰੰਪਰਿਕ ਰਵਾਇਤ ਅਨੁਸਾਰ ਤੋਹਫੇ ਦੇਣ ਲੈਣ ਵਿੱਚ ਵੀ। ਉਹ ਦੋਮੋਨੀਕ ਜਾਰਜ ਦੇ ਸੰਬੰਧਾਂ ਬਾਰੇ ਤੇ ਫਿਰ ਦੋਮੋਨੀਕ ਦੀ ਭਟਕਣਾ ਬਾਰੇ ਸੁਣਕੇ ਇਸ ਪਖੋਂ ਵੀ ਆਪਣੇ ਭਾਰਤੀ ਸੰਸਕਾਰਾ ਅਨੁਸਾਰ ਹੀ ਸੋਚਦੇ ਹਨ। ਇਸੇ ਕਰਕੇ ਅਗੋਂ ਤੋਂ ਮੁੜ ਕੇ ਸਾਇਪ੍ਰੈਸ ਨਾ ਆਉਣ ਤੇ ਘਰ ਜਾ ਕੇ ਦੋਮੋਨੀਕ ਦੀਆਂ ਦਿੱਤੀਆਂ ਮੋਮਬੱਤੀਆਂ ਦੇ ਤੋਹਫੇ ਨੂੰ ਵੀ ਪਰ੍ਹੇ ਸੁੱਟ ਦੇਣ ਬਾਰੇ ਨਿਸ਼ਚਾ ਕਰ ਲੈਂਦੇ ਹਨ। ਮਿਸਿਜ਼ ਸਿੰਘ ਅਤੇ ਤੁਮਾਰਾ ਦੀ ਸ਼ਮੂਲੀਅਤ ਨਾਵਲ ਵਿਚ ਜਾਰਜ ਵਾਂਗ ਬਹੁਤੀ ਨਹੀਂ, ਪਰ ਜਿਥੇ ਜਿਥੇ ਵੀ ਦਾਅ ਲੱਗਦਾ ਹੈ ਮਿਸਿਜ ਸਿੰਘ ਇਨ੍ਹਾਂ ਵਿਚੋਂ ਆਪਣੀਆਂ ਟਿਪਣੀਆਂ ਨਾਲ ਬਾਜ਼ੀ ਮਾਰ ਲੈ ਜਾਂਦੀ ਹੈ।

ਦਰਸਨ ਸਿੰਘ ਦੀ ਬਿਰਤਾਂਤਕਾਰੀ ਵਿੱਚ ਕਾਫੀ ਰਸ ਹੈ, ਪਰ ਸਭ ਤੋਂ ਵੱਧ ਭਾਜੜ ਦੀ ਥਾਂ 'ਤੇ ਠਰ੍ਹੰਮਾ ਏ। ਇਹ ਠਰ੍ਹੰਮਾ ਇਸ ਕਰਕੇ ਵੀ ਨਜ਼ਰ ਆਉਂਦਾ ਹੈ ਕਿਉਂਕਿ ਨਾਵਲੀ ਕਾਰਜ ਦਾ ਸਮਾਂ ਕਾਲ ਪੰਜ ਛੇ ਦੇ ਅਰਸੇ ਤੱਕ ਫੈਲਿਆ ਹੋਇਆ ਹੈ। ਸੰਬੰਧ ਹੌਲੀ ਹੌਲੀ ਬਣਦੇ, ਵਿਗਸਦੇ ਤੇ ਫਿਰ ਠੰਡੇ ਪੈ ਟੁੱਟ ਵੀ ਜਾਂਦੇ ਹਨ। ਜਿਵੇਂ ਅਸੀਂ ਮਾਸ਼ਾ ਤੇ ਦੋਮੋਨੀਕ ਦੀ ਦੋਸਤੀ ਬਾਰੇ ਵੀ ਦੇਖਦੇ ਹਾਂ। ਜਿਹੜੇ ਸੰਬੰਧ ਤੇਜ਼ੀ ਨਾਲ ਬਣਨ ਉਹ ਝਟਕੇ ਨਾਲ ਟੁੱਟ ਵੀ ਜਾਂਦੇ ਹਨ। ਨਾਵਲ ਵਿੱਚ ਮਿ. ਸਿੰਘ ਦਾ ਪ੍ਰਕ੍ਰਿਤੀ ਨਾਲ ਜੁੜਣਾ ਉਸ ਦੀ ਵਿਸ਼ਾਲਤਾ ਨੂੰ ਦੇਖਣਾ, ਮਹਿਸੂਸ ਕਰਨਾ ਤੇ ਉਸ ਨਾਲ ਸਦੀਵੀ ਨਾਤਾ ਬਣਾ ਕੇ ਚਲਣਾ ਭਾਵੇਂ ਉਹ ਆਸਮਾਨ ਹੋਵੇ ਜਾਂ ਸਮੁੰਦਰ, ਫੁੱਲ ਬੂਟੇ ਹੋਣ ਜਾਂ ਟੇਢੇ ਮੇਢੇ ਰਾਹ ਜਾਂ ਪਹਾੜੀ ਟਿੱਬੇ ਹੋਣ, ਹਰ ਥਾਂ ਉਨ੍ਹਾਂ ਨਾਲ ਸਾਂਝ ਪਾ ਲੈਣਾ ਉਸ ਦੇ ਕੋਮਲਭਾਵੀ ਹੋਣ ਦਾ ਪਰਿਚੇ ਦੇਂਦਾ ਹੈ। ਦੁਨੀਆਂ ਦੇ ਵਿਭਿੰਨ ਦੇਸ਼ਾਂ ਦੇ ਲੋਕਾਂ ਨੂੰ ਮਿਲਦੇ ਹੋਏ, ਗੱਲਾਂ ਕਰਦੇ ਹੋਏ ਉਹ ਮਿ. ਸਿੰਘ ਹੋਣ ਦੇ ਨਾਤੇ ਇਕ ਭਾਰਤੀ ਵਜੋਂ ਵਧੇਰੇ ਜਾਣਿਆ ਪਛਾਣਿਆ ਜਾਂਦਾ ਹੈ। ਇਸ ਕਰਕੇ ਉਨ੍ਹਾਂ ਨੂੰ ਬੇਰੁਤ ਜਾਣ ਘੁੰਮਣ ਦੀ ਆਗਿਆ ਨਹੀਂ ਮਿਲਦੀ ਤੇ ਇਸੇ ਕਰਕੇ ਹੀ ਦੰਪਤੀ ਨੂੰ ਆਪਣੇ ਦੇਸ਼ ਵਿੱਚ ਹਰ ਥਾਂ ਤੇ ਹਰ ਚੀਜ਼ ਵੱਡੀ ਵੱਡੀ ਦੇਖਣ ਦੀ ਆਦਤ ਪਈ ਹੋਣ ਕਾਰਣ ਮਾੜੇ ਮਾੜੇ ਜਿਹੇ ਪੁਲ ਤੇ ਇਮਾਰਤਾਂ ਆਕਰਸ਼ਿਤ ਨਹੀਂ ਕਰਦੇ।

ਨਾਵਲ ਵਿੱਚ ਦਰਸ਼ਨ ਸਿੰਘ ਦੋਮੋਨੀਕ ਦੇ ਘਰ ਜਾਣ ਤੇ ਬਾਗ਼ ਵਾਲੇ ਪਾਸੇ ਲੱਗੀ ਥੋਹਰ ਦਾ ਜ਼ਿਕਰ ਕਰਦਾ ਹੈ। ਜਿਸ ਵਿੱਚ ਸਜਾਵਟ ਸੀ ਤੇ ਉਸ ਵਿੱਚ ਮੋਤੀਆਂ ਰੰਗ ਦੇ ਛੋਟੇ ਫੁੱਲ ਤੇ ਫ਼ਲ ਪੱਕੇ ਫ਼ਲ ਲੱਗੇ ਦਿਸਦੇ ਹਨ। ਹਰ ਵਾਰ ਉਹ ਥੋਹਰ ਮਿ. ਸਿੰਘ ਦਾ ਧਿਆਨ ਆਪਣੇ ਵੱਲ ਖਿੱਚਦੀ ਹੈ। ਦੋਮੋਨੀਕ ਵੀ ਬਸ ਇਹੋ ਜਿਹੀ ਹੀ ਹੈ, ਆਕਰਸ਼ਿਤ, ਸਜਾਵਟੀ, ਫੁੱਲ੍ਹਾਂ ਤੇ ਫਲਾਂ ਨਾਲ ਭਰੀ ਹੋਈ ਪਰ ਕੰਢਿਆਲੀ। ਇਹੋ ਜਿਹੀ ਥੋਹਰ ਭਾਰਤ ਵਰਗੇ ਦੇਸ਼ ਵਿੱਚ ਵਿਚਾਰੀ ਜਿਹੀ ਹੀ ਹੁੰਦੀ ਹੈ, ਕਦੇ ਸਲਾਹੀ ਨਹੀਂ ਜਾਂਦੀ ਪਰ ਬਾਹਰਲੇ ਦੇਸ਼ ਵਿਚ ਉਸ ਦਾ ਬੜਾ ਠਾਠ ਸੀ। ਇਹੋ ਬੁਝਾਰਤ ਤਾਂ ਨਹੀਂ ਸੀ ਕਿਧਰੇ ਬੁਝਣ ਵਾਲੀ... ਸ਼ਾਇਦ ਪਤਾ ਨਹੀਂ।

## ਪੁਸਤਕ ਪੜਚੋਲ/ ਭਗਵੰਤ ਰਸੂਲਪੁਰੀ

**ਸੁਤੰਤਰਤਾ ਅੰਦੋਲਨ ਅਤੇ ਭਾਰਤੀ ਮੁਸਲਮਾਨ**
**ਲੇਖਕ : ਸ਼ਾਂਤੀਮਯ ਰਾਏ,**
**ਅਨੁਵਾਦਕ : ਡਾ. ਨਰੇਸ਼**
**ਪ੍ਰਕਾਸ਼ਕ : ਨੈਸ਼ਨਲ ਬੁੱਕ ਟਰੱਸਟ, ਇੰਡੀਆ**
**ਮੁੱਲ : 80, ਪੰਨੇ : 163**




ਸਮਾਜਿਕ ਵਿਗਿਆਨ ਦੇ ਅੰਤਰਗਤ ਟਰੱਸਟ ਵਧੇਰੇ ਕਰਕੇ ਦੇਸ਼ ਦੀ ਅਜਾਦੀ ਤੇ ਸਮਾਜਿਕ, ਅਧਿਕਾਰਾ ਦੇ ਮਸਲਿਆਂ ਤੇ ਪੁਸਤਕ ਪ੍ਰਕਾਸਤ ਕਰਦਾ ਹੈ। ਸ਼ਾਂਤੀਮਯ ਰਾਏ ਦੀ ਬੜੀ ਮੁੱਲਵਾਨ ਪੁਸਤਕ 'ਸੁਤੰਤਰਤਾ ਅੰਦੋਲਨ ਅਤੇ ਭਾਰਤੀ ਮੁਸਲਮਾਨ' ਨੂੰ ਦੇਖਿਆ ਜਾ ਸਕਦਾ ਹੈ ਜਿਸ ਦਾ ਅਨੁਵਾਦ ਡਾ. ਨਰੇਸ਼ ਨੇ ਕੀਤਾ ਹੈ। ਇਹ ਪੁਸਤਕ ਸੁਤੰਤਰਤਾ ਅੰਦੋਲਨ ਨਾਲ ਜੁੜੇ ਇਕ ਵੱਖਰੇ ਪ੍ਰਸੰਗ ਨੂੰ ਉਭਾਰਦੀ ਹੈ। ਇਹ ਚੰਗੀ ਗੱਲ ਹੈ ਕਿ ਅੱਜ ਸੁਤੰਤਰਤਾ ਅੰਦੋਲਨ ਦਾ ਹਰ ਪੱਖ ਤੋਂ ਹਰ ਕੋਣ ਤੋਂ ਵਿਸ਼ਲੇਸ਼ਣ ਹੋਣ ਲੱਗ ਪਿਆ ਹੈ। ਟਰੱਸਟ ਇਸ ਕਾਰਜ ਲਈ ਵੀ ਵਧਾਈ ਦਾ ਪਾਤਰ ਹੈ। ਗ਼ਦਰ ਮਗਰੋਂ ਜਿਹੜਾ ਇਤਿਹਾਸ ਲਿਖਿਆ ਗਿਆ ਉਸ ਵਿਚ ਮੁਸਲਮਾਨਾਂ ਪ੍ਰਤੀ ਕੁੜੱਤਣ ਵਾਲੇ ਪ੍ਰਸੰਗਾ ਦੀ ਭਰਮਾਰ ਰਹੀ। ਇਹ ਕਾਰਜ ਬਰਤਾਨਵੀ ਇਤਿਹਾਸਕ ਲੇਖਕਾਂ ਨੇ ਕੀਤਾ। ਇਹ ਪੁਸਤਕ ਸੁਤੰਤਰਤਾ ਅੰਦੋਲਨ ਦੀ ਮੁਸਲਮਾਨਾਂ ਦੀ ਸਕਾਰਾਤਮਕ ਦੇਣ ਵੀ ਉਜਾਗਰ ਕਰਦੀ ਹੈ। ਜਿਸ ਨੂੰ ਉਭਰਨ ਨਹੀਂ ਦਿੱਤਾ ਗਿਆ। ਖੇਤਰੀ ਦਸਤਾਵੇਜ਼ਾਂ ਦੇ ਵਿਸ਼ਾਲ ਭਡਾਰ ਵਿਚੋਂ ਲੇਖਕ ਨੇ ਸਮੱਗਰੀ ਇਕੱਤਰ ਕਰਕੇ ਡਾ. ਆਰ. ਸੀ. ਮਜੂਮਦਾਰ ਦੀ ਇਤਿਹਾਸਕਾਰੀ ਤੇ ਸਵਾਲ ਖੜੇ ਕੀਤੇ ਹਨ। ਲੇਖਕ ਨੇ ਉਨ੍ਹਾਂ ਇਤਿਹਾਸਕਾਰ ਦੇ ਸਮਾਂਨੰਤਰ ਇਤਿਹਾਸ ਸਿਰਜਿਆ ਹੈ ਜਿਨ੍ਹਾਂ ਨੇ ਭਾਰਤ ਦੇ ਮੁਸਲਮਾਨ ਵਲੋਂ ਭਾਰਤ ਵਿਚੋਂ ਅੰਗਰੇਜ਼ੀ ਹਕੂਮਤ ਦਾ ਭੋਗ ਪਾਉਣ ਲਈ ਨਿਭਾਈ ਸਾਰਥਕ ਭੂਮਿਕਾ ਨੂੰ ਹਨੇਰੇ ਵਿਚ ਰੱਖਣ ਦਾ ਸੁਚੇਤ ਯਤਨ ਕੀਤਾ ਹੈ। ਆਪਣੀ ਗੱਲ ਨੂੰ ਠੋਸ ਸਿੱਧ ਕਰਨ ਲਈ ਲੇਖਕ ਸੰਨਿਆਸੀਆਂ ਅਤੇ ਫ਼ਕੀਰਾਂ ਦਾ ਵਿਦਰੋਹ, ਵਾਹਬੀ ਵਿਦਰੋਹ, ਜਨ ਸੰਘਰਸ਼ ਵਿਚ ਭਾਰਤੀ ਮੁਸਲਮਾਨ ਤੋਂ ਇਲਾਵਾ ਸੁਤੰਤਰਤਾ ਅੰਦਲੋਨ ਵਿਚ ਸ਼ਹੀਦ ਹੋਣ ਵਾਲੇ ਮੁਸਲਮਾਨਾਂ ਦੀ ਸੂਚੀ, ਪਹਿਲੇ ਵਿਸ਼ਵ ਯੁੱਧ ਦੌਰਾਨ ਵਿਦਰੋਹ, ਅੰਦਲੋਨ ਵਿਚ ਮੁਸਲਮਾਨਾਂ ਦੀ ਸ਼ਮੂਲੀਅਤ ਬਾਰੇ ਰਾਜਧ੍ਰੋਹ ਕਮੇਟੀ ਦੀ ਰਿਪੋਰਟ ਦੇ ਦਸਤਾਵੇਜ਼ ਆਦਿ ਵੇਰਵੇ ਪੁਸਤਕ ਵਿਚ ਤੱਥਾਂ ਸਮੇਤ ਦਿੰਦਾ ਹੈ। ਜਿਸ ਤੋਂ ਇਸ ਗੱਲ ਦਾ ਅਹਿਸਾਸ ਹੁੰਦਾ ਹੈ ਇਨ੍ਹਾਂ ਪ੍ਰਸੰਗਾਂ ਨੂੰ ਸਾਡੇ ਇਤਿਹਾਸਕਾਰਾਂ ਨੇ ਨਿਰਪੱਖਤਾ ਨਾਲ ਉਭਾਰਿਆ ਨਹੀਂ ਹੈ। ਸੰਵੇਦਨਸ਼ੀਲ ਵਿਸ਼ੇ ਨੂੰ ਲੇਖਕ ਨੇ ਬੜੇ ਠਰੰਮੇ ਅਤੇ ਤਰਕ ਨਾਲ ਪੇਸ਼ ਕੀਤਾ ਹੈ। ਸੁਤੰਤਰਤਾ ਅੰਦੋਲਨ ਵਰਗੇ ਬਹਿਸ ਤਲਬ ਵਿਸ਼ੇ ਤੇ ਲਿਖੀ ਪੁਸਤਕ ਕਈ ਪੱਖਾ ਤੋਂ ਅਹਿਮ ਪੁਸਤਕ ਹੈ। ਜਿਸ ਨੂੰ ਟਰੱਸਟ ਨੇ ਪੰਜਾਬੀ ਵਿਚ ਛਾਪ ਕੇ ਦਲੇਰੀ ਦਾ ਕਾਰਜ ਕੀਤਾ ਹੈ।


**ਬਟੁਕੇਸ਼ਵਰ ਦੱਤ (ਭਗਤ ਸਿੰਘ ਦੇ ਸਹਿਯੋਗੀ)**
**ਮੂਲ ਲੇਖਕ : ਅਨਿਲ ਵਰਮਾ, ਅਨੁਵਾਦਕ : ਡਾ. ਜਸਵਿੰਦਰ ਕੌਰ ਬਿੰਦਰਾ**
**ਪ੍ਰਕਾਸ਼ਕ : ਨੈਸ਼ਨਲ ਬੁੱਕ ਟਰੱਸਟ, ਇੰਡੀਆ**
**ਮੁੱਲ : 90, ਪੰਨੇ : 186**






ਮਹਾਨ ਕ੍ਰਾਂਤੀਕਾਰੀ ਦੇਸ਼ ਭਗਤ ਬਟੁਕੇਸ਼ਵਰ ਦੱਤ ਨੂੰ ਸਮਝਣ ਲਈ ਇਹ ਪੁਸਤਕ ਬਹੁਤ ਅਹਿਮ ਭੂਮਿਕਾ ਅਦਾ ਕਰੇਗੀ। ਇਸ ਦੇਸ਼ ਭਗਤ ਨੇ 8 ਅਪ੍ਰੈਲ 1929 ਨੂੰ ਦਿੱਲੀ ਦੀ ਸੈਂਟਰਲ ਅਸੈਂਬਲੀ 'ਚ ਬੰਬ ਵਿਸਫੋਟ ਕਰਕੇ ਬ੍ਰਿਟਿਸ਼ ਖ਼ਿਲਾਫ਼ ਲੜਾਈ ਦਾ ਆਰੰਭ ਕੀਤਾ ਸੀ। ਪ੍ਰੰਤੂ ਦੱਤ ਦਾ ਕਾਰਜ ਖੇਤਰ ਇਸ ਤੋਂ ਵੀ ਵਿਸ਼ਾਲ ਰਿਹਾ। ਇਸ ਤੋਂ ਪਹਿਲਾਂ ਤੇ ਜ਼ੇਲ ਵਿਚ ਉਸ ਨੇ ਬ੍ਰਿਟਿਸ ਸਾਮਰਾਜ ਵਿਰੁੱਧ ਲੜਾਈ ਜਾਰੀ ਰੱਖੀ। 10 ਸਾਲ ਅੰਡੇਮਾਨ ਦੀ ਜ਼ੇਲ ਭੋਗੀ ਅਤੇ 1942 ਵਿਚ ਭਾਰਤ ਛੱਡੋ ਅੰਦੋਲਨ ਵਿਚ ਭਾਗ ਫਿਰ ਕੈਦੀ ਰਿਹਾ। ਪ੍ਰੰਤੂ ਅਜਿਹੇ ਦੇਸ਼ ਭਗਤ ਦੀ ਤਰਸਯੋਗ ਹਾਲਤ ਦੇਸ਼ ਅਜ਼ਾਦ ਹੋਣ ਉਪਰੰਤ ਹੁੰਦੀ ਹੈ ਜਦੋਂ ਉਹ ਰੋਟੀ ਰੋਜੀ ਲਈ ਸਿਗਰਟ ਕੰਪਨੀ ਦੇ ਮਾਮੂਲੀ ਏਜੰਟ ਦੇ ਰੂਪ ਵਿਚ ਵਿਚਰੇ। ਦੱਤ ਦੇ ਦੇਸ਼ ਭਗਤੀ ਦੇ ਕਾਰਜ ਨੂੰ ਹੁਣ ਤੱਕ ਓਹਲੇ ਵਿਚ ਰੱਖਿਆ ਜਾਂਦਾ ਰਿਹਾ। ਇਹ ਪੁਸਤਕ ਦੱਤ ਦੀਆਂ ਪ੍ਰਾਪਤੀਆਂ ਉਤੇ ਸਮੇਂ ਦੀ ਪਾਈ ਹੋਈ ਮਿੱਟੀ ਨੂੰ ਸਾਫ ਕਰਦੀ ਹੈ। ਪੁਸਤਕ ਵਿਚ ਅਸੈਂਬਲੀ ਬੰਬ ਵਿਸਫੋਟ, ਆਗਰਾ ਦੀ ਬੰਬ ਫੈਕਟਰੀ, ਅਦਾਲਤ ਦੇ ਚੱਕਰ, ਲਾਹੌਰ ਸਾਜ਼ਿਸ਼ ਕੇਸ, ਕਾਲਾ ਪਾਣੀ ਦੇ ਤਸੀਹੇ ਤੋਂ ਇਲਾਵਾ ਦੱਤ ਨਾਲ ਜੁੜੇ ਕੁਝ ਡਾਕੂਮੈਂਟ ਵੀ ਪ੍ਰਕਾਸ਼ਤ ਕੀਤੇ ਗਏ ਹਨ। ਅਸੈਂਬਲੀ ਬੰਬ ਕਾਂਡ ਵਿਚ ਲਾਹੌਰ ਹਾਈਕੋਰਟ ਦਾ ਸੰਪੂਰਣ ਫ਼ੈਸਲਾ, ਬਟੁਕੇਸ਼ਵਰ ਦੱਤ ਨਾਲ ਸੰਬੰਧਿਤ ਮਹੱਤਵਪੂਰਨ ਪੱਤਰ ਵੀ ਪ੍ਰਕਾਸ਼ਤ ਕੀਤੇ ਹਨ। ਇਕ ਗੁੰਮਨਾਮ ਦੇਸ਼ ਭਗਤ ਨੂੰ ਹਾਸ਼ੀਏ ਤੋਂ ਚੁੱਕ ਕੇ ਮੇਨ ਸਟਰੀਮ 'ਤੇ ਲਿਆਉਣਾ ਸ਼ੁਭ ਕਾਰਜ ਹੈ। ਪੁਸਤਕ ਦਾ ਅਨੁਵਾਦ ਡਾ. ਜਸਵਿੰਦਰ ਕੌਰ ਬਿੰਦਰਾ ਨੇ ਕੀਤਾ ਹੈ।

**ਸੁੱਥਰਾ ਗਾਉਂਦਾ ਰਿਹਾ (ਸੰਗੀਤ ਨਾਟਕ)**
**ਡਾ. ਚਰਨਦਾਸ ਸਿੱਧੂ, ਮੁੱਲ : 150, ਪੰਨੇ : 63**
**ਪ੍ਰਕਾਸ਼ਕ : ਬਿਸ਼ਨ ਚੰਦ ਐਂਡ ਸੰਜ਼, ਦਿੱਲੀ**





ਇਸ ਨਾਟਕ ਦਾ ਘਟਨਾ ਸਥਲ ਪੰਜਾਬ ਦਾ ਜ਼ਿਲ੍ਹਾ ਭਾਮ ਹੈ। ਨਾਟਕ ਦਾ ਮੁੱਖ ਪਾਤਰ ਧੋਬੀ ਖ਼ੈਰਦੀਨ ਹੈ। ਪ੍ਰੰਤੂ ਉਹ ਜਾਤਾਂ ਕੁਜਾਤਾਂ, ਧਰਮਾਂ ਵਹਿਮਾਂ 'ਚ ਯਕੀਨ ਨਹੀਂ ਰੱਖਦਾ। ਸੁੱਥਰਾ ਸੱਚ ਦੇ ਗੀਤ ਗਾਉਂਦਾ ਹੈ। ਸੱਚ ਕਹਿੰਦਾ ਹੈ। ਨਾਟਕ ਦਾ ਥੀਮ ਪੱਤੀ ਮੂਲੇ ਭਾਮੀਏ ਅਤੇ ਪੱਤੀ ਦੱਲੋਵਾਲੀਏ ਨਾਲ ਸੰਬੰਧਤ ਹੰਕਾਰੀ ਬੰਦਿਆਂ ਦੇ ਝਗੜੇ ਨਾਲ ਜੁੜਿਆ ਹੋਇਆ ਹੈ। ਪੱਤੀ ਦੱਲੋਵਾਲੀਏ ਦੇ ਬਚਿੰਤੇ ਬੀਬੜ ਕੁਝ ਮੁੰਡਿਆ ਦੀ ਸਹਾਇਤ ਨਾਲ ਪੱਤੀ ਮੂਲੇ ਭਾਮੀਏ ਦਾ ਵਾਸੀ ਰਤਨ ਸਿੰਘ ਦੇ ਭਰਾ ਰਵੇਲ ਸਿੰਘ ਦਾ ਕਤਲ ਕਰਕੇ ਨੱਸ ਜਾਂਦਾ ਹੈ। ਖੈਰੀ ਧੋਬੀ ਇਸ ਘਟਨਾ ਦਾ ਗਵਾਹ ਹੈ। ਪਰ ਸਰਪੰਚ ਤੇ ਉਸ ਦੇ ਟਾਊਟ ਉਸ ਨੂੰ ਮੂੰਹ ਬੰਦ ਰੱਖਣ ਲਈ ਕਹਿੰਦੇ ਹਨ। ਪਰ ਉਸ ਸੱਚ ਬੋਲਦਾ ਹੈ। ਸੱਚ ਬੋਲਣ ਕਾਰਨ ਪੁੱਤਰ ਗੜਿੰਦੀ ਵੀ ਹੱਥੋਂ ਗਵਾਉਂਣਾ ਪੈਂਦਾ ਹੈ। ਨਾਟਕ ਦਾ ਆਰੰਭ ਤੇ ਅੰਤ ਬਹੁਤ ਹੀ ਖਿੱਚ ਭਰਪੂਰ ਹੈ। ਸੰਗੀਤ ਤੇ ਗੀਤਾਂ ਨਾਲ ਨਾਟਕ ਪਾਠਕ ਸਰੋਤਿਆਂ ਨੂੰ ਬੰਨ੍ਹੀ ਰੱਖਦਾ ਹੈ। ਰੰਗਮੰਚ ਦੀ ਦ੍ਰਿਸ਼ਟੀ ਤੋਂ ਇਹ ਸਫ਼ਲ ਨਾਟਕ ਹੈ। ਨਾਟਕ ਵਿਚ ਦੁਆਬੀ ਦਾ ਰੰਗ ਬਹੁਤ ਗੂੜਾ ਹੈ। ਖ਼ੈਰੂ ਦੀ ਮਨੋਅਵਸਥਾ ਨੂੰ ਨਾਟਕਕਾਰ ਨੇ ਸਫਲਤਾ ਨਾਲ ਫੜਿਆ ਹੈ। ਚਰਨ ਦਾਸ ਸਿੱਧੂ ਦਾ ਇਹ ਨਾਟਕ ਦੁਆਬੇ ਦੀ ਪੇਂਡੂ ਜ਼ਿੰਦਗੀ ਦੀ ਵਿਰਾਟ ਸਮੱਸਿਆ ਲੈ ਕੇ ਸਾਡੇ ਸਨਮੁੱਖ ਹੁੰਦਾ ਹੈ।

**ਗ਼ਾਲਿਬ ਏ ਆਜ਼ਮ** (ਨਾਟਕ)

**ਡਾ. ਚਰਨ ਦਾਸ ਸਿੱਧੂ**

**ਪ੍ਰਕਾਸ਼ਕ : ਸ਼ਿਲਾਲੇਖ ਦਿੱਲੀ**

**ਪੰਨੇ : 96, ਮੁੱਲ : 180**





ਨਾਟਕਕਾਰ ਚਰਨਦਾਸ ਸਿੱਧੂ ਦਾ 'ਗ਼ਾਲਿਬ ਏ ਆਜ਼ਮ' ਇਕ ਇਤਿਹਾਸਕ ਡਰਾਮਾ ਹੈ। ਜਿਸ ਵਿਚ ਗ਼ਾਲਿਬ ਦੇ ਬਿੰਬ ਨੂੰ ਨਾਟਕੀ ਜੁਗਤਾਂ ਨਾਲ ਸਕਾਰ ਕੀਤਾ ਹੈ। ਨਾਟਕਕਾਰ ਨੇ ਗ਼ਾਲਿਬ ਦੇ ਅਛੂਤੇ ਪਹਿਲੂ ਨੂੰ ਨਾਟਕ ਵਿਚ ਉਭਾਰਿਆ ਹੈ। ਉਸ ਨੇ ਹੁਣ ਤੱਕ ਹਾਜ਼ਿਰ ਜਵਾਬ, ਮੁਜਰੇ ਬਾਜ਼, ਸ਼ਰਾਬੀ, ਜੂਏਬਾਜ਼, ਰੱਬ ਤੋਂ ਮੁਨਕਰ ਦੇ ਰੂਪ ਵਿਚ ਦਿਖਾਇਆ ਗਿਆ। ਨਾਟਕ ਵਿਚ ਉਸ ਦਾ ਇਤਿਹਾਸਕ ਰੂਪ ਸਾਹਮਣੇ ਆਉਂਦਾ ਹੈ। ਪੂਰੀ ਜ਼ਿੰਦਗੀ ਆਪਣੀ ਪੈਨਸ਼ਨ ਪ੍ਰਾਪਤ ਕਰਨ ਵਾਸਤੇ ਲੜਾਈ ਲੜਦੇ ਰਹੇ। ਪੁਸ਼ਤੈਨੀ ਜਗੀਰ ਉਸ ਦੀ ਕਮਾਈ ਸੀ ਜਿਹੜੀ ਕਿ ਰਿਸ਼ਤੇਦਾਰਾਂ ਨੇ ਦਬਾ ਕੇ ਰੱਖੀ ਸੀ। ਗ਼ਾਲਿਬ ਦੀ ਕਮਰ ਤੋੜ ਦਿੱਤੀ। ਤਿੰਨ ਸਾਲ ਦਾ ਜ਼ੋਖ਼ਮ ਭਰਿਆ ਸਫ਼ਰ ਗ਼ਾਲਿਬ ਨੂੰ ਕਲਕੱਤਾ ਲੈ ਗਿਆ। ਮੁਕੱਦਮੇ ਦੀ ਹਾਰ ਹੋਈ। ਪ੍ਰੰਤੂ ਉਸ ਨੇ ਲੜਾਈ ਜਾਰੀ ਰੱਖੀ। ਨਾਟਕਕਾਰ ਗ਼ਾਲਿਬ ਦੇ ਬਨਾਰਸ ਸ਼ਹਿਰ ਵਿਚ ਵੱਸਣ ਨੂੰ ਉਸਦੀ ਜ਼ਿੰਦਗੀ ਦੀ ਸਭ ਤੋਂ ਮਹੱਤਵਪੂਰਨ ਘਟਨਾ ਬਣਾ ਕੇ ਪੇਸ਼ ਕਰਦਾ ਹੈ। ਜਿਹੜੀ ਘਟਨਾ ਉਸ ਨੂੰ ਭਾਰਤੀ ਸੰਤਾਂ ਸੂਫੀਆਂ ਦੀ ਕਤਾਰ ਵਿਚ ਲਿਆ ਕੇ ਖੜਾ ਕਰਦੀ ਹੈ। ਨਾਟਕ ਵਿਚ ਉਸ ਸਮੇਂ ਨੂੰ ਪੇਸ਼ ਕੀਤਾ ਗਿਆ ਹੈ। ਗ਼ਾਲਿਬ ਨੂੰ ਉਸ ਦੀ ਪਿੱਠ ਭੂਮੀ ਵਿਚ ਪੇਸ਼ ਕੀਤਾ ਜਾਂਦਾ ਹੈ। ਉਸ ਦਾ ਸਮਾਂ ਰਾਜੇ ਮਹਾਰਾਜਿਆਂ ਤੇ ਜਗੀਰਦਾਰਾਂ ਦਾ, ਰਾਈਸਾਂ ਦਾ, ਸਮਾਂ ਸੀ। ਮੁੱਦੀ ਬੇਗਮ ਵਰਗੀ ਬਹੂ ਬੇਟੀਆਂ ਦੀ ਇਸਮਤ ਤਾਰ ਤਾਰ ਹੁੰਦੀ ਹੈ। ਐਨੀ ਕਠਿਨ ਜ਼ਿੰਦਗੀ ਵਿਚ ਗ਼ਾਲਿਬ ਆਪਣੀ ਸ਼ਾਇਰੀ ਜਿੰਦਾ ਰੱਖਦਾ ਹੈ। ਨਾਟਕ ਵਿਚ ਇਹ ਪ੍ਰਸੰਗ ਵੀ ਉਭਰਵੇ ਰੂਪ ਵਿਚ ਪੇਸ਼ ਹੋਇਆ ਹੈ ਕਿ ਉਸ ਨੇ ਕਦੇ ਵੀ ਹਾਰ ਨਹੀਂ ਮੰਨੀ। ਨਾਟਕ ਵਿਚ ਪ੍ਰਾਚੀਨ ਚਾਰਵਾਕ ਰਿਸ਼ੀਆਂ ਦੇ ਕਲਾਮ ਤੋਂ ਲੈ ਕੇ ਭਗਤੀ ਕਾਲ ਦੇ ਸੰਤ ਕਵੀਆਂ ਦੀ ਬਾਣੀ, ਸਾਰੇ ਗੀਤ ਗ਼ਾਲਿਬ ਦੇ ਮਜ਼ਹਬੀ ਫ਼ਲਸਫ਼ੇ ਨੂੰ, ਅਕੀਦੇ ਨੂੰ, ਉਘਾੜਦੇ ਹਨ।

**ਮੌਤ ਇੱਕ ਦਰਿਆ ਦੀ** (ਨਾਵਲ)

**ਜੁਗਿੰਦਰ ਸਿੰਘ ਕੈਰੋਂ**

**ਸਫੇ : 200, ਪੰਨੇ : 152**

**ਪ੍ਰਕਾਸ਼ਕ : ਆਜੋਕੇ ਸ਼ਿਲਾਲੇਖ, ਅੰਮ੍ਰਿਤਸਰ**




ਕੈਰੋਂ ਨੇ ਜ਼ਿੰਦਗੀ ਅਤੇ ਮੌਤ ਦੇ ਸੰਦਰਭ ਵਿਚ ਦਾਰਸ਼ਨਿਕ ਮੁੱਦਿਆਂ ਨੂੰ ਨਾਵਲ ਦਾ ਕੇਂਦਰੀ ਧੁਰਾ ਬਣਾਇਆ ਹੈ। ਨਾਲ ਹੀ ਮਨੁੱਖੀ ਰਿਸ਼ਤੇ, ਪਿਆਰ, ਮੁਹੱਬਤ ਵਰਗੇ ਕਈ ਮਸਲੇ ਲਏ ਹਨ। ਨਾਵਲ ਵਿਚ ਕਈ ਰਹੱਸਮਈ ਬਿਰਤਾਂਤ ਵੀ ਨਾਵਲ ਦੇ ਕੇਂਦਰੀ ਪਾਤਰ ਰਾਹੀਂ ਖੋਹਲਦਾ ਹੈ। ਨਾਵਲ ਦਾ ਮੁੱਖ ਪਾਤਰ ਇਕ ਨਿਰਾਸ਼ਾਵਾਦੀ ਪਹੁੰਚ ਵਾਲਾ ਪਾਤਰ ਹੈ। ਪਿਆਰ ਦੀ ਅਤ੍ਰਿਪਤੀ ਉਹਨੂੰ ਨਿਰਾਸ਼ਾਵਾਦੀ ਬਣਾ ਦਿੰਦੀ ਹੈ। ਨਾਵਲ ਦੇ ਮੁੱਖ ਪਾਤਰ ਦੇ ਮਨ ਵਿਚ ਗੰਢ ਹੈ ਕਿ ਉਹਦਾ ਕੋਈ ਆਪਣਾ ਹੁੰਦਾ। ਤਾਂ ਕਿ




ਉਹਦੀ ਕੁੱਲ ਬਣਦੀ। ਨਾਵਲ ਦੇ ਬਿਰਤਾਂਤ ਵਿਚ ਉਸ ਨੂੰ ਅਨੇਕਾਂ ਮੌਕੇ ਮਿਲਦੇ ਵੀ ਹਨ। ਗੁਰਸੁਖ਼ਨ, ਬੱਬੂ ਤੇ ਪ੍ਰਨੀਤ ਨਾਲ ਨੇੜਤਾ ਤਾਂ ਹੁੰਦੀ ਹੈ ਪਰ ਇਨ੍ਹਾਂ ਨੂੰ ਰਿਸ਼ਤੇ ਦਾ ਕੋਈ ਨਾਂ ਨਹੀਂ ਮਿਲਦਾ। ਇਥੇ ਬੱਬੂ ਤੇ ਮੈਂ ਪਾਤਰ ਦੀ ਵੱਖੋ ਵੱਖਰੀ ਮਨੋਸਥਿਤੀ ਹੈ। ਬੱਬੂ ਇਕ ਅਜਿਹੀ ਪਾਤਰ ਹੈ ਜਿਸ ਦਾ ਸਮੇਂ ਸਮੇਂ ਸ਼ੋਸ਼ਣ ਹੁੰਦਾ ਹੈ। ਜੱਗੀ ਨਾਲ ਭਾਵਨਾਤਮਕ ਸਾਂਝ ਵੀ ਪੈਂਦੀ ਹੈ। ਬੱਬੂ ਉਹਦੇ ਵਿਚੋਂ ਬਾਪ ਦਾ ਬਿੰਬ ਲੱਭਦੀ ਹੈ। ਇਹਦੇ ਪਿਛੇ ਉਹਦੇ ਮਨ ਦੀ ਮਾਨਸਿਕ ਗੰਢ ਹੈ। ਨੀਲ ਕੰਤ ਉਹਦੀ ਕਲਪਨਾ ਵਿਚ ਆਉਂਦਾ ਹੈ। ਜਿਹੜਾ ਉਹਦੀ ਸੋਚ ਨੂੰ ਪ੍ਰਭਾਵਿਤ ਕਰਦਾ ਹੈ। ਤੇ ਮੁੱਖ ਪਾਤਰ ਨਾਲ ਉਹਦਾ ਸੰਵਾਦ ਵੀ ਤੁਰਦਾ ਹੈ। ਨਾਵਲ ਰਿਸ਼ਤਿਆਂ ਦੀ ਸਮਾਜਿਕ ਮਾਨਤਾਵਾਂ ਦਾ ਵਰਣਨ ਕਰਦਾ ਹੈ। ਨਾਵਲ ਵਿਚ ਚਿੰਤਨੀ ਸੁਰ ਭਾਰੂ ਹੈ। ਚਿੰਤਨ ਰਾਹੀਂ ਉਹ ਪਾਤਰਾਂ ਨੂੰ ਆਪਣੀ ਤਰ੍ਹਾਂ ਢਾਲਦਾ ਹੈ। ਸਿਰਜਦਾ ਹੈ। ਜਿਸ ਕਰਕੇ ਸਮਕਾਲੀ ਪ੍ਰਸਿਥਿਤੀਆਂ ਤੇ ਪਕੜ ਢਿੱਲੀ ਰਹਿ ਜਾਂਦੀ ਹੈ। ਮੁੱਖ ਪਾਤਰ ਇਕ ਕਲਾਕਾਰ ਹੈ। ਜਦੋਂ ਉਹ ਇਸ ਦੁਨੀਆਂ ਤੋਂ ਜਾਣ ਬਾਰੇ ਸੋਚਦਾ ਹੈ। ਉਹ ਕਿਵੇਂ ਮੌਤ ਦੀ ਤਿਆਰੀ ਕਰਦਾ ਹੈ, ਉਹਦੇ ਮਨ ਵਿਚ ਕਿਹੋ ਜਿਹੇ ਵਿਚਾਰ ਆਉਂਦੇ ਹਨ। ਬੀਤੇ ਜ਼ਿੰਦਗੀ ਦਾ ਲੇਖਾ ਜੋਖਾ ਕਰਦਾ ਹੈ। ਦਰਿਆ ਦਾ ਚਿਹਨ ਪਾਤਰ ਦੀ ਨਿਰਾਸ਼ਾਵਾਦੀ ਪਹੁੰਚ ਨੂੰ ਸਕਾਰ ਕਰਦਾ ਹੈ।

**ਦੋ ਦੂਣੀ ਪੰਜ** (ਨਾਵਲ)

**ਅਸ਼ਵਨੀ ਗੁਪਤਾ,**

**ਪੰਨੇ : 256, ਮੁੱਲ : 300 ਰੁਪਏ**

**ਪ੍ਰਕਾਸ਼ਕ : ਪਰੱਗਿਆ ਸਾਹਿਤ ਪ੍ਰਕਾਸ਼ਨ, ਮੋਗਾ**





ਗੁਪਤਾ ਪੰਜਾਬੀ ਨਾਵਲ ਦੇ ਖੇਤਰ ਵਿਚ ਕਾਫੀ ਦੇਰ ਤੋਂ ਸਰਗਰਮ ਹੈ। ਉਸ ਨੇ ਆਪਣੇ ਨਵੇਂ ਨਾਵਲ ਵਿਚ ਵਿਦਿਅਕ ਪ੍ਰਬੰਧ ਨੂੰ ਅਧਾਰ ਬਣਾਇਆ ਹੈ। ਨਾਵਲ ਵਿਚਲੇ ਪਾਤਰ ਬਲਰਾਜ, ਗਿਆਨ ਚੰਦ, ਹੁਸ਼ਿਆਰਪੁਰੀ, ਸੱਤਪਾਲ ਸੰਧੂ, ਅਲਖ ਨਿਰੰਜਨ, ਪੁਲਸ ਇੰਸਪੈਕਟਰ ਰਾਹੀਂ ਸਕੂਲ ਸਭਿਆਚਾਰ ਚਿਤਰਿਆ ਹੈ। ਵਿਦਿਆ ਦੇ ਬਜ਼ਾਰੀਕਰਣ ਨਾਲ ਕਿਵੇਂ ਸਾਡਾ ਸਮਾਜਿਕ ਸਿਸਟਮ ਅਤੇ ਤੰਤਰ ਡੋਲਦਾ ਹੈ ਨਾਵਲ ਦਾ ਅਧਾਰ ਹੈ। ਸਕੂਲ ਦੇ ਕਲਚਰ ਨੂੰ ਸਮੇਟਦਿਆ ਲੇਖਕ ਅਧਿਆਪਕਾਂ ਦੀ ਚੋਣ, ਵਿਦਿਆਰਥੀ ਦੇ ਦਾਖਲਿਆ, ਵਿਦਿਆ, ਪ੍ਰੀਖਿਆ-ਪ੍ਰਣਾਲੀ, ਜਿਥੇ ਪ੍ਰੀਖਿਆ ਲਈ ਜਾਂਦੀ ਹੈ ਉਥੇ ਪਨਪ ਰਿਹਾ ਭ੍ਰਸ਼ਿਟਾਚਾਰ, ਸਾਜ਼ਸ਼ੀ ਮਾਹੌਲ, ਅਧਿਆਪਕ ਅੰਦੋਲਨ, ਚੰਗੇ ਅਧਿਆਪਕ ਦਾ ਸ਼ੋਸ਼ਣ, ਨਕਲ ਦਾ ਰੁਝਾਨ, ਅਧਿਆਪਕਾ ਦਾ ਪ੍ਰਾਪਰਟੀ ਡੀਲਰੀ, ਸ਼ੇਅਰ ਬਜ਼ਾਰ, ਹੌਜ਼ਰੀ ਸਪਲਾਈ, ਟਿਊਸ਼ਨ ਵਰਗੇ ਕੰਮਾਂ ਵਿਚ ਪੂੰਜੀਵਾਦੀ ਮਾਨਸਿਕਤਾ ਦਾ ਰੁਝਾਨ। ਅਧਿਆਪਕ ਸੰਘਰਸ਼। ਇਸ ਤੋਂ ਇਲਾਵਾ ਲੇਖਕ ਇਸ ਕਿੱਤੇ ਦੇ ਸਾਰੇ ਨਾ ਪੱਖੀ ਰੁਝਾਨ ਨੂੰ ਨੰਗਿਆ ਕਰਦਾ ਹੈ। ਅਧਿਆਪਕ ਦੇ ਚੰਗੇ ਪੱਖ ਐਨੀ ਪ੍ਰਮੁੱਖਤਾ ਨਾਲ ਨਹੀਂ ਉਭਾਰਦਾ। ਪਰ ਇਸ ਰੁਝਾਨ ਨੂੰ ਐਨੀ ਪ੍ਰਪੱਕਤਾ ਨਾਲ ਬਿਆਨ ਨਹੀਂ ਕਰ ਸਕਿਆ। ਨਾਵਲ 'ਚ ਦੁਹਰਾਓ ਵੀ ਰੜਕਦਾ ਹੈ।

**ਸਾਹਿਤਕ ਸ੍ਵੈ ਜੀਵਨੀ** (**ਮੇਰਾ ਅਦਬੀ ਸਫ਼ਰ**)


**ਨਰਿੰਜਨ ਤਸਨੀਮ ,ਮੁੱਲ : 220, ਪੰਨੇ 160,**

**ਪ੍ਰਕਾਸ਼ਕ : ਪੰਜਾਬੀ ਯੂਨੀਵਰਸਿਟੀ, ਪਟਿਆਲਾ**

ਨਿਰੰਜਨ ਤਸਨੀਮ ਪੰਜਾਬੀ ਸਾਹਿਤ ਅਕੈਡਮੀ ਐਵਾਰਡ ਜੇਤੂ ਨਾਵਲਕਾਰ ਹੈ। ਤਸਨੀਮ ਦੀ




ਇਹ ਪੁਸਤਕ ਸਵੈ ਜੀਵਨੀ ਲੜੀ ਦੀ ਪੁਸਤਕ ਹੈ। ਲੇਖਕ ਨੇ ਇਹ ਦੱਸਿਆ ਕਿ ਮੈਂ ਜੋ ਆਪਣੇ ਆਲੇ ਦੁਆਲੇ ਨੂੰ ਦੇਖਿਆ ਮਹਿਸੂਸ ਕੀਤਾ ਅਤੇ ਉਹ ਆਲਾ ਦੁਆਲੇ ਉਨ੍ਹਾਂ ਨੇ ਆਪਣੇ ਨਾਵਲਾਂ ਵਿਚ ਕਿਵੇਂ ਲੈ ਆਂਦੇ। ਉਹ ਕਿਹੜੀ ਦ੍ਰਿਸ਼ਟੀ ਸੀ। ਕਿਹੜੀਆਂ ਤਕਨੀਕਾਂ ਸਨ ਅਤੇ ਕਿਹੜੇ ਬਿਰਾਂਤਕ ਮਾਡਲ ਸਨ ਜਿਨ੍ਹਾਂ ਨੂੰ ਅਧਾਰ ਬਣਾ ਕੇ ਨਾਵਲ ਦੇ ਬਿਰਤਾਂਤ ਸਿਰਜੇ ਇਸ ਪੁਸਤਕ ਰਾਹੀਂ ਬਿਆਨ ਕੀਤੇ ਹਨ। ਇਸ ਕਿਤਾਬ ਰਾਹੀਂ ਅਸੀਂ ਤਸਨੀਮ ਦੇ ਪਾਤਰਾਂ ਦੇ ਬੀਜਾਂ ਬਾਰੇ ਗਿਆਨ ਹਾਸਲ ਕਰ ਸਕਦੇ ਹਾਂ। ਪ੍ਰੰਤੂ ਪਾਤਰਾਂ ਨੂੰ ਕਿਵੇਂ ਪੇਸ਼ ਕਰਦਾ ਹੈ, ਵਿਚਾਰਧਾਰਕ ਮੁੱਦਿਆਂ ਨੂੰ ਵੀ ਉਭਾਰਿਆ ਹੈ। ਰਚਨਾ ਦੀ ਪਿੱਠਭੂਮੀ ਤੇ ਵਿਚਰਦੀ ਵਿਚਾਰਧਾਰਾ ਦਾ ਵਿਸ਼ਲੇਸ਼ਣ ਵੀ ਕੀਤਾ ਗਿਆ ਹੈ। ਚੇਤਨ ਪ੍ਰਵਾਹ ਕਿਵੇਂ ਉਨ੍ਹਾਂ ਦੇ ਨਾਵਲਾਂ ਵਿਚ ਆਇਆ ਇਹਦੇ ਪਿਛੇ ਕਿਹੜੇ ਹਾਲਾਤ ਸਨ। ਸਵੈ ਜੀਵਨੀ ਵਿਚ ਮੁੱਢਲੇ ਅਦਬੀ ਸਰੋਕਾਰ, ਪੰਜਾਬੀ ਨਾਵਲਕਾਰੀ 'ਚ ਪ੍ਰਵੇਸ਼ ਦੌਰਾਨ ਨਵੀਆਂ ਗਲਪੀ ਜੁਗਤਾਂ, ਸਮਕਾਰੀ ਸਾਹਿਤਕਾਰ, ਪਾਤਰ ਉਸਾਰੀ, ਸਾਹਿਤ ਦੀ ਦਿਸ਼ਾਹੀਣਤਾ, ਵਕਤ ਦੀ ਤਰਜਮਾਨੀ ਆਦਿ ਮੁੱਦਿਆਂ ਤੇ ਗੱਲਾਂ ਕੀਤੀਆਂ ਹਨ। 'ਮੇਰੇ ਮੁਢਲੇ ਅਦਬੀ ਸਰੋਕਾਰ' ਚੈਪਟਰ ਬਹੁਤ ਅਹਿਮ ਹੈ। ਜਿਸ ਵਿਚੋਂ ਲੇਖਕ ਦੇ ਅੰਦਰ ਲੇਖਕ ਦੇ ਬੀਜ ਪੁੰਗਰਦੇ ਹਨ। ਸਾਹਿਤ ਦੀ ਚੇਟਕ ਲੱਗਦੀ ਹੈ। ਉਰਦੂ ਮਾਸਿਕ 'ਪੰਗਡੰਡੀ' ਸ਼ੁਰੂ ਕਰਨ ਬਾਰੇ ਕਿਵੇਂ ਸੋਚਿਆ। ਜਦੋਂ ਲੇਖਕ ਪਰਚੇ ਦਾ ਮੈਟਰ 'ਕੱਠਾ ਕਰਦੇ ਸਨ ਉਦੋਂ ਹੀ ਫਸ਼ਾਦ ਸ਼ੁਰੂ ਹੋ ਜਾਂਦੇ ਹਨ। ਉਸ ਵੇਲੇ ਦੀ ਕਿਹੋ ਜਿਹੀ ਵੇਦਨਾ ਸੀ। ਸ਼ਿਮਲੇ ਵਿਚ ਆ ਜਾਣ ਤੇ ਲੇਖਕ ਦਾ ਨਾਵਲੀ ਸਫ਼ਰ ਸ਼ੁਰੂ ਹੋ ਜਾਂਦਾ ਹੈ। ਫਿਰ ਤਸਨੀਮ ਆਪਣੇ ਨਾਵਲ ਵਿਚ ਵਰਤੀਆਂ ਨਵੀਆਂ ਜੁਗਤਾਂ ਦੀ ਗੱਲ ਕਰਦਾ ਹੈ। ਲੇਖਕ ਨੇ ਮੁੱਖ ਤੌਰ ਤੇ ਅੰਗਰੇਜ਼ੀ ਨਾਵਲ ਦਾ ਪ੍ਰਭਾਵ ਕਬੂਲਿਆ। ਜਿਸ ਕਰਕੇ ਉਨ੍ਹਾਂ ਦੇ ਨਾਵਲ ਵਿਚ ਕੀਤੇ ਗਏ ਤਜਰਬੇ ਅੰਗਰੇਜ਼ੀ ਸਾਹਿਤ ਤੋਂ ਪ੍ਰਭਾਵਿਤ ਸਨ।




**ਗੋਰੀਆਂ (ਨਾਵਲ)**

**ਮੋਹਣ ਸਿੰਘ ਕੁੱਕੜਪਿੰਡੀਆ,**

**ਸਫੇ 198, ਮੁੱਲ 250**

**ਪ੍ਰਕਾਸ਼ਕ ਲੋਕ ਗੀਤ ਪ੍ਰਕਾਸ਼ਨ, ਚੰਡੀਗੜ੍ਹ**

ਮੋਹਣ ਸਿੰਘ ਪੰਜਾਬੀ ਨਾਵਲ ਵਿਚ ਪਰਵਾਸੀ ਜੀਵਨ ਸ਼ੈਲੀ ਵਿਚ ਲਿਖਣ ਵਾਲਾ ਬੜਾ ਚਰਚਿਤ ਨਾਂ ਹੈ। ਉਸ ਨੇ ਅਨੇਕਾਂ ਨਾਵਲ ਪੰਜਾਬੀ ਪਾਠਕਾਂ ਨੂੰ ਦਿੱਤੇ ਹਨ। ਇਹ ਉਸ ਦਾ ਨਵਾਂ ਨਾਵਲ ਹੈ। ਉਸ ਦੇ ਇਸ ਨਾਵਲ ਦਾ ਬਿਰਤਾਂਤ ਬੜਾ ਤੇਜ ਅਤੇ ਇਕਸਾਰ ਚੱਲਦਾ ਹੈ। ਉਹ ਕਹਾਣੀ ਨੂੰ ਕਿਤੇ ਵੀ ਰੋਕਦਾ ਨਹੀਂ। ਲਗਾਤਾਰ ਚੱਲਣ ਦਿੰਦਾ ਹੈ। ਉਹ ਬੜਾ ਤੇਜ਼ ਲਿਖਣ ਵਾਲਾ ਨਾਵਲਕਾਰ ਹੋਣ ਦੇ ਬਾਵਜੂਦ ਵੀ ਆਪਣੇ ਵਿਸ਼ੇ ਨੂੰ ਰਪੀਟ ਨਹੀਂ ਕਰਦਾ। ਨਾਵਲ ਵਿਚ ਉਸ ਨੇ ਪੰਜਾਬ ਦੀਆਂ 'ਗੋਰੀਆਂ' ਦਾ ਵਰਣਨ ਯਥਾਰਥਕ ਤਰੀਕੇ ਨਾਲ ਕੀਤਾ ਹੈ। ਨਾਵਲ ਦਾ ਨਾਇਕ ਨਛੱਤਰ ਹੈ ਜਿਹੜਾ ਇੰਗਲੈਂਡ ਜਾਂਦਾ ਹੈ। ਨਛੱਤਰ , ਪ੍ਰਕਾਸ਼ ਦੇ ਜੀਵਨੀ ਬਿਰਤਾਂਤ ਰਾਹੀਂ ਨਾਵਲਕਾਰ ਇਹ ਅਹਿਸਾਸ ਕਰਵਾਉਂਦਾ ਹੈ ਕਿ 'ਗੋਰੀਆਂ' ਦੀਆਂ ਕਈ ਪਰਤਾਂ ਹਨ। ਪੜ੍ਹਨ ਗਏ



ਪਰਵਾਸੀ ਉਧਰ ਜਾ ਕੇ ਨਿੱਕੇ ਵੱਡੇ ਕੰਮ ਕਰਦੇ ਹਨ, ਜ਼ਿੰਦਗੀ ਦਾ ਲੁਤਫ਼ ਵੀ ਲੈਂਦੇ ਹਨ। ਸੁਖਜੀਤ ਪੰਜਾਬੀ ਗੋਰੀ ਦੀ ਪ੍ਰਤੀਨਿੱਧਤਾ ਕਰਦੀ ਪਾਤਰ ਹੈ। ਔਰਤਾਂ ਦੀ ਔਰਤ ਪ੍ਰਤੀ ਈਰਖਾ ਇਸ ਨਾਵਲ ਵੀ ਭਾਰੂ ਹੈ। ਸਰਮਾਏਦਾਰੀ ਨਿਜ਼ਾਮ ਨੂੰ ਉਹ ਆਪਣੇ ਨਜ਼ਰੀਏ ਨਾਲ ਦੇਖਦਾ ਹੈ। ਕਾਰਖਾਨੇਦਾਰ ਜੇ ਧੰਨ ਲਾਉਂਦੇ ਹਨ ਤਾਂ ਮੁਨਾਫਾ ਲੈਣਾ ਵੀ ਉਨ੍ਹਾਂ ਦਾ ਅਧਿਕਾਰ ਹੈ ਉਹਨਾਂ ਨੂੰ ਜਿਹੜੀ ਉਜਰਤ ਮਿਲਦੀ ਹੈ ਉਹ ਹੀ ਠੀਕ ਹੈ। ਨਛੱਤਰ ਦੇ ਵਾਰਤਾਲਾਪ ਵਿਚ ਨਿਸੰਗਤਾ ਹੈ ਜਿਹੜੀ ਸਧਾਰਨ ਪਾਠਕ ਨੂੰ ਫੜੀ ਰੱਖਦੀ ਹੈ। ਨਾਵਲ ਵਿਚ ਇਕੋ ਇਕ ਗੁਰਪ੍ਰੀਤ ਪਾਤਰ ਆਉਂਦੀ ਹੈ ਜਿਹੜੀ ਮਰਦ ਦਾ ਪਹਿਲਾਂ ਦਾ ਰਸ ਚੂਸਦੀ ਹੈ ਫਿਰ ਜਦੋਂ ਉਹ ਫੋਟਕ ਰਹਿ ਜਾਂਦਾ ਹੈ ਤਾਂ ਪੰਜਾਬ 'ਚ ਆ ਕੇ ਕਤਲ ਕਰਵਾ ਦਿੰਦੀ ਹੈ। ਨਾਵਲ ਵਿਚ ਆਪਣੀ ਇਹ ਧਾਰਨਾ ਨੂੰ ਪੱਕਿਆ ਕਰਦਾ ਹੈ ਇਧਰ ਦੀਆਂ ਗੋਰੀਆਂ ਚੰਗੀਆਂ ਹਨ। ਜਿਨ੍ਹਾਂ ਵਿਚ ਸੰਵੇਦਨਾ ਬਚੀ ਹੋਈ ਹੈ ਪਰ ਪੰਜਾਬ ਦੀਆਂ ਜਿਹੜੀਆਂ ਕੁੜੀਆਂ ਹਨ ਉਹ ਹਰ ਹੀਲਾ ਵਰਤ ਕੇ ਮਰਦ ਤੇ ਹਾਵੀ ਹੁੰਦੀਆਂ ਹਨ। ਰੁਮਾਂਟਿਕ ਅੰਸ਼ ਨਾਵਲ ਵਿਚ ਭਾਰੂ ਸੁਰ ਹੈ। ਨਾਵਲ ਵਿਚ ਪੂਰਬੀ ਅਤੇ ਪੱਛਮੀ ਕਲਚਰ ਦੀ ਡੀਬੇਟ ਵੀ ਪੇਸ਼ ਕੀਤੀ ਹੈ। ਇਸ ਡੀਬੇਟ ਵਿਚ ਉਹ ਕੁਝ ਆਪਣੀਆਂ ਧਾਰਨਾਵਾਂ ਪੇਸ਼ ਕਰਦਾ ਹੈ। ਉਸਦਾ ਨਾਵਲ ਨਿਰੰਤਰ ਬਿਰਤਾਂਤ ਵਿਚ ਚਲਦਾ ਹੈ। ਵੱਡੀ ਗੱਲ ਇਹ ਕਿ ਉਸ ਦੇ ਇਸ ਨਾਵਲ ਵਿਚ ਪਾਤਰ ਭੂਹੇਰਵੇ ਦਾ ਸ਼ਿਕਾਰ ਨਹੀਂ। ਉਹ ਆਪਣੇ ਪਿੱਛੇ ਛੱਡ ਆਏ ਮਾਪਿਆ ਅਤੇ ਦੇਸ਼ ਨੂੰ ਰੋਂਦੇ ਨਹੀਂ ਸਗੋਂ ਜ਼ਿੰਦਗੀ ਨੂੰ ਜਿਉਣ ਜੋਗਾ ਬਣਾਉਂਦੇ ਹਨ।




**ਨਮਸਕਾਰ (ਕਹਾਣੀ ਸੰਗ੍ਰਹਿ)**

**ਦਰਸ਼ਨ ਜੋਗਾ, ਮੁੱਲ 130, ਪੰਨੇ 103**


**ਪ੍ਰਕਾਸ਼ਕ ਯੂਨੀਸਟਾਰ, ਚੰਡੀਗੜ੍ਹ**

ਦਰਸ਼ਨ ਜੋਗਾ ਦਾ ਇਹ ਪਲੇਠਾ ਕਹਾਣੀ ਸੰਗ੍ਰਹਿ ਹੈ। ਆਪਣੀਆਂ ਕਹਾਣੀਆਂ 'ਚ ਮਾਲਵੇ ਦੇ ਲੋਕਾਂ ਦਾ ਗੂੜੇ ਰੰਗ ਭਰਨ ਵਿਚ ਕਹਾਣੀਕਾਰ ਠੋਸ ਉਪਰਾਲੇ ਕਰਦਾ ਹੈ। ਮੱਧਵਰਗੀ ਕਿਸਾਨੀ ਜ਼ਿੰਦਗੀ ਵਿਚ ਵਿਚਰਦੇ ਪਾਤਰਾਂ ਦਾ ਵਿਸ਼ਲੇਸ਼ਣ ਕਰਨ ਲਈ ਕਹਾਣੀ ਦੀਆਂ ਭਿੰਨ ਭਿੰਨ ਕਥਾ ਜੁਗਤਾ ਨੂੰ ਵਰਤਦਾ ਹੋਇਆ ਅਨੇਕਾਂ ਅਛੂਤੇ ਮਨੁੱਖੀ ਜ਼ਿੰਦਗੀ ਦੇ ਪਸਾਰ ਫੜਦਾ ਹੈ। ਮ੍ਰਿਤੂ ਦੇ ਵੱਖ ਵੱਖ ਪਸਾਰਾਂ ਨੂੰ ਉਸ ਨੇ ਅਨੇਕਾਂ ਕਹਾਣੀਆਂ ਵਿਚ ਫੜਿਆ ਹੈ। 'ਨਮਸਕਾਰ' ਕਹਾਣੀ ਵਿਚ ਮੈਂ ਮੂਲਕ ਪਾਤਰ ਹਰਮਨ ਦੀ ਖੰਡਤ ਮਾਨਸਿਕਤਾ ਨੂੰ ਪੇਸ਼ ਕੀਤਾ ਹੈ। ਉਸ ਦੇ ਬਾਪ ਦਾ ਮਾਂ ਪ੍ਰਤੀ ਰੁੱਖਾ ਵਤੀਰਾ ਇਸ ਖੰਡਤ ਮਾਨਸਿਕਤਾ ਦੀ ਮੂਲ ਚੂਲ ਹੈ। ਬੰਦੇ ਦਾ ਅੰਦਰੂਨੀ ਤੇ ਬਾਹਰੀ ਕਿਰਦਾਰ ਉਸ ਦੀ ਮਾਨਸਿਕਤਾ ਉਦੋਂ ਵੱਧ ਵਿਗਾੜ ਦਿੰਦਾ ਹੈ ਜਦੋਂ ਉਹਦੀ ਮਾਂ ਮਰ ਜਾਂਦੀ ਹੈ। ਕਹਾਣੀ ਪਿਛਲਖੁਰੀ ਚੱਲਦੀ ਹੈ। ਮਸਲਾ ਇਥੇ ਵੱਡਾ ਇਹ ਹੈ ਕਿ ਹਰਮਨ ਮਾਂ ਦੇ ਜਿਉਂਦੇ ਜੀਅ ਉਹਦੇ ਹੱਕ ਲਈ ਕਿਓ ਨਹੀਂ ਖੜਦੀ। ਇਹ ਮਨੋ ਗੁੰਝਲ ਹੀ ਸਾਇਦ ਛੋਟੀ ਫੋਟੋ ਤੋਂ ਵੱਡੀ ਫੋਟੋ ਰੱਖਣ ਤੇ ਖੁੱਲਦੀ ਹੈ। 'ਫੇਰ ਕੀ? ' ਕਹਾਣੀ ਦੋ ਭਰਾਵਾਂ ਦੇ ਸਮਾਜਿਕ ਪਾੜੇ ਦੀ ਕਹਾਣੀ ਹੈ। ਇਕ ਸੁਖਵੀਰ ਹੈ ਜਿਹੜਾ ਵਿਦਿਆ ਪ੍ਰਾਪਤ ਕਰਕੇ ਨੌਕਰੀ ਤੇ ਲੱਗ ਕੇ ਪਰਿਵਾਰ ਨਾਲੋਂ ਟੁੱਟ ਜਾਂਦਾ ਹੈ। ਦੂਜਾ ਭਰਾ ਲਖਵੀਰ ਅਨਪੜ੍ਹ ਰਹਿਣ ਕਰਕੇ ਰਵਾਇਤੀ ਸਰੋਕਾਰਾਂ ਵਿਚ ਬੱਝ ਕੇ ਹਾਸ਼ੀਏ ਤੇ ਹੀ ਰਹਿੰਦਾ ਹੈ। ਲੇਖਕ ਨੇ ਦੱਸਿਆ ਕਿ ਕਿਵੇਂ ਵਿਦਿਆ ਵਰਗ ਵੰਡ ਕਰਦੀ ਹੈ। ਜਿਸ ਵਿਚ ਇਕ ਧਿਰ ਹਾਸ਼ੀਏ 'ਤੇ ਪਹੁੰਚ ਜਾਂਦੀ ਹੈ ਦੂਜੀ ਮੇਨ ਸਟਰੀਮ ਵਿਚ ਚਲੇ ਜਾਂਦੀ ਹੈ। ਸਮਾਜਿਕ ਪਾੜੇ ਨੂੰ ਲੇਖਕ ਨੇ ਬਹੁਪਰਤੀ ਪ੍ਰਸੰਗਾ ਰਾਹੀਂ ਉਭਾਰਿਆ ਹੈ। 'ਟੈਂਅ' ਕਹਾਣੀ ਸੁਨਿਆਰੇ ਦੇ ਧੰਦੇ ਬਦਲਦੇ ਪ੍ਰਬੰਧ ਵਿਚ ਪਿਸਦਾ ਬਜ਼ੁਰਗ ਸੁਨਿਆਰਾ ਜਨਕ ਸਿੰਘ ਦੀ ਖਿੰਡੀ ਹੋਈ ਮਾਨਸਿਕਤਾ ਦੀ ਕਹਾਣੀ ਹੈ। ਕਿਉਂਕਿ ਉਹ ਰਵਾਇਤਾ ਨਾਲ ਜੁੜਿਆ ਹੋਇਆ ਹੈ। ਪੀੜ੍ਹੀ ਪਾੜੇ ਦੀ

ਕਹਾਣੀ ਅਵਚੇਤਨੀ ਸੁਰ ਨਾਲ ਉਸਰਦੀ ਹੈ। 'ਗੁਆਚਿਆ ਹੋਇਆ ਘਰ' ਇਸੇ ਸੁਰ ਦੀ ਕਹਾਣੀ ਹੈ। ਪੁਰਾਣੀ ਪੀੜ੍ਹੀ ਦੀ ਔਰਤ ਦੀ ਮਾਨਸਿਕਤਾ ਆਪਣੇ ਪੁੱਤਰ ਦੀ ਬਣਾਈ ਕੋਠੀ ਵਿਚ ਆ ਕੇ ਖੰਡਤ ਹੁੰਦੀ ਹੈ। ਉਹਦੇ ਅਵਚੇਤਨ ਵਿਚ ਅਨੇਕਾਂ ਉਤਰਾਅ ਚੜ੍ਹਾ ਆਉਂਦੇ ਹਨ। 'ਪੌੜੀ' ਕਹਾਣੀ ਪੂੰਜੀਵਾਦੀ ਦੌਰ ਵਿਚ ਮਰ ਰਹੀ ਮਨੁੱਖਤਾ ਦੀ ਕਹਾਣੀ ਹੈ ਜਿਥੇ ਸਵਾਰਥ ਲਈ ਇੱਜ਼ਤ, ਦੇਹ ਜੀਰੋ ਹੈ। ਕਹਾਣੀ ਵਿਚ ਇਕ ਵਿਦਿਆਰਥਣ ਰੋਜਗਾਰ ਪ੍ਰਾਪਤੀ ਲਈ ਆਪਣੀ ਦੇਹ, ਮਨ ਨੂੰ ਦਾਅ ਤੇ ਲਾਉਣ ਲਈ ਬੰਦੇ ਨੂੰ ਪੌੜੀ ਵਾਂਗ ਵਰਤਦੀ ਹੈ। 'ਜਾਏ ਵੱਢੀ' ਕਹਾਣੀ ਗੁੰਝਲਦਾਰ ਰਿਸ਼ਤਿਆ ਵਿਚ ਪਿਸ ਰਹੀ ਸਮਾਧੀ ਦੀ ਮਾਂ ਦੀ ਕਹਾਣੀ ਹੈ ਪਹਿਲਾਂ ਤਾਂ ਉਹਦਾ ਪਤੀ ਹੌਲਦਾਰ ਸਮਾਜਿਕ ਜਬਰ ਕਰਦਾ ਹੈ ਫਿਰ ਉਹਦੀ ਧੀ ਉਹਦੀਆਂ ਖਹਿਸ਼ਾਂ ਤੇ ਖਰੀ ਨਹੀਂ ਉਤਰਦੀ। 'ਟੰਡਲੀ ਅਜੇ ਵੀ ਸਾਹਮਣੇ ਖੜ੍ਹੀ ਐ', 'ਛਲ', 'ਕੱਚੀਆਂ ਇੱਟਾਂ' ਕਹਾਣੀਆਂ ਵਿਚ ਪਾਤਰਾਂ ਦੇ ਮਾਨਸਿਕ ਅਵਚੇਤਨ ਵਿਚ ਝਾਕਣ ਦੀ ਸਫ਼ਲ ਕੋਸ਼ਿਸ਼ ਹੋਈ ਹੈ।

ਦਰਸ਼ਨ ਜੋਗੇ ਦੀਆਂ ਕਹਾਣੀਆਂ ਦਾ ਸਾਂਝਾ ਸੂਤਰ ਇਹ ਉਭਰ ਕੇ ਸਾਹਮਣੇ ਆਉਂਦਾ ਹੈ ਕਿ ਇਸ ਦੌਰ ਵਿਚ ਮਰਿਯਾਦਾ ਵਿਚ ਬੱਝੇ ਲੋਕ ਵੀ ਮਾਨਸਿਕ ਤੌਰ ਤੇ ਮਰ ਰਹੇ ਹਨ। ਸਾਡੀਆਂ ਕਦਰਾਂ ਕੀਮਤਾਂ ਮਰ ਰਹੀਆਂ ਹਨ। ਮਨੁੱਖ ਦਿਨੋਂ ਦਿਨ ਸਵਾਰਥੀ ਤੇ ਦੰਭੀ ਹੋ ਰਿਹਾ ਹੈ। ਦੋ ਵਰਤਾਰੇ ਉਹਦੀ ਕਹਾਣੀ ਵਿਚ ਗੁੰਝਲ ਪਾਉਂਦੇ ਹਨ ਇਕ ਹੈ ਬਜ਼ੁਰਗ ਦੀ ਰਵਾਇਤੀ ਸੋਚ, ਪੀੜ੍ਹੀ ਪਾੜਾ ਦੂਜਾ ਹੈ ਮੌਤ। ਕਹਾਣੀ ਵਿਚ ਇਕ ਪਾਤਰ ਦੀ ਮੌਤ ਹੁੰਦੀ ਹੈ ਜਾਂ ਉਹ ਮਰਿਆ ਹੁੰਦਾ ਹੈ ਕਹਾਣੀ ਉਹਦੇ ਦੁਆਰੇ ਘੁੰਮਦੀ ਹੈ। ਇਹ ਚਿਹਨ ਉਹਦੀ ਹਰ ਕਹਾਣੀ ਵਿਚ ਬਦਲ ਬਦਲ ਕੇ ਪੇਸ਼ ਹੁੰਦਾ ਹੋਇਆ ਨਵੇਂ ਅਰਥ ਸੰਚਾਰ ਕਰਦਾ ਹੈ। ਪਿਛਲਖੁਰੀ ਸ਼ੈਲੀ ਉਹਦੀ ਕਹਾਣੀ ਦਾ ਅਧਾਰ ਹੈ।

**ਸ਼ਰਤ ਚੰਦਰ ਦੀਆਂ ਸ੍ਰੇਸ਼ਟ ਕਹਾਣੀਆਂ**
**ਅਨੁਵਾਦ: ਹਰਦੀਪ ਸਿੰਘ ਧੀਮਾਨ**
**ਪ੍ਰਕਾਸ਼ਕ: ਸੰਗਮ ਪਬਲੀਕੇਸ਼ਨ, ਸਮਾਣਾ**
**ਮੁੱਲ: 350 ਰੁਪਏ, ਪੰਨੇ: 336**




ਪੱਛਮੀ ਬੰਗਾਲ ਦੇ ਹੁਗਲੀ ਜ਼ਿਲ੍ਹੇ ਦੇ ਪਿੰਡ ਦੇਵਆਨੰਦਪੁਰ ਵਿਚ ਜਨਮੇ ਸ਼ਰਤ ਚੰਦਰ ਚਟੋਪਾਧਿਆਇ ਬੰਗਾਲੀ ਭਾਸ਼ਾ ਦੇ ਪ੍ਰਸਿੱਧ ਨਾਵਲਕਾਰ ਅਤੇ ਕਹਾਣੀਕਾਰ ਹਨ। ਉਸ ਦੇ ਅਨੇਕਾਂ ਨਾਵਲ ਪੰਜਾਬੀ ਵਿਚ ਪ੍ਰਕਾਸ਼ਿਤ ਹੋ ਚੁੱਕੇ ਹਨ ਇਸ ਪੁਸਤਕ ਵਿਚ ਉਸ ਦੀਆਂ ਚਰਚਿਤ ਅਤੇ ਮਾਨਵੀ ਮੁੱਲਾਂ ਨੂੰ ਪੇਸ਼ ਕਰਨ ਵਾਲੀਆਂ ਕਹਾਣੀਆਂ ਨੂੰ ਅਨੁਵਾਦ ਕਰਕੇ ਪ੍ਰਕਾਸ਼ਿਤ ਕੀਤਾ ਗਿਆ ਹੈ। ਸ਼ਰਤ ਚੰਦਰ ਨੇ ਆਪਣੀਆਂ ਕਹਾਣੀਆਂ ਦੇ ਵਿਸ਼ਾ ਮੱਧ-ਵਰਗੀ ਲੋਕਾਂ ਵਿਚੋਂ ਲਏ ਹਨ। ਪੁਸਤਕ ਵਿਚ ਸ਼ਾਮਿਲ 27 ਕਹਾਣੀਆਂ ਲੇਖਕ ਦੇ ਜੀਵਨ ਅਨੁਭਵਾਂ 'ਤੇ ਅਧਾਰਿਤ ਹੈ। ਸਗੋਂ ਉਹਦੇ ਨਿੱਜੀ ਜੀਵਨ ਨਾਲ ਘਟਨਾਵਾਂ ਨੂੰ ਲੈ ਕੇ ਕਹਾਣੀਆਂ ਦੀ ਸਿਰਜਣਾ ਕੀਤੀ ਹੈ। 19 ਵੀ ਸਦੀ ਦੇ ਅੰਤਲੇ ਅਤੇ 20 ਵੀ ਸਦੀ ਦੇ ਮੁੱਢਲੇ ਦਹਾਕਿਆਂ ਦੇ ਬੰਗਾਲ ਦੇ ਸਮਾਜ ਦੇ ਆਰਥਿਕ, ਸਮਾਜਿਕ, ਮੁੱਦਿਆਂ ਨੂੰ ਕਹਾਣੀਆਂ ਵਿਚ ਪੇਸ਼ ਕੀਤਾ ਹੈ। ਨਾਰੀ ਦੀ ਅਜ਼ਾਦੀ ਨੂੰ ਲੇਖਕ ਨੇ ਪ੍ਰਮੁੱਖਤਾ ਨਾਲ ਬਿਆਨਿਆ ਹੈ।


ਰਾਮ ਦੀ ਸੁਮੱਤ, ਪ੍ਰਕਾਸ਼ ਅਤੇ ਪਰਛਾਈਂ, ਬਚਪਨ ਦੀ ਯਾਦ, ਅਭਾਗਣ ਦਾ ਸਵਰਗ, ਅਨੁਰਾਧਾ, ਹਰੀਚਰਣ, ਮਹੇਸ਼, ਸਤੀ, ਸਤੀਪੁਣਾ ਅਤੇ ਨਾਰੀਪੁਣਾ, ਵਿਧਵਾ ਵਿਆਹ ਆਦਿ ਕਹਾਣੀਆਂ ਸ਼ਰਤ ਚੰਦਰ ਦੀਆਂ ਉਤਮ ਦਰਜਾ ਰੱਖਦੀਆਂ ਕਹਾਣੀਆਂ ਹਨ। ਇਨ੍ਹਾਂ ਕਹਾਣੀਆਂ ਵਿਚ ਲੇਖਕ ਨੇ ਨਾਰੀ ਪੀੜਾ ਅਤੇ ਉਸ ਦੀ ਸਤੰਤਰਤਾ ਦੀ ਗੱਲ ਕੀਤੀ ਹੈ। ਲੇਖਕ ਸਤੀ ਪ੍ਰਥਾ ਦੇ ਵਿਰੋਧ ਤੇ ਵਿਧਵਾ ਵਿਆਹ ਦੇ ਹੱਕ ਵਿਚ ਭੁਗਤਿਆ ਹੈ। 'ਅਨੁਰਾਧਾ' ਲੇਖਕ ਦੀ ਲੰਮੀ ਕਹਾਣੀ ਹੈ। ਜਿਸ ਵਿਚ ਅਨੁਰਾਧਾ ਨਾਂ ਦੀ



ਔਰਤ ਦੀ ਜੀਵਨ ਗਾਥਾ ਨੂੰ ਬਿਆਨ ਕੀਤਾ ਗਿਆ ਹੈ। ਜਿੰਮੀਦਾਰਾਂ ਦੀ ਵੱਡੀ ਉਮਰ ਦੀ ਅਨੁਰਾਧਾ ਦੇ ਵਿਆਹ ਦੀ ਸਮੱਸਿਆ ਹੈ। ਨਾਰੀ ਸੁਤੰਤਰਤਾ ਦੀ ਗੱਲ ਅਦਰਸ਼ਵਾਦੀ ਮਰਦ ਪਾਤਰ ਵੀ ਕਰਦੇ ਹਨ।

ਪੁਸਤਕ ਵਿਚ ਕੁਝ ਰਚਨਾਵਾਂ ਲੇਖਕ ਦੇ ਸਵੈ ਕਥਨ 'ਤੇ ਅਧਾਰਤ ਹਨ ਜਿਨ੍ਹਾਂ ਵਿਚ ਲੇਖਕ ਖ਼ੁਦ ਸ਼ਰਤ ਚੰਦਰ ਵਜੋਂ ਵਿਚਰਦਾ ਹੈ। ਪਾਂਚੂ ਦੀ ਮਾਂ, ਸੱਦਾ, ਸੱਪ ਫੜਨਾ, ਭਲਾ-ਬੁਰਾ, ਸੰਸਕਾਰਾਂ ਦੀ ਜੜ੍ਹ, ਨੀਰੂ ਦੀਦੀ, ਅਨੋਖਾ ਮਾਣ-ਪੱਤਰ ਅਤੇ ਸਾਹਿਤਕ ਕਿਵੇਂ ਬਣੀਏ। ਇਨ੍ਹਾਂ ਰਚਨਾਵਾਂ ਨੂੰ ਕਹਾਣੀ ਵਜੋਂ ਵੀ ਪਾਠਕ ਪੜ੍ਹ ਸਕਦੇ ਹਨ। ਪਰ ਇਹ ਲੇਖਕ ਦੇ ਜੀਵਨ ਬਿਰਤਾਂਤ ਦੀਆਂ ਘਟਨਾਵਾਂ ਹਨ। ਖਾਸ ਕਰਕੇ ਸਾਹਿਤ ਸਭਾ ਦੇ ਸਮਾਗਮਾ ਤੇ ਕੇਂਦਰਿਤ। ਇਨ੍ਹਾਂ ਰਚਨਾਵਾਂ ਵਿਚ ਸ਼ਰਤ ਚੰਦਰ ਨਾਲ ਵਿਚਰਨ ਵਾਲੇ ਦੂਜੇ ਪਾਤਰ ਰਾਹੀਂ ਲੇਖਕ ਦੇ ਸੁਭਾ, ਉਸ ਦੀ ਸੋਚ, ਉਸ ਦੀਆਂ ਆਦਤਾਂ ਅਤੇ ਉਸ ਦੀ ਸਮਾਜ ਪ੍ਰਤੀ ਦ੍ਰਿਸ਼ਟੀ ਦਾ ਪਤਾ ਲੱਗਦਾ ਹੈ। ਜਦੋਂ ਲੇਖਕ ਆਮ ਲੋਕਾਂ ਵਿਚ ਵਿਚਰਦਾ ਹੈ ਤਾਂ ਉਹ ਲੋਕ ਵੀ ਸ਼ਰਤ ਨੂੰ ਆਪਣੇ ਵਰਗਾ ਸਮਝਦੇ ਹੋਏ ਉਸ ਤਰ੍ਹਾਂ ਦਾ ਵਿਵਹਾਰ ਕਰਦੇ ਹਨ। ਉਨ੍ਹਾਂ ਲਈ ਇਹ ਕੋਈ ਅਹਿਮੀਅਤ ਨਹੀਂ ਰੱਖਦਾ ਜਾਂ ਉਨ੍ਹਾਂ ਨੂੰ ਪਤਾ ਹੀ ਨਹੀਂ ਕਿ ਸ਼ਰਤ ਚੰਦਰ ਪੜ੍ਹਿਆ ਲਿਖਿਆ ਕਿਤਾਬਾਂ ਲਿਖਣ ਵਾਲਾ ਲੇਖਕ ਹੈ। ਅੰਤਲੀ ਰਚਨਾ 'ਸਾਹਿਤਕਾਰ ਕਿਵੇਂ ਬਣੀਏ।' ਵਿਚ ਇਕ ਆਮ ਬਜੁਰਗ ਸ਼ਰਤ ਕੋਲੋ ਡਰਦਾ ਮਨੀਅਰਡ ਫਾਰਮ ਨਹੀਂ ਭਰਵਾਉਂਦਾ ਕਿ ਕਿਤੇ ਉਹ ਗਲਤ ਨਾ ਕਰ ਦੇਵੇ। ਬੰਗਾਲ ਦੇ ਸਭਿਆਚਾਰ , ਉਥੋਂ ਦੇ ਲੋਕਾਂ ਅਤੇ ਸਮਾਜਿਕ ਬਣਤਰ ਨੂੰ ਸਮਝਣ ਲਈ ਸ਼ਰਤ ਚੰਦਰ ਦੀਆਂ ਇਹ ਕਹਾਣੀਆਂ ਪਾਠਕਾਂ ਲਈ ਮੁੱਲਵਾਨ ਹਨ।

**ਮ੍ਰਿਗ ਤ੍ਰਿਸ਼ਨਾ (ਕਹਾਣੀ ਸੰਗ੍ਰਹਿ) ਸ਼ਮੋਏਲ ਅਹਿਮਦ**
**ਅਨੁਵਾਦ : ਭਜਨਬੀਰ ਸਿੰਘ**
**ਮੁੱਲ : 100 ਰੁਪਏ, ਪੰਨਾ : 80**
**ਪ੍ਰਕਾਸ਼ਕ : ਪ੍ਰਤੀਕ ਪਬਲੀਕੇਸ਼ਨਜ਼, ਪਟਿਆਲਾ**




ਸ਼ਮੋਏਲ ਅਹਿਮਦ ਹਿੰਦੀ ਦਾ ਬਿਹਾਰ ਖਿੱਤੇ ਨਾਲ ਜੁੜਿਆ ਅਜਿਹਾ ਕਹਾਣੀਕਾਰ ਹੈ ਜਿਸ ਨੇ ਅਛੂਤੇ ਮੁਸਲਿਮ ਖਿੱਤੇ ਦੇ ਪਾਤਰਾਂ ਨੂੰ ਅਧਾਰ ਬਣਾ ਕੇ ਅਨੇਕਾਂ ਨਿੱਗਰ ਕਹਾਣੀਆਂ ਲਿਖੀਆਂ ਹਨ। ਜਿਹੜੀਆਂ ਇਸ ਪੁਸਤਕ ਵਿਚ ਭਜਨਬੀਰ ਸਿੰਘ ਨੇ ਅਨੁਵਾਦ ਕਰਕੇ ਪੰਜਾਬੀ ਪਾਠਕਾਂ ਨੂੰ ਦਿੱਤੀਆਂ ਹਨ। ਕਿਸਾਨੀ ਜ਼ਿੰਦਗੀ ਨੂੰ ਵਾਰ ਵਾਰ ਪੜ੍ਹਨ ਵਾਲੇ ਪੰਜਾਬੀ ਪਾਠਕਾਂ ਨੂੰ ਭਾਵੇਂ ਇਹ ਕਹਾਣੀਆਂ ਦੇ ਪਾਤਰ ਅਜੀਬ ਲੱਗਣ ਕਿਉਂਕਿ ਵਧੇਰੇ ਪੰਜਾਬੀ ਪਾਠਕ ਆਪਣੇ ਪੜ੍ਹਨ ਦੇ ਗੇੜ ਨੂੰ ਤੋੜ ਨਹੀਂ ਸਕੇ। ਸ਼ਮੋਏਲ ਦੇ ਪਾਤਰ ਹੱਡ ਮਾਸ ਦੇ ਤਕੜੇ ਪਾਤਰ ਹਨ। ਇਸ ਕਰਕੇ ਉਨ੍ਹਾਂ ਵਿਚ ਵਧੇਰੇ ਸਮੇਂ ਤੀਕ ਜਿਉਣ ਦੀ ਸਮਰੱਥਾ ਹੈ। ਇਨ੍ਹਾਂ ਕਹਾਣੀਆਂ ਵਿਚ ਪਾਠਕ ਨੂੰ ਫੜਨ ਦੀ ਐਨੀ ਪਕੜ ਹੈ ਕਿ ਪੂਰੀਆਂ ਕਹਾਣੀਆਂ ਪੜ੍ਹਿਆ ਬਗੈਰ ਪਾਠਕ ਛੱਡਦਾ ਹੀ ਨਹੀਂ।


ਪੁਸਤਕ ਦੀ ਸਿਰਲੇਖ ਵਾਲੀ ਕਹਾਣੀ 'ਮ੍ਰਿਗ ਤਿਸ਼ਨਾ' ਕਹਾਣੀ 'ਚ ਪਾਤਰ ਬਦਰੁਦੀਨ ਜੀਲਾਨੀ ਆਪਣੀ ਪਤਨੀ ਆਫ਼ਤਾ ਹੁਸੈਨ ਦੇ ਰਹਿਣ ਸਹਿਣ ਦੇ ਢੰਗ ਤੋਂ ਮਾਨਸਿਕ ਪੀੜਾ ਝੱਲਦਾ ਹੈ। ਵਕਤ ਦੇ ਗੁਜਰਨ ਨਾਲ ਪਤੀ-ਪਤਨੀ ਵਿਚ ਮਾਨਸਿਕ ਦੂਰੀਆਂ ਵਧੀਆਂ ਹਨ ਉਸ ਦੀ ਪਤਨੀ ਜੀਲਾਨੀ ਦਾ ਰਹਿਣ ਢੰਗ ਬੇਗਾਨਗੀ ਪੈਦਾ ਕਰਨ ਵਾਲਾ ਹੈ। ਇਕੱਲਤਾ ਕਹਾਣੀ ਦਾ ਮੁੱਖ ਧੁਰਾ ਹੈ। ਇਕੱਲਤਾ ਵਿਚ ਸਾਦੀ ਪੇਂਡੂ ਜੀਵਨ ਸ਼ੈਲੀ ਚਿਤਵਦਾ ਹੈ। ਜਿਸ ਵਿਚ ਉਸ ਨੂੰ ਆਪਣੀ ਪ੍ਰੇਮਿਕਾ ਹੁਸਨਬਾਨੋ ਚੇਤੇ ਆਉਂਦੀ ਹੈ। ਦੂਜੇ ਪਾਸੇ ਉਹਦੀ ਪਤਨੀ ਹੈ। ਇਥੇ ਮ੍ਰਿਗ ਤ੍ਰਿਸ਼ਨਾ ਦੇ ਮੋਟਿਫ ਨੂੰ ਲੇਖਕ ਨੇ ਬੜੀ ਖ਼ੂਬਸੂਰਤੀ ਨਾਲ ਵਰਤਦਿਆ ਪਿੰਡ ਤੇ ਸ਼ਹਿਰ ਦੀ ਖਿੱਚ ਧੂਹ ਨੂੰ ਬੜੀ ਕਲਾਤਮਿਕਤਾ ਨਾਲ ਪੇਸ਼ ਕੀਤਾ ਹੈ। ਕਹਾਣੀ ਵਿਚ

ਜੀਲਾਨੀ ਨੂੰ ਵਧੇਰੇ ਸੂਖ਼ਮ ਤਰੀਕੇ ਨਾਲ ਪੇਸ਼ ਕੀਤਾ ਹੈ।'ਸ਼ਿੰਗਾਰਦਾਨ' ਇਕ ਬਹੁ ਪਰਤੀ ਕਹਾਣੀ ਹੈ ਜਿਸ ਦੇ ਅਰਥ ਬਹੁਤ ਗਹਿਰੇ ਹਨ। ਕਹਾਣੀ ਵੇਸਵਾ ਨਸੀਮ ਜਾਨ ਦੇ ਲੁੱਟੇ ਸ਼ਿੰਗਾਰਦਾਨ ਦੁਆਲੇ ਘੁੰਮਦੀ ਹੈ। 'ਸ਼ਿੰਗਾਰਦਾਨ' ਦਾ ਮੋਟਿਫ ਬ੍ਰਿਜਮੋਹਨ ਦੇ ਅਵਚੇਤਨ ਵਿਚ ਫੈਲ ਕੇ ਉਹਦੀ ਮਾਨਸਿਕਤਾ ਨੂੰ ਖੰਡਤ ਕਰਦਾ ਹੋਇਆ ਪੂਰੇ ਘਰ ਨੂੰ ਵੇਸਵਾ ਬਿਰਤੀ ਦਾ ਬਣਾ ਦਿੰਦਾ ਹੈ।ਅਜਿਹਾ ਬ੍ਰਿਜਮੋਹਨ ਦੀ ਮਾਨਸਿਕਤਾ ਵਿਚ ਚਲਦਾ ਹੈ। ਦੰਗਿਆ ਸਮੇਂ ਲੁੱਟਿਆ ਸਮਾਨ ਕਿਵੇਂ ਵੱਖ ਵੱਖ ਧਰਮਾਂ ਦੇ ਲੋਕਾਂ ਦੀ ਮਾਨਸਿਕਤਾ ਨੂੰ ਪ੍ਰਭਾਵਿਤ ਕਰਦਾ ਹੈ ਇਹ ਕਹਾਣੀ ਬੜੀ ਖੂਬਸੂਰਤੀ ਨਾਲ ਬਿਆਨ ਕਰਦੀ ਹੈ। ਜਦੋਂ ਬ੍ਰਿਜਮੋਹਨ ਦੀਆਂ ਧੀਆਂ ਇਸ ਸਿੰਗਾਰਦਾਨ ਨਾਲ ਆਪਣਾ ਸਿੰਗਾਰ ਕਰਦੀਆਂ ਹਨ ਤਾਂ ਉਹਨੂੰ ਆਪਣਾ ਘਰ ਇਕ ਕੋਠਾ ਲੱਗਣ ਲੱਗ ਪੈਂਦਾ ਹੈ। ਕਹਾਣੀ ਦੇ ਅੰਤ ਵਿਚ ਬ੍ਰਿਜਮੋਹਨ ਨੂੰ ਲੱਗਣ ਲੱਗ ਪੈਂਦਾ ਹੈ ਕਿ ਇਹ ਘਰ ਵੀ ਕੋਠੇ ਵਿਚ ਬਦਲ ਗਿਆ ਹੈ ਅਤੇ ਉਹਨੂੰ ਆਪਣੇ ਆਪ ਨੂੰ ਦੱਲਾ ਲੱਗਣ ਲੱਗ ਪੈਂਦਾ ਹੈ। ਦੰਗਿਆਂ ਦੀ ਮਾਨਸਿਤਾ ਨੂੰ ਸਮਝਣ ਲਈ 'ਬਦਲਦੇ ਰੰਗ' ਕਹਾਣੀ ਦੀ ਰੁਕਮਨੀ ਬਾਈ ਦੀ ਕਹਾਣੀ ਦਾ ਬ੍ਰਿਤਾਂਤ ਉਸਰਦਾ ਹੈ। ਜਿਹੜੀ ਕਿ ਇਕ ਕੋਠਾ ਚਲਾਉਂਦੀ ਹੈ। ਸੁਲੇਮਾਨ ਦੇ ਮਨ ਮਸਤਕ 'ਤੇ ਦੰਗਿਆ ਦਾ ਡਰ ਤੇ ਅਤੇ ਰੁਕਮਨੀ ਬਈ ਉਹਨੂੰ ਦੰਗਿਆ ਦੇ ਦਿਨ੍ਹਾਂ ਵਿਚ ਗਾਹਕ ਸਮਝਦੀ ਹੈ ਤੇ ਭੁਗਤਾਉਣਾ ਚਾਹੁੰਦੀ ਹੈ। ਕਹਾਣੀ 'ਬਹਰਾਮ ਦਾ ਘਰ' ਦੰਗਿਆ ਤੋਂ ਪੀੜਤ ਇਕ ਬੁੱਢੀ ਔਰਤ ਦੀ ਕਹਾਣੀ ਹੈ। ਦੰਗਿਆ ਵਿਚ ਜਦੋਂ ਉਸ ਦਾ ਪੁੱਤਰ ਮਾਰਿਆ ਜਾਂਦਾ ਹੈ ਕਿਵੇਂ ਬੁੱਢੀ ਦੀ ਮਾਨਸਿਕਤਾ ਖਿੰਡਦੀ ਹੈ। ਇਹ ਬ੍ਰਿਤਾਂਤ ਕਹਾਣੀ ਵਿਚ ਉਸਰਦਾ ਹੈ। 'ਟੇਬਲ' ਕਹਾਣੀ ਦਫਤਰੀ ਕਲਚਰ ਦਾ ਮੁੱਖ ਪਾਤਰ ਦੇ ਪਏ ਪ੍ਰਭਾਵ ਨੂੰ ਬਿਆਨ ਕਰਦੀ ਹੈ। ਪਾਪ' ਕਹਾਣੀ ਵੀ ਕਲਰਕ ਤੇ ਦਫਤਰੀ ਸੁਭਾਅ ਨੂੰ ਪੇਸ਼ ਕਰਨ ਵਾਲੀ ਕਹਾਣੀ ਹੈ।

ਕਹਾਣੀ 'ਕਾਗਜ਼ੀ ਪਹਿਰਾਵਾ' ਵਿਚ ਉੱਚ ਵਰਗ ਵਿਚ ਝਾੜੂ ਪੋਚੇ ਦਾ ਕੰਮ ਕਰਨ ਵਾਲੀ ਆਮਨਾ ਦੀ ਤਮੰਨਾ ਨੂੰ ਪੇਸ਼ ਕੀਤਾ ਗਿਆ ਹੈ। ਕਹਾਣੀ ਉੱਚ ਵਰਗ ਅਤੇ ਮਰਦ ਤੇ ਤਿੱਖਾ ਵਿਅੰਗ ਵੀ ਕਰਦੀ ਹੈ। 'ਬਾਗਮਤੀ ਜਦੋਂ ਹੱਸਦੀ ਹੈ' ਕਹਾਣੀ ਵਿਚ ਲੇਖਕ ਨੇ ਇਹ ਦੱਸਿਆ ਕਿ ਸਰਕਾਰੀ ਸਿਸਟਮ ਵਿਚ ਕਿਵੇਂ ਆਮ ਬੰਦਾ ਜਿਹੜੀਆਂ ਬੁਨਿਆਸੀ ਲੋੜਾ ਵੀ ਪੂਰੀਆਂ ਨਹੀਂ ਹੁੰਦੀਆਂ ਪਿਸ ਰਿਹਾ ਹੈ। ਅੱਤਵਾਦ ਦੇ ਮਨੋਵਿਗਿਆਨ ਨੂੰ ਪੇਸ਼ ਕਰਦੀ 'ਵਿਹੜੇ ਦਾ ਰੁੱਖ' ਰੁੱਖ ਨੂੰ ਇਕ ਚਿਹਨ ਵਜੋਂ ਵਰਤਿਆ ਗਿਆ ਹੈ।

ਇਸ ਤਰ੍ਹਾਂ ਇਨ੍ਹਾਂ ਕਹਾਣੀਆਂ ਵਿਚ ਲੇਖਕ ਮੁਸਲਿਮ ਸਭਿਆਚਾਰ ਦੇ ਸਮਾਜਿਕ, ਰਾਜਨੀਤਿਕ ਅਤੇ ਮਾਨਸਿਕ ਮਸਲੇ ਉਭਾਰਦਾ ਹੈ। ਹਿੰਦੀ ਕਹਾਣੀ ਵਿਚ ਸ਼ਮੋਏਲ ਅਹਿਮਦ ਵੱਖਰੀ ਜ਼ਮੀਨ ਤੇ ਖੜੋਤਾ ਲੀਹ ਪਾੜਨ ਵਾਲਾ ਵੱਡਾ ਕਹਾਣੀਕਾਰ ਹੈ ਜਿਸ ਦੀਆਂ ਕਹਾਣੀਆਂ ਪੰਜਾਬੀ ਵਿਚ ਲਿਖਣ ਵਾਲੇ ਨਵੇਂ ਕਹਾਣੀਕਾਰਾਂ ਨੂੰ ਸੇਧ ਦੇ ਸਕਦੀਆਂ ਹਨ। ਕਹਾਣੀਆਂ ਦਾ ਅਨੁਵਾਦ ਭਜਨਬੀਰ ਨੇ ਪੰਜਾਬੀ ਮੁਹਾਵਰੇ ਨਾਲ ਕੀਤਾ ਹੈ।

**ਘੋੜ ਦੌੜ ਜਾਰੀ ਹੈ (ਕਹਾਣੀ ਸੰਗ੍ਰਹਿ)**
**ਗੁਰਸੇਵਕ ਸਿੰਘ ਪ੍ਰੀਤ**
**ਮੁੱਲ : 150 ਰੁਪਏ, ਪੰਨਾ : 135**
**ਪ੍ਰਕਾਸ਼ਕ : ਚੇਤਨਾ ਪ੍ਰਕਾਸ਼ਨ, ਲੁਧਿਆਣਾ**





ਗੁਰਸੇਵਕ ਸਿੰਘ ਪ੍ਰੀਤ ਪੰਜਾਬੀ ਕਹਾਣੀ ਵਿਚ ਪਿਛਲੇ ਦੋ ਕੁ ਸਾਲਾਂ ਤੋਂ ਆਪਣੀ ਪਛਾਣ ਬਣਾਉਣ ਵਿਚ ਲੱਗਾ ਹੋਇਆ ਨਵਾਂ ਕਹਾਣੀਕਾਰ ਹੈ।ਆਪਣੀ ਪਲੇਠੀ ਪੁਸਤਕ ਰਾਹੀਂ ਪ੍ਰੀਤ ਦੀ ਕਹਾਣੀ ਸ਼ਿਲਪ ਦਾ ਬੱਝਵਾ ਪ੍ਰਭਾਵ ਦੇਖਣ ਨੂੰ ਮਿਲਦਾ ਹੈ।ਲਕੀਰੀ ਬਿਰਤਾਂਤ ਨੂੰ ਤੋੜਦਾ ਹੋਇਆ ਮੱਧਵਰਗੀ ਤੇ ਨਿਮਨ ਮੱਧਵਰਗੀ ਪਾਤਰਾਂ ਦੀਆਂ ਮਾਨਸਿਕ ਗੁੰਝਲਾ ਨੂੰ ਕਹਾਣੀਆਂ ਵਿਚ ਪੇਸ਼ ਕਰਦਾ ਹੈ।

ਕਹਾਣੀ 'ਟੁੱਟੀ ਮਾਲਾ ਦੇ ਮਣਕੇ' ਪਤੀ ਨੀਰਜ ਗਰਗ ਤੇ ਪਤਨੀ ਅੰਜਨਦੀਪ ਉਰਫ ਅੰਜੂ ਦੀ ਮਾਨਸਿਕ ਉਲਝਣ ਦੀ ਕਹਾਣੀ ਹੈ। ਇਸ ਉਲਝਣ ਦੀ ਤੰਦ ਉਨ੍ਹਾਂ ਦੇ ਪਿਆਰ ਵਿਆਰ ਵਿਚ ਪਈ ਹੈ। ਨੀਰਜ ਦੀ ਖੰਡਤ ਮਾਨਸਿਕਤਾ ਨੂੰ ਪ੍ਰੀਤ ਨੇ ਦਰਸ਼ਨਿਕ ਪਹਿਲੂਆਂ ਨਾਲ ਫੜਨ ਦੀ ਸਫਲ ਕੋਸ਼ਿਸ਼ ਕੀਤੀ ਹੈ।'ਝਿੰਜਣ' ਕਹਾਣੀ ਅੱਜ ਦੇ ਨੌਜਵਾਨ ਵਰਗ ਦੀ ਪ੍ਰਤੀਨਿੱਧਤਾ ਕਰਦੀ ਕਹਾਣੀ ਹੈ ਜਿਸ ਵਿਚ ਦੀਪੇ ਰਾਹੀਂ ਬੇਰੁਜਗਾਰੀ ਦੇ ਥਪੇੜਿਆ ਵਿਚ ਪਿਸਦੀ ਪੀੜ੍ਹੀ ਨੂੰ ਅਧਾਰ ਬਣਾਇਆ ਗਿਆ ਹੈ। 'ਜੀਣ ਜੋਗਾ' ਪ੍ਰੀਤ ਦੀ ਪ੍ਰਤੀਨਿੱਧ ਕਹਾਣੀ ਕਹੀ ਜਾ ਸਕਦੀ ਹੈ। ਜਿਸ ਵਿਚ ਇੰਦਰ ਸਿੰਘ ਰਾਹੀਂ ਭਾਰਤੀ ਸਮਾਜ, ਦਰਸ਼ਨ ਤੇ ਧਰਮ ਵਲੋਂ ਬਣਾਈ ਮਰਦ ਦੀ ਮਾਨਸਿਕਤਾ ਨੂੰ ਉਭਾਰਿਆ ਗਿਆ ਹੈ। ਵੰਸ਼ ਤੁਰਨ ਦੀ ਮਿੱਥ ਨੂੰ ਕਹਾਣੀ ਖੂਬਸੂਰਤੀ ਨਾਲ ਬਿਆਨ ਕਰਦੀ ਹੈ। ਜਦੋਂ ਇੰਦਰ ਸਿੰਘ ਦੇ ਘਰ 'ਹਿਜੜਾ ਪੁੱਤਰ' ਪੈਦਾ ਕਰਕੇ ਕਹਾਣੀ ਵਿਚ ਗੁੰਝਲ ਪੈਦਾ ਕਰਦਾ ਹੈ। ਅੰਦਰੋ ਉਹ ਆਪਣੀ ਔਲਾਦ ਦੇ ਵਿਕਾਰ ਨੂੰ ਲੁਕਾਉਂਦਾ ਹੈ ਪਰ ਬਾਹਰੋ ਉਸ ਨੂੰ ਮਰਦਾਵੀ ਦਿੱਖ ਬਣਾਉਣ ਲਈ ਪ੍ਰੇਰਦਾ ਹੈ। ਇਸ ਸੂਤਰ ਵਿਚ ਕਹਾਣੀ ਦਾ ਸੰਕਟ ਲੁਕਿਆ ਹੋਇਆ ਹੈ। ਇਸ ਸੰਕਟ ਨੂੰ ਲੇਖਕ ਦਰਸ਼ਨਿਕ ਪਹਿਲੂਆਂ ਰਾਹੀਂ ਉਭਾਰਦਾ ਹੈ।'ਉਹ ਯੂਸਿਫ ਹੀ ਹੈ' ਕਹਾਣੀ ਰਾਹੀਂ ਡਾਕਟਰ ਤੇ ਯੂਸਿਫ ਪਾਤਰਾਂ ਰਾਹੀਂ ਬੰਦੇ ਅੰਦਰਲੀਆਂ ਮਾਨਸਿਕ ਉਲਝਣਾ ਤੋਂ ਉਤਪਨ ਹੋਏ ਮਨੋਵਿਕਾਰਾਂ ਦੀ ਗੱਲ ਕਰਦੀ ਕਹਾਣੀ ਹੈ। ਲੇਖਕ ਨੇ ਮਨੋਰੋਗ ਦੀਆਂ ਜੜ੍ਹਾਂ ਲੱਭਣ ਦਾ ਉਪਰਾਲਾ ਕੀਤਾ ਹੈ।'ਮੈਂ ਇਹੋ ਜਿਹਾ ਨਹੀਂ ਦੇਵ' ਕਹਾਣੀ ਪਿਆਰ ਸਬੰਧਾਂ ਵਿਚ ਪਿਸ ਰਹੇ ਪਤੀ-ਪਤਨੀ ਦੇ ਰਿਸ਼ਤੇ ਦੀ ਕਹਾਣੀ ਹੈ। 'ਅਗਨ ਕਥਾ ਜਾਰੀ ਹੈ' ਮੈਂ ਮੂਲਕ ਇਸਤਰੀ ਵਲੋਂ ਸੁਣਾਈ ਕਹਾਣੀ ਹੈ। ਇਹ ਨਾਰੀ ਪੀੜਾ ਦੀ ਕਹਾਣੀ ਹੈ। ਨਾਰੀ ਦੇ ਮਸਲਿਆਂ ਨੂੰ ਮੈਂ ਪਾਤਰ ਰਾਜਦੀਪ ਉਭਾਰਦੀ ਹੈ।

ਪੁਸਤਕ ਦੀ ਸਿਰਲੇਖ ਵਾਲੀ ਕਹਾਣੀ 'ਘੋੜ ਦੌੜ ਜਾਰੀ ਹੈ' ਰਾਜਨੀਤਕ ਮਸਲਿਆਂ ਨਾਲ ਦੋ ਚਾਰ ਹੁੰਦੇ ਪਾਤਰ ਗੁਰਬਾਜ ਸਿੰਘ ਦੀ ਕਹਾਣੀ ਹੈ। ਰਾਜਨੀਤੀ ਬੰਦੇ ਦੀ ਮਾਨਸਿਕਤਾ ਤੇ ਉਦੋਂ ਹਾਵੀ ਹੁੰਦੀ ਹੈ ਜਦੋਂ ਉਸ ਨਾਲ ਸੱਤਾ ਜੁੜਦੀ ਹੈ। ਇਹ ਬੰਦੇ ਦੀ ਮਾਨਸਿਕਤਾ ਹੀ ਬਦਲ ਦਿੰਦੀ ਹੈ। ਪੁੱਤ ਤੇ ਬਾਪ ਦੇ ਰਿਸ਼ਤਿਆਂ ਦੀ ਤੰਦ ਨੂੰ ਲੇਖਕ ਨੇ ਬਾ ਖੂਬੀ ਫੜੀ ਹੈ।

ਇਸ ਪੁਸਤਕ ਦੀਆਂ ਸਾਰੀਆਂ ਕਹਾਣੀਆਂ ਪੜ੍ਹ ਕੇ ਅਹਿਸਾਸ ਹੁੰਦਾ ਹੈ ਕਿ ਪ੍ਰੀਤ ਕੋਲ ਸਮਾਜਿਕ , ਮਾਨਸਿਕ ਤੇ ਰਾਜਨੀਤਿਕ ਮਸਲਿਆਂ ਨੂੰ ਸਮਝਣ ਲਈ ਬਰੀਕ ਦ੍ਰਿਸ਼ਟੀ ਹੈ। ਇਹ ਦ੍ਰਿਸ਼ਟੀ ਹੀ ਉਹਦੀ ਕਹਾਣੀ ਨੂੰ ਜਾਨਦਾਰ ਬਣਾਉਂਦੀ ਹੈ। ਵਿਲੱਖਣ ਕਹਾਣੀਕਾਰ ਵਜੋਂ ਪਛਾਣ ਭਵਿੱਖ ਦੇ ਗਰਭ ਵਿਚ ਹੈ, ਜਿਹੜੀ ਕਲਾਤਮਿਕ ਪਹੁੰਚ ਵਿਚ ਲੁਕੀ ਹੁੰਦੀ ਹੈ। ਇਸ ਪੁਸਤਕ ਰਾਹੀਂ ਪ੍ਰੀਤ ਅੱਜ ਦੇ ਦੌਰ ਵਿਚ ਵਧੀਆਂ ਕਹਾਣੀ ਲਿਖਣ ਵਾਲਿਆ ਦੀ ਕਤਾਰ ਵਿਚ ਖੜ ਗਿਆ ਹੈ।

**ਜੁੱਤੀ ਸੰਕਲਪ ਤੇ ਸਭਿਆਚਾਰ**
**ਲੇਖਕ : ਗੁਰਿੰਦਰਬੀਰ ਸਿੰਘ**
**ਮੁੱਲ : 400 ਰੁਪਏ, ਪੰਨੇ : 151+32**
**ਮੁੱਲ : ਰਵੀ ਸਾਹਿਤ ਪ੍ਰਕਾਸ਼ਨ, ਅੰਮ੍ਰਿਤਸਰ**




ਖੋਜ ਵਿਦਿਆਰਥੀ ਗੁਰਿੰਦਰਬੀਰ ਸਿੰਘ ਹੈ ਜਿਸ ਨੇ ਪੰਜਾਬੀ ਸਭਿਆਚਾਰ ਦੇ ਖੇਤਰ ਵਿਚ 'ਜੁੱਤੀ' ਤੇ ਆਪਣੀ ਪਹਿਲੀ ਪੁਸਤਕ ਰਾਹੀ ਆਪਣੀ ਪਛਾਣ ਨਿਸਚਤ ਕੀਤੀ ਹੈ। ਉਹ ਸ਼ਿਲਪ ਕਲਾ ਦੇ ਖੇਤਰ ਦਾ ਸੁਲਝਿਆ ਹੋਇਆ ਖੋਜਾਰਥੀ ਹੈ। ਇਹ ਜੁੱਤੀ ਤੇ ਲਿਖੀ ਪੰਜਾਬੀ ਵਿਚ ਪਹਿਲੀ ਪੁਸਤਕ ਹੈ।

ਲੇਖਕ ਨੇ ਜੁੱਤੀ ਸੰਬੰਧੀ ਆਪਣੀਆਂ ਧਾਰਨਾਵਾਂ ਤੇ ਜੁੱਤੀ ਦਾ ਵਿਸ਼ਲੇਸ਼ਣ ਕਰਨ ਲਈ ਪੁਸਤਕ ਨੂੰ ਛੇ ਮੁੱਖ ਭਾਗਾਂ ਵਿਚ ਵੰਡਿਆ ਹੈ। ਪੁਸਤਕ ਵਿਚ ਉਸ ਨੇ ਜੁੱਤੀ ਦਾ ਇਤਿਹਾਸਕ

ਪਰਿਪੇਖ ਉਸਾਰਨ ਲਈ ਆਪਣੀ ਖੋਜ ਦਾ ਦਇਰਾ ਪੂਰੇ ਸੰਸਾਰ ਦਾ ਮੁਢਲਾ ਦੌਰ ਮਿਥਿਆ ਹੈ। ਫਿਰ ਭਾਰਤੀ ਤੇ ਫਿਰ ਪੰਜਾਬੀ ਜੁੱਤੀ ਦਾ ਇਤਿਹਾਸਕ ਪਰਿਪੇਖ ਉਸਾਰਨ ਦਾ ਜਤਨ ਕੀਤਾ ਹੈ। ਜੁੱਤੀ ਦਾ ਸੰਕਲਪ ਤੇ ਸਰੂਪ ਬਾਰੇ ਆਪਣੀ ਧਾਰਨਾ ਉਸਾਰਨ ਲਈ ਵਿਗਿਆਨਿਕ ਦ੍ਰਿਸ਼ਟੀ ਵਰਤੀ ਹੈ।

ਜੁੱਤੀ ਦੇ ਵਿਕਾਸ ਕ੍ਰਮ ਨੂੰ ਸਮਝਣ ਲਈ ਲੇਖਕ ਨੇ ਜੁੱਤੀ ਦੇ ਵਿਕਾਸ ਨੂੰ ਵਿਸ਼ਵ ਪੱਧਰ ਅਤੇ ਭਾਰਤੀ ਪੱਧਰ ਤੇ ਸਮਝਣ ਦਾ ਯਤਨ ਕੀਤਾ ਹੈ। ਵਿਸ਼ਵ ਪੱਧਰ ਤੇ ਜੁੱਤੀ ਦੇ ਇਤਿਹਾਸ ਨੂੰ ਸਮਝਣ ਲਈ ਅਮਰੀਕੀ ਭੌਤਿਕ ਮਾਨਵ ਵਿਗਿਆਨੀ ਐਰਿਕ ਟ੍ਰਿਨਕੋਸ ਦਾ ਉਹ ਕਥਨ ਬਹੁਤ ਅਹਿਮ ਹੈ ਜਿਸ ਵਿਚ ਉਸ ਨੇ ਕਿਹਾ ਹੈ ਕਿ ਜੁੱਤੀ ਦੀ ਸ਼ੁਰੂਆਤ ਅੱਜ ਤੋਂ ਚਾਲੀ ਹਜ਼ਾਰ ਸਾਲ ਪੁਰਾਤਨ ਹੈ। ਪਰ ਇਸ ਸਮੇਂ ਦੀ ਜੁੱਤੀ ਦੀ ਕੋਈ ਵੰਨਗੀ ਪ੍ਰਾਪਤ ਨਹੀਂ ਹੁੰਦੀ। ਪਰ ਫਰਾਂਸ ਦੀਆਂ ਗੁਫਾਵਾਂ ਦੇ ਚਿੱਤਰਾਂ ਤੋਂ ਪਤਾ ਲੱਗਦਾ ਹੈ ਕਿ ਮਨੁੱਖ 15000 ਜਾਂ 10000 ਸਾਲ ਪਹਿਲਾਂ ਜੁੱਤੀ ਦੀ ਵਰਤੋਂ ਕਰਦਾ ਸੀ। ਇੰਜ 20 ਵੀਂ ਸਦੀ ਦੇ ਅੰਤਮ ਦਹਾਕੇ ਤੇ 21 ਵੀਂ ਸਦੀ ਦੇ ਅਰੰਭ ਵਿਚ ਜੁੱਤੀਆਂ ਦੀ ਇਤਿਹਾਸਕਾਰੀ ਕੀਤੀ ਗਈ ਹੈ। ਜਿਸ ਵੇਲੇ ਜੁੱਤੀ ਬਹੁਤ ਵੱਡੇ ਉਦਯੋਗ ਦਾ ਰੂਪ ਧਾਰਨ ਕਰ ਗਈ ਹੈ। ਲੇਖਕ ਨੇ ਆਪਣੀਆਂ ਧਾਰਨਾਵਾਂ ਨੂੰ ਠੋਸ ਬਣਾਉਣ ਲਈ ਉਚਿਤ ਟੂਕਾਂ ਤੇ ਹਵਾਲਿਆਂ ਨਾਲ ਇਤਿਹਾਸਕਾਰੀ ਕੀਤੀ ਹੈ।

ਭਾਰਤੀ ਸੰਦਰਭ ਵਿਚ ਜੁੱਤੀ ਦੀ ਇਤਿਹਾਸਕਾਰੀ ਕਰਦਿਆਂ ਲੇਖਕ ਜਿਕਰ ਕਰਦਾ ਹੈ ਕਿ ਮੋਹਨਜੋਦੜੋ ਤੇ ਹੜੱਪਾ ਦੇ ਸਥਾਨਾਂ ਤੋਂ ਇਕ ਮੋਚੀ ਦਾ ਔਜ਼ਾਰ ਸੂਆ ਮਿਲਦਾ ਹੈ। ਬੰਗਾਲ ਵਿਚ ਖੁਦਾਈ ਦੌਰਾਨ ਇਕ ਸੈਂਡਲ ਵਰਗੀ ਜੁੱਤੀ ਮਿਲਦੀ ਹੈ ਜਿਸ ਦੀ ਉਮਰ 200 ਈ. ਪੂ. ਮੰਨ ਗਈ ਹੈ। ਵੈਦਿਕ ਤੇ ਮਹਾਂਭਾਰਤ ਕਾਲ ਦੇ ਸਾਹਿਤ ਵਿਚ ਜੁੱਤੀ ਦੇ ਸੰਕੇਤ ਜ਼ਰੂਰ ਮਿਲਦੇ ਹਨ। ਵੇਦਾਂ ਵਿਚ ਇਸ ਦੇ ਜਿਕਰ ਹੋਣ ਦਾ ਅੰਦਾਜਾ ਲੱਗਦਾ ਹੈ। ਪਰ ਬੁੱਧ ਸਾਹਿਤ ਦੇ ਅਧਿਐਨ ਤੋਂ ਪ੍ਰਚੀਨ ਜੁੱਤੀਆਂ ਬਾਰੇ ਅਹਿਮ ਜਾਣਕਾਰੀ ਮਿਲਦੀ ਹੈ। ਜੈਨ ਛੇਦ ਸੂਤਰਾਂ ਤੋਂ ਪਤਾ ਲੱਗਦਾ ਹੈ ਕਿ ਉਸ ਯੁੱਗ ਵਿਚ ਗਾਂ, ਮੱਝ, ਬੱਕਰਾ, ਭੇਡੂ ਦੇ ਚਮੜੇ ਦੀਆਂ ਜੁੱਤੀਆਂ ਬਣਦੀਆਂ ਸਨ। ਮੱਧਕਾਲ ਸਮੇਂ ਸਿੱਖ ਗੁਰੂ ਸਾਹਿਬਾਨ ਦੇ ਸਮੇਂ ਦੀਆਂ ਕੁਝ ਪੁਰਾਤਨ ਜੁੱਤੀਆਂ ਅੱਜ ਵੀ ਸੰਭਾਲੀਆਂ ਪਈਆਂ ਹਨ। ਲੇਖਕ ਇਸ ਗੱਲ ਦਾ ਉਲੇਖ ਵੀ ਕਰਦਾ ਹੈ ਕਿ ਭਾਰਤ ਵਿਚ ਚਮੜੇ ਦੀਆਂ ਜੁੱਤੀਆਂ ਦਾ ਆਗਾਜ਼ ਮੁਸਲਮਾਨਾਂ ਦੇ ਆਉਣ ਨਾਲ ਹੁੰਦਾ ਹੈ।

ਵੱਖਰੇ ਚੈਪਟਰ ਵਿਚ ਜੁੱਤੀ ਦੇ ਸ਼ਾਬਦਿਕ ਅਰਥ, ਪਰਿਭਾਸ਼ਾ, ਸੰਸਕ੍ਰਿਤੀ, ਅਰਬੀ, ਫਾਰਸੀ ਤੇ ਪੰਜਾਬੀ ਭਾਸਾਵਾਂ ਵਿਚ ਨਾਂ, ਕਿਸਮਾਂ ਉਦਾਹਰਨਾ ਸਾਹਿਤ ਦਿੱਤੇ ਹਨ। ਪਾਦਤ੍ਰ, ਪਗਰਖੀ, ਪਾਪੋਸ਼, ਪਾਂਬੜੀ, ਪੈਜ਼ਾਰ, ਮੌਜੜੀ, ਚਰਨਦਾਸੀ, ਛਿੱਤਰ, ਖੋਸੜਾ, ਖੱਲਾ, ਜੋੜਾ ਆਦਿ ਵੱਖ ਵੱਖ ਵਰਤੇ ਜਾਂਦੇ ਨਾਂ ਹਵਾਲਿਆ ਨਾਲ ਚਿੰਨਤ ਕੀਤੇ ਗਏ ਹਨ। ਪੁਸਤਕ ਵਿਚ ਲੇਖਕ ਨੇ ਜੁੱਤੀ ਦੀ ਬਣਤਰ ਤੇ ਇਸ ਦੀ ਸ਼ਿਲਪਕਾਰੀ ਦਾ ਜ਼ਿਕਰ ਵੀ ਕੀਤਾ ਹੈ। ਸਾਡੇ ਲੋਕ ਸਾਹਿਤ ਰੂਪ ਲੋਕ ਬੋਲੀਆਂ, ਲੋਕ ਗੀਤਾਂ, ਮੁਹਾਵਰੇ, ਅਖਾਣਾਂ, ਬੁਝਾਰਤਾਂ, ਲੋਕ ਕਥਾਵਾਂ , ਪੰਜਾਬੀ ਸਾਹਿਤ ਵਿਚ ਜੁੱਤੀ ਦਾ ਹੋਇਆ ਜ਼ਿਕਰ ਬਾਰੇ ਵਿਸਥਾਰ ਨਾਲ ਵਿਸ਼ਲੇਸ਼ਣ ਕੀਤਾ ਗਿਆ ਹੈ। ਪੁਸਤਕ ਵਿਚ 32 ਪੰਨੇ ਰੰਗੀਨ ਹਨ ਜਿਨ੍ਹਾਂ ਤੇ ਜੁੱਤੀਆਂ ਦੀਆਂ ਵੱਖ ਵੱਖ ਵੰਨਗੀਆਂ ਪੇਸ਼ ਕਰਕੇ ਲੇਖਕ ਨੇ ਆਪਣੀ ਖੋਜ ਨੂੰ ਨਿੱਗਰ ਬਣਾ ਦਿੱਤਾ ਹੈ। ਪੰਜਾਬੀ ਲੋਕ ਧਾਰਾ, ਲੋਕ ਸ਼ਿਲਪ ਨੂੰ ਸਮਝਣ ਲਈ ਇਹ ਪੁਸਤਕ ਬੜੀ ਮੁੱਲਵਾਨ ਹੈ।

**ਮੇਰੀ ਚੋਣਵੀਂ ਕਵਿਤਾ (ਬਲਬੀਰ ਮਾਧੋਪੁਰੀ)**
**ਮੁੱਲ : 150 ਰੁਪਏ, ਪੰਨੇ : 96**
**ਪ੍ਰਕਾਸ਼ਕ : ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ**

ਬਲਬੀਰ ਮਾਧੋਪੁਰੀ ਪੰਜਾਬੀ ਦਾ ਪ੍ਰਸਿੱਧ ਕਵੀ ਹੈ। ਉਸ ਨੇ ਆਪਣੀ ਕਵਿਤਾ ਵਿਚ ਆਪਣੇ ਵਿਹੜੇ ਦੇ ਦਲਿਤ ਲੋਕਾਂ ਦੀ ਵੇਦਨਾ ਨੂੰ ਜੁਬਾਨ ਦਿੱਤੀ ਹੈ। ਉਸ ਦੇ ਕਹਿਣ ਮਜੂਬ ਨਿਮਾਣਿਆ, ਨਿਤਾਣਿਆਂ ਅਤੇ ਵਿਵਸਥਾ ਦੇ ਸਤਾਏ ਆਪਣੇ ਵਰਗੇ ਸਾਂਵਲੇ ਲਾਖੇ ਤੇ ਲਿੱਸੇ ਜਿਹੇ ਬਹੁਜਨਾਂ ਦੀ ਪ੍ਰਤਿਨਿਧਤਾ ਕਰਦੀ ਪ੍ਰਗੀਤਕ ਕਵਿਤਾ, ਗੀਤ ਤੇ ਗ਼ਜ਼ਲ ਨੁਮਾ ਕਵਿਤਾ ਪੇਸ਼ ਕੀਤੀ ਹੈ। ਇਨ੍ਹਾਂ ਕਵਿਤਾਵਾਂ ਤੋਂ ਮਾਧੋਪੁਰੀ ਦੀ ਕਵਿਤਾ ਦੇ ਵਿਕਾਸ ਦੀ ਝਲਕ ਵੀ ਮਿਲਦੀ ਹੈ।






ਕਵਿਤਾ ਦੀ ਤਲਾਸ਼, ਕਵਿਤਾ ਨਿਰੇ ਅੱਖਰ ਨਹੀਂ, ਕਵਿਤਾ ਮੁਖਾਤਿਬ ਹੋ !, ਕਾਵਿ ਲੋਚਾ ਆਦਿ ਕਵਿਤਾਵਾਂ ਵਿਸ਼ੇਸ਼ ਧਿਆਨ ਦੀ ਮੰਗ ਕਰਦੀਆਂ ਹਨ। ਜਿਹੜੀਆਂ ਰਵਾਇਤੀ ਕਵਿਤਾ ਦੇ ਬਿੰਬ ਨੂੰ ਤੋੜਦੀਆਂ ਹਨ। ਕਵੀ ਦਲਿਤ ਕਵਿਤਾ ਨਾਲ ਸੰਵਾਦ ਕਰਦਾ ਹੈ। ਕਵਿਤਾ ਦੇ ਰਵਾਇਤੀ ਮਾਪਦੰਡ ਤੇ ਚਿਹਨਾਂ ਨੂੰ ਰੱਦ ਕਰਦਾ ਹੋਇਆ ਆਪਣੇ ਦਲਿਤ ਸਮਾਜ ਵਿਚੋਂ ਚਿਹਨ ਚੁੱਕ ਕੇ ਕਵਿਤਾ ਵਿਚ ਰੁਪਾਂਤ੍ਰਤਿ ਕਰਦਾ ਹੋਇਆ ਕਵਿਤਾ ਕਹਿੰਦਾ ਹੈ। 'ਮੇਰਾ ਬਜ਼ੁਰਗ' ਉਸ ਦੀ ਬਹੁਤ ਗਹਿਰੇ ਅਰਥ ਸਿਰਜਦੀ ਕਵਿਤਾ ਹੈ। ਇਹ ਬਜ਼ੁਰਗ ਸਮੁੱਚੇ ਦਲਿਤ ਸਮਾਜ ਦੀ ਪ੍ਰਤੀਨਿੰਧਤਾ ਕਰਦਾ ਹੈ। ਕਿ ਕਿਵੇਂ ਸਾਧਨ ਵਿਹੁਣੇ ਬੰਦੇ ਨੂੰ ਖੁਸੀ ਕਰ ਦਿੱਤਾ ਜਾਂਦਾ ਹੈ। ਉਹ ਆਪਣੀ ਹਾਲਤ ਨੂੰ ਭਾਣਾ ਮੰਨਦਾ ਹੈ। ਵਿਵਸਥਾ ਜਿਵੇਂ ਹੈ ਉਸ ਤਰ੍ਹਾਂ ਦੀ ਬਣੀ ਰਹਿਣ ਦੇਣਾ ਚਾਹੁੰਦਾ ਹੈ। ਕਰਮ ਦਾ ਸੰਕਲਪ ਬਜ਼ੁਰਗ ਦੀ ਹੋਣੀ ਹੈ, ਕਵੀ ਕਹਿੰਦਾ ਹੈ-'ਉਹ ਆਪਣੇ ਹੱਥੀਂ ਲਿਆਇਆ ਹੈ, ਹਰਾ, ਚਿੱਟਾ ਤੇ ਨੀਲਾ ਇਨਕਲਾਬ, ਤੇ ਉਹਦੇ ਪਿੰਡੇ ਉਤੇ, ਅਜੇ ਵੀ ਵਗਦਾ ਹੈ ਖ਼ੁਸ਼ਕ ਦਰਿਆ।' 'ਮੇਰੀ ਜਾਤ' ਅਤੇ 'ਉਸ ਨੇ ਕਿਹਾ' ਕਵਿਤਾ ਭਾਰਤੀ ਜਾਤੀ ਪਾਤੀ ਵਿਵਸਥਾ ਨੂੰ ਪੇਸ਼ ਕਰਦੀ ਕਵਿਤਾ ਹੈ। ਬਲਬੀਰ ਮਾਧੋਪੁਰੀ ਬਹੁਤ ਥੋੜੇ ਸ਼ਬਦਾਂ ਵਿਚ ਕਵਿਤਾ ਕਹਿੰਦਾ ਹੈ ਪਰ ਉਸ ਦੇ ਪਸਾਰ ਬਹੁਤ ਵਿਸ਼ਾਲ ਹਨ। ਵਿਸ਼ਲੇਸ਼ਣ ਬਹੁਤ ਵੱਡੇ ਹਨ। ਉਸ ਦੀ ਕਵਿਤਾ 'ਖ਼ਿਲਾਫ਼ ਹਵਾਵਾਂ ਦੇ' ਦੇ ਪਹਿਲੇ ਪਹਿਰੇ ਵਿਚ 12 ਸ਼ਬਦ ਹਨ ਪਰ ਇਸ ਸ਼ਬਦਾਂ ਦੀ ਵਿਆਖਿਆ ਲਮੇਰੀ ਹੈ। ਇਨ੍ਹਾਂ ਸਤਰਾਂ ਦਾ ਵਿਸ਼ਲੇਸ਼ਣ ਪੰਜ ਪੰਨਿਆ ਦੀ ਮੰਗ ਕਰਦਾ ਹੈ। ਉਸ ਦੀ ਕਵਿਤਾ ਬੇਚੈਨੀ ਪੈਦਾ ਕਰਨ ਵਾਲੀ ਕਵਿਤਾ ਹੈ। ਪਾਠਕ ਉਸ ਦੀ ਕਵਿਤਾ ਪੜ੍ਹਦਾ ਬੇਚੈਨੀ ਮਹਿਸੂਸ ਕਰਦਾ ਹੈ। ਇਕ ਟੈਕਸਟ ਕਵਿਤਾ ਪੜ੍ਹਦਿਆਂ ਸਾਹਮਣੇ ਪਈ ਹੈ ਦੂਜੀ ਟੈਕਸਟ ਪਾਠਕ ਦੇ ਮਨ ਅੰਦਰ ਚੱਲਦੀ ਹੈ। ਜਿਹੜੀ ਪਾਠਕ ਨੂੰ ਚਿੰਤਕ ਵੱਲ ਲੈ ਕੇ ਜਾਂਦੀ ਹੈ। ਉਹ 12 ਸ਼ਬਦ ਹਨ-ਖੱਬਲ ਖੋਤਣ ਗਈਆਂ / ਬਣ ਮਾਵਾਂ ਮੁੜੀਆਂ / ਵੇ ਬਾਬਲਾ / ਗਾਵਾਂ ਵਰਗੀਆਂ / ਕੰਜਕ-ਕੁੜੀਆਂ।' ਕਵਿਤਾ ਵਿਚ ਜਿਹੜੇ ਚਿਹਨ ਉਹ ਵਰਤਦਾ ਹੈ ਉਹ ਉਸ ਦੇ ਆਪਣੇ ਸਮਾਜ ਦੇ ਹਨ। ਆਪਣੇ ਕਬੀਲੇ ਦੇ ਹਨ। ਪੁਸਤਕ ਵਿਚ ਬਲਬੀਰ ਨੇ ਕੁਝ ਗ਼ਜ਼ਲਾਂ ਵੀ ਕਹੀਆਂ ਹਨ। ਜਿਨ੍ਹਾਂ ਵਿਚ ਪ੍ਰਗੀਤਕ ਅੰਸ਼ ਪ੍ਰਧਾਨ ਹੈ। ਚੋਣਵੀਂ ਕਵਿਤਾ ਪੜ੍ਹਦਿਆਂ ਉਸ ਦੇ ਬਹੁਤ ਵੱਡੇ ਕਵੀ ਦਾ ਬਿੰਬ ਸਾਡੇ ਸਾਹਮਣੇ ਆਉਂਦਾ ਹੈ। ਉਂਞ ਅੰਤਰਰਾਸ਼ਟਰੀ ਪੱਧਰ ਤੇ ਉਸ ਦੀ ਪਛਾਣ ਉਸ ਦੀ ਸਵੈ ਜੀਵਨੀ 'ਛਾਂਗਿਆ ਰੁੱਖ' ਨੇ ਬਣਾਈ ਹੈ।




**ਸ਼ਹੀਦ ਕਰਤਾਰ ਸਿੰਘ ਸਰਾਭਾ ਕਾਵਿ ਸ਼ਰਧਾਂਜਲੀ**
**ਸੰਪਾਦਕ : ਡਾ. ਬਲਦੇਵ ਸਿੰਘ 'ਬੱਦਨ'**
**ਮੁੱਲ : 500, ਪੰਨੇ : 387**
**ਪ੍ਰਕਾਸ਼ਕ : ਨਵਯੁਗ ਪਬਲਿਸ਼ਰਜ਼, ਨਵੀਂ ਦਿੱਲੀ**

ਸ਼ਹੀਦ ਕਰਤਾਰ ਸਿੰਘ ਸਰਾਭਾ ਦੀ ਵਿਚਾਰਧਾਰਾ ਅਤੇ ਕੌਮ ਨੂੰ ਦੇਣ ਨੂੰ ਸਮਝਣ ਲਈ ਇਹ ਪੁਸਤਕ ਬੜੀ ਮੁੱਲਵਾਨ ਹੈ ਜਿਸ ਨੂੰ ਨਵਯੁਗ ਨੇ ਬੜੀ ਹੀ ਖੂਬਸੂਰਤੀ ਨਾਲ ਪ੍ਰਕਾਸ਼ਤ ਕੀਤਾ ਹੈ। ਇਸ ਵਿਚ 92 ਪੰਨਿਆ ਦੀ ਭੂਮਿਕਾ ਹੈ। ਇਹ ਭੂਮਿਕਾ ਵੀ ਪੂਰੀ ਦੀ ਪੂਰੀ ਕਿਤਾਬ ਹੈ। ਜਿਹੜੀ ਕਿ ਸਰਾਭਾ ਦਾ ਵਿਆਪਕ ਪੱਧਰ ਤੇ ਵਿਸ਼ਲੇਸ਼ਣ ਕਰਦੀ ਹੈ। ਸਰਾਭਾ ਦੀ ਵਿਚਾਰਧਾਰਾ ਨੂੰ ਸਮਝਣ ਤੋਂ ਪਹਿਲਾਂ ਸੰਪਾਦਕੀ ਮੰਡਲ ਨੇ ਬਸਤੀਵਾਦੀ ਦੌਰ ਵਿਚ ਦੇਸ਼ ਦੀ

ਰਾਜਨੀਤਿਕ ਸਥਿਤੀ ਅਤੇ ਸਮਾਜਿਕ ਦਰਜੇ ਬੰਦੇ ਨੂੰ ਸਮਝਿਆ ਗਿਆ ਹੈ। ਗ਼ਦਰ ਲਾਹਿਰ ਨੂੰ ਉਸ ਵੇਲੇ ਰਚੀ ਗਈ ਕਵਿਤਾ ਰਾਹੀਂ ਸਮਝਿਆ ਗਿਆ ਹੈ। ਭਾਰਤ ਸੁਤੰਤਰਤਾ ਸੰਗਰਾਮ ਦੇ ਅੰਦੋਲਨ ਦੇ ਸਾਹਿਤਕ ਪਿਛੋਕੜ ਉਪਰੰਤ ਸ਼ਹੀਦ ਕਰਤਾਰ ਸਿੰਘ ਸਰਾਭਾ ਦਾ ਜ਼ਿਕਰ ਕੀਤਾ ਗਿਆ ਹੈ। ਕਾਮਾਗਾਟਾ ਮਾਰੂ ਦਾ ਬਿਰਤਾਂਤ ਜਿਸ ਵਿਚ ਕਰਤਾਰ ਸਿੰਘ ਸਰਾਭਾ ਵੀ ਅਹਿਮ ਰੋਲ ਅਦਾ ਕਰਦਾ ਹੈ। ਇਨ੍ਹਾਂ ਪ੍ਰਸੰਗਾ ਨੂੰ ਕਵਿਤਾ ਰਾਹੀਂ ਵੀ ਸਮਝਿਆ ਗਿਆ ਹੈ। ਗ਼ਦਰ ਪਾਰਟੀ ਦੀ ਸਥਾਪਨਾ, ਭਗਤ ਸਿੰਘ ਦਾ ਸਰਾਭੇ ਬਾਰੇ ਲੇਖ, ਕਵਿਤਾ ਅਤੇ ਹੋਰ ਵੇਰਵਿਆ ਰਾਹੀਂ ਸਰਾਭਾ ਦੀ ਦੇਸ਼ ਭਗਤੀ ਨੂੰ ਸਮਝਿਆ ਗਿਆ ਹੈ।

ਤਕਰੀਬਨ 97 ਕਵੀਆਂ ਦੀਆਂ ਕਾਵਿ ਰਚਨਾਵਾਂ ਹਨ ਕਿਸੇ ਦੀ ਇਕ ਅਤੇ ਕਿਸੇ ਦੀਆਂ ਪੰਜ ਤੋਂ ਦਸ ਤੱਕ ਕਵਿਤਾਵਾਂ ਸ਼ਾਮਿਲ ਕੀਤੀਆਂ ਹਨ। ਕੁਲ 150 ਕਵਿਤਾਵਾਂ ਪੁਸਤਕ ਦਾ ਸਿੰਗਾਰ ਹਨ। ਹਰ ਕਵਿਤਾ ਦਾ ਥੀਮ ਕਰਤਾਰ ਸਿੰਘ ਸਰਾਭਾ ਅਤੇ ਗ਼ਦਰ ਲਹਿਰ ਹੈ। ਹਰ ਕਵੀ ਦੇ ਦੇਸ਼ ਭਗਤੀ ਦਾ ਜਜਬਾ ਇਕੋ ਨਜ਼ਰੀਏ ਤੋਂ ਲਿਖਿਆ ਹੈ। ਪਰ ਉਸ ਦੇ ਪਸਾਰ ਵੱਖਰੇ ਵੱਖਰੇ ਹਨ। ਕਵਿਤਾਵਾਂ ਰਾਹੀਂ ਸਰਾਭੇ ਨੂੰ ਸ਼ਰਧਾਂਜਲੀ ਦੇਣੀ ਨਿਵੇਕਲੀ ਪਿਰਤ ਹੈ।




**ਦੀਵਿਆਂ ਦੇ ਦੇਸ਼ ਵਿੱਚ** (**ਕਵਿਤਾਵਾਂ**)
**ਲੇਖਕ : ਔਦੋਲੇਨ ਸਮੇਕਲ.**
**ਅਨੁ. : ਡਾ. ਬਲਦੇਵ ਸਿੰਘ 'ਬੱਦਨ'**
**ਮੁੱਲ : 175, ਪੰਨੇ : 144**

ਡਾ. ਸਮੇਕਲ ਮੂਲ ਰੂਪ ਵਿਚ ਚੇਕ ਭਾਸ਼ਾ ਦਾ ਲੇਖਕ ਹੈ। ਉਸ ਨੇ ਇਹ ਕਵਿਤਾਵਾਂ ਹਿੰਦੀ ਭਾਸ਼ਾ ਵਿਚ ਲਿਖੀਆਂ ਹਨ। ਕਿਉਂਕਿ ਉਨ੍ਹਾਂ ਭਾਰਤ ਵਿਚ ਸਮੇਂ ਸਮੇਂ ਆ ਕੇ ਇਥੋਂ ਦੀ ਸਾਂਸਕ੍ਰਿਤੀ, ਪਿੰਡਾਂ ਦਾ ਜੀਵਨ, ਪੇਂਡੂ ਲੋਕਾਂ ਨੂੰ ਮਿਲ ਕੇ ਉਨ੍ਹਾਂ ਦੇ ਅਹਿਸਾਸ ਕਵਿਤਾਵਾਂ ਵਿਚ ਪਰੋਏ ਹਨ। ਪ੍ਰਕਿਰਤਕ ਸੁੰਦਰਤਾ ਉਸ ਦੀ ਕਵਿਤਾ ਦਾ ਅਧਾਰ ਹੈ। ਬੀਤੇ ਚਾਲੀ ਸਾਲਾਂ ਦੇ ਅਨੁਭਵ ਇਨ੍ਹਾਂ ਕਵਿਤਾਵਾਂ ਦਾ ਹਿਸਾ ਬਣੇ ਹਨ। ਖਾਸ ਕਰਕੇ ਝੁੱਗੀਆਂ ਦੇ ਦ੍ਰਿਸ਼, ਕਿਸਾਨ, ਤੇਲੀ, ਘੁਮਾਰ, ਧੋਬੀ, ਖੂਹ, ਪਾਣੀ ਭਰਦੀਆਂ ਮੁਟਿਆਰਾ, ਰਾਜਪੂਤਾਂ ਦੀ ਜੀਵਨ ਸ਼ੈਲੀ, ਹਰਿ ਕੀ ਪੌੜੀ, ਦਿਲਵਾੜਾ ਮੰਦਰ ਦੀਆਂ ਸੰਗਮਰਮਰ ਦੀਆਂ ਸੁੰਦਰੀਆਂ ਆਦਿ ਨੂੰ ਕਵਿਤਾ ਵਿਚ ਪੇਸ਼ ਕੀਤਾ ਹੈ। ਇਨ੍ਹਾਂ ਕਵਿਤਾਵਾ ਦਾ ਪੰਜਾਬੀ ਅਨੁਵਾਦ ਪੰਜਾਬੀ ਦੇ ਪ੍ਰਸਿੱਧ ਚਿੰਤਕ ਅਤੇ ਅਨੁਵਾਦਕ ਸੰਪਾਦਕ ਡਾ. ਬਲਦੇਵ ਸਿੰਘ 'ਬੱਧਨ' ਨੇ ਕੀਤਾ ਹੈ। ਕਵਿਤਾ ਦਾ ਅਨੁਵਾਦ ਸਭ ਤੋਂ ਕਠਿਨ ਕਾਰਜ ਹੈ, ਜਿਸ ਨੂੰ ਡਾ. ਬਲਦੇਵ ਨੇ ਬਹੁਤ ਮਿਹਨਤ ਨਾਲ ਸਿਰੇ ਚੜ੍ਹਾਇਆ ਹੈ।

ਅਨੁਭਵ ਦੇ ਕਚਨਾਰ, ਕੇਹਾ ਮੇਰਾ ਪਿਆਰ, ਪਿੰਡ ਵਾਸੀਆਂ ਦੀ ਬਾਤ ਕਵਿਤਾਵਾਂ ਸਮੇਤ ਹੋਰ ਕਵਿਤਾਵਾਂ ਬਹੁਤ ਅੱਛੀਆਂ ਹਨ ਜਿਨ੍ਹਾਂ ਵਿਚ ਨਿੱਕੇ ਨਿੱਕੇ ਅਹਿਸਾਸ ਫੜਨ ਦੀ ਸਫ਼ਲ ਕੋਸ਼ਿਸ਼ ਹੈ। ਜਿਵੇਂ-'ਕਿਉਂ ਮੰਗਦੀ ਏਂ ਪੁੱਤਰ ਦਾ ਦਾਨ, ਛੁੱਟ ਸੰਨਿਆਸ ਦੇ ਕੋਲ ਮੇਰੇ, ਹੈ ਕੀ ਹੋਰ, ਜੋ ਦਿਆਂ ਮੈਂ ਤੈਨੂੰ ਦਾਨ? " ਉਸ ਦੀ ਕਵਿਤਾ ਭਾਰਤੀ ਕਲਚਰ ਦੀ ਕਵਿਤਾ ਹੈ। ਉਸ ਦੀ ਕਵਿਤਾ ਦਾ ਪਸਾਰ ਵਿਸ਼ਾਲ ਹੈ। ਭਿੰਨ ਭਿੰਨ ਸੱਭਿਆਚਾਰ ਦਾ ਰੰਗ ਉਸ ਦੀ ਕਵਿਤਾ ਦਾ ਮੀਰੀ ਗੁਣ ਹੈ। ਕਵੀ ਦੀ ਇਹ ਖੂਬੀ ਹੈ ਕਿ ਨਿਮਨ ਵਰਗ ਦੀਆਂ ਤੰਦਾਂ ਵੀ ਕਵਿਤਾ ਵਿਚ ਫੜਦਾ ਹੈ-ਪਰਤ ਆਉਂਦੇ ਮਨ 'ਚ ਮੁੜ ਮੁੜ / ਨਿੱਤ ਦਿਹਾੜੀ ਬਾਰ ਬਾਰ / ਯੂ. ਪੀ. ਬਿਹਾਰ ਦੇ / ਬੰਗਾਰ ਦੇ / ਘਾਹ ਫੂਸ ਦੀਆਂ ਝੁੱਗੀਆਂ 'ਚ / ਰਹਿਣ ਵਾਲੇ ਲੋਕ / ਨਿਰਧਨ / ਗਰੀਬ / ਮੰਦੇ ਹਾਲ,' ਕਿਤੇ ਉਹਦੀ ਕਵਿਤਾ ਵਿਚ ਬਾਂਸ ਦੀ ਖੇਤੀ ਹੈ ਕਿਤੇ ਬਰਫ ਹੈ ਕਿਤੇ ਗੋਂਡ ਰਾਜਿਆਂ ਦੀ ਇਤਿਹਾਸਕਾਰੀ ਹੈ / ਗੰਗਾ / ਕੁੱਲੂ / ਹਰ ਕੀ ਪੌੜੀ / ਉਹ ਆਪਣੀ ਕਵਿਤਾ ਵਿਚ ਵੱਖਰੇ ਵੱਖਰੇ ਮੋਟਿਫ ਲੈ ਕੇ ਆਉਂਦਾ ਹੈ। ਕਵੀ ਆਪਣੀ ਕਵਿਤਾ ਵਿਚ



ਖ਼ੂਬਸੂਰਤ ਯਾਤਰਾ ਬਿਰਤਾਂਤ ਸਿਰਜਦਾ ਹੈ। ਕਵਿਤਾ ਦਾ ਅਨੁਵਾਦ ਬਹੁਤ ਹੀ ਮਿਹਨਤ ਨਾਲ ਕੀਤਾ ਗਿਆ ਹੈ। ਅਨੁਵਾਦ ਕਰਦਿਆਂ ਕਵਿਤਾ ਦੀ ਪ੍ਰਗੀਤਕਤਾ ਮਰਨ ਨਹੀਂ ਦਿੱਤੀ।




**ਵਰਖਾ ਆਉਣ ਤੇ...** (**ਕਵਿਤਾਵਾਂ**)
**ਡਾ. ਮਨੋਰਮਾ ਵਿਸ਼ਵਾਲ ਮਹਾਪਾਤਰ ,**
**ਅਨੁਵਾਦਕ : ਡਾ. ਬਲਦੇਵ ਸਿੰਘ 'ਬੱਦਨ'**
**ਮੁੱਲ : 150, ਪੰਨੇ : 87**
**ਪ੍ਰਕਾਸ਼ਕ : ਸਾਹਿਤ ਰਚਨਾ, ਦਿੱਲੀ**

ਮਨੋਰਮਾ ਉੜੀਆ ਭਾਸ਼ਾ ਦੀ ਬਰੀਕ ਬੁੱਧੀ ਵਾਲੀ ਜ਼ਿਕਰਯੋਗ ਕਵਿਤਰੀ ਹੈ। ਇਸ ਪੁਸਤਕ ਵਿਚ ਉਸ ਦੀਆਂ ਚੋਣਵੀਆਂ ਕਵਿਤਾਵਾਂ ਨੂੰ ਸਾਮਿਲ ਕੀਤਾ ਗਿਆ ਹੈ। ਕਵਿਤਰੀ ਜੀਵਨ ਦੇ ਅੰਤਰਵਿਰੋਧਾਂ ਨੂੰ ਕਵਿਤਾ ਵਿਚ ਫੜਦੀ ਹੈ। ਅੰਚਲਿਕਤਾ, ਯਾਦਾਂ ਅਤੇ ਬਰੀਕ ਦ੍ਰਿਸ਼ ਉਸ ਦੀ ਕਵਿਤਾ ਨੂੰ ਜਾਨਦਾਰ ਬਣਾਉਂਦੇ ਹਨ। ਕਵੀ ਦੇ ਅਵਚੇਤਨ ਵਿਚ ਉਹਦਾ ਪਿੰਡ ਵਸਿਆ ਹੋਇਆ ਹੈ, ਜਿਥੋਂ ਉਹ ਚਿਹਨ ਚੁੱਕ ਚੁੱਕ ਕੇ ਕਵਿਤਾ ਨੂੰ ਜਾਨਦਾਰ ਬਣਾਉਂਦੀ ਹੈ। ਪੇਂਡੂ ਜੀਵਨ ਸ਼ੈਲੀ ਦੇ ਚਿਹਨ ਪੌਰਾਇਣਕ ਇਤਿਹਾਸਕ ਅਤੇ ਮਿਥਿਹਾਸਕ ਹਵਾਲਿਆਂ ਨਾਲ ਕਵਿਤਾ ਵਿਚ ਆਉਂਦੇ ਹਨ। ਕਵਿਤਾ ਦਾ ਨਮੂਨਾ ਦੇਖੋ-ਤੂੰ ਹੋਵੇਂ ਤਾਂ ਹਰੇ ਝੋਨੇ ਦੇ ਖੇਤ 'ਚੋਂ / ਪਾਣੀ ਪੀਣ ਵਾਲੀ/ਚਿੜੀ ਮਾਂ ਦੇ/ਨਿਰਸ਼ਬਦ ਮਨ 'ਚੋਂ ਲਹੂ ਸਿੰਮੇਗਾ।/ਧਰਤੀ ਦੇ ਸਾਰੇ ਚੰਗੇ ਦਿਨ/ਬਣ ਜਾਣਗੇ/ਦੁੱਖ ਦੇ ਦਿਨ/ਚਿੜੀ ਮਾਂ ਮੂੰਹ ਲਟਕਾਏ/ਬਿਰਖ ਉਤੇ ਸੌਂ ਜਾਏਗੀ।'

ਘਰ ਦੀ ਤਲਾਸ਼ ਵਿਚ ਭਟਕਦੀ ਮਨੁੱਖਤਾ ਦੀ ਗੱਲ ਬੜੀ ਖ਼ੂਬਸੂਰਤੀ ਨਾਲ ਕਰਦੀ ਹੈ। ਘਰ ਇਕ ਚਿਹਨ ਹੈ। ਮਨੁੱਖ ਹੈ। ਇਥੇ ਘਰ ਉਹ ਨਹੀਂ ਜਿਥੇ ਆ ਕੇ ਬੰਦਾ ਰਾਤ ਗੁਜਾਰਦਾ ਹੈ। ਉਸ ਨੇ ਭਟਕ ਰਹੇ ਮਨੁੱਖ ਦੀ ਗੱਲ ਕਵਿਤਾ ਵਿਚ ਕੀਤੀ ਗਈ ਹੈ ਜਿਹੜਾ ਸਾਂਤੀ ਲਈ ਥਾਂ ਥਾਂ ਭਟਕਦਾ ਹੈ- ਕਿਥੇ ਹੈ ਘਰ ਮੇਰਾ/ਗੰਗਾ ਵਿਚ/ਗਯਾ ਵਿਚ/ਜਾਂ ਤ੍ਰਿਵੇਣੀ ਵਿੱਚ/ਘਰ ਨੂੰ ਆਲ੍ਹਣੇ ਵਾਂਗ/ਬਣਾਉਣ ਦੀ ਫ਼ਿਕਰ ਵਿੱਚ/ਬਣ ਨਾ ਸਕਿਆ।' ਪੁਸਤਕ ਦੇ ਸਿਰਲੇਖ ਵਾਲੀ ਕਵਿਤਾ ਦਾ ਜ਼ਿਕਰ ਕਰਨਾ ਉਚਿਤ ਹੈ। ਵਰਖਾ ਦਾ ਮੋਟਿਫ ਡੂੰਘੇ ਅਰਥ ਸਿਰਜਦਾ ਹੈ। ਵੇਖੋ-ਵਰਖਾ ਆਉਣ 'ਤੇ/ਮੇਰੇ ਅੰਦਰ ਕਰੂੰਬਲਾ ਖਿੜਦੀਆਂ ਹਨ.../ਉਸ ਦਿਨ ਕਾਗਜ਼ ਦੀ ਬੇੜੀ ਬਣ ਕੇ/ਬੱਦਲਾਂ ਵੱਲ ਤੱਕਦੀ ਸੀ/ ਬਾਰਿਸ਼ ਵਿੱਚ ਪੱਤਿਆਂ ਦੇ ਖਿੜਨ ਵਾਂਗ/ਮੈਂ ਖਿੜ ਪਈ ਸੀ/ਵਰਖਾ ਆਉਣ ਤੇ/ਮੇਰੇ ਅੰਦਰ ਕਰੂੰਬਲਾ ਖਿੜ ਪੈਂਦੀਆਂ ਹਨ।/ਮੈਂ ਹੋ ਜਾਂਦੀ ਹਾਂ ਸ਼ਿਆਮ ਰੰਗ ਵਾਲੀ/ਹੰਝੂਆਂ ਦੀ ਇਕ ਮੌਨ ਧਾਰਾ/ਵਹਿ ਤੁਰਦੀ ਹੈ ਮੇਰੇ ਅੰਦਰੋਂ/ਹੰਝੂ ਅਤੇ ਸੁਫ਼ਨੇ ਵਿੱਚ/ਮੈਂ ਟੁੱਟ ਜਾਂਦੀ ਹਾਂ। /ਮੈਂ ਤਾਂ ਹੰਝੂਆਂ ਨਾਲ ਤਰੋਤਰ/ਇਕ ਸਾਵਣ ਹਾਂ/ਘਿਰ ਜਾਂਦੀ ਹਾਂ/ ਪੁਰਾਣੀਆਂ ਯਾਦਾਂ 'ਚ"

ਵਰਖਾ ਪ੍ਰਕ੍ਰਿਤੀ ਨੂੰ ਸੁੰਦਰ ਬਣਾਉਂਦੀ ਹੈ। ਵਰਖਾ ਊਰਜਾ ਅਤੇ ਸਿਰਜਣਾ ਦੇ ਬੀਜ ਪੁੰਗਰਨ ਲਾ ਦਿੰਦੀ ਹੈ। ਵਰਖਾ ਨਾਰੀ ਮਨ ਵਿਚ ਰੰਗ ਭਰਦੀ ਹੈ। ਬਹੁਤ ਮਹੀਨ ਕਵਿਤਾ ਹੈ ਇਹ। ਉਹ ਆਪਣੀ ਕਵਿਤਾ ਵਿਚ ਔਰਤ ਦੀ ਅੰਤਰਮਨ ਦੀ ਪੀੜਾ ਨੂੰ ਵੀ ਬਿਆਨ ਕਰਦੀ ਹੈ। ਅੱਥਰੀਆਂ ਰੀਝਾਂ ਅਤੇ ਸਾਥ ਦਾ ਵਿਗੋਚਾ ਉਹਦੀ ਕਵਿਤਾ ਵਿਚ ਮੌਜੂਦ ਹੈ। ਪੁਸਤਕ ਪੜ੍ਹਦਿਆਂ ਲੱਗਦਾ ਨਹੀਂ ਕਿ ਇਹ ਅਨੁਵਾਦ ਕਵਿਤਾਵਾਂ ਪੜ੍ਹ ਰਹੇ ਹਾਂ। ਕਵੀ ਦੀ ਕਵਿਤਾ ਅੰਦਰ ਫੈਲੀਆਂ ਭਾਵਨਾਵਾਂ ਨੂੰ ਅਨੁਵਾਦ ਕਰਦਿਆਂ ਮਰਨ ਨਹੀਂ ਦਿੱਤਾ। ਬਹੁਤ ਹੀ ਗਹਿਰਾਈ 'ਚ ਜਾ ਕੇ ਅਨੁਵਾਦ ਕੀਤਾ ਗਿਆ ਹੈ।

ਨੋਟ-ਪਸਤਕ ਪੜਚੋਲ ਲਈ ਦੋ ਕਿਤਾਬਾਂ ਦਾ ਪਹੁੰਚਣਾ ਜ਼ਰੂਰੀ ਹੈ। ਬਾਹਰੋ ਕੀਤੇ ਰਿਵੀਊ ਸਵੀਕਾਰ ਨਹੀਂ ਕੀਤੇ ਜਾਂਦੇ। ਕਿਤਾਬਾਂ ਡਾਕ ਰਾਹੀਂ ਹੀ ਭੇਜੀਆਂ ਜਾਣ।

## ਹੁੰਗਾਰਾ

'ਕਹਾਣੀ ਧਾਰਾ-23 ਅੰਕ ਪੜ੍ਹਿਆ। ਬਹੁਤ ਮੁੱਲਵਾਨ ਸਮੱਗਰੀ ਪੜ੍ਹਨ ਨੂੰ ਮਿਲੀ। ਖਾਸ ਕਰਕੇ ਸ਼ਰਨ ਕੁਮਾਰ ਲਿੰਬਾਲੇ ਦੇ ਲੇਖ 'ਵਿਆਹ ਬਾਹਰੇ ਸੰਬੰਧ' ਬਾਰੇ ਮੈਂ ਆਪਣੇ ਪ੍ਰਭਾਵ ਪ੍ਰਗਟ ਕਰਨਾ ਚਾਹੁੰਦੀ ਹਾਂ। ਕਿਉਂਕਿ ਮੈਂ ਇਸ ਵਿਸ਼ੇ ਤੇ ਖੋਜ਼ ਕਾਰਜ ਕਰ ਰਹੀਂ ਹਾਂ।

ਵਰਜਿਤ ਰਿਸ਼ਤੇ ਵਿਆਹ ਸੰਸਥਾ ਦੇ ਵਿਹਾਰਿਕ ਰੂਪ ਵਿਚ ਪਈਆਂ ਅਨੇਕਾਂ ਸਪੇਸਾਂ ਵਿਚ ਪਨਪਦੇ ਹਨ। ਵਿਆਹ ਦਾ ਸਦੀਆਂ ਪੁਰਾਣਾ 'ਅਟੁੱਟ ਤੇ ਪਵਿੱਤਰ ਬੰਧਨ' ਵਾਲਾ ਸੰਕਲਪ ਅਜੋਕੇ ਮਨੁੱਖੀ ਵਿਹਾਰ ਦੀਆਂ ਯਥਾਰਥਮੁਖੀ ਪਰਿਸਥਿਤੀਆਂ ਵਿਚ ਤਿੜਕਦਾ ਟੁੱਟਦਾ ਦਿਖਾਈ ਦੇ ਰਿਹਾ ਹੈ। ਭਾਰਤੀ ਸੰਦਰਭ ਵਿਚ ਵਿਆਹ ਸੰਸਥਾ ਵਿਚ ਸਾਮੂਹਿਕ ਪਰਕਿਰਿਆ ਹੈ ਜੋ ਮਹਿਜ਼ ਦੋ ਵਿਅਕਤੀਤਵਾਂ ਨੂੰ ਨਹੀਂ ਸਗੋਂ ਦੋ ਸਮੂਹਾਂ ਵਿਚ ਪਰਮਾਤਮਾ ਦੀ ਹਾਜ਼ਰੀ ਪਰਵਾਨ ਕੀਤੀ ਜਾਂਦੀ ਹੈ। ਇਉਂ ਇਹ ਪਵਿੱਤਰ ਬੰਧਨ ਬਣ ਜਾਂਦਾ ਹੈ। ਭਾਰਤੀ ਪਰਿਕਰਨ ਵਿਚ ਇਹ ਸੰਸਥਾ ਮਨੁੱਖ ਦੀਆਂ ਨਿੱਜਵਾਦੀ ਲੋੜਾਂ ਦੀ ਪੂਰਤੀ ਤੋਂ ਵਧੇਰੇ ਸਮੂਹ ਦੇ, ਪਰਿਵਾਰ ਦੇ ਸਮਾਜਿਕ, ਧਾਰਮਿਕ, ਆਰਥਿਕ ਉਦੇਸ਼ਾਂ ਦੀ ਪੂਰਤੀ 'ਤੇ ਕੇਂਦ੍ਰਿਤ ਹੈ। ਪਰਿਵਾਰਿਕ-ਸਮਾਜਿਕ ਪੱਧਰ 'ਤੇ ਇਕ ਪੀੜ੍ਹੀ ਦੂਜੀ ਪੀੜ੍ਹੀ ਨੂੰ ਨੈਤਿਕ ਮੁੱਲ ਵਿਧਾਨ ਤੇ ਸੰਸਕ੍ਰਿਤੀ ਦਾ ਹਸਤਾਂਤ੍ਰਣ ਕਰਦੀ ਹੈ ਜਿਸ ਨਾਲ ਜਿਹੜੀ ਪਰਿਵਾਰਿਕ ਸਮਾਜਿਕ ਮਰਿਆਦਾ ਹੈ ਉਹ ਬਰਕਰਾਰ ਰਹਿ ਸਕੇ। ਧਾਰਮਿਕ ਪੱਧਰ 'ਤੇ ਹਿੰਦੂ ਸੰਸਕ੍ਰਿਤੀ ਵਿਚ ਇਹ ਰੂੜੀਗਤ ਵਿਸ਼ਵਾਸ ਹੈ ਕਿ ਕੋਈ ਵੀ ਯੱਗ, ਹਵਨ ਜਾਂ ਪੂਜਾ ਪਤੀ ਪਤਨੀ ਦੋਹਾਂ ਦੀ ਮੌਜੂਦਗੀ ਤੋਂ ਬਿਨਾ ਨੇਪਰੇ ਨਹੀਂ ਚੜ੍ਹਦੀ ਅਤੇ ਵਿਆਹ ਬੰਧਨ ਵਿਚੋਂ ਉਤਪੰਨ ਪੁੱਤਰ ਹੀ ਮੋਕਸ਼ ਪ੍ਰਾਪਤੀ ਵਿਚ ਸਹਾਈ ਹੋ ਸਕਦਾ ਹੈ। ਆਰਥਿਕ ਪੱਧਰ 'ਤੇ ਇਹ ਸੰਸਥਾ ਨਿੱਜੀ ਜਾਇਦਾਦ ਦਾ ਉਤਰਾਧਿਕਾਰੀ ਆਪਣੇ ਹੀ ਵੰਸ਼ ਅਤੇ ਆਪਣੇ ਹੀ ਖੂਨ ਵਿਚੋਂ ਹੋਵੇਗਾ। ਇਸ ਗੱਲ ਨੂੰ ਸੁਨਿਸ਼ਚਿਤ ਕਰਦੀ ਹੈ। ਖੂਨ ਦੀ ਸ਼ੁੱਧਤਾ ਦਾ ਸੰਕਲਪ ਇਸ ਸੰਸਥਾ ਨਾਲ ਜੋੜ ਕੇ ਮਰਦ ਨੇ ਆਪਣੀ ਜਾਇਦਾਦ ਨੂੰ ਆਪਣੇ ਹੀ ਵੰਸ਼ ਵਿਚ ਸੁਰੱਖਿਅਤ ਕਰ ਲਿਆ।

ਵਿਆਹ ਸੰਸਥਾ ਦੇ ਉਪਰੋਕਤ ਉਦੇਸ਼ਾਂ ਦੀ ਪੂਰਤੀ ਹਿੱਤ ਹੋਰਨਾਂ ਲੈਂਗਿਕ ਸੰਬੰਧਾਂ ਦੇ ਮੁਕਾਬਲਤਨ ਵਿਆਹ ਸੰਬੰਧ ਭਾਵੇਂ ਵਧੇਰੇ ਚਿਰ ਸਥਾਈ ਹਨ ਪਰੰਤੂ ਮਨੁੱਖ ਵਿਆਹ ਬਾਹਰੇ ਸੰਬੰਧਾਂ ਵਿਚ ਕਿਤੇ ਨਾ ਕਿਤੇ ਆਪਣੇ ਨਿੱਜ ਦੀ ਤਲਾਸ਼ ਕਰਦਾ ਹੈ। ਅਵੈਧ ਰਿਸ਼ਤਿਆਂ ਨੂੰ ਭੋਗਦਾ ਅਜੋਕਾ ਮਨੁੱਖ ਨਿੱਜ ਤੇ ਸਮੂਹ ਦੇ ਦਵੰਦ 'ਤੇ ਮੂਕ ਖੜਾ ਹੈ। ਉਸ ਦੀ ਸਥਿਤੀ ਤਨਾਉ ਪੂਰਨ ਹੈ।

ਭਾਰਤੀ ਸਮਾਜ ਪਿਤਰਾਤਮਕ ਸੱਤਾ ਵਾਲਾ ਸਮਾਜ ਹੈ। ਇਸ ਸਮਾਜ ਦੀਆਂ ਸਮੁੱਚੀਆਂ ਵਿਵਸਥਾਵਾਂ ਇਸੇ ਸੱਤਾ ਦੇ ਹਿੱਤਾਂ ਨੂੰ ਪੂਰਦੀਆਂ ਹਨ। ਵਿਆਹ ਸੰਸਥਾ ਵੀ ਇਸੇ ਸੱਤਾਧਾਰੀ ਸੋਚ ਵਿਚੋਂ ਉਪਜਿਆ ਇਕ ਪੈਂਤੜਾ ਹੈ ਜਿਸ ਰਾਹੀਂ ਇਸਤਰੀ ਨੂੰ ਸੁੱਚਤਾ ਤੇ ਪਵਿੱਤਰਤਾ ਦੀਆਂ ਕੀਮਤਾਂ ਦੀ ਰਾਖੀ ਹਿੱਤ ਬੰਧਿਸ਼ਾਂ ਵਿਚ ਰੱਖਿਆ ਗਿਆ। ਮਰਦ ਨੇ ਇਹਨਾਂ ਕੀਮਤਾਂ ਤੋਂ ਆਪਣੇ ਆਪ ਨੂੰ ਮੁਕਤ ਰੱਖਿਆ ਹੈ। ਭਾਵੇਂ ਵਿਆਹ ਸੰਸਥਾ ਨੇ ਮਨੁੱਖੀ ਜਾਤੀ ਦੇ ਵਿਕਾਸ ਵਿਚ ਆਪਣਾ ਬਹੁਤ ਮਹੱਤਵਪੂਰਨ ਰੋਲ ਨਿਭਾਇਆ ਹੈ ਪਰੰਤੂ ਇਸ ਸੰਸਥਾ ਦੇ ਇਤਿਹਾਸਿਕ ਵਿਕਾਸ ਦੌਰਾਨ ਸਮੁੱਚੀਆਂ ਜ਼ਿੰਮੇਵਾਰੀਆਂ, ਰੋਕਾਂ, ਵਰਜਨਾਵਾਂ ਦਾ ਭਾਰ ਕੁੱਲ ਇਸਤਰੀ ਜਾਤੀ ਦੇ ਸਿਰੇ ਹੈ ਤੇ ਖੁੱਲ੍ਹਾਂ ਮਰਦਾਂ ਦੇ ਹਿੱਸੇ ਆਈਆਂ ਹਨ। ਉੱਤਰ ਆਧੁਨਿਕ ਦੀ ਸਥਿਤੀ ਇਸ ਸਮੀਕਰਣ ਵਿਚ ਬਦਲਾਅ ਲਿਆ ਰਹੀ ਹੈ।

ਵਿਆਹ ਸੰਸਥਾ ਦੇ ਨਿਕਾਸ ਤੇ ਵਿਕਾਸ ਅਤੇ ਵਰਜਿਤ ਰਿਸ਼ਤਿਆਂ ਦੀ ਬਣਤਰ ਤੇ ਕਾਰਣਾਂ ਦੀ ਨਿਸ਼ਾਨਦੇਹੀ ਭਾਰਤੀ ਆਰੀਆਂ ਸਭਿਅਕ ਸਮਾਜ ਦੇ ਵੈਦਿਕ ਤੇ ਮਹਾਂ ਕਾਵਿਕ ਕਾਲ ਦੇ ਇਤਿਹਾਸਿਕ ਮਿਥਿਹਾਸਿਕ ਵੇਰਵਿਆਂ ਤੋਂ ਹੁਣ ਉਤਰ ਆਧੁਨਿਕਤਾ ਦੀ ਯਥਾਰਥਮੁਖੀ ਸਥਿਤੀ ਤੱਕ ਕੀਤੀ ਜਾ ਸਕਦੀ ਹੈ।

ਜਿੰਨੀਆਂ ਸਪੇਸਾਂ ਸਾਡੀ ਸਾਂਸਕ੍ਰਿਤਿਕ ਸਾਕੇਦਾਰੀ, ਸਾਡੀ ਆਰਥਿਕਤਾ ਵਿਚ ਇਹਨਾਂ ਸੰਬੰਧਾਂ ਦੇ ਬਣਨ ਲਈ ਪਈਆਂ ਹਨ, ਉਹਨਾਂ ਦੀ ਕਲਾਤਮਿਕ ਅਭਿਵਿਅਕਤੀ ਸਾਡੇ ਸਾਹਿਤ ਵਿਚ ਉਨੇ ਸਸ਼ਕਤ ਰੂਪ ਵਿਚ ਨਹੀਂ ਹੋ ਸਕੀ। ਲੋੜ ਹੈ ਆਧੁਨਿਕ ਸਾਹਿਤ ਦੀਆਂ ਵਿਭਿੰਨ ਵਿਧਾਵਾਂ ਦੀ ਵਿਸ਼ਾਲ ਰੂਪਗਤ ਤੇ ਵਿਸ਼ਾਗਤ ਸੰਭਾਵਨਾਵਾਂ ਨੂੰ ਪਛਾਣਨ ਦੀ। ਇਹ ਠੀਕ ਹੈ ਕਿ ਵਰਜਿਤ ਰਿਸ਼ਤਿਆਂ ਦੀ 'ਨੰਗੀ ਅਭਿਵਿਅਕਤੀ' ਸਾਹਿਤਕ ਕਿਰਤ ਨੂੰ 'ਪਾਪੂਲਰ ਸਾਹਿਤ' ਦਾ ਹਿੱਸਾ ਬਣਾਉਣ ਵਿਚ ਦੇਰੀ ਨਹੀਂ ਲਗਾਉਂਦੀ ਪਰੰਤੂ ਜੇ ਇਨ੍ਹਾਂ ਰਿਸ਼ਤਿਆਂ ਦੇ ਬਣਨ ਦੇ ਕਾਰਣਾਂ ਦੀ ਨਿਸ਼ਾਨਦੇਹੀ ਮਾਨਵੀ ਸਰੋਕਾਰਾਂ, ਪੰਜਾਬੀ ਸੰਸਕ੍ਰਿਤੀ ਅਤੇ ਸਮਾਜਿਕ-ਆਰਥਿਕ ਪਰਿਸਥਿਤੀਆਂ ਦੇ ਗੋਲ ਗੋਲ ਪਰ ਸੁੰਗੜੇ ਦਾਇਰਿਆਂ ਵਿਚ ਘੁੰਮਦੀ ਮਾਨਵੀ ਚੇਤਨਾ ਦੀਆਂ ਮਹੀਨ ਤੰਦਾਂ ਵਿਚ ਕੀਤੀ ਜਾਵੇ ਤਾਂ ਇਹ ਸਾਹਿਤ ਦੀਆਂ ਸ਼ਾਨਦਾਰ ਕਿਰਤਾਂ ਸਿਰਜਣ ਦੀਆਂ ਸੰਭਾਵਨਾਵਾਂ ਰੱਖਦੀ ਹੈ।

**-ਰਮਿੰਦਰ ਕੌਰ**, ਲੈਕਚਰਾਰ, ਗੁਰੂ ਨਾਨਕ ਕਾਲਜ ਫਾਰ ਗਰਲਜ਼, ਸ਼੍ਰੀ ਮੁਕਤਸਰ ਸਾਹਿਬ

'ਕਹਾਣੀ ਧਾਰਾ' ਜਨਵਰੀ-ਮਾਰਚ, 2012 ਮਿਲਿਆ। ਧੰਨਵਾਦ! 'ਦਲਿਤ ਪਾਤਰ' ਦੀ ਮਾਨਸਿਕ ਪੀੜਾ ਨੂੰ ਸਮਝਣ ਦਾ ਤੇਰਾ ਸੰਪਾਦਕੀ ਵਿਚਲਾ ਸਵਾਲ ਅਹਿਮ ਹੈ ਪਰ ਇਸ ਸਮਝ ਦੀ ਘਾਟ ਦਾ ਕਾਰਨ ਪ੍ਰਗਤੀਵਾਦ ਹੈ ਜਾਂ ਜਾਤ ਦੀ ਥਾਂ ਜਮਾਤੀ ਚੇਤਨਾ ਹੈ। ਨਾਲ ਮੈਂ ਇਕ ਪ੍ਰਤੀਸ਼ਤ ਵੀ ਸਹਿਮਤ ਨਹੀਂ। ਸਮਤਾ-ਮੂਲਕ ਜੀਵਨ ਮੁੱਲ ਜਾਤਾਂ ਅਤੇ ਜਮਾਤਾਂ ਨੂੰ ਹਾਸ਼ੀਏ ਤੇ ਕਰਨ ਨਾਲ ਹੀ ਸਥਾਪਤ ਹੋਣੇ ਹਨ ਜਾਤੀ ਜਾਂ ਜਮਾਤੀ ਰਾਜ ਸੱਤਾ ਨਾਲ ਨਹੀਂ। ਇਹ ਸੰਸਥਾਈ ਸਿਸਟਮ ਕਿਸੇ ਹੋਰ ਦਲਿਤ ਦੁਖਾਂਤ ਵਿਚ ਰੂਪਾਂਤਰਤ ਹੋ ਜਾਵੇਗਾ। ਇਸ ਸਮੱਸਿਆ ਦਾ ਹੱਲ ਤਾਂ ਸਾਮਵਾਦ, ਬੇਗਮਪੁਰਾ ਸਰਬੱਤ ਦੇ ਭਲੇ ਦੇ ਯੂਟੋਪੀਆ (ਅਦਰਸ਼) ਨੂੰ ਯਥਾਰਥ ਵਿਚ ਰੂਪਾਂਤਰਤ ਕਰਨ ਦੇ ਯਤਨਾ (ਸਭਿਆਚਾਰਕ ਕ੍ਰਾਂਤੀ) ਨਾਲ ਹੀ ਹੋਵੇਗਾ। ਇਹ ਕਿਸੇ ਜਾਤੀ ਚੇਤਨਾ ਦੇ ਉਭਾਰ ਨਾਲ ਸੰਭਵ ਨਹੀਂ। ਫਿਲੌਰੀਆ, ਕੜਿਆਲਵੀ, ਉਦਾਸੀ, ਤਿਆਗੀ ਇਹ ਗੱਲ ਭਲੀ ਭਾਂਤ ਸਮਝਦੇ ਹਨ। ਇਸ ਵਾਰ ਦਾ 'ਜਨ ਬੋਧ' ਫਜ਼ੂਲ ਦੀ ਬਹਿਸ ਨੂੰ ਨਿਮੰਤ੍ਰਿਤ ਕਰਦਾ ਹੈ। ਇਸਤ੍ਰੀ ਪੁਰਸ਼ ਸੰਬੰਧਾਂ ਦੀ ਮੋਟੀ ਸਮਝ ਪਸ਼ੂਗਤ (ਜਿਸਨੂੰ ਤੂੰ ਜਾਂ ਲਿੰਬਾਲੇ ਵਿਆਹ ਤੋਂ ਬਾਹਰੇ ਸੰਬੰਧ ਦੇ ਸੰਦਰਭ ਵਿਚ ਵਾਚਦਾ ਹੈ) ਜਾਂ ਮਾਨਵੀ ਚੇਤਨਾ ਦੇ ਵੱਖ ਵੱਖ ਸੰਸਥਾਗਤ ਪੜਾਵਾਂ ਦੇ ਉਸਾਰ ਵਜੋਂ ਹੀ ਹੋ ਸਕਦੀ ਹੈ। ਇਸ ਵਿਚੋਂ ਹੀ ਬਹਿਸ ਦੇ ਕੇਂਦਰੀ ਨੁਕਤੇ ਨੂੰ ਫੜਿਆ ਜਾ ਸਕਦਾ ਹੈ।

**- ਤੇਜਵੰਤ ਮਾਨ**, ਸੰਗਰੂਰ

'ਕਹਾਣੀ ਧਾਰਾ' ਜਨਵਰੀ-ਮਾਰਚ 2012 ਪੜ੍ਹ ਲਿਆ ਹੈ। ਸਵੈ ਜੀਵਨੀ ਅੰਸ਼ (ਸਰੂਪ ਸਿਆਲਵੀ ਤੇ ਮੋਹਣ ਸਿੰਘ ਕੁੱਕੜਪਿੰਡੀਆ) ਪੜ੍ਹੇ ਹਨ। ਲਿੰਬਾਲੇ ਦਾ ਲੇਖ ਪੰਜਾਬੀ ਵਿਚ ਨਵੀਂ ਵਿਚਾਰ ਚਰਚਾ ਛੇੜਨ ਵਾਲਾ ਲੇਖ ਹੈ। ਤੇਰਾ ਪਰਚਾ ਸਾਰਾ ਪੜ੍ਹਨ ਯੋਗ ਹੁੰਦਾ ਹੈ।

**-ਪਿਆਰਾ ਸਿੰਘ ਭੋਗਲ**, ਜਲੰਧਰ

'ਕਹਾਣੀ ਧਾਰਾ' ਦਾ ਨਵਾਂ ਅੰਕ ਮੈਂ ਬਿੰਦਰ ਬਸਰੇ ਕੋਲੋਂ ਖੋਹ ਕੇ ਪੜ੍ਹਿਆ ਕਿਉਂਕਿ ਮੈਂ ਲਿੰਬਾਲੇ ਦਾ ਲੇਖ 'ਵਿਆਹ ਤੋਂ ਬਾਹਰੇ ਸੰਬੰਧ' ਪੜ੍ਹਨਾ ਚਾਹੁੰਦਾ ਸੀ। ਲੇਖ ਬਹੁਤ ਹੀ ਵਿਚਾਰਧਾਰਕ ਮੁੱਦਿਆਂ ਨੂੰ ਉਭਾਰਨ ਵਾਲਾ ਹੈ। ਪਰਚੇ ਦਾ ਬਾਕੀ ਮੈਟਰ ਵੀ ਪੜ੍ਹਨਯੋਗ ਹੈ। ਤੂੰ ਪਰਚੇ ਦੇ ਮੈਟਰ ਨੂੰ ਲੈ ਕੇ ਬੜਾ ਗੰਭੀਰ ਏ। ਜਿਹੜਾ ਪਾਠਕ ਨੂੰ ਹਰ ਅੰਕ ਪੜ੍ਹਨ ਲਈ ਖਿੱਚਦਾ ਹੈ।

**-ਅਰੁਣਦੀਪ**, ਮੈਗਜ਼ੀਨ ਸੰਪਾਦਕ, ਪੰਜਾਬੀ ਜਾਗਰਨ, ਜਲੰਧਰ

'ਕਹਾਣੀ ਧਾਰਾ'-23 ਅੰਕ ਦੀ ਸੰਪਾਦਕੀ ਬਾਰੇ ਮੈਂ ਆਪਣੇ ਵਿਚਾਰ ਪ੍ਰਗਟ ਕਰਨੇ ਚਾਹੁੰਦਾ ਹਾਂ। ਪਰਚੇ ਦੀ ਹਰ ਸੰਪਾਦਕੀ ਬੜੇ ਧਿਆਨ ਨਾਲ ਪੜ੍ਹਦਾ ਹਾਂ। ਤੁਸੀਂ ਆਪਣੀ ਸੰਪਾਦਕੀ ਵਿਚ ਅਤੇ ਪਰਚੇ ਦੀਆਂ ਲਿਖਤਾਂ ਵਿਚ ਜਿਹੜੇ ਦਲਿਤ ਸਮਾਜ, ਦਲਿਤ ਸਾਹਿਤ ਅਤੇ ਦਲਿਤ ਸੰਸਕ੍ਰਿਤੀ ਦੇ ਮੁੱਦੇ ਲੈ ਕੇ ਆ ਰਹੇ ਹੋ। ਇਹ ਬੜੇ ਗੰਭੀਰ ਮਸਲੇ ਹਨ। ਇਸ ਬਾਰੇ ਗੱਲ ਹੋਣੀ ਚਾਹੀਦੀ ਹੈ। ਜਿਹੜੀ ਕਿ ਬਹੁਤ ਘੱਟ ਜਾਂ ਇਕ ਤਰਫਾ ਹੋ ਰਹੀ ਹੈ। ਦਲਿਤ ਸਾਹਿਤ ਖਾਸ ਕਰਕੇ ਕਹਾਣੀ ਦੇ ਪਾਤਰਾਂ ਬਾਰੇ ਖੁੱਲ ਕੇ ਲਿਖਣ ਦੀ ਲੋੜ ਹੈ। ਮੈਂ ਆਸ ਕਰਦਾ ਹਾਂ ਕਿ ਤੁਸੀਂ ਇਸ ਵਿਸ਼ੇ ਦੇ ਕੋਈ ਵੱਡਾ ਲੇਖ ਲਿਖੋ।

**-ਸਰੂਪ ਸਿਆਲਵੀ**, ਪਿੰਡ ਮਾਜਰੀ, ਡਾਕ. ਸਿਆਲਵਾ, ਖਰੜ

'ਦਾਦੇ ਮਾਗਾਊਣੇ' ਤੋਂ ਬਾਅਦ ਕੁਲਵੰਤ ਗਿੱਲ ਦਾ
ਨਵਾਂ ਕਹਾਣੀ ਸੰਗ੍ਰਹਿ




# ਅੰਤਰ-ਲੀਲ੍ਹਾ

## ਕੁਲਵੰਤ ਗਿੱਲ


ਤੁਰ ਰਹੇ ਸਮੇਂ ਦੀ
ਪੈੜ ਨੱਪਦੀਆਂ
ਉਸ
'ਚੀਕ' ਦੀਆਂ ਕਹਾਣੀਆਂ
ਜੋ
ਮੈਂ ਮਾਰਨਾ ਚਾਹੁੰਦਾ
ਹਾਂ
.........
ਤੇ ਸ਼ਾਇਦ ਤੁਸੀਂ ਵੀ!!
-ਕੁਲਵੰਤ ਗਿੱਲ

**ਲੋਕ ਗੀਤ ਪ੍ਰਕਾਸ਼ਨ,
ਚੰਡੀਗੜ੍ਹ**

# ਤੀਵੀਆਂ

**ਨਾਵਲ**

## ਪਰਗਟ ਸਿੰਘ ਸਤੌਜ




ਪਰਗਟ ਸਿੰਘ ਸਤੌਜ ਨੇ ਆਪਣੇ ਪਹਿਲੇ ਨਾਵਲ ਭਾਗੂ ਨਾਲ ਹੀ ਪੰਜਾਬੀ ਦੇ ਸੁਹਿਰਦ ਪਾਠਕਾਂ ਅਤੇ ਆਲੋਚਕਾਂ ਦਾ ਧਿਆਨ ਖਿਚ ਲਿਆ ਸੀ। ਉਸ ਕੋਲ ਕਹਾਣੀ ਕਹਿਣ ਦੀ ਜੁਗਤ ਦੇ ਨਾਲ ਨਾਲ ਮਾਨਵਪੱਖੀ ਦ੍ਰਿਸ਼ਟੀਕੋਣ ਵੀ ਹੈ। ਹੱਥਲਾ ਨਾਵਲ ਸਿਰਫ਼ ਔਰਤ ਦੇ ਸੰਕਟ ਨੂੰ ਜਜ਼ਬਾਤੀ ਸ਼ੈਲੀ ਵਿੱਚ ਪੇਸ਼ ਕਰਨ ਤੱਕ ਸੀਮਤ ਨਹੀਂ ਸਗੋਂ ਇੱਕ ਇਤਿਹਾਸਿਕ ਅੰਤਰਾਲ ਵਿੱਚ ਕਿਸਾਨੀ ਦੇ ਬਹੁ ਪੱਖੀ ਅਤੇ ਬਹੁ ਪਸਾਰੀ ਸੰਕਟਾਂ ਨੂੰ ਵੀ ਪੇਸ਼ ਕਰਦਾ ਹੈ। ਇਸ ਵਿਚ ਜਿੱਥੇ ਬਸ਼ੀਰਾਂ, ਦੇਵਕੀ, ਸੁਰਜੀ, ਰਾਣੀ ਅਤੇ ਸਰਸਵਤੀ ਰਾਹੀਂ ਔਰਤ ਦੇ ਕਈ ਰੂਪ ਪੇਸ਼ ਹੋਏ ਹਨ ਉਥੇ ਕਾਕੇ, ਸਰਵਣ, ਸਿੰਦੂ ਰੋਹੀ ਅਤੇ ਰਾਜੂ ਰਾਹੀਂ ਪੇਂਡੂ ਸਮਾਜਚਾਰੇ ਦੇ ਕਈ ਸੰਕਟਮਈ ਰੂਪ ਸਾਹਮਣੇ ਆਉਂਦੇ ਹਨ। ਤੀਵੀਆਂ ਨਾਵਲ ਸਮੁੱਚੇ ਰੂਪ ਵਿਚ ਦੁਖਾਂਤਕ ਪੈਟਰਨ ਤੇ ਢਲਿਆ ਹੋਇਆ ਹੈ। ਇਹ ਦੁਖਾਂਤ ਟਿਪੀਕਲ ਦੀ ਥਾਂ ਪ੍ਰਤੀਨਿਧੀ ਸਥਿਤੀਆਂ ਵਿੱਚੋਂ ਉਪਜਦਾ ਹੈ। ਇਹ ਇਸ ਨਾਵਲੀ ਟੈਕਸਟ ਦੀ ਵਿਲੱਖਣਤਾ ਹੈ। ਇਸੇ ਲਈ ਪਰਗਟ ਸਿੰਘ ਸਤੌਜ ਵਿੱਚ ਛੁਪੀ ਪ੍ਰਤਿਭਾ ਦੇ ਹੋਰ ਨਿੱਖਰਨ ਦਾ ਆਭਾਸ ਇਸ ਨਾਵਲ ਵਿੱਚੋਂ ਹੁੰਦਾ ਹੈ।


**-ਡਾ. ਰਜਨੀਸ਼ ਬਹਾਦਰ ਸਿੰਘ**

**ਸੰਗਮ ਪਬਲੀਕੇਸ਼ਨ,
ਸਮਾਣਾ**

**ਮੁੱਲ 150, ਪੰਨੇ 184**



# ਸਾਹਿਤਕ ਪੁਸਤਕਾਂ ਦੇ ਪ੍ਰਕਾਸ਼ਨ 'ਚ ਪਲੇਠਾ ਕਦਮ!
# ਉਤਮ, ਮਿਆਰੀ, ਸੁੰਦਰ ਦਿੱਖ 'ਚ ਛਪੀ ਪੁਸਤਕ!!




ਮੇਰੀ ਅਧੂਰੀ ਕਹਾਣੀ (ਸਵੈ ਜੀਵਨੀ)
ਮੋਹਣ ਸਿੰਘ ਕੁੱਕੜਪਿੰਡੀਆ
ਮੁੱਲ : 260, ਪੰਨੇ : 254
ISBN 978-81-922343-0-4
ਪ੍ਰਕਾਸ਼ਨ ਸਾਲ 2011

ਮੋਹਣ ਸਿੰਘ ਕੁੱਕੜਪਿੰਡੀਆ ਦੀ ਸਵੈ-ਜੀਵਨੀ 'ਮੇਰੀ ਅਧੂਰੀ ਕਹਾਣੀ' ਪੰਜਾਬੀ ਮਨੁੱਖ ਦੀ ਭੂ-ਹੇਰਵੇ ਦੀ ਮਾਨਸਿਕਤਾ ਨੂੰ ਸਮਝਣ ਵਾਲੀ ਨਿੱਗਰ ਉਦਾਹਰਨ ਹੈ। ਜਿਥੇ ਇਕ ਪਾਸੇ ਲੇਖਕ ਅਤੇ ਉਸ ਦੇ ਪਰਿਵਾਰ ਨੂੰ ਪੌਂਡਾ ਨੂੰ ਰੁਪਿਆ ਵਿਚ ਬਦਲਦਾ ਦੇਖ ਇੰਗਲੈਂਡ ਰਹਿਣ ਲਈ ਮਜਬੂਰ ਕਰਦੀ ਹੈ ਉਥੇ ਪਿੱਛੇ ਰਹਿ ਗਏ ਪਰਿਵਾਰ, ਜਾਇਦਾਦ, ਮਿੱਟੀ ਦੀ ਮਹਿਕ ਅਤੇ ਸਭਿਆਚਾਰ ਦਾ ਮੋਹ ਲੇਖਕ ਦੀ ਮਾਨਸਿਕਤਾ ਨੂੰ ਭੂ ਹੇਰਵੇ ਵਾਲੀ ਬਣਾ ਦਿੰਦਾ ਹੈ। ਸੱਤਰਵਿਆ ਵਿਚ ਇਹੀ ਹਰ ਪਰਵਾਸੀ ਬੰਦੇ ਦੀ ਮਾਨਸਿਕਤਾ ਦਾ ਸਦੀਵੀਂ ਸੱਚ ਸੀ।

ਆਪਣੀ ਸਵੈ ਜੀਵਨੀ 'ਚ ਲੇਖਕ ਦੁੱਖ ਨੂੰ ਬਿਆਨ ਕਰਦਾ ਹੋਇਆ ਥਾਂ ਥਾਂ 'ਤੇ ਆਪਣੀ ਮਾਨਵਵਾਦੀ ਪਹੁੰਚ ਨੂੰ ਘਟਨਾਵੀ ਬਿਰਤਾਂਤ ਨਾਲ ਬਿਆਨ ਕਰਦਾ ਹੈ। ਆਰੰਭ ਵਿਚ ਲੇਖਕ ਆਪਣੀ ਜੀਵਨ ਸਾਥਣ ਕਰਮਜੀਤ ਦੇ ਸਦੀਵੀਂ ਵਿਛੋੜੇ ਨਾਲ ਜੀਵਨੀ ਦੇ ਬਿਰਤਾਂਤ 'ਚ ਗੰਢ ਬੰਨ੍ਹਦਾ ਹੋਇਆ ਪੂਰੀ ਜੀਵਨੀ 'ਚ ਥਾਂ ਥਾਂ ਪਤਨੀ ਨਾਲ ਜੁੜੀਆਂ ਘਟਨਾਵਾਂ ਨੂੰ ਬਿਰਤਾਂਤ ਦਾ ਹਿੱਸਾ ਬਣਾਉਂਦਾ ਹੋਇਆ ਰਚਨਾ ਨੂੰ ਗਤੀ ਪ੍ਰਦਾਨ ਕਰਦਾ ਹੈ। ਅੰਤ ਵਿਚ ਵਿਛੋੜੇ ਦੀ ਗੰਢ ਨੂੰ ਖੋਲਦਾ ਹੋਇਆ ਪਾਠਕਾਂ ਨੂੰ ਰੁਦਨ ਦੇ ਸਾਗਰ 'ਚ ਲੈ ਕੇ ਜਾਂਦਾ ਹੈ। ਪ੍ਰੰਤੂ ਇਸ ਬਿਰਤਾਂਤ ਦੇ ਵਿਚ ਲੇਖਕ ਨੇ ਆਪਣੇ ਨਾਵਲਾਂ ਦੀ ਸਿਰਜਣ ਪ੍ਰਕਿਰਿਆ, ਪਾਤਰਾਂ ਦੇ ਅੰਦਰਲੇ ਸੱਚ ਅਤੇ ਸਮਾਜਿਕ, ਰਾਜਨੀਤਿਕ, ਸਭਿਆਚਾਰਕ ਆਰਥਿਕ, ਮਾਨਸਿਕ ਅਤੇ ਸਾਹਿਤਕ ਮਸਲਿਆਂ 'ਤੇ ਆਪਣੇ ਵਿਚਾਰ, ਆਪਣੇ ਤਰਕ ਨਾਲ ਪੇਸ਼ ਕੀਤੇ ਹਨ। ਮਾਂ ਪਿਓ, ਭੈਣਾਂ ਤੇ ਹੋਰ ਨੇੜੇ ਦੇ ਲਹੂ ਦੇ ਰਿਸ਼ਤਿਆਂ ਦਾ ਸਵਾਰਥੀ, ਦੰਭੀ ਕਿਰਦਾਰ, ਪੌਂਡਾ ਤੇ ਜਾਇਦਾਤਾ ਨੂੰ ਹੜੱਪਣ ਦੀਆਂ ਕੂਟਨੀਤਿਕ ਚਣੱਕਿਆ ਚਾਲਾ, ਵਪਾਰ 'ਚ ਧੋਖਾ, ਲੇਖਕਾਂ ਦਾ ਅੰਦਰਲਾ ਸੱਚ, ਇੰਗਲੈਂਡ ਦੀ ਪੱਤਰਕਾਰੀ ਦੇ ਕੱਚੇ ਚਿੱਠੇ, ਮਾਪਿਆ ਦੇ ਪਿਆਰ ਤੋਂ ਸੱਖਣਾ ਬਚਪਨ, ਵਿਤੋਂ ਵੱਧ ਕੰਮ ਦਾ ਬੋਝ, ਪਤਨੀ ਦੀ ਲਾ-ਇਲਾਜ਼ ਬਿਮਾਰੀ ਉਪਰੰਤ ਵਿਛੋੜਾ ਵਰਗੇ ਅਨੇਕਾਂ ਪਰਵਾਸੀ ਜ਼ਿੰਦਗੀ ਦੇ ਮਸਲੇ ਮੋਹਣ ਸਿੰਘ ਕੁੱਕੜਪਿੰਡੀਆ ਆਪਣੀ ਇਸ ਸਵੈ ਜੀਵਨੀ ਦਾ ਹਿੱਸਾ ਬਣਾਉਂਦਾ ਹੈ। - **ਭਗਵੰਤ ਰਸੂਲਪੁਰੀ**

ਪੁਸਤਕ ਮੰਗਵਾਉਣ ਲਈ ਨਿਮਨ ਲਿਖਤ ਪਤੇ 'ਤੇ ਜਾਂ ਨੇੜੇ ਦੇ ਪੁਸਤਕ ਵਿਕਰੇਤਾ ਨਾਲ ਸੰਪਰਕ ਕਰੋ

## ਪਰਵਾਜ਼ ਪ੍ਰਕਾਸ਼ਨ

## Parwaz Parkashan

Vill. Dharampur, P.O. Khamber, Distt. Jalandhar-144026,
Mob. 94170-64350 e.mail:parwazparkashan@gmail.com,
web:-www.parwazparkashan.com

## ਸਾਹਿਤਕ ਪੁਸਤਕਾਂ ਦੇ ਪ੍ਰਕਾਸ਼ਨ 'ਚ ਪਲੇਠਾ ਕਦਮ!
## ਉਤਮ, ਮਿਆਰੀ, ਸੁੰਦਰ ਦਿੱਖ 'ਚ ਛਪੀ ਪੁਸਤਕ!!




**ਕਾਲ ਕਾਲਾਂਤਰ**
(ਕਹਾਣੀ ਸੰਗ੍ਰਹਿ)
**ਸਰੂਪ ਸਿਆਲਵੀ**
ਮੁੱਲ: 150, ਪੰਨੇ: 144
ISBN 978-81-922343-1-1
ਪ੍ਰਕਾਸ਼ਨ ਸਾਲ 2011

ਸਰੂਪ ਸਿਆਲਵੀ ਪੰਜਾਬੀ ਕਹਾਣੀ ਦੇ ਦ੍ਰਿਸ਼ ਵਿਚ ਅਸਲੋਂ ਵੱਖਰਾ ਖਲੋਤਾ ਕਹਾਣੀਕਾਰ ਹੈ। ਉਸ ਦੀ ਕਹਾਣੀ ਸਮਾਜ ਦੇ ਸਭ ਤੋਂ ਦਰੜੇ, ਕੁਚਲੇ ਅਤੇ ਸਮਾਜਕ ਤੌਰ ਤੇ ਅਪਾਹਜ ਕਰ ਦਿੱਤੇ ਗਏ ਤਬਕੇ ਦੇ ਦੁਖਾਂਤ ਦੀ ਕਹਾਣੀ ਹੈ। ਉਹ ਬਾਰ ਬਾਰ ਇਸ ਅਪਾਹਜ ਅਤੇ ਮੌਨ ਕਰ ਦਿੱਤੇ ਗਏ ਤਬਕੇ ਦੇ ਦਰਦ ਨੂੰ ਅਗਰਭੂਮੀ 'ਤੇ ਲਿਆ ਕੇ ਧਿਆਨ ਖਿੱਚਣਾ ਚਾਹੁੰਦਾ ਹੈ ਕਿ ਇਹ ਤਬਕਾ ਸਭ ਤੋਂ ਵੱਧ ਮਾਰ ਝੱਲਣ ਵਾਲਾ ਤਬਕਾ ਹੈ। ਸਰੂਪ ਸਿਆਲਵੀ ਦੀ ਕਹਾਣੀ ਦੀ ਇਹ ਵਿਸ਼ੇਸ਼ਤਾ ਹੈ ਕਿ ਉਹ ਉਨ੍ਹਾਂ ਅਵਚੇਤਨੀ ਗੰਢਾਂ ਨੂੰ ਫੜਦਾ ਹੈ, ਜਿਨ੍ਹਾਂ ਦੀਆਂ ਡੂੰਘੀਆਂ ਜੜ੍ਹਾਂ, ਪੁਰਾਤਨ ਇਤਿਹਾਸ ਅਤੇ ਮਿਥਿਹਾਸ ਵਿਚ ਪਈਆਂ ਹਨ। 'ਕਾਲ ਕਾਲਾਂਤਰ' ਕਹਾਣੀ ਪੰਜਾਬੀ ਕਹਾਣੀ ਦੇ ਇਤਿਹਾਸ ਵਿਚ ਪਹਿਲੀ ਕਹਾਣੀ ਹੈ ਜੋ ਇਤਿਹਾਸ ਮਿਥਿਹਾਸ ਨੂੰ ਜਾਤੀ ਅਵਚੇਤਨ ਦੀ ਦ੍ਰਿਸ਼ਟੀ ਤੋਂ ਫੜਦੀ ਹੋਈ ਇਕ ਤਰਕ ਸਿਰਜਦੀ ਹੈ ਕਿ ਮਨੁੱਖ ਨੂੰ ਦਬੇਲ ਬਣਾਈ ਰੱਖਣ ਦੀ ਰੁਚੀ, ਦ੍ਰਿਸ਼ਟੀ ਅਤੇ ਸੋਚ ਆਧੁਨਿਕ ਸਮਿਆਂ ਦੀ ਬਾਤ ਨਹੀਂ, ਸਗੋਂ ਬਹੁਤ ਪੁਰਾਣੀ ਹੈ।

ਸਰੂਪ ਸਿਆਲਵੀ ਦਾ ਕਥਾ ਵਿਵੇਕ ਦਲਿਤ ਤਬਕੇ ਦੀ ਮਨੁੱਖੀ ਹੋਂਦ ਅਤੇ ਮੁਕਤੀ ਦਾ ਚਾਹਵਾਨ ਹੈ। ਉਹ ਚੁੱਪ ਕੀਤਿਆਂ ਦਾ ਕਥਾਕਾਰ ਹੈ ਜਿਹੜਾ ਆਪਣੀ ਹਰ ਕਹਾਣੀ ਵਿਚ ਸਮਾਜੀ ਫਿਕਰਾਂ ਨਾਲ ਲਬਰੇਜ਼ ਕਥਾ ਕਹਿੰਦਾ ਹੈ। ਉਸ ਦੀ ਕਹਾਣੀ ਦੇ ਫ਼ਿਕਰ ਵਿਅਕਤੀਗਤ ਕੁੰਠਾਗ੍ਰਸਤ ਮਨੁੱਖ ਦੇ ਫ਼ਿਕਰ ਨਹੀਂ ਸਗੋਂ ਇਕ ਦਰੜੇ ਸਮੂਹ ਦੇ ਫ਼ਿਕਰ ਹਨ। ਸਰੂਪ ਸਿਆਲਵੀ ਦੇ ਕਥਾ ਸੰਗ੍ਰਹਿ 'ਕਾਲ ਕਾਲਾਂਤਰ' ਦਾ ਕੈਨਵਸ ਬਹੁਤ ਵਿਸ਼ਾਲ ਹੈ। ਇਹ ਹੁਣ ਬਾਰੇ ਗੱਲ ਕਰਦਾ ਹੋਇਆ ਇਤਿਹਾਸ ਮਿਥਿਹਾਸ ਤੱਕ ਫੈਲਦਾ ਹੈ। ਪੰਜਾਬੀ ਕਹਾਣੀ ਅਨੁਭਵ ਦੇ ਸੰਗ ਸਾਥ ਅਜਿਹੀ ਬੌਧਿਕਤਾ ਦੀ ਮੰਗ ਕਰਦੀ ਹੈ। ਸਰੂਪ ਅਨੁਭਵ ਅਤੇ ਬੌਧਿਕਤਾ ਵਿਚੋਂ ਸੰਘਣੇ ਬਿਰਤਾਂਤ ਦੀ ਕਹਾਣੀ ਸਿਰਜਦਾ ਹੋਇਆ ਪੰਜਾਬੀ ਕਥਾ ਬਿਰਤਾਂਤ ਨੂੰ ਨਵੀਂ ਦਿਸ਼ਾ ਵੱਲ ਵੀ ਸੇਧਿਤ ਕਰ ਰਿਹਾ ਹੈ।

**-ਡਾ. ਸਰਬਜੀਤ ਸਿੰਘ**

ਪੁਸਤਕ ਮੰਗਵਾਉਣ ਲਈ ਨਿਮਨ ਲਿਖਤ ਪਤੇ 'ਤੇ ਜਾਂ ਨੇੜੇ ਦੇ ਪੁਸਤਕ ਵਿਕਰੇਤਾ ਨਾਲ ਸੰਪਰਕ ਕਰੋ

**ਪਰਵਾਜ਼ ਪ੍ਰਕਾਸ਼ਨ**

Parwaz Parkashan

Vill. Dharampur, P.O. Khamber, Distt. Jalandhar-144026,
Mob. 94170-64350 e.mail:parwazparkashan@gmail.com,
web:-www.parwazparkashan.com



## ਸਾਹਿਤਕ ਪੁਸਤਕਾਂ ਦੇ ਪ੍ਰਕਾਸ਼ਨ 'ਚ ਪਲੇਠਾ ਕਦਮ!
## ਉਤਮ, ਮਿਆਰੀ, ਸੁੰਦਰ ਦਿੱਖ 'ਚ ਛਪੀ ਪੁਸਤਕ!!




**ਮੇਰਾ ਬਚਪਨ ਮੇਰੇ ਮੋਢੇ**
(ਦਲਿਤ ਸਵੈ ਜੀਵਨੀ)
**ਸ਼ਿਓਰਾਜ ਸਿੰਘ ਬੇਚੈਨ**
ਪੰਜਾਬੀ ਅਨੁ. ਬਲਬੀਰ ਮਾਧੋਪੁਰੀ
ਮੁੱਲ: 200, ਪੰਨੇ: 192
ISBN 978-81-922343-4-2
ਪ੍ਰਕਾਸ਼ਨ ਸਾਲ 2012

ਡਾ. ਸ਼ਿਓਰਾਜ ਸਿੰਘ ਬੇਚੈਨ ਲਗਭਗ ਢਾਈ ਦਹਾਕਿਆਂ ਤੋਂ ਹਿੰਦੀ ਸਾਹਿਤ ਦੇ ਸੰਜੀਦਾ ਅਤੇ ਮਾਨਵੀ ਸਰੋਕਾਰਾਂ ਸੰਗ ਜੀ-ਜਾਨ ਨਾਲ ਜੂਝਦਾ ਆ ਰਿਹਾ ਹੈ। ਉਸ ਦਾ ਸਮੁੱਚਾ ਸਾਹਿਤ ਭਾਵੇਂ ਉਹ ਕਵਿਤਾ, ਕਹਾਣੀ ਹੋਵੇ ਜਾਂ ਪੱਤ੍ਰਿਕਾਰਤਾ ਨਾਲ ਸੰਬੰਧਿਤ ਕੋਈ ਨਿਬੰਧ, ਕੇਂਦਰ ਵਿਚ ਦਲਿਤ ਵਿਅਕਤੀ ਹੁੰਦਾ ਹੈ। ਉਸ ਸਮਾਜਿਕ ਆਰਥਿਕ ਵਿਤਕਰੇਬਾਜ਼ੀ ਅਤੇ ਹਰ ਤਰ੍ਹਾਂ ਦੇ ਸ਼ੋਸ਼ਣ ਵਿਰੁੱਧ ਆਪਣੇ ਰਚਨਾ ਸੰਸਾਰ ਵਿਚ ਤਾਂ ਆਵਾਜ਼ ਬੁਲੰਦ ਕਰਦਾ ਹੀ ਹੈ ਸਾਹਿਤਕ ਤੇ ਸਮਾਜਿਕ ਮੰਚਾਂ ਉਤੇ ਵੀ ਉਸ ਨੂੰ ਦਲੀਲ ਨਾਲ ਉਭਾਰਦਾ ਹੈ। ਇਸ ਸਭ ਕਾਸੇ ਦੇ ਪਿੱਛੇ ਉਸ ਦੀ ਤਰਕਵਾਦੀ ਅਤੇ ਮਾਨਵਵਾਦੀ ਵਿਚਾਰਧਾਰਾ ਕਾਰਜਸ਼ੀਲ ਹੈ। ਦਰਅਸਲ, ਉਸ ਕੋਲ ਆਦਿ ਲੋਕਾਂ ਦੇ ਖੋਹੇ ਖੁੱਸੇ ਧਰਤੀ, ਧਨ ਤੇ ਧਰਮ ਦੀ ਮੁੜ ਪ੍ਰਾਪਤੀ ਲਈ ਦ੍ਰਿਸ਼ਟੀ ਹੈ। ਦੂਜੇ ਸ਼ਬਦਾਂ ਵਿਚ, ਵਰਣ ਧਰਮ ਦੀ ਰਾਜਨੀਤਿਕ ਵਿਵਸਥਾ ਰਾਹੀ ਅਧਿਕਾਰਹੀਨ ਕੀਤੇ ਗਏ ਬਹੁਜਨਾਂ, ਪਛਾਣ ਗੁਆ ਚੁੱਕੇ ਉਨ੍ਹਾਂ ਮਨੁੱਖਾਂ ਨੂੰ ਪਛਾਣ ਦਿਵਾਉਣ ਲਈ ਹਰ ਪੜਾਅ ਉਤੇ ਸੰਘਰਸ਼ਸ਼ੀਲ ਹੈ।

ਡਾ. ਬੇਚੈਨ ਨੇ ਨੇਤਰਹੀਣ ਦਾਦੇ ਨਾਲ ਜੁੱਤੇ ਗੰਢੇ ਤੇ ਪਾਲਿਸ਼ ਕੀਤੇ। ਬਾਲ ਮਜ਼ਦੂਰੀ ਕੀਤੀ। ਸ਼ਹਿਰ ਦੀਆਂ ਗਲੀਆਂ ਵਿਚ ਹੋਕਾ ਦੇ ਕੇ ਆਂਡੇ ਤੇ ਨਿੰਬੂ ਵੇਚੇ। ਫਿਰ ਇੱਟਾਂ ਪੱਥੀਆਂ, ਕਾਰਖ਼ਾਨਿਆਂ ਵਿਚ ਖ਼ਤਰਨਾਕ ਰਸਾਇਣਾਂ ਨਾਲ ਜੂਝਿਆ, ਹੋਟਲਾਂ, ਢਾਬਿਆਂ ਵਿਚ ਭਾਂਡੇ ਮਾਂਜੇ, ਧੋਤੇ। ਉਹ ਭੁੱਖ ਕਾਰਨ ਮੌਤ ਦੇ ਮੂੰਹ ਵਿਚ ਜਾਂਦਾ ਜਾਂਦਾ ਕਈ ਵਾਰ ਬਚਿਆ। ਪਰ ਉਹਦੀ ਮਾਂ ਦੂਜੇ ਵਿਆਹ ਮਗਰੋਂ ਵੀ ਭੁੱਖ ਦਾ ਮੁਕਾਬਲਾ ਨਾ ਕਰਦੀ ਹੋਈ ਗੁਜ਼ਰ ਗਈ। ਜਦੋਂ ਕਿ ਉਹਦਾ ਪੁੱਤ ਸ਼ੌਰਾਜ ਉਸ ਵੇਲੇ ਆਪਣੀ ਚੜ੍ਹਦੀ ਉਮਰੇ ਦੇਸ਼ ਵਿਚ ਇਨਕਲਾਬ ਲਿਆਉਣ ਦੀਆਂ ਸਰਗਰਮੀਆਂ ਕਾਰਨ ਜੇਲ੍ਹ 'ਚ ਸੀ। ਇਹ ਸਾਰਾ ਬਿਰਤਾਂਤ ਉਸ ਨੇ ਆਪਣੀ ਇਸ ਸਵੈ ਜੀਵਨੀ ਦਾ ਹਿੱਸਾ ਬਣਾਇਆ ਹੈ।

**-ਬਲਬੀਰ ਮਾਧੋਪੁਰੀ**


ਪੁਸਤਕ ਮੰਗਵਾਉਣ ਲਈ ਨਿਮਨ ਲਿਖਤ ਪਤੇ 'ਤੇ ਜਾਂ ਨੇੜੇ ਦੇ ਪੁਸਤਕ ਵਿਕਰੇਤਾ ਨਾਲ ਸੰਪਰਕ ਕਰੋ

**ਪਰਵਾਜ਼ ਪ੍ਰਕਾਸ਼ਨ**

Parwaz Parkashan

Vill. Dharampur, P.O. Khamber, Distt. Jalandhar-144026,
Mob. 94170-64350 e.mail:parwazparkashan@gmail.com,
web:-www.parwazparkashan.com

## ਸਾਹਿਤਕ ਪੁਸਤਕਾਂ ਦੇ ਪ੍ਰਕਾਸ਼ਨ 'ਚ ਪਲੇਠਾ ਕਦਮ
## ਉਤਮ, ਮਿਆਰੀ, ਸੁੰਦਰ ਦਿੱਖ 'ਚ ਛਪੀ ਪੁਸਤਕ




ਕਦਮ ਕਦਮ ਚੌਰਾਹੇ
(ਕਹਾਣੀ ਸੰਗ੍ਰਹਿ)
ਬਿਦਰ ਬਸਰਾ
ਮੁੱਲ: 100, ਪੰਨੇ: 112
ISBN 978-81-922343-3-5
ਪ੍ਰਕਾਸ਼ਨ ਸਾਲ 2012

ਬਿੰਦਰ ਬਸਰਾ ਜਲੰਧਰ ਦੇ ਉਨ੍ਹਾਂ ਕਹਾਣੀਕਾਰਾਂ ਦੇ ਗਰੁੱਪ 'ਚੋਂ ਏ, ਜਿਹੜਾ ਪਿਛਲੇ ਪੱਚੀਆਂ ਵਰ੍ਹਿਆਂ ਤੋਂ ਕਹਾਣੀਆਂ ਲਿਖ ਰਿਹਾ ਏ। ਜਦ ਮੈਂ 1996 'ਚ ਨਵੇਂ ਕਹਾਣੀਕਾਰਾਂ ਦੀਆਂ ਕਹਾਣੀਆਂ ਦਾ ਸੰਗ੍ਰਹਿ 'ਚੌਥੀ ਕੂੰਟ' ਤਿਆਰ ਕੀਤਾ ਸੀ ਤਾਂ ਉਹਦੇ ਵਿਚ ਬਿੰਦਰ ਬਸਰਾ ਦੀ ਕਹਾਣੀ 'ਤਣਾਓ ਮੁਕਤ' ਸ਼ਾਮਲ ਕੀਤੀ ਸੀ। ਹੋਰਾਂ ਦੇ ਇਕ ਤੋਂ ਵੱਧ ਕਹਾਣੀ ਸੰਗ੍ਰਹਿ ਛਪ ਗਏ ਨੇ, ਪਰ ਬਿੰਦਰ ਦਾ ਇਹ ਪਹਿਲਾ ਈ ਏ। ਜਿਸ ਦਾ ਕਾਰਣ ਉਹਦਾ ਸੋਚਣਾ, ਹੋਰ ਸੋਚਣਾ ਤੇ ਸੋਚਦੇ ਰਹਿਣ ਦਾ ਸੁਭਾਅ ਏ। ਇਹੀ ਸੁਭਾਅ ਉਹਦੀਆਂ ਕਹਾਣੀਆਂ ਦਾ ਗੁਣ ਵੀ ਏ। ਉਹਦੇ ਪਾਤਰ ਵੀ ਸੋਚਦੇ ਤੇ ਕਲਪਨਾ ਵੱਧ ਕਰਦੇ ਨੇ। ਤੇ ਅਮਲ ਘੱਟ। ਏਸ ਨਾਲ ਉਹਦੀ ਕਹਾਣੀ ਤੇ ਪਾਤਰਾਂ 'ਚ ਸਹਿਜ ਤੇ ਚਿੰਤਨਸ਼ੀਲ ਹੋਣ ਦਾ ਗੁਣ ਪੈਦਾ ਹੋ ਗਿਆ ਏ।

ਏਸ ਪੁਸਤਕ ਦੀਆਂ ਬਹੁਤੀਆਂ ਕਹਾਣੀਆਂ ਮੈਂ ਆਪਣੇ ਪਰਚੇ 'ਚ ਛਾਪੀਆਂ ਨੇ। ਜਿਹੜੀ ਕਿਤੇ ਹੋਰ ਛਪੀ ਏ, ਉਹ ਵੀ ਮੇਰੀ ਪੜ੍ਹੀ ਹੋਈ ਏ। ਖਾਸ ਤੌਰ 'ਤੇ ਸਵਾਰ, ਠੁੰਮਣਾ, ਤੋੜ, ਝੱਲਾ ਤੇ ਟੁਕੜੇ ਹੋਈ ਕਹਾਣੀ ਦੇ ਗੁਣ ਵਾਚਣ ਵਾਲੇ ਨੇ। ... ਆਪਣੀ ਸਹਿਜ ਚਾਲੇ ਚੱਲਣ ਕਰ ਕੇ ਆਪਣੇ ਸਾਥੀ ਕਹਾਣੀਕਾਰਾਂ ਨਾਲੋਂ ਘੱਟ ਜਾਣਿਆ ਜਾਂਦਾ ਏ। ਪਹਿਲਾਂ ਕਹਾਣੀਆਂ ਲਿਖਦਿਆਂ ਤੇ ਫੇਰ ਕਿਤਾਬ ਛਪਵਾਉਂਦਿਆਂ ਪਤਾ ਨਹੀਂ ਉਹ ਕਿੰਨਾ ਚਿਰ ਸੋਚਦਾ ਰਿਹਾ ਹੋਵੇਗਾ। ਜਿਵੇਂ ਸਾਡੇ ਪਿੰਡਾਂ ਦੇ ਅਮਲੀ ਨੂੰ ਕਿਸੇ ਨੇ ਪੁੱਛਿਆ, "ਅਮਲੀਆ ਬਿਆਹ ਕਿਉਂ ਨਾ ਕਰਾਇਆ? " ਕਹਿੰਦਾ, "ਬਸ ਊਈਂ ਘੌਲ਼ ਏ ਹੋ ਗੀ।" ਹੁਣ ਏਨੇ ਚੰਗੇ ਕਹਾਣੀਕਾਰ ਬਿੰਦਰ ਬਸਰਾ ਨੂੰ ਹੌਸਲੇ ਨਾਲ ਸਾਹਿਤ ਦੇ ਮੈਦਾਨ 'ਚ ਕੁੱਦਣਾ ਤੇ ਨਿੱਤਰਣਾ ਚਾਹੀਦਾ ਹੈ।

-ਪ੍ਰੇਮ ਪ੍ਰਕਾਸ਼


ਪੁਸਤਕ ਮੰਗਵਾਉਣ ਲਈ ਨਿਮਨ ਲਿਖਤ ਪਤੇ 'ਤੇ ਜਾਂ ਨੇੜੇ ਦੇ ਪੁਸਤਕ ਵਿਕਰੇਤਾ ਨਾਲ ਸੰਪਰਕ ਕਰੋ

**ਪਰਵਾਜ਼ ਪ੍ਰਕਾਸ਼ਨ**
Parwaz Parkashan

Vill. Dharampur, P.O. Khamber, Distt. Jalandhar-144026,
Mob. 94170-64350 e.mail:parwazparkashan@gmail.com,
web:-www.parwazparkashan.com



ਸਾਹਿਤਕ ਪੁਸਤਕਾਂ ਦੇ ਪ੍ਰਕਾਸ਼ਨ 'ਚ ਪਲੇਠਾ ਕਦਮ
ਉਤਮ, ਮਿਆਰੀ, ਸੁੰਦਰ ਦਿੱਖ 'ਚ ਛਪੀ ਪੁਸਤਕ




ਭਗਵੰਤ ਰਸੂਲਪੁਰੀ ਦੀ ਕਥਾ ਪ੍ਰਕਿਰਿਆ(ਆਲੋਚਨਾ)
ਸੰਪਾਦਕ ਡਾ. ਰਜਨੀਸ਼ ਬਹਾਦਰ ਸਿੰਘ
ਮੁੱਲ:150, ਪੰਨੇ: 112
ISBN 978-81-922343-2-8

ਰਸੂਲਪੁਰੀ ਦੇ ਕਥਾ ਸੰਸਾਰ ਦੀਆਂ ਵਿਲੱਖਣਤਾਵਾਂ ਨੂੰ ਇਸ ਪੁਸਤਕ ਵਿਚਲੇ ਲੇਖਾਂ ਵਿਚ ਵਖੋ ਵੱਖਰੇ ਵਿਦਵਾਨਾਂ ਨੇ ਆਪਣੀ ਸਮਰੱਥਾਂ ਅਨੁਸਾਰ ਪੇਸ਼ ਕੀਤਾ ਹੈ। ਇਸ ਪੁਸਤਕ ਵਿਚ ਰਸੂਲਪੁਰੀ ਦੀ ਕਥਾ ਵਸਤੂ ਤੇ ਵਿਧੀ ਦੇ ਵਿਲੱਖਣਤਾ ਦੀ ਨਿਸ਼ਾਨਦੇਹੀ ਕੀਤੀ ਗਈ ਹੈ। ਨਵੀਂ ਪੀੜ੍ਹੀ ਦੇ ਜਿਹੜੇ ਦੋ ਦਰਜਨ ਦੇ ਲਗਭਗ ਕਹਾਣੀਕਾਰ ਉਭਰ ਕੇ ਸਾਹਮਣੇ ਆਏ ਹਨ ਉਹਨਾਂ ਵਿਚੋਂ ਕਿਸੇ 'ਤੇ ਇਸ ਪ੍ਰਕਾਰ ਨਿੱਠ ਕੇ ਕੰਮ ਨਹੀਂ ਹੋਇਆ। ਜਿਹਨਾਂ ਤੇ ਕੁਝ ਲੇਖ ਲਿਖੇ ਗਏ ਹਨ ਉਹਨਾਂ ਵਿਚ ਇਕ ਅੱਧ, ਪਰਚੇ ਦੀ ਸੰਪਾਦਨਾ ਦੇ ਸਹਾਰੇ ਆਪਣੇ ਪਰਚੇ ਵਿਚ ਥਾਂ ਦੇਣ ਦੇ ਲਾਲਚ ਅਧੀਨ ਲੇਖ ਲਿਖਾਉਣ ਦੇ ਆਹਰ ਵਿਚ ਰਿਹਾ ਹੈ। ਅਜਿਹੇ ਲੇਖਾਂ ਦੀ ਨਾ ਕੋਈ ਸਾਰਥਿਕਤਾ ਹੁੰਦੀ ਹੈ ਅਤੇ ਨਾ ਹੀ ਅਜਿਹੇ ਆਲੋਚਕਾਂ ਵਿਚ ਪਾਠਕ ਭਰੋਸਾ ਕਰਦਾ ਹੈ। ਰਸੂਲਪੁਰੀ ਅਜਿਹੇ ਜੋੜਾ ਤੋੜਾ ਤੋਂ ਦੂਰ ਹੈ। ਅਜਿਹੇ ਸਮਰੱਥਾਵਾਨ ਦਰਵੇਸ਼ ਕਹਾਣੀਕਾਰ ਬਾਰੇ ਲੇਖ ਇਕੱਠੇ ਕਰਨਾ ਉਸ ਦੀ ਪ੍ਰਤਿਭਾ ਦਾ ਮੁੱਲ ਪਾਉਣਾ ਹੈ। ਇਕ ਹੋਰ ਮਸਲਾ ਸਿਰਫ਼ ਸਥਾਪਿਤ ਲੇਖਕਾਂ ਬਾਰੇ ਲਿਖਣ ਅਤੇ ਪੁਸਤਕਾਂ ਸੰਪਾਦਿਨ ਕਰਨ ਦੀ ਰੁਚੀ ਭਾਰੂ ਰਹੀ ਹੈ। ਇਸ ਨਾਲ ਚੰਗਾ ਲਿਖਣ ਵਾਲੇ ਨਵੇਂ ਲੇਖਕ ਅੱਖੋਂ ਪਰੋਖੇ ਹੋ ਜਾਂਦੇ ਹਨ। ਇਹ ਮਸਲਾ ਵੀ ਸਾਹਮਣੇ ਸੀ।

ਇਸ ਪੁਸਤਕ ਵਿਚ ਸ਼ਾਮਲ ਸਾਰੇ ਵਿਦਵਾਨਾਂ ਨੇ ਭਰਪੂਰ ਹਿੱਸਾ ਪਾਇਆ ਹੈ। ਇਸ ਵਿਚ ਰਹਿ ਗਈਆਂ ਕਮਜ਼ੋਰੀਆਂ ਦੀ ਨਿਸ਼ਾਨਦੇਹੀ, ਵਿਦਵਾਨਾਂ ਨੂੰ ਹੋਰ ਮਿਹਨਤ ਕਰਨ ਲਈ ਪ੍ਰੇਰੇਗੀ। ਇਸ ਪੁਸਤਕ ਨਾਲ ਜਿਥੇ ਭਗਵੰਤ ਰਸੂਲਪੁਰੀ ਨੂੰ ਹੌਸਲਾ ਮਿਲੇਗਾ। ਉਥੇ ਉਸ ਲਈ ਕਮਜ਼ੋਰੀਆਂ ਦੂਰ ਕਰਨ ਦਾ ਵੀ ਸਬੱਬ ਬਣੇਗਾ। ਇਹ ਪੁਸਤਕ ਨਵੇਂ ਕਥਾ ਸਿਰਜਕਾਂ ਲਈ ਹੌਸਲਾ ਅਫ਼ਜਾਈ ਵੀ ਕਰੇਗੀ। ਇਹ ਸਾਡਾ ਯਕੀਨ ਹੈ। ਇਸੇ ਯਕੀਨ ਨਾਲ ਇਹ ਪੁਸਤਕ ਪੰਜਾਬੀ ਲੇਖਕਾਂ ਵਿਦਵਾਨਾਂ ਅਤੇ ਪਾਠਕਾਂ ਦੀ ਨਜ਼ਰ ਹੈ।

-ਰਜਨੀਸ਼ ਬਹਾਦਰ ਸਿੰਘ

ਪੁਸਤਕ ਮੰਗਵਾਉਣ ਲਈ ਨਿਮਨ ਲਿਖਤ ਪਤੇ 'ਤੇ ਜਾਂ ਨੇੜੇ ਦੇ ਪੁਸਤਕ ਵਿਕਰੇਤਾਂ ਨਾਲ ਸੰਪਰਕ ਕਰੋ

ਪਰਵਾਜ਼ ਪ੍ਰਕਾਸ਼ਨ
Parwaz Parkashan

Vill. Dharampur, P.O. Khamber, Distt. Jalandhar-144026,
Mob. 94170-64350 e.mail:parwazparkashan@gmail.com,
web:-www.parwazparkashan.com

Year: 7 Issue No. 25
'KAHANI DHARA'(PUNJABI QUARTERLY) April-June, 2012 R.N.I. Regd No. PUN PUN 2006 / 19971

ਮੋਹਣ


# ਪਰਵਾਜ਼ ਪ੍ਰਕਾਸ਼ਨ ਦਾ ਪਲੇਠਾ ਤੇ ਨਿੱਗਰ ਕਦਮ

ਪਰਵਾਜ਼ ਪ੍ਰਕਾਸ਼ਨ ਦੀਆਂ ਪੁਸਤਕਾਂ ਹੇਠ ਲਿਖੇ ਸਥਾਨਾਂ ਤੋਂ ਵੀ ਪ੍ਰਾਪਤ ਕੀਤੀਆਂ ਜਾ ਸਕਦੀਆਂ ਹਨ

















ਜਲੰਧਰ-ਨਿਊ ਬੁੱਕ ਕੰਪਨੀ, ਮਾਈ ਹੀਰਾਂ ਗੇਟ (0181-2280045,3293190),
ਸੁੰਦਰ ਬੁੱਕ ਡਿਪੋ ਮਾਈ ਹੀਰਾਂ ਗੇਟ,181-2213184
ਪੰਜ ਆਬ ਪ੍ਰਕਾਸ਼ਨ (ਕੇਸਰ ਸਿੰਘ) ਦੇਸ ਭਗਤ ਹਾਲ (ਸੰਪਰਕ 98140-87063)
ਅਗਰਵਾਲ ਨਿਊਜ਼ ਏਜੰਸੀ ਬੱਸ ਸਟੈਂਡ,(99881-73647),
ਖੁਰਾਣਾ ਬੁੱਕ ਸਟੋਰ ਬੱਸ ਸਟੈਂਡ ,

ਲੁਧਿਆਣਾ-
ਚੇਤਨਾ ਪ੍ਰਕਾਸ਼ਨ, ਪੰਜਾਬੀ ਭਵਨ (ਸੰਪਰਕ 0161-2413613, 2404928),
ਨਈਅਰ ਪਬਲੀਕੇਸ਼ਨਜ਼ ਬੱਸ ਸਟੈਂਡ 1616990504,92174-06875)
ਚੰਡੀਗੜ੍ਹ-ਪੰਜਾਬ ਬੁੱਕ ਸੈਂਟਰ
ਸੰਗਰੂਰ-ਸੋਨੀ ਨਿਊਜ ਏਜਸੀ, ਬੱਸ ਸਟੈਂਡ ਸੰਪਾਦਕ 99881-45652)
ਅੰਮ੍ਰਿਤਸਰ-ਰਵੀ ਸਾਹਿਤ ਪ੍ਰਕਾਸ਼ਨ, ਨਜ਼ਦੀਕ ਯੂਨੀਵਰਸਿਟੀ (ਸੰਪਰਕ 0183-2258633)
ਪਟਿਆਲਾ-ਜੇ. ਕੇ. ਬੁੱਕ ਸੈਂਟਰ, ਬੱਸ ਸਟੈਂਡ 98788-21884,98889-51545, ਮਦਾਨ ਬੁੱਕ ਹਾਊਸ, ਪੰਜਾਬੀ ਯੂਨੀਵਰਸਿਟੀ
ਬਠਿੰਡਾ-ਵੋਹਰਾ ਨਿਊਜ਼ ਏਜੰਸੀ, ਬੱਸ ਸਟੈਂਡ (98143-47517)
ਮੋਗਾ-ਪ੍ਰਿਥਪਾਲ ਸਿੰਘ ਸਮਰਾਟ ਪਾਕੇਟ ਬੁੱਕਸ ਬੱਸ ਸਟੈਂਡ (98144-35813
ਨਵਾਂ ਸ਼ਹਿਰ-ਜਸਵੀਰ ਬੇਗਮਪੁਰੀ (94174-15062)
ਮਾਛੀਵਾੜਾ,ਖੰਨਾ-ਦੀਪ ਦਿਲਵਰ-98557-21844
ਤੋਂ ਇਲਾਵਾ ਪਰਵਾਜ਼ ਪ੍ਰਕਾਸ਼ਨ ਦੇ ਦਫਤਰ ਤੋਂ ਪੁਸਤਕ ਪ੍ਰਾਪਤ ਕਰੋ

ਪਰਵਾਜ਼ ਪ੍ਰਕਾਸ਼ਨ
ਪਤਾ ਪਿੰਡ ਧਰਮਪੁਰਾ, ਡਾਕ. ਖਾਂਬਰਾ, ਜ਼ਿਲ੍ਹਾ ਜਲੰਧਰ-144026
ਫੋਨ 94170-64350

Parwaz Parkashan
E.mail:parwazparkashan@gmail.com
Mob. 94170-64350




ਕਹਾਣੀ ਧਾਰਾ • ਅਪ੍ਰੈਲ-ਜੂਨ, 2012•